ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 22 | Issue 146| 23 Oct. to 29 Oct. , 2024 | Ph.: (510) 240-5949 | Email: asrtimes@gmail.com

# ਭਾਈ ਨਿੱਝਰ ਕਤਲ ਕਾਂਡ ’ਚ ਅਮਰੀਕਾ-ਬਰਤਾਨੀਆ ਵੀ ਉੱਤਰੇ ਕੈਨੇਡਾ ਦੀ ਹਮਾਇਤ ਵਿੱਚ

## ਕੈਨੇਡਾ ਨੇ ਲਗਾਏ ਦੋਸ਼- ਭਾਰਤੀ ਏਜੰਸੀਆਂ ਨੇ ਬਿਸ਼ਨੋਈ ਗੈਂਗ ਨਾਲ ਮਿਲਕੇ ਕਰਵਾਈਆਂ ਵਾਰਦਾਤਾਂ



ਟੋਰਾਂਟੋ/ਏ.ਟੀ.ਨਿਊਜ਼ :-ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਨੂੰ ਲੈ ਕੇ ਭਾਰਤ ਅਤੇ ਕੈਨੇਡਾ ਵਿਚਾਲੇ ਚੱਲ ਰਿਹਾ ਪੁਰਾਣਾ ਵਿਵਾਦ ਇਕ ਵਾਰ ਫ਼ਿਰ ਗੰਭੀਰ ਰੂਪ ਧਾਰਨ ਕਰ ਗਿਆ ਹੈ। ਇਸ ਮਾਮਲੇ ਨੂੰ ਲੈ ਕੇ ਦੋਵਾਂ ਦੇਸ਼ਾਂ ਦੇ ਕੂਟਨੀਤਕ ਰਿਸ਼ਤੇ ਟੁੱਟਣ ਦੀ ਕਗਾਰ ’ਤੇ ਨਜ਼ਰ ਆ ਰਹੇ ਹਨ।

ਹਾਲ ਹੀ ਵਿੱਚ ਭਾਈ ਹਰਦੀਪ ਨਿੱਝਰ ਦੇ ਕਤਲ ਦੇ ਮਾਮਲੇ ਵਿੱਚ ਜਦੋਂ ਕੈਨੇਡਾ ਦੀ ਪੁਲਿਸ ਨੇ ਭਾਰਤੀ ਹਾਈ ਕਮਿਸ਼ਨਰ ਸੰਜੇ ਵਰਮਾ ਨੂੰ ‘ਪਰਸਨ ਆਫ਼ ਇੰਟਰਸਟ’ ਐਲਾਨ ਕੀਤਾ ਸੀ ਤਾਂ ਮਾਮਲਾ ਕਾਫ਼ੀ ਗਰਮਾ ਗਿਆ ਸੀ। ਦੋਵਾਂ ਦੇਸ਼ਾਂ ਨੇ ਆਪਣੇ-ਆਪਣੇ ਰਾਜਦੂਤਾਂ ਨੂੰ ਵਾਪਸ ਬੁਲਾ ਲਿਆ ਸੀ।

ਕੈਨੇਡਾ ਵਿੱਚ ਭਾਰਤ ਦੇ ਰਾਜਦੂਤ ਸੰਜੇ ਕੁਮਾਰ ਵਰਮਾ ਨੇ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ’ਤੇ ਦੋਵਾਂ ਦੇਸ਼ਾਂ ਦੇ ਸੰਬੰਧਾਂ ਨੂੰ ਵਿਗਾੜਨ ਦਾ ਦੋਸ਼ ਲਗਾਉਂਦੇ ਹੋਏ ਕਿਹਾ ਸੀ ਕਿ ਉਨ੍ਹਾਂ ਦਾ ਖ਼ਾਲਿਸਤਾਨੀ ਵੱਖਵਾਦੀ ਦੀ ਹੱਤਿਆ ਨਾਲ ਕੋਈ ਲੈਣਾ-ਦੇਣਾ ਨਹੀਂ ਹੈ ਅਤੇ ਉਨ੍ਹਾਂ ’ਤੇ ਲੱਗੇ ਦੋਸ਼ ਸਿਆਸੀ ਤੌਰ ’ਤੇ ਪ੍ਰੇਰਿਤ ਹਨ। ਵਰਮਾ ਨੇ ਕਿਹਾ ਕਿ ਨਿੱਝਰ ਦੀ ਹੱਤਿਆ ਬਾਰੇ ਟਰੂਡੋ ਦੇ ਦੋਸ਼ ਠੋਸ ਸਬੂਤਾਂ ਦੀ ਬਜਾਏ ਖੁਫ਼ੀਆ ਜਾਣਕਾਰੀ ’ਤੇ ਆਧਾਰਿਤ ਸਨ।

ਦੂਜੇ ਪਾਸੇ ਕੈਨੇਡਾ ਦੀ ਵਿਦੇਸ਼ ਮੰਤਰੀ ਮੇਲਾਨੀ ਜੋਲੀ ਨੇ ਕਿਹਾ ਸੀ ਕਿ ਕੈਨੇਡਾ ਵਲੋਂ ਦੇਸ਼ ਵਿੱਚ ਬਾਕੀ ਬਚੇ ਭਾਰਤੀ ਕੂਟਨੀਤਿਕਾਂ ਨੂੰ ਕੈਨੇਡੀਅਨਾਂ ਦੀ ਜਾਨ ਨੂੰ ਖਤਰੇ ਵਿੱਚ ਨਾ ਪਾਉਣ ਲਈ ਸਪੱਸ਼ਟ ਤੌਰ ’ਤੇ ਨੋਟਿਸ ਦਿੱਤਾ ਗਿਆ ਸੀ। ਜੌਲੀ ਨੇ ਕਿਹਾ ਸੀ ਕਿ ਸਰਕਾਰ ਕਿਸੇ ਵੀ ਅਜਿਹੇ ਕੂਟਨੀਤਿਕ ਨੂੰ ਬਰਦਾਸ਼ਤ ਨਹੀਂ ਕਰੇਗੀ, ਜੋ ਵਿਆਨਾ ਕਨਵੈਨਸ਼ਨ ਦੀ ਉਲੰਘਣਾ ਕਰਦਾ ਹੈ ਜਾਂ ਕੈਨੇਡੀਅਨਾਂ ਦੀਆਂ ਜਾਨਾਂ ਨੂੰ ਖਤਰੇ ਵਿੱਚ ਪਾਉਂਦਾ ਹੈ।

ਹੈਰਾਨੀ ਦੀ ਗੱਲ ਇਹ ਹੈ ਕਿ ਭਾਰਤ ਇਸ ਮਾਮਲੇ ਵਿੱਚ ਜਿਵੇਂ ਅਮਰੀਕਾ ਨੂੰ ਤਰਜੀਹ ਦੇ ਰਿਹਾ ਹੈ, ਕੈਨੇਡਾ ਨੂੰ ਜ਼ਿਆਦਾ ਤਵੱਜੋਂ ਨਹੀਂ ਦੇ ਰਿਹਾ ਹੈ।

ਇਸ ਕਾਰਨ ਜਸਟਿਨ ਟਰੂਡੋ ਨੇ ਮਾਮਲੇ ਨਾਲ ਸਬੰਧਿਤ ਦਸਤਾਵੇਜ਼ਾਂ ਨੂੰ ਫ਼ਾਈਵ ਆਈਜ਼ ਦੇਸ਼ਾਂ ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਬ੍ਰਿਟੇਨ ਨਾਲ ਸਾਂਝਾ ਕੀਤਾ ਸੀ ਅਤੇ ਦੋਸ਼ ਲਾਏ ਸਨ ਕਿ ਭਾਰਤ ਭਾਈ ਨਿੱਝਰ ਦੇ ਕਤਲ ਦੀ ਜਾਂਚ ਵਿੱਚ ਸਹਿਯੋਗ ਨਹੀਂ ਕਰ ਰਿਹਾ ਹੈ। ਘਟਨਾ ਤੋਂ ਬਾਅਦ ਇਨ੍ਹਾਂ ਦੇਸ਼ਾਂ ਨੇ ਭਾਰਤ ’ਤੇ ਜਾਂਚ ਵਿੱਚ ਸਹਿਯੋਗ ਕਰਨ ਲਈ ਦਬਾਅ ਬਣਾਉਣ ਦੀ ਕੋਸ਼ਿਸ਼ ਕੀਤੀ ਸੀ।

ਦੂਜੇ ਪਾਸੇ ਅਮਰੀਕਾ ਨੇ ਭਾਈ ਹਰਦੀਪ ਸਿੰਘ ਨਿੱਝਰ ਕੇਸ ਵਿਚ ਭਾਰਤ ਨੂੰ ਜਲਦੀ ਤੋਂ ਜਲਦੀ ਜਾਂਚ ਵਿੱਚ ਮਦਦ ਕਰਨ ਦੀ ਸਲਾਹ ਦਿੱਤੀ ਸੀ, ਕਿਉਂਕਿ ਭਾਰਤ ਨੇ ਅਜੇ ਤੱਕ ਜਾਂਚ ਵਿੱਚ ਸਹਿਯੋਗ ਨਹੀਂ ਕੀਤਾ। ਭਾਵ ਅਮਰੀਕਾ ਕੈਨੇਡਾ ਦੇ ਹੱਕ ਵਿੱਚ ਦ੍ਰਿੜਤਾ ਨਾਲ ਖੜ੍ਹਾ ਹੈ। ਵੈਸੇ ਤਾਂ ਅਮਰੀਕਾ ਨੇ ਖੁਦ ਦੋਸ਼ ਲਾਏ ਸਨ ਕਿ ਭਾਰਤੀ ਏਜੰਟ ਗੁਰਪਤਵੰਤ ਸਿੰਘ ਪੰਨੂ ਨੂੰ ਅਮਰੀਕਾ ਦੀ ਧਰਤੀ ’ਤੇ ਮਾਰਨਾ ਚਾਹੁੰਦੇ ਸਨ। ਬ੍ਰਿਟੇਨ ਦੇ ਨਵੇਂ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਫ਼ੋਨ ’ਤੇ ਗੱਲ ਕੀਤੀ ਹੈ। ਭਾਰਤ ਨਾਲ ਗੱਲਬਾਤ ਕਰਨ ਤੋਂ ਬਾਅਦ ਜਸਟਿਨ ਟਰੂਡੋ ਨੇ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੇਅਰ ਸਟਾਰਮਰ ਨੂੰ ਫ਼ੋਨ ਕੀਤਾ ਸੀ। ਬ੍ਰਿਟੇਨ ਨੇ ਕਿਹਾ ਕਿ ਉਹ ਭਾਰਤ ਸਰਕਾਰ ਦੀ ਕੈਨੇਡੀਅਨ ਜਾਂਚ ਦੇ ਸਬੰਧ ਵਿੱਚ ਕੈਨੇਡੀਅਨ ਭਾਈਵਾਲਾਂ ਦੇ ਸੰਪਰਕ ਵਿੱਚ ਹੈ ਅਤੇ ਓਟਾਵਾ ਦੀ ਨਿਆਂ ਪ੍ਰਣਾਲੀ ਵਿੱਚ ਭਰੋਸਾ ਪ੍ਰਗਟਾਇਆ ਹੈ।


## ਕੈਨੇਡੀਅਨ ਪੁਲਿਸ ਨੇ ਕਿਹਾ ਕਿ ਸਿੱਖ ਭਾਈਚਾਰਾ ਸਹਿਯੋਗ ਕਰੇ

ਕੈਨੇਡਾ ਦੀ ਧਰਤੀ ’ਤੇ ਹੋਈ ਹਿੰਸਾ ਮਾਮਲੇ ਵਿੱਚ ਭਾਰਤ ਸਰਕਾਰ ਦੇ ਸਬੰਧਾਂ ਦੇ ਦੋਸ਼ਾਂ ਦੀ ਜਾਂਚ ਕਰ ਰਹੀ ਦੇਸ਼ ਦੀ ਰਾਸ਼ਟਰੀ ਪੁਲਿਸ ਬਲ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐਮ.ਪੀ.) ਦੇ ਮੁਖੀ ਕਮਿਸ਼ਨਰ ਮਾਈਕ ਡੂਹੇਮ ਨੇ ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਉਨ੍ਹਾਂ ਕੋਲ ਕੋਈ ਜਾਣਕਾਰੀ ਹੈ ਤਾਂ ਉਹ ਅੱਗੇ ਆਉਣ ਅਤੇ ਪੁਲਿਸ ਜਾਂਚ ਵਿੱਚ ਸਹਿਯੋਗ ਕਰਨ। ਉਨ੍ਹਾਂ ਨੇ ਦੋਸ਼ ਲਗਾਇਆ ਕਿ ਭਾਰਤ ਸਰਕਾਰ ਦੇ ‘ਏਜੰਟਾਂ’ ਨੇ ਕੈਨੇਡਾ ਵਿੱਚ ਕਤਲਾਂ ਸਮੇਤ ‘ਵਿਆਪਕ’ ਹਿੰਸਾ ਦੀਆਂ ਘਟਨਾਵਾਂ ਵਿੱਚ ਭੂਮਿਕਾ ਨਿਭਾਈ ਹੈ। ਗੱਲਬਾਤ ਨੂੰ ਤਿਆਰ ਹੈ ਟਰੂਡੋ ਸਰਕਾਰ

ਖ਼ਾਲਿਸਤਾਨੀ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਤੋਂ ਬਾਅਦ ਕੈਨੇਡਾ ਅਤੇ ਭਾਰਤ ਵਿਚਾਲੇ ਚੱਲ ਰਿਹਾ ਵਿਵਾਦ ਰੁਕਦਾ ਨਜ਼ਰ ਨਹੀਂ ਆ ਰਿਹਾ ਹੈ। ਇਸ ਦੌਰਾਨ ਦੋਵਾਂ ਦੇਸ਼ਾਂ ਦੇ ਵਪਾਰਕ ਸਬੰਧਾਂ ’ਤੇ ਇਸ ਦਾ ਸਿੱਧਾ ਅਸਰ ਪੈਣ ਦੀ ਸੰਭਾਵਨਾ ਵੀ ਪ੍ਰਗਟਾਈ ਜਾ ਰਹੀ ਹੈ। ਕੈਨੇਡਾ ਨੇ ਵੀ ਵਪਾਰਕ ਸਬੰਧਾਂ ਨੂੰ ਲੈ ਕੇ ਅਨਿਸ਼ਚਿਤਤਾ ਪ੍ਰਗਟਾਈ ਹੈ ਅਤੇ ਨਾਲ ਹੀ ਇਹ ਵੀ ਕਿਹਾ ਹੈ ਕਿ ਤਣਾਅ ਦੇ ਬਾਵਜੂਦ ਕੈਨੇਡਾ ਦੀ ਸੰਘੀ ਸਰਕਾਰ ਭਾਰਤ ਨਾਲ ਆਪਣੇ ਵਪਾਰਕ ਸਬੰਧਾਂ ਨੂੰ ਬਣਾਈ ਰੱਖਣ ਲਈ ਵਚਨਬੱਧ ਹੈ। ਗਲੋਬਲ ਮੇਲ ਦੀ ਰਿਪੋਰਟ ਮੁਤਾਬਕ ਕੈਨੇਡਾ ਦੀ ਵਪਾਰ ਮੰਤਰੀ ਮੈਰੀ ਐੱਨ. ਜੀ. ਨੇ ਕਿਹਾ ਹੈ ਕਿ ਅਸੀਂ ਭਾਰਤ ਨਾਲ ਜੁੜੇ ਸਾਰੇ ਕੈਨੇਡੀਅਨ ਵਪਾਰੀਆਂ ਨਾਲ ਮਿਲ ਕੇ ਕੰਮ ਕਰਾਂਗੇ ਤਾਂ ਜੋ ਇਹ ਮਹੱਤਵਪੂਰਨ ਆਰਥਿਕ ਸਬੰਧ ਮਜ਼ਬੂਤ ਬਣੇ ਰਹਿ ਸਕਣ। ਹਾਲਾਂਕਿ ਉਨ੍ਹਾਂ ਇਹ ਕਿਹਾ ਹੈ ਕਿ ਕੈਨੇਡਾ ਕੈਨੇਡੀਅਨ ਨਾਗਰਿਕਾਂ ਨੂੰ ਧਮਕਾਉਣ, ਜ਼ਬਰਦਸਤੀ ਵਸੂਲੀ ਕਰਨ ਜਾਂ ਨੁਕਸਾਨ ਪਹੁੰਚਾਉਣ ਦੀਆਂ ਵਾਰਦਾਤਾਂ ਨੂੰ ਬਰਦਾਸ਼ਤ ਨਹੀਂ ਕਰੇਗਾ।

## ਪੰਨੂ ਤੇ ਨਿੱਝਰ ਸਬੰਧੀ ਮਾਮਲੇ ਇੱਕ ਹੀ ਸਾਜ਼ਿਸ਼ ਦਾ ਹਿੱਸਾ: ਕੈਮਰੌਨ

ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤ ਤੇ ਕੈਨੇਡਾ ਦਰਮਿਆਨ ਵਧਦੇ ਵਿਵਾਦ ਦੇ ਮੱਦੇਨਜ਼ਰ ਕੈਨੇਡਾ ਦੇ ਭਾਰਤ ਵਿਚਲੇ ਸਾਬਕਾ ਰਾਜਦੂਤ ਕੈਮਰੌਨ ਮੈੱਕੇ ਨੇ ਦੋਸ਼ ਲਗਾਇਆ ਹੈ ਕਿ ਅਮਰੀਕਾ ਵਿੱਚ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਨਾਕਾਮ ਕੋਸ਼ਿਸ਼ ਤੇ ਕੈਨੇਡਾ ਵਿੱਚ ਭਾਈ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਇਕ ਹੀ ਸਾਜ਼ਿਸ਼ ਦਾ ਹਿੱਸਾ ਸੀ। ਅਗਸਤ ਵਿੱਚ ਭਾਰਤ ਛੱਡਣ ਵਾਲੇ ਕੈਮਰੌਨ ਨੇ ਕਿਹਾ ਕਿ ਇਨ੍ਹਾਂ ਮਾਮਲਿਆਂ ਦੀ ਅਮਰੀਕਾ ਤੇ ਕੈਨੇਡਾ ਵੱਖੋ-ਵੱਖਰੀ ਜਾਂਚ ਕਰ ਰਹੇ ਹਨ।



ਉਨ੍ਹਾਂ ਕਿਹਾ ਕਿ ਭਾਰਤ ਸੋਚਦਾ ਹੈ ਕਿ ਉਸ ਦੇ ਏਜੰਟ ਵਿਦੇਸ਼ੀ ਧਰਤੀ ’ਤੇ ਹਿੰਸਾ ਕਰ ਕੇ ਵਾਪਸ ਬਚ ਕੇ ਆ ਸਕਦੇ ਹਨ ਜੋ ਗਲਤ ਹੈ। ਸੀਬੀਸੀ ਨਿਊਜ਼ ਨੂੰ ਦਿੱਤੀ ਇੱਕ ਇੰਟਰਵਿਊ ਵਿੱਚ ਕੈਮਰੌਨ ਮੈੱਕੇ ਨੇ ਕਿਹਾ ਕਿ ਇਹ ਭਾਰਤ ਦੀ ਸਭ ਤੋਂ ਵੱਡੀ ਰਣਨੀਤਕ ਗਲਤੀ ਸੀ। ਦੱਸਣਾ ਬਣਦਾ ਹੈ ਕਿ ਪਿਛਲੇ ਸਾਲ ਕੈਨੇਡਾ ਦੀ ਧਰਤੀ ’ਤੇ ਸਿੱਖ ਆਗੂ ਭਾਈ ਹਰਦੀਪ ਸਿੰਘ ਨਿੱਝਰ ਦੀ ਹੱਤਿਆ ’ਚ ਭਾਰਤ ਸਰਕਾਰ ਦੀ ਸ਼ਮੂਲੀਅਤ ਸਬੰਧੀ ਓਟਾਵਾ ਵੱਲੋਂ ਲਾਏ ਗਏ ਦੋਸ਼ਾਂ ਨੂੰ ਨਵੀਂ ਦਿੱਲੀ ਨੇ ਖਾਰਜ ਕਰ ਦਿੱਤਾ ਸੀ। ਇਸ ਮਾਮਲੇ ਸਬੰਧੀ ਹਾਲ ਹੀ ਵਿੱਚ ਮੁੜ ਤਣਾਅ ਵਧਣ ਮਗਰੋਂ ਭਾਰਤ ਨੇ ਛੇ ਡਿਪਲੋਮੈਟਾਂ ਨੂੰ ਦੇਸ਼ ਛੱਡਣ ਲਈ ਕਿਹਾ ਸੀ ਤੇ ਇਹ ਕੈਨੇਡੀਅਨ ਡਿਪਲੋਮੈਟ ਬੀਤੇ ਦਿਨੀਂ ਨਵੀਂ ਦਿੱਲੀ ਛੱਡ ਗਏ ਹਨ।

## ਰਿਪੁਦਮਨ ਮਲਿਕ ਕਤਲ ਮਾਮਲੇ ’ਚ 2 ਦੋਸ਼ੀ ਕਰਾਰ, 31 ਨੂੰ ਹੋਵੇਗੀ ਸਜ਼ਾ

ਵੈਨਕੂਵਰ/ਓਟਾਵਾ/ਏ.ਟੀ. ਨਿਊਜ਼: ਸਰੀ ਵਿਚਲੀਆਂ ਖ਼ਾਲਸਾ ਵਿੱਦਿਅਕ ਸੰਸਥਾਵਾਂ ਦੇ ਬਾਨੀ ਅਤੇ ਖ਼ਾਲਸਾ ਕਰੈਡਿਟ ਯੂਨੀਅਨ (ਸਹਿਕਾਰੀ ਬੈਂਕ) ਦੇ ਵੱਡੇ ਹਿੱਸੇਦਾਰ ਰਿਪੁਦਮਨ ਸਿੰਘ ਮਲਿਕ ਦੇ ਜੁਲਾਈ 2022 ’ਚ ਕੀਤੇ ਕਤਲ ਦੇ ਮਾਮਲੇ ਵਿੱਚ ਬ੍ਰਿਟਿਸ਼ ਕੋਲੰਬੀਆ (ਬੀ.ਸੀ.) ਸੁਪਰੀਮ ਕੋਰਟ ਵਿੱਚ ਸੁਣਵਾਈ ਹੋਈ, ਜਿਸ ਦੌਰਾਨ ਦੋ ਮੁਲਜ਼ਮਾਂ ਟੈਨਰ ਫੋਕਸ ਅਤੇ ਜੋਸ ਲੋਪੇਜ਼ ਨੇ ਆਪਣੇ ’ਤੇ ਲੱਗੇ ਦੋਸ਼ ਕਬੂਲ ਲਏ। ਇਨ੍ਹਾਂ ਮੁਲਜ਼ਮਾਂ ਨੂੰ ਕਤਲ ਤੋਂ ਤਿੰਨ ਮਹੀਨੇ ਬਾਅਦ ਹੀ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਉਦੋਂ ਤੋਂ ਉਹ ਨਜ਼ਰਬੰਦ ਹਨ। ਪੁਲਿਸ ਨੇ ਇਨ੍ਹਾਂ ਦੋਹਾਂ ਖ਼ਿਲਾਫ਼ ਪਹਿਲਾ ਦਰਜਾ ਕਤਲ (ਗਿਣਮਿਥ ਕੇ ਮਾਰਨਾ) ਦੇ ਦੋਸ਼ ਹੇਠ ਕੇਸ ਦਰਜ ਕੀਤਾ ਸੀ, ਜਿਸ ਨੂੰ ਪੁਲਿਸ ਨੇ ਸੁਣਵਾਈ ਤੋਂ ਪਹਿਲਾਂ ਦੂਜੇ ਦਰਜੇ (ਅਚਾਨਕ ਕਤਲ) ਵਿੱਚ ਬਦਲ ਦਿੱਤਾ। ਅਦਾਲਤ ਨੇ ਮੁਲਜ਼ਮਾਂ ਨੂੰ ਸਜ਼ਾ ਸੁਣਾਏ ਜਾਣ ਲਈ 31 ਅਕਤੂਬਰ ਨੂੰ ਪੇਸ਼ ਹੋਣ ਦੇ ਹੁਕਮ ਦਿੱਤੇ ਹਨ।

ਸੁਣਵਾਈ ਦੌਰਾਨ ਦੋਵੇਂ ਮੁਲਜ਼ਮਾਂ ਦੀ ਆਪਸ ਵਿੱਚ ਤਕਰਾਰ ਹੋ ਗਈ, ਜਿਸ ਕਾਰਨ ਪੁਲਿਸ ਨੂੰ ਦਖਲ ਦੇਣਾ ਪਿਆ।



ਇਸ ਮਾਮਲੇ ਵਿੱਚ ਇਹ ਸਪਸ਼ਟ ਨਹੀਂ ਹੋਇਆ ਕਿ ਮੁਲਜ਼ਮਾਂ ਨੂੰ ਇਸ ਕੰਮ ਲਈ ਫਿਰੌਤੀ ਕਿਸ ਨੇ ਦਿੱਤੀ ਸੀ ਕਿਉਂਕਿ ਪੁਲਿਸ ਪਹਿਲਾਂ ਤੋਂ ਮੰਨ ਕੇ ਚੱਲ ਰਹੀ ਸੀ ਕਿ ਦੋਹੇਂ ਭਾੜੇ ਦੇ ਕਾਤਲ ਹਨ ਤੇ ਉਨ੍ਹਾਂ ਇਹ ਕਤਲ ਫਿਰੌਤੀ ਲੈ ਕੇ ਕੀਤਾ ਪਰ ਪੁਲਿਸ ਵੱਲੋਂ ਕਤਲ ਦੀ ਡਿਗਰੀ ਬਦਲਣ ਤੋਂ ਬਾਅਦ ਚਰਚਾਵਾਂ ਚਲਦੀਆਂ ਰਹੀਆਂ। ਦੱਸਣਾ ਬਣਦਾ ਹੈ ਕਿ ਕੈਨੇਡਾ ਵਿੱਚ ਦੋਸ਼ ਕਬੂਲ ਕੀਤੇ ਜਾਣ ’ਤੇ ਸਜ਼ਾ ਵਿੱਚ ਵੀ ਕਟੌਤੀ ਕੀਤੀ ਜਾਂਦੀ ਹੈ।

**ਮਲਿਕ ’ਤੇ ਏਅਰ ਇੰਡੀਆ ਬੰਬ ਕਾਂਡ ਦੀ ਸਾਜ਼ਿਸ਼ ਦੇ ਲੱਗੇ ਸਨ ਦੋਸ਼**

ਸ਼ਹਿਰ ਦੇ ਵੱਡੇ ਕਾਰੋਬਾਰੀਆਂ ਵਿੱਚ ਗਿਣੇ ਜਾਂਦੇ ਰਿਪੁਦਮਨ ਸਿੰਘ ਮਲਿਕ



ਉੱਤੇ 1985 ਵਿੱਚ ਏਅਰ ਇੰਡੀਆ ਬੰਬ ਕਾਂਡ (ਕਨਿਸ਼ਕ) ਦੀ ਸਾਜ਼ਿਸ਼ ਦੇ ਦੋਸ਼ ਲੱਗੇ ਸਨ ਪਰ ਗਵਾਹਾਂ ਦੇ ਮੁੱਕਰਨ ਕਾਰਨ ਉਹ ਬਰੀ ਹੋ ਗਿਆ ਸੀ। ਇਹ ਜਹਾਜ਼ ਅੰਧ ਮਹਾਂਸਾਗਰ ਵਿੱਚ ਡਿੱਗ ਗਿਆ ਸੀ ਤੇ ਇਸ ਹਾਦਸੇ ਵਿੱਚ 339 ਯਾਤਰੀ ਤੇ ਅਮਲਾ ਮਾਰਿਆ ਗਿਆ ਸੀ। ਇਸ ਤੋਂ ਇਲਾਵਾ ਮਲਿਕ ਉਤੇ 2020 ਵਿੱਚ ਗੁਰੂ ਗ੍ਰੰਥ ਸਾਹਿਬ ਨੂੰ ਆਪਣੇ ਛਾਪੇਖਾਨੇ ਵਿੱਚ ਛਾਪਣ ਦੇ ਦੋਸ਼ ਲੱਗੇ ਸਨ। ਉਸ ਸਾਲ ਉਸ ਨੂੰ ਭਾਰਤ ਦੀ ਕਾਲੀ ਸੂਚੀ ’ਚੋਂ ਕੱਢਿਆ ਗਿਆ ਤੇ ਉਸ ਨੇ ਭਾਰਤ ਯਾਤਰਾ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ ਸੀ। ਪ੍ਰਧਾਨ ਮੰਤਰੀ ਮੋਦੀ ਵਲੋਂ ਉਸ ਨੂੰ ਦਿੱਤੇ ਗਏ ਪ੍ਰਸੰਸਾ ਪੱਤਰ ਦੀ ਕਾਫੀ ਚਰਚਾ ਹੁੰਦੀ ਰਹੀ ਸੀ।



# ਨੇਤਾ ਅਤੇ ਅਭਿਨੇਤਾ ਤੋਂ ਵੱਧ ਚਰਚੇ ਲਾਰੈਂਸ ਬਿਸ਼ਨੋਈ ਦੇ

## ਕਿਹੋ ਜਿਹੇ ਲੋਕ ਬਣ ਰਹੇ ਹਨ ਨਿਊ ਇੰਡੀਆ ਦੇ ਵਿੱਚ ਨਿਊ ਆਈਕੋਨ ?

ਅੰਮ੍ਰਿਤਸਰ ਟਾਈਮਜ਼

ਪਿਛਲੇ ਹਫ਼ਤੇ ਲਾਰੈਂਸ ਬਿਸ਼ਨੋਈ ਖ਼ਬਰਾਂ ਦੇ ਵਿੱਚ ਛਾਏ ਰਹੇ ਤੇ ਇਹ ਵੀ ਬਹੁਤ ਘੱਟ ਹੁੰਦਾ ਹੈ ਕਿ ਨੇਤਾ ਅਤੇ ਅਭਿਨੇਤਾ ਨਾਲੋਂ ਕਿਸੇ ਗੈਂਗਸਟਰ ਦੀ ਅੰਤਰਰਾਸ਼ਟਰੀ ਪੱਧਰ 'ਤੇ ਵੱਧ ਚਰਚਾ ਰਹੇ। ਸੋਸ਼ਲ ਮੀਡੀਆ 'ਤੇ ਲਾਰੈਂਸ ਲਾਰੈਂਸ ਹੋਈ ਪਈ ਹੈ। ਪਿਛਲੇ ਦੋ ਸਾਲਾਂ ਤੋਂ ਲਾਰੈਂਸ ਬਿਸ਼ਨੋਈ ਦਾ ਨਾਂ ਦੇਸ਼ ਦੇ ਸਭ ਤੋਂ ਹਾਈ ਪ੍ਰੋਫ਼ਾਈਲ ਕ੍ਰਾਈਮ ਦੀ ਲਿਸਟ ਵਿੱਚ ਹੈ। ਮਈ 2022 ਵਿੱਚ ਸਿੱਧੂ ਮੂਸੇਵਾਲਾ ਦੀ ਹੱਤਿਆ ਕਰਕੇ ਇਹ ਕਾਫ਼ੀ ਚਰਚਾ ਵਿੱਚ ਆ ਗਿਆ ਪਰ ਹੁਣ ਲਾਰੈਂਸ ਬਿਸ਼ਨੋਈ ਅੰਤਰਰਾਸ਼ਟਰੀ ਹੋ ਗਏ ਹਨ। ਇੱਕ ਪਾਸੇ ਕੈਨੇਡਾ ਦੋਸ਼ ਲਗਾ ਰਿਹਾ ਹੈ ਕਿ ਭਾਰਤ ਸਰਕਾਰ ਦੇ ਏਜੰਟ ਬਿਸ਼ਨੋਈ ਗੈਂਗ ਨਾਲ ਮਿਲ ਕੇ ਕੈਨੇਡਾ ਵਿੱਚ ਆਤੰਕ ਫ਼ੈਲਾ ਰਹੇ ਹਨ। ਦੂਜੇ ਪਾਸੇ ਅਮਰੀਕਾ ਕਹਿ ਰਿਹਾ ਹੈ ਕਿ ਸਾਡਾ ਇੰਟੈਲੀਜੈਂਸ ਅਫ਼ਸਰ ਵਿਕਾਸ ਯਾਦਵ ਪੰਨੂੰ ਹੱਤਿਆ ਸਾਜ਼ਿਸ਼ ਵਿੱਚ ਸ਼ਾਮਲ ਹੈ ਅਤੇ ਇਸ ਦੇ ਤਾਰ ਬਿਸ਼ਨੋਈ ਦੇ ਨਾਲ ਜੁੜੇ ਹੋਏ ਹਨ। ਸੁਭਾਵਿਕ ਹੀ ਮਨ ਵਿੱਚ ਸਵਾਲ ਉਠਦਾ ਹੈ ਕਿ ਇਹ ਕਿਵੇਂ ਸੰਭਵ ਹੋ ਸਕਦਾ ਹੈ ? ਕਿਉਂਕਿ ਲਾਰੈਂਸ ਤਾਂ 2014 ਤੋਂ ਜੇਲ੍ਹ ਵਿੱਚ ਹੈ। ਪਿਛਲੇ ਸਾਲ ਐਨ.ਆਈ.ਏ. ਨੇ 128 ਪੇਜਾਂ ਦਾ ਚਾਰਜਸ਼ੀਟ ਪੇਸ਼ ਕੀਤਾ ਸੀ ਤਾਂ ਉਸ ਦੇ ਵਿੱਚ ਕਈ ਹੈਰਾਨੀਜਨਕ ਖ਼ੁਲਾਸੇ ਵੀ ਕੀਤੇ ਸਨ। ਉਸ ਚਾਰਜਸ਼ੀਟ ਵਿੱਚ ਕਿਹਾ ਗਿਆ ਕਿ ਇੱਕ ਦਹਾਕੇ ਤੋਂ ਲਾਰੈਂਸ ਜੇਲ੍ਹ ਵਿੱਚ ਰਹਿਣ ਦੇ ਬਾਵਜੂਦ ਵੀ ਆਪਣਾ ਨੈਟਵਰਕ ਕਾਫ਼ੀ ਵਧਾ ਰਿਹਾ ਹੈ। ਇਸ ਰਿਪੋਰਟ ਨੇ ਇੱਥੋਂ ਤੱਕ ਕਿਹਾ ਕਿ ਲਾਰੈਂਸ ਦਾ ਅਪਰੇਸ਼ਨ ਦਾਊਦ ਇਬਰਾਹਿਮ ਵਰਗਾ ਹੈ। ਚਾਰਜਸ਼ੀਟ ਵਿੱਚ ਦੱਸਿਆ ਗਿਆ ਕਿ ਲਾਰੈਂਸ ਜੇਲ੍ਹ ਵਿੱਚ ਬੈਠਾ ਹੀ ਸੱਤ ਸੌ ਤੋਂ ਜ਼ਿਆਦਾ ਸ਼ੂਟਰ ਕੰਟਰੋਲ ਕਰ ਰਿਹਾ ਹੈ। ਜਿਹਨਾਂ ਦਾ ਕੰਮ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਲੁੱਟ ਖੋਹ ਕਰਨਾ ਤੇ ਫ਼ਿਰੌਤੀ ਮੰਗਣਾ ਹੈ। ਸਲਮਾਨ ਖ਼ਾਨ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਭਾਵੇਂ ਆਮ ਲੋਕਾਂ ਨੂੰ ਡਰਾ ਦਿੰਦੀਆਂ ਹਨ ਪਰ ਲਾਰੈਂਸ ਦੇ ਲਈ ਇਹ ਇੱਕ ਟਾਈਮ ਪਾਸ ਹੈ ਕਿਉਂਕਿ ਇਹ ਇੱਕ ਵੱਡੀ ਗੇਮ ਖੇਡ ਰਿਹਾ ਹੈ। ਅੱਜ ਸਾਡੇ ਦੇਸ਼ ਵਿੱਚ ਆਈ.ਆਈ.ਟੀ. ਤੇ ਆਈ.ਆਈ.ਐਮ. ਤੋਂ ਜ਼ਿਆਦਾ ਇਜ਼ੱਤ ਕ੍ਰਿਮਿਨਲ ਬੰਦਿਆਂ ਦੀ ਹੁੰਦੀ ਹੈ। ਮਨ 'ਚ ਸਵਾਲ ਵੀ ਉਠਦੇ ਨੇ ਕਿ ਲਾਰੈਂਸ ਸਰਕਾਰਾਂ ਦੇ ਗਲੇ ਦੀ ਹੱਡੀ ਤਾਂ ਨਹੀਂ ਬਣਿਆ ਹੋਇਆ ? ਕਿਧਰੇ ਉਹ ਰਾਜਨੀਤਿਕ ਸ਼ਕਤੀ ਪ੍ਰਾਪਤੀ ਦੀ ਇੱਛਾ ਤਾਂ ਨਹੀਂ ਰੱਖਦਾ ? ਕਿਧਰੇ ਸਰਕਾਰਾਂ ਲਾਰੈਂਸ ਨੂੰ ਵਰਤ ਕੇ ਹਨੇਰੀ ਕੋਠੜੀ ਵਿੱਚ ਤਾਂ ਨਹੀਂ ਸੁੱਟ ਦੇਣਗੀਆਂ ? ਤੇ ਸਾਡਾ ਖ਼ਿਆਲ ਹੈ ਕਿ ਉਦੋਂ ਫ਼ੋਨ ਵੀ ਨਹੀਂ ਦੇਣਗੀਆਂ। ਲਾਰੈਂਸ ਬਿਸ਼ਨੋਈ ਦੀ ਪਾਵਰ ਸਮਝਣ ਦੇ ਲਈ ਉਸ ਦੇ ਬਚਪਣ ਦੀ ਦਹਿਲੀਜ਼ 'ਤੇ ਖੜਦੇ ਹਾਂ ਤਾਂ ਪਤਾ ਚਲਦਾ ਹੈ ਕਿ ਇਸ ਸਖ਼ਸ਼ ਦਾ ਜਨਮ ਫ਼ਰਵਰੀ 1993 'ਚ ਪੰਜਾਬ ਦੇ ਫ਼ਾਜ਼ਿਲਕਾ ਜ਼ਿਲ੍ਹੇ 'ਚ ਹੁੰਦਾ ਹੈ। ਇਸ ਦੇ ਪਿਤਾ ਹਰਿਆਣਾ ਪੁਲਿਸ ਦੇ ਵਿੱਚ ਨੌਕਰੀ ਕਰਦੇ ਸੀ ਤੇ ਖੁੱਲੀ ਜ਼ਮੀਨ ਜਾਇਦਾਦ ਦੇ ਮਾਲਕ ਸਨ। ਬਿਸ਼ਨੋਈ ਨੂੰ ਸ਼ੁਰੂ ਤੋਂ ਹੀ ਮਹਿੰਗੀਆਂ ਮਹਿੰਗੀਆਂ ਚੀਜ਼ਾਂ ਪਾਉਣਾ ਤੇ ਵਰਤਣਾ ਵਧੀਆ ਲੱਗਦਾ ਸੀ। ਸਵਾਲ ਉਠਦਾ ਹੈ ਕਿ ਕਾਨਵੈਂਟ ਸਕੂਲ ਦੇ ਵਿੱਚ ਪੜ੍ਹਨ ਵਾਲੇ ਖਾਂਦੇ ਪੀਂਦੇ ਘਰਾਣੇ ਦੇ ਬੱਚੇ ਦਾ ਕ੍ਰਾਈਮ ਵੱਲ ਮੁੜਨਾ ਕਿਵੇਂ ਸੰਭਵ ਹੋ ਗਿਆ ? ਆਮ ਸੁਣਿਆ ਜਾਂਦਾ ਹੈ ਕਿ ਗੈਂਗਸਟਰ ਬਣਨ ਦੀ ਸਟੋਰੀ ਧੱਕੇ ਅਤੇ ਬੇਇਨਸਾਫ਼ੀ ਤੋਂ ਸ਼ੁਰੂ ਹੁੰਦੀ ਹੈ ਪਰ ਲਾਰੈਂਸ ਤਾਂ ਆਰਾਮ ਨਾਲ ਆਪਣੀ ਐਸ਼ੋ ਆਰਾਮ ਵਾਲੀ ਜ਼ਿੰਦਗੀ ਜੀ ਸਕਦਾ ਸੀ। ਅਸਲ ਵਿੱਚ ਸਟੂਡੈਂਟਸ ਪਾਲੀਟਿਕਸ ਵਿੱਚ ਉਹ ਕਾਲਜ ਟਾਇਮ ਤੋਂ ਹੀ ਭਾਗ ਲੈਣ ਲੱਗ ਪਿਆ ਸੀ। ਕਾਲਜ ਦੇ ਵਿੱਚ ਉਸ ਨੇ ਐਸ.ਓ.ਪੀ.ਯੂ. ਜਥੇਬੰਦੀ ਦੀ ਸ਼ੁਰੂਆਤ ਕੀਤੀ ਸੀ। ਉਦੇਸ਼ ਇਹ ਸੀ ਕਿ ਉਹ ਸਟੂਡੈਂਟਸ ਇਲੈਕਸ਼ਨ ਜਿੱਤੇ ਪਰ ਹੁੰਦਾ ਇਹ ਹੈ ਕਿ ਉਹ ਹਾਰ ਜਾਂਦਾ ਹੈ। ਗੁੱਸੇ ਦੇ ਨਾਲ ਵਿਦਿਆਰਥੀਆਂ ਦੇ ਵਿੱਚ ਆਪਣਾ ਦਬਦਬਾ



ਬਣਾਉਣ ਦੇ ਲਈ ਪਿਸਤੌਲ ਦੇ ਨਾਲ ਸਮਝੌਤੇ ਕਰਨ ਲੱਗ ਜਾਂਦਾ ਹੈ। ਸਾਲ ਬਾਅਦ ਫੇਰ ਸਟੂਡੈਂਟਸ ਚੋਣਾਂ ਹੁੰਦੀਆਂ ਨੇ, ਫੇਰ ਦੋ ਗਰੁੱਪ ਆਹਮੋ ਸਾਹਮਣੇ ਹੋ ਜਾਂਦੇ ਨੇ। ਦੂਜਾ ਗਰੁੱਪ ਰਾਈਵਲ ਕੈਂਪ ਦਾ ਹੁੰਦਾ ਹੈ ਤੇ ਰਾਈਵਲ ਕੈਂਪ ਵਾਲੇ ਲਾਰੈਂਸ ਦੀ ਇੱਕ ਦੋਸਤ ਨੂੰ ਜ਼ਿੰਦਾ ਜਲਾ ਦਿੰਦੇ ਨੇ। ਫਿਰ ਬਿਸ਼ਨੋਈ ਦੇ ਵੱਲੋਂ ਬਦਲਾ ਲਿਆ ਜਾਂਦਾ ਹੈ ਤੇ ਇੱਥੋਂ ਹੀ ਕ੍ਰਾਈਮ ਦੀ ਦੁਨੀਆਂ ਦੇ ਵਿੱਚ ਪੈਰ ਰੱਖਣ ਦੇ ਲਈ ਉਹ ਮਜਬੂਰ ਹੋ ਜਾਂਦਾ ਹੈ ਤੇ ਪਹਿਲੀ ਵਾਰੀ ਜੇਲ੍ਹ ਜਾਂਦਾ ਹੈ। ਰਿਪੋਰਟਾਂ ਮੁਤਾਬਿਕ 2008 ਵਿੱਚ ਲਾਰੈਂਸ ਬਿਸ਼ਨੋਈ ਨੇ ਆਪਣਾ ਕ੍ਰਾਈਮ ਨੈਟਵਰਕ ਕਾਇਮ ਕੀਤਾ ਤੇ ਅੱਜ ਦੇ ਸਮੇਂ ਵਿੱਚ ਉਹ ਅੰਡਰਵਰਲਡ ਦਾ ਬਾਦਸ਼ਾਹ ਹੈ।


2018 ਦੇ ਵਿੱਚ ਮੀਡੀਆ ਦੇ ਸਾਹਮਣੇ ਲਾਰੈਂਸ ਨੇ ਪ੍ਰਣ ਲਿਆ ਸੀ ਕਿ ਮੇਰਾ ਮਕਸਦ ਸਲਮਾਨ ਖ਼ਾਨ ਨੂੰ ਮਾਰਨਾ ਹੈ। ਅਸਲ ਦੇ ਵਿੱਚ ਸਲਮਾਨ ਖ਼ਾਨ ਨੇ 1998 ਵਿੱਚ ਕਾਲਾ ਹਿਰਨ






ਮਾਰਿਆ ਸੀ ਤੇ ਉਸ ਸਮੇਂ ਲਾਰੈਂਸ ਦੀ ਉਮਰ ਸਿਰਫ਼ ਪੰਜ ਸਾਲ ਸੀ। ਬਿਸ਼ਨੋਈ ਸਮਾਜ ਦੇ ਵਿੱਚ ਕਾਲੇ ਹਿਰਨ ਨੂੰ ਪਵਿੱਤਰ ਮੰਨਿਆ ਜਾਂਦਾ ਹੈ। ਪਰ ਸਲਮਾਨ ਖ਼ਾਨ ਹੀ ਕਿਉਂ ? ਪਿਛਲੇ ਦਸ ਸਾਲਾਂ ਦੇ ਵਿੱਚ ਸੌ ਹਿਰਨ ਸ਼ਿਕਾਰੀਆਂ ਦੇ ਵੱਲੋਂ ਮਾਰੇ ਗਏ ਹਨ। ਇਹਨਾਂ ਬਾਰੇ ਲਾਰੈਂਸ ਬਿਸ਼ਨੋਈ ਕਿਉਂ ਨਹੀਂ ਬੋਲੇ ?

ਅਸਲ ਵਿੱਚ ਲਾਰੈਂਸ ਜੇਲ੍ਹ ਵਿੱਚ ਬੈਠ ਕੇ ਆਪਣੇ ਅਪਰੇਸ਼ਨ ਨੂੰ ਅਲੱਗ ਅਲੱਗ ਢੰਗਾਂ ਦੇ ਨਾਲ ਚਲਾ ਰਿਹਾ ਹੈ। ਰਣਨੀਤੀ ਹੀ ਉਸ ਦੀ ਤਾਕਤ ਹੈ। ਕਹਿੰਦੇ ਨੇ ਕਿ ਉਸ ਵੱਲੋਂ ਕਿਸੇ ਘਟਨਾ ਨੂੰ ਅੰਜਾਮ ਦੇਣ ਲਈ ਤਿੰਨ ਸ਼ੂਟਰ ਨਿਯੁਕਤ ਕੀਤੇ ਜਾਂਦੇ ਹਨ ਤੇ ਹੈਰਾਨੀ ਦੀ ਗੱਲ ਹੈ ਕਿ ਤਿੰਨੇ ਸ਼ੂਟਰ ਇੱਕ ਦੂਜੇ ਨੂੰ ਜਾਣਦੇ ਤੱਕ ਨਹੀਂ ਹੁੰਦੇ। ਕਾਰਨ ਇਹ ਕਿ ਜੇ ਇੱਕ ਫੜਿਆ ਜਾਵੇ ਤਾਂ ਬਾਕੀ ਸੇਫ਼ ਰਹਿਣ। ਦੂਜਾ ਸਭ ਤੋਂ ਵੱਡਾ ਹਥਿਆਰ ਲਾਰੈਂਸ ਦਾ ਇਹ ਮੰਨਿਆ ਜਾਂਦਾ ਹੈ ਕਿ ਕਿਸੇ ਵੀ ਘਟਨਾ ਨੂੰ ਜਦੋਂ ਉਹ ਅੰਜਾਮ ਦਿੰਦਾ ਹੈ ਤਾਂ ਉਸ ਦੀ ਜ਼ਿੰਮੇਵਾਰੀ ਸੋਸ਼ਲ ਮੀਡੀਆ 'ਤੇ ਪੋਸਟ ਪਾ ਕੇ ਲੈਂਦਾ ਹੈ। ਬੇਰੁਜ਼ਗਾਰੀ ਦੇ ਭੰਨੇ ਨੌਜਵਾਨ ਇਸ ਬਹਾਦਰੀ ਨੂੰ ਦੇਖ ਕੇ ਅਪਲਾਈ ਕਰਦੇ ਨੇ ਤੇ ਸਸਤੇ ਦੇ ਵਿੱਚ ਹੀ ਬੇਸ਼ਕੀਮਤੀ ਜ਼ਿੰਦਗੀਆਂ ਨੂੰ ਦੁਨੀਆਂ ਤੋਂ ਬੇਰਹਿਮੀ ਦੇ ਨਾਲ ਰੁਖ਼ਸਤ ਕਰ ਦਿੰਦੇ ਹਨ। ਤੀਜਾ ਜੇਲ੍ਹ ਵਿੱਚ ਬੈਠ ਕੇ ਅਪਰਾਧ ਦੀ ਦੁਨੀਆਂ ਦੇ ਕਈ ਨਿੱਕੇ ਨਿੱਕੇ ਬਾਦਸ਼ਾਹਾਂ ਦੇ ਨਾਲ ਆਪਣਾ ਨੈਟਵਰਕ ਵਧਾਇਆ ਜਾਂਦਾ ਹੈ। ਵੈਸੇ ਤਾਂ ਉਸ ਦੇ ਫ਼ੈਨ ਇਹ ਵੀ ਕਹਿੰਦੇ ਨੇ ਕਿ ਖ਼ਾਲਿਸਤਾਨੀਆਂ ਵਿੱਚ ਲਾਰੈਂਸ ਖ਼ੌਫ ਪੈਦਾ ਕਰਦਾ ਹੈ ਪਰ ਸੱਚਾਈ ਇਹ ਵੀ ਹੈ ਕਿ ਕਿਸੇ ਸਮੇਂ ਉਸ ਨੇ ਬੱਬਰ ਖ਼ਾਲਸਾ ਦੇ ਨਾਲ ਰਹਿ ਕੇ ਵੀ ਵੱਡਾ ਬਿਜ਼ਨਸ ਕੀਤਾ ਸੀ। ਚੌਥਾ ਹਥਿਆਰ ਲਾਰੈਂਸ ਦੇ ਕੋਲ ਡਿਜੀਟਲ ਇੰਡੀਆ ਦਾ ਹੈ ਜਿਸ ਦਾ ਪੂਰਾ ਪੂਰਾ ਫ਼ਾਇਦਾ ਚੁੱਕਿਆ ਜਾਂਦਾ ਹੈ। ਕਹਿੰਦੇ ਨੇ ਇੰਟਰਨੈਟ ਦੀ ਦੁਨੀਆਂ ਵਿੱਚ ਉਹ 'ਡੱਬਾ ਕਾਲਿੰਗ' ਰਾਹੀਂ ਆਪਣੇ ਸਾਮਰਾਜ ਤੇ ਸ਼ੂਟਰਜ਼ ਦੇ ਨਾਲ ਸੰਪਰਕ ਵਿੱਚ ਰਹਿੰਦਾ ਹੈ। 'ਡੱਬਾ ਕਾਲਿੰਗ' ਇੱਕ ਅਨਟਰੇਸੇਬਲ ਕਾਲ ਹੁੰਦੀ ਹੈ ਜੋ ਇੰਟਰਨੈਟ ਜ਼ਰੀਏ ਗ਼ੈਰ ਕਾਨੂੰਨੀ ਐਕਸਚੇਂਜ ਰਾਹੀਂ ਰੈਗੂਲਰ ਮੋਬਾਇਲ ਨੈਟਵਰਕ ਤੇ ਲਾਅ ਇਨਫ਼ਾਰਸਮੈਂਟ ਟਰੇਸਿੰਗ ਨੂੰ ਬਾਈਪਾਸ ਕਰਦਾ ਹੈ ਤੇ ਆਪਣੀ ਦੁਨੀਆਂ ਦੇ ਵਿੱਚ ਖੁੱਲ ਕੇ ਗੱਲਬਾਤ ਕਰਨ ਲਈ ਆਜ਼ਾਦ ਹੁੰਦਾ ਹੈ। ਵੈਸੇ ਲਾਰੈਂਸ ਬਿਸ਼ਨੋਈ ਦੇ ਮੂਡ ਦੀ ਗੱਲ ਕਰੀਏ ਤਾਂ ਕਦੇ ਕਦੇ ਉਹ ਟੀ. ਵੀ. ਚੈਨਲਾਂ ਨੂੰ ਇੰਟਰਵਿਊ ਵੀ ਦੇ ਦਿੰਦਾ ਹੈ, ਉਹ ਵੀ ਜੇਲ੍ਹ ਵਿੱਚ ਬੈਠ ਕੇ। ਪੰਜਵੇਂ ਪੱਖ ਦੇ ਵਿੱਚ ਜੇ ਇਹ ਕਹਿ ਦੇਈਏ ਕਿ ਲਾਰੈਂਸ ਸਰਕਾਰ ਦੀ ਛਤਰ ਛਾਇਆ ਤੋਂ ਬਿਨਾਂ ਹੀ ਸਭ ਕੁਝ ਕਰ ਰਿਹਾ ਹੈ ਤਾਂ ਗ਼ਲਤ ਜਿਹਾ ਜਾਪਦਾ ਹੈ।




ਵੈਸੇ ਯੂਨੀਅਨ ਹੋਮ ਮਨਿਸਟਰੀ ਨੇ ਲਾਰੈਂਸ ਨੂੰ ਸਾਬਰਮਤੀ ਜੇਲ੍ਹ ਤੋਂ ਬਾਹਰ ਕਿਸੇ ਹੋਰ ਜੇਲ੍ਹ ਵਿੱਚ ਲੈ ਜਾਣ ਦੀ ਕਦੇ ਆਗਿਆ ਹੀ ਨਹੀਂ ਦਿੱਤੀ। ਇਥੋਂ ਤੱਕ ਕਿ ਬਾਬਾ ਸਿੱਦੀਕੀ ਦੀ ਮੌਤ ਤੋਂ ਬਾਅਦ ਕਹਿੰਦੇ ਨੇ ਪੁਲਿਸ ਪੁੱਛਗਿੱਛ ਤੱਕ ਵੀ ਨਹੀਂ ਕਰ ਸਕੀ। ਮੁੱਕਦੀ ਗੱਲ ਇਹ ਹੈ ਕਿ ਕਾਲਜ ਟਾਈਮ ਤੋਂ ਜਿਸ ਨੇ ਰਾਜਨੀਤੀ ਦੀ ਤੰਦ ਨੂੰ ਫੜਿਆ ਹੋਵੇ ਉਹ ਚੰਗੀ ਤਰ੍ਹਾਂ ਜਾਣਦਾ ਹੈ ਕਿ ਮੈਂ ਕਿਸ ਨਾਲ ਹੱਥ ਮਿਲਾਉਣਾ ਹੈ ਤੇ ਕਿਸ ਨਾਲ ਨਹੀਂ। ਮਹੱਤਵਪੂਰਨ ਤੱਥ ਇਹ ਵੀ ਹੈ ਕਿ ਲਾਰੈਂਸ ਜਾਣਦਾ ਹੈ ਕਿ ਪੈਸਾ ਤੇ ਮਸਲ ਪਾਵਰ ਬਹੁਤ ਲੋਕਾਂ ਦੇ ਕੋਲ ਹੈ ਪਰ ਉਸ ਨੂੰ ਇੱਕ ਸਟੋਰੀ ਬਿਲਡ ਕਰਨੀ ਪਵੇਗੀ ਤੇ ਸਟੋਰੀ ਬਿਲਡ ਹੋ ਵੀ ਰਹੀ ਹੈ। ਸੋਸ਼ਲ ਮੀਡੀਆ 'ਤੇ ਇੱਕ "ਹਿੰਦੂ ਡਾਨ" ਦੇ ਤਰੀਕੇ ਦੇ ਨਾਲ ਉਸ ਦੀ ਚਰਚਾ ਛਿੜੀ ਹੋਈ ਹੈ। ਸਰੀਰ 'ਤੇ ਹਨੂੰਮਾਨ ਦਾ ਟੈਟੂ ਤੇ ਭਗਤ ਸਿੰਘ ਵਾਲੀ ਟੀ ਸ਼ਰਟ ਕੁਝ ਸੋਚ ਸਮਝ ਕੇ ਹੀ ਪਾਈ ਹੋਣੀ ਹੈ। ਵੈਸੇ ਸੋਸ਼ਲ ਮੀਡੀਆ ਅਨੁਸਾਰ ਉਸ ਨੂੰ ਹਿੰਦੂ ਰੱਖਿਅਕ ਕਹਿ ਕੇ ਪ੍ਰਚਾਰਿਆ ਜਾ ਰਿਹਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਹ ਜਾਣਦਾ ਹੈ ਕਿ ਉਹ ਕੀ ਕਰ ਰਿਹਾ ਹੈ।

ਮਈ 2022 ਵਿੱਚ ਸਿੱਧੂ ਮੂਸੇਵਾਲਾ ਦੇ ਕਤਲ ਦੀ ਗੋਲਡੀ ਬਰਾੜ ਜ਼ਿੰਮੇਵਾਰੀ ਲੈਂਦਾ ਹੈ। ਸਤੰਬਰ 2023 ਵਿੱਚ ਸੁਖਦੂਲ ਸਿੰਘ ਦਾ ਕੈਨੇਡਾ ਵਿੱਚ ਕਤਲ ਹੁੰਦਾ ਹੈ। 2024 'ਚ ਸਲਮਾਨ ਖ਼ਾਨ ਦੇ ਘਰ ਦੇ ਬਾਹਰ ਫ਼ਾਇਰਿੰਗ ਹੁੰਦੀ ਹੈ ਤੇ ਫੇਰ ਏ.ਪੀ. ਢਿੱਲੋਂ ਦੇ ਘਰ ਅੱਗੇ ਫ਼ਾਇਰਿੰਗ ਤੇ ਇਸ ਤੋਂ ਬਾਅਦ ਬਾਬਾ ਸਿੱਦੀਕੀ ਦੀ ਹੱਤਿਆ ਹੋ ਜਾਂਦੀ ਹੈ ਤੇ ਲਾਰੈਂਸ ਸੋਸ਼ਲ ਮੀਡੀਆ 'ਤੇ ਸਭ ਤੋਂ ਵਧ ਚਰਚਾ ਵਿੱਚ ਰਹਿਣ ਲੱਗਦਾ ਹੈ। ਤੁਸੀਂ ਸੋਚ ਰਹੇ ਹੋਵੋਗੇ ਕਿ ਉਹ ਜੇਲ੍ਹ ਤੋਂ ਬਾਹਰ ਆਵੇਗਾ ਪਰ ਉਹ ਜੇਲ੍ਹ ਤੋਂ ਬਾਹਰ ਆਉਣ ਦੀ ਕੋਸ਼ਿਸ਼ ਵੀ ਨਹੀਂ ਕਰ ਰਿਹਾ। ਉਹ ਖੁਸ਼ ਹੈ ਆਪਣੀ ਜੇਲ੍ਹ ਵਾਲੀ ਦੁਨੀਆਂ ਵਿੱਚ ਕਿਉਂਕਿ ਜੇਲ੍ਹ ਦੇ ਵਿੱਚ ਬੈਠਿਆਂ ਲਾਰੈਂਸ ਅੰਤਰਰਾਸ਼ਟਰੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਰੱਬ ਦੀਆਂ ਰੱਬ ਜਾਣੇ ਕਿ ਇਹ ਸੱਚਾਈ ਹੈ ਜਾਂ ਕੋਈ ਚਾਣੱਕਿਆ ਨੀਤੀ। ਪਤਾ ਤਾਂ ਇਹ ਵੀ ਲੱਗਿਆ ਹੈ ਕਿ ਯੋ ਯੋ ਹਨੀ ਸਿੰਘ ਦਿੱਲੀ ਪੁਲਿਸ ਤੋਂ ਸੁਰੱਖਿਆ ਮੰਗ ਰਿਹਾ ਹੈ ਕਿ ਲਾਰੈਂਸ ਬਿਸ਼ਨੋਈ ਨੇ ਉਸ ਨੂੰ ਵੀ ਧਮਕੀ ਦਿੱਤੀ ਹੈ। ਜਿਥੋਂ ਤੱਕ ਸਲਮਾਨ ਖ਼ਾਨ ਵਾਲਾ ਮਸਲਾ ਹੈ ਇਹ ਤਾਂ ਇੱਕ ਟੀਜ਼ਰ ਹੈ। ਉਹ ਤਾਂ ਪੂਰੇ ਬਾਲੀਵੁੱਡ 'ਤੇ ਦਬਦਬਾ ਬਣਾਉਣ ਵਾਲਾ ਹੈ। ਵੈਸੇ ਸਲਮਾਨ ਖ਼ਾਨ ਨੇ ਦੋ ਕਰੋੜ ਦੀ ਬੁਲੇਟ ਪਰੂਫ਼ ਗੱਡੀ ਮੰਗਵਾ ਲਈ ਹੈ। ਏਨੇ ਗੁਨਾਹ ਕਰਨ ਦੇ ਬਾਵਜੂਦ ਵੀ ਭਾਰਤ ਮਹਾਨ ਦੇਸ਼ ਦੇ ਵਿੱਚ ਲਾਰੈਂਸ ਬਿਸ਼ਨੋਈ "ਮੋਸਟ ਵਾਂਟਿਡ ਨਹੀਂ ਸਗੋਂ ਮੋਸਟ ਪਾਪੂਲਰ" ਹੈ। ਜਿਥੋਂ ਤੱਕ 'ਹਿੰਦੂ ਡਾਨ' ਕਿਹਾ ਜਾ ਰਿਹਾ ਹੈ ਉਥੇ ਇਹ ਗੱਲ ਸਾਨੂੰ ਭੁੱਲਣੀ ਨਹੀਂ ਚਾਹੀਦੀ ਕਿ ਸਾਡੇ ਸਭ ਦੇ ਧਰਮ ਮਾਰਧਾੜ ਤੇ ਫ਼ਿਰੌਤੀ ਤਾਂ ਨਹੀਂ ਸਿਖਾਉਂਦੇ। ਦੂਜੇ ਪਾਸੇ ਸੋਚ ਇਹ ਵੀ ਕਹਿੰਦੀ ਹੈ ਕਿ ਹੁਣ ਭਾਵੇਂ ਕਾਨੂੰਨ ਦੀ ਦੇਵੀ ਦੀਆਂ ਅੱਖਾਂ ਤੋਂ ਪੱਟੀ ਲਾਹ ਕੇ ਉਸ ਨੂੰ ਸੁਜਾਖੀ ਕਰ ਦਿੱਤਾ ਹੈ ਪਰ ਪਤਾ ਨਹੀਂ ਉਹ ਵੀ ਕਿਉਂ ਬੇਬਸ ਹੈ। ਇੱਕ ਸ਼ਖ਼ਸ ਦੇ ਅੱਗੇ ਕਾਨੂੰਨ ਕਿਉਂ ਹੱਥ ਜੋੜੀ ਖੜਾ ਹੈ ? ਡੂੰਘਾਈ ਨਾਲ ਸੋਚਣ ਵਾਲੀ ਗੱਲ ਇਹ ਵੀ ਹੈ ਕਿ ਨਿਊ ਇੰਡੀਆ ਦੇ ਵਿੱਚ ਨਿਊ ਆਈਕੋਨ ਕਿਹੋ ਜਿਹੇ ਲੋਕ ਬਣ ਰਹੇ ਹਨ ?

# ਪੰਜਾਬ ਦੀ ਸਿਆਸਤ ਦੀ ਦਿਸ਼ਾ ਤੇ ਦਸ਼ਾ ਤੈਅ ਕਰਨਗੀਆਂ ਜ਼ਿਮਨੀ ਚੋਣਾਂ

## ਸਾਰੀਆਂ ਸਿਆਸੀ ਪਾਰਟੀਆਂ ਨੂੰ ਵਹਾਉਣਾ ਪਵੇਗਾ ਖ਼ੂਬ ਪਸੀਨਾ

## ਚਾਰੇ ਸੀਟਾਂ ’ਤੇ ਹੋਣਗੇ ਗਹਿਗੱਚ ਮੁਕਾਬਲੇ



ਪਟਿਆਲਾ/ਏ.ਟੀ.ਨਿਊਜ਼: ਪੰਜਾਬ ’ਚ 4 ਵਿਧਾਨ ਸਭਾ ਹਲਕਿਆਂ ਬਰਨਾਲਾ, ਗਿੱਦੜਬਾਹਾ, ਚੱਬੇਵਾਲ ਤੇ ਡੇਰਾ ਬਾਬਾ ਨਾਨਕ ’ਤੇ ਜ਼ਿਮਨੀ ਚੋਣਾਂ ਲਈ ਭਾਰਤ ਦੇ ਚੋਣ ਕਮਿਸ਼ਨ ਵੱਲੋਂ 13 ਨਵੰਬਰ ਨੂੰ ਵੋਟਾਂ ਪੈਣ ਅਤੇ 23 ਨਵੰਬਰ ਨੂੰ ਨਤੀਜਿਆਂ ਦੇ ਆਉਣ ਦੇ ਐਲਾਨ ਤੋਂ ਬਾਅਦ ਪੰਜਾਬ ’ਚ ਸਿਆਸੀ ਸਰਗਰਮੀਆਂ ਇੱਕਦਮ ਤੇਜ਼ ਹੋ ਗਈਆਂ ਹਨ। ਜਿਥੇ ਪੰਚਾਇਤੀ ਚੋਣਾਂ ਤੋਂ ਵਿਹਲੀਆਂ ਹੋਈਆਂ ਸਿਆਸੀ ਪਾਰਟੀਆਂ ਹੁਣ ਜ਼ਿਮਨੀ ਚੋਣਾਂ ਵਿੱਚ ਰੁਝ ਗਈਆਂ ਹਨ, ਉਥੇ ਹੀ ਪੰਜਾਬ ਦਾ ਵਿਕਾਸ ਕਾਗ਼ਜ਼ਾਂ ਤਕ ਹੀ ਸੀਮਤ ਕੇ ਰਹਿ ਗਿਆ ਹੈ।

ਤੁਸੀਂ ਸਾਰੇ ਜਾਣਦੇ ਹੋ ਕਿ 4 ਵਿਧਾਨ ਸਭਾ ਹਲਕਿਆਂ ਦੇ ਵਿਧਾਇਕਾਂ ਦੇ ਸੰਸਦ ਮੈਂਬਰ ਚੁਣੇ ਜਾਣ ਕਾਰਨ ਇਹ ਸੀਟਾਂ ਖਾਲੀ ਪਈਆਂ ਹਨ। ਗਿੱਦੜਬਾਹਾ ਦੇ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਲੁਧਿਆਣਾ ਲੋਕ ਸਭਾ ਸੀਟ ਤੋਂ ਸੰਸਦ ਮੈਂਬਰ ਚੁਣੇ ਗਏ ਸਨ, ਜਦੋਂਕਿ ਬਰਨਾਲਾ ਦੇ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਸੰਗਰੂਰ ਲੋਕ ਸਭਾ ਸੀਟ ਤੋਂ ਸੰਸਦ ਮੈਂਬਰ ਚੁਣੇ ਗਏ ਸਨ। ਇਸੇ ਤਰ੍ਹਾਂ ਚੱਬੇਵਾਲ ਵਿਧਾਨ ਸਭਾ ਸੀਟ ਦੀ ਨੁਮਾਇੰਦਗੀ ਕਰਨ ਵਾਲੇ ਡਾ. ਰਾਜਕੁਮਾਰ ਚੱਬੇਵਾਲ ਵੀ ਹੁਸ਼ਿਆਰਪੁਰ ਲੋਕ ਸਭਾ ਸੀਟ ਤੋਂ ਸੰਸਦ ਮੈਂਬਰ ਚੁਣੇ ਗਏ ਸਨ। ਡੇਰਾ ਬਾਬਾ ਨਾਨਕ ਸੀਟ ਦੀ ਨੁਮਾਇੰਦਗੀ ਕਰਨ ਵਾਲੇ ਕਾਂਗਰਸੀ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਵੀ ਗੁਰਦਾਸਪੁਰ ਸੀਟ ਤੋਂ ਸੰਸਦ ਮੈਂਬਰ ਚੁਣੇ ਗਏ ਸਨ।

‘ਆਪ’ ਵੱਲੋਂ ਪਹਿਲਾਂ ਹੀ ਚਾਰ ਸੀਟਾਂ ਤੋਂ ਉਮੀਦਵਾਰ ਐਲਾਨੇ ਜਾ ਚੁੱਕੇ ਹਨ ਜਦਕਿ ਕਾਂਗਰਸ ਨੇ ਚਾਰੇ ਸੀਟਾਂ ਤੇ ਭਾਜਪਾ ਨੇ ਵੀ ਤਿੰਨ ਸੀਟਾਂ ਤੋਂ ਉਮੀਦਵਾਰ ਐਲਾਨ ਦਿੱਤੇ ਹਨ। ਉਮੀਦਵਾਰਾਂ ਦਾ ਐਲਾਨ ਕਰਨ ਵਿੱਚ ਸ਼੍ਰੋਮਣੀ ਅਕਾਲੀ ਦਲ ਪਛੜ ਗਿਆ ਹੈ।

ਆਮ ਆਦਮੀ ਪਾਰਟੀ (ਆਪ) ਨੇ ਪੰਜਾਬ ਦੀਆਂ ਚਾਰ ਵਿਧਾਨ ਸਭਾ ਸੀਟਾਂ ’ਤੇ ਹੋਣ ਵਾਲੀ ਜ਼ਿਮਨੀ ਚੋਣ ਲਈ ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕਰ ਦਿੱਤਾ ਹੈ। ਭਾਵੇਂ ਕਿ ਆਮ ਆਦਮੀ ਪਾਰਟੀ ਦੀ ਉਮੀਦਵਾਰੀ ਦੇ ਲਈ ਅੰਦਰਖਾਤੇ ਖਿਚੋਤਾਨ ਤੇ ਤਣਾਅ ਬਰਕਰਾਰ ਹੈ। ‘ਆਪ’ ਦੇ ਕੌਮੀ ਜਨਰਲ ਸਕੱਤਰ ਡਾ. ਸੰਦੀਪ ਪਾਠਕ ਵੱਲੋਂ ਜਾਰੀ ਸੂਚੀ ਮੁਤਾਬਕ ਵਿਧਾਨ ਸਭਾ ਹਲਕਾ ਗਿੱਦੜਬਾਹਾ ਤੋਂ ਹਰਦੀਪ ਸਿੰਘ ਡਿੰਪੀ ਢਿੱਲੋਂ, ਬਰਨਾਲਾ ਤੋਂ ਹਰਿੰਦਰ ਸਿੰਘ ਧਾਲੀਵਾਲ, ਚੱਬੇਵਾਲ (ਐੱਸ.ਸੀ.) ਤੋਂ ਇਸ਼ਾਂਕ ਚੱਬੇਵਾਲ ਅਤੇ ਡੇਰਾ ਬਾਬਾ ਨਾਨਕ ਤੋਂ ਗੁਰਦੀਪ ਸਿੰਘ ਰੰਧਾਵਾ ਨੂੰ ਚੋਣ ਮੈਦਾਨ ’ਚ ਉਤਾਰਿਆ ਗਿਆ ਹੈ।

ਭਾਵੇਂ ਕਿ ਪੰਚਾਇਤੀ ਚੋਣਾਂ ਦੌਰਾਨ ਹੋ ਰਹੇ ਧੱਕੇ ਨੂੰ ਦੇਖਦੇ ਹੋਏ ਕਾਂਗਰਸ ਪਾਰਟੀ ਧਰਨਿਆਂ ’ਤੇ ਬੈਠੀ ਸੀ ਪਰ ਉਹ ਮਸਲਾ ਠੰਡੇ ਬਸਤੇ ਦੇ ਵਿੱਚ ਪੈ ਗਿਆ ਹੈ ਤੇ ਹੁਣ ਪੰਜਾਬ ਕਾਂਗਰਸ ਨੇ ਜ਼ਿਮਨੀ ਚੋਣਾਂ ਲਈ ਆਪਣੇ ਉਮੀਦਵਾਰ ਐਲਾਨ ਦਿੱਤੇ ਹਨ। ਆਲ ਇੰਡੀਆ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ ਵੱਲੋਂ ਜਾਰੀ ਸੂਚੀ ਅਨੁਸਾਰ ਹਲਕਾ ਗਿੱਦੜਬਾਹਾ ਤੋਂ ਅੰਮ੍ਰਿਤਾ ਵੜਿੰਗ ਨੂੰ ਉਮੀਦਵਾਰ ਐਲਾਨਿਆ ਗਿਆ ਹੈ। ਇਸੇ ਤਰ੍ਹਾਂ ਡੇਰਾ ਬਾਬਾ ਨਾਨਕ ਤੋਂ ਜਤਿੰਦਰ ਕੌਰ, ਰਾਖਵਾਂ ਹਲਕਾ ਚੱਬੇਵਾਲ ਤੋਂ ਰਣਜੀਤ ਕੁਮਾਰ ਅਤੇ ਬਰਨਾਲਾ ਤੋਂ ਕੁਲਦੀਪ ਸਿੰਘ ਢਿਲੋਂ ਨੂੰ ਉਮੀਦਵਾਰ ਬਣਾਇਆ ਗਿਆ ਹੈ।

ਪੰਜਾਬ ਦੇ ਵਿੱਚ ਭਾਜਪਾ ਨੂੰ ਭਾਵੇਂ ਕੋਢੀਆਂ ਵੱਟੇ ਵੀ ਨਹੀਂ ਪੁੱਛਦਾ ਪਰ ਫੇਰ ਵੀ ਭਾਜਪਾ ਨੇ ਵੀ ਜ਼ਿਮਨੀ ਚੋਣਾਂ ਲਈ ਤਿੰਨ ਸੀਟਾਂ ’ਤੇ ਉਮੀਦਵਾਰ ਐਲਾਨ ਦਿੱਤੇ ਹਨ। ਤਿੰਨੇ ਉਮੀਦਵਾਰ ਸਿੱਖ ਚਿਹਰੇ ਹਨ ਤੇ ਚੌਥੀ ਸੀਟ ਲਈ ਉਮੀਦਵਾਰ ਦਾ ਐਲਾਨ ਅਜੇ ਬਾਕੀ ਹੈ। ਪਾਰਟੀ ਦੇ ਕੌਮੀ ਜਨਰਲ ਸਕੱਤਰ ਅਰੁਣ ਸਿੰਘ ਵੱਲੋਂ ਕੀਤੇ ਐਲਾਨ ਮੁਤਾਬਕ ਵਿਧਾਨ ਸਭਾ ਹਲਕਾ ਗਿੱਦੜਬਾਹਾ ਤੋਂ ਮਨਪ੍ਰੀਤ ਸਿੰਘ ਬਾਦਲ, ਬਰਨਾਲਾ ਤੋਂ ਕੇਵਲ ਸਿੰਘ ਢਿੱਲੋਂ ਅਤੇ ਡੇਰਾ ਬਾਬਾ ਨਾਨਕ ਤੋਂ ਰਵੀਕਰਨ ਸਿੰਘ ਕਾਹਲੋਂ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਹੈ। ਵਿਧਾਨ ਸਭਾ ਹਲਕਾ ਚੱਬੇਵਾਲ ਲਈ ਜਲਦੀ ਹੀ ਉਮੀਦਵਾਰ ਦਾ ਐਲਾਨ ਕੀਤਾ ਜਾਵੇਗਾ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਵਿਧਾਨ ਸਭਾ ਹਲਕਾ ਬਰਨਾਲਾ ਤੋਂ ਜ਼ਿਮਨੀ ਚੋਣ ਲਈ ਗੋਵਿੰਦਰ ਸਿੰਘ ਸੰਧੂ ਨੂੰ ਉਮੀਦਵਾਰ ਬਣਾਇਆ ਹੈ। ਇਸ ਪਾਰਟੀ ਵੱਲੋਂ ਹੋਰਨਾਂ ਹਲਕਿਆਂ ਲਈ ਉਮੀਦਵਾਰਾਂ ਦਾ ਐਲਾਨ ਬਾਅਦ ਵਿੱਚ ਕੀਤਾ ਜਾਵੇਗਾ।

ਜ਼ਿਮਨੀ ਚੋਣਾਂ ਵਾਲੇ ਚਾਰੇ ਵਿਧਾਨ ਸਭਾ ਹਲਕਿਆਂ ਵਿਚੋਂ ਗਿੱਦੜਬਾਹਾ ਨੂੰ ਸਭ ਤੋਂ ਹਾਟ ਸੀਟ ਸਮਝਿਆ ਜਾਂਦਾ ਹੈ। ਗਿੱਦੜਬਾਹਾ ਵਿਧਾਨ ਸਭਾ ਹਲਕੇ ਵਿੱਚ 1.66 ਲੱਖ ਵੋਟਰ ਹਨ, ਜਿਨ੍ਹਾਂ ਵਿਚੋਂ ਕਰੀਬ 44 ਹਜ਼ਾਰ ਵੋਟਰ ਗਿੱਦੜਬਾਹਾ ਸ਼ਹਿਰ ਦੇ ਹਨ ਅਤੇ ਬਾਕੀ 1.22 ਲੱਖ ਪੇਂਡੂ ਵੋਟਰ ਹਨ। ਇਸ ਇਲਾਕੇ ਵਿੱਚ 44 ਪਿੰਡ ਅਤੇ 52 ਪੰਚਾਇਤਾਂ ਹਨ। ਗਿੱਦੜਬਾਹਾ ਹਲਕਾ ਅਕਾਲੀ ਦਲ ਦਾ ਗੜ੍ਹ ਵੀ ਸਮਝਿਆ ਜਾਂਦਾ ਰਿਹਾ ਹੈ, ਭਾਵੇਂ ਕਿ ਹੁਣ ਇਥੋਂ ਦੇ ਸਿਆਸੀ ਸਮੀਕਰਨ ਬਦਲ ਚੁੱਕੇ ਹਨ। ਗਿੱਦੜਬਾਹਾ ਹਲਕੇ ਵਿੱਚ ਚੰਗਾ ਆਧਾਰ ਰੱਖਣ ਵਾਲੇ ਸੀਨੀਅਰ ਅਕਾਲੀ ਆਗੂ ਡਿੰਪੀ ਢਿੱਲੋਂ ਕੁਝ ਸਮਾਂ ਪਹਿਲਾਂ ਅਕਾਲੀ ਦਲ ਬਾਦਲ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ। ਹੁਣ ਡਿੰਪੀ ਢਿੱਲੋਂ ਨੂੰ ਆਮ ਆਦਮੀ ਪਾਰਟੀ ਵੱਲੋਂ ਜ਼ਿਮਨੀ ਚੋਣ ਲਈ ਗਿੱਦੜਬਾਹਾ ਤੋਂ ਉਮੀਦਵਾਰ ਬਣਾਇਆ ਗਿਆ ਹੈ।

ਕਾਂਗਰਸ ਨੇ ਪਾਰਟੀ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ ਨੂੰ ਗਿੱਦੜਬਾਹਾ ਤੋਂ ਉਮੀਦਵਾਰ ਬਣਾਇਆ ਹੈ ਜੋ ਲੋਕ ਸਭਾ ਚੋਣਾਂ ਸਮੇਂ ਹਲਕਾ ਬਠਿੰਡਾ ਤੋਂ ਟਿਕਟ ਦੇ ਦਾਅਵੇਦਾਰ ਸਨ। ਰਾਜਾ ਵੜਿੰਗ ਲਈ ਗਿੱਦੜਬਾਹਾ ਦੀ ਸੀਟ ਹੁਣ ਵੱਕਾਰੀ ਬਣ ਗਈ ਹੈ। ਜ਼ਿਕਰਯੋਗ ਹੈ ਕਿ ਮਨਪ੍ਰੀਤ ਬਾਦਲ ਅਤੇ ਰਾਜਾ ਵੜਿੰਗ ਪੁਰਾਣੇ ਸਿਆਸੀ ਵਿਰੋਧੀ ਰਹੇ ਹਨ ਅਤੇ ਹੁਣ ਗਿਦੜਬਾਹਾ ਸੀਟ ਤੋਂ ਮਨਪ੍ਰੀਤ ਅਤੇ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ ਇੱਕ-ਦੂਜੇ ਦੇ ਆਹਮੋ-ਸਾਹਮਣੇ ਹੋਣਗੇ।

ਹਲਕਾ ਡੇਰਾ ਬਾਬਾ ਨਾਨਕ ਦੀ ਜ਼ਿਮਨੀ ਚੋਣ ਵਿੱਚ ਦਿਲਚਸਪ ਮੁਕਾਬਲਾ ਦੇਖਣ ਨੂੰ ਮਿਲੇਗਾ। ਇਸ ਹਲਕੇ ਵਿੱਚ 1.95 ਲੱਖ ਕੁੱਲ ਵੋਟਰ ਹਨ, ਜਿਨ੍ਹਾਂ ਵਿਚੋਂ ਕਰੀਬ 1.85 ਲੱਖ ਪੇਂਡੂ ਵੋਟਰ ਹਨ, ਜਦੋਂਕਿ ਸ਼ਹਿਰੀ ਵੋਟਰਾਂ ਦੀ ਗਿਣਤੀ ਸੱਤ ਕੁ ਹਜ਼ਾਰ ਹੀ ਹੈ। ਇਸ ਹਲਕੇ ਵਿੱਚ ਕੁੱਲ 279 ਪਿੰਡ ਪੈਂਦੇ ਹਨ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਦੇ ਸੁਖਜਿੰਦਰ ਸਿੰਘ ਰੰਧਾਵਾ, ਜੋ ਸ਼੍ਰੋਮਣੀ ਅਕਾਲੀ ਦਲ ਦੇ ਤਤਕਾਲੀ ਉਮੀਦਵਾਰ ਰਵੀਕਰਨ ਸਿੰਘ ਕਾਹਲੋਂ ਤੋਂ ਮਹਿਜ਼ 486 ਵੋਟਾਂ ਦੇ ਮਾਮੂਲੀ ਫ਼ਰਕ ਨਾਲ ਜਿੱਤੇ ਸਨ ਜਦੋਂ ਕਿ ‘ਆਪ’ ਦੇ ਉਮੀਦਵਾਰ ਗੁਰਦੀਪ ਸਿੰਘ ਰੰਧਾਵਾ ਤੀਸਰੇ ਨੰਬਰ ’ਤੇ ਆਏ ਸਨ। ਉਸ ਸਮੇਂ ਦੋ ਰਵਾਇਤੀ ਧਿਰਾਂ ਦੇ ਉਮੀਦਵਾਰ ਰੰਧਾਵਾ ਅਤੇ ਕਾਹਲੋਂ 50-50 ਹਜ਼ਾਰ ਤੋਂ ਵੱਧ ਵੋਟਾਂ ਲੈ ਜਾਣ ਵਿੱਚ ਸਫ਼ਲ ਰਹੇ ਸਨ। ਇਸ ਵਾਰ ਜ਼ਿਮਨੀ ਚੋਣ ਮੁਕਾਬਲਾ ਪਹਿਲਾਂ ਨਾਲੋਂ ਅਲੱਗ ਤੇ ਦਿਲਚਸਪ ਦੇਖਣ ਨੂੰ ਮਿਲੇਗਾ ਕਿਉਂਕਿ ਕਰੀਬ ਚਾਰ ਮਹੀਨੇ ਪਹਿਲਾਂ ਲੋਕ ਸਭਾ ਚੋਣਾ ਦੌਰਾਨ ਅਕਾਲੀ ਦਲ ਦੇ ਉਮੀਦਵਾਰ ਰਹੇ ਰਵੀਕਰਨ ਸਿੰਘ ਕਾਹਲੋਂ ਪਾਰਟੀ ਨੂੰ ਛੱਡਕੇ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ। ਜਦੋਂ ਕਿ ਸੱਤਾ ਧਿਰ ਆਮ ਆਦਮੀ ਪਾਰਟੀ ਇਸ ਸੀਟ ਨੂੰ ਜਿੱਤਣ ਲਈ ਜ਼ੋਰ ਲਗਾਵੇਗੀ। ਆਮ ਆਦਮੀ ਪਾਰਟੀ ਵੱਲੋਂ ਇਸ ਹਲਕੇ ਵਿੱਚ ਗੁਰਦੀਪ ਸਿੰਘ ਰੰਧਾਵਾ ਨੂੰ ਚੋਣ ਮੈਦਾਨ ’ਚ ਉਤਾਰਿਆ ਗਿਆ ਹੈ ਅਤੇ ਉਨ੍ਹਾਂ ਵੱਲੋਂ ਚੋਣ ਸਰਗਰਮੀਆਂ ਸ਼ੁਰੂ ਵੀ ਕਰ ਦਿੱਤੀਆਂ ਗਈਆਂ ਹਨ। ਹਲਕਾ ਡੇਰਾ ਬਾਬਾ ਨਾਨਕ ਤੋਂ ਕਾਂਗਰਸ ਵੱਲੋਂ ਉਮੀਦਵਾਰ ਐਲਾਨੀ ਗਈ ਜਤਿੰਦਰ ਕੌਰ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਦੀ ਪਤਨੀ ਹੈ।

ਬਰਨਾਲਾ ਵਿਧਾਨ ਸਭਾ ਹਲਕੇ ਵਿੱਚ ਕੁੱਲ ਵੋਟਰ 1.80 ਲੱਖ ਹਨ, ਜਿਨ੍ਹਾਂ ਵਿਚੋਂ 88,429 ਸ਼ਹਿਰੀ ਵੋਟਰ ਹਨ, ਜਦੋਂਕਿ ਬਾਕੀ ਕਰੀਬ 92 ਹਜ਼ਾਰ ਵੋਟਰ ਪੇਂਡੂ ਹਨ। ਇਸ ਹਲਕੇ ਤੋਂ ਆਮ ਆਦਮੀ ਪਾਰਟੀ ਵੱਲੋਂ ਹਰਿੰਦਰ ਸਿੰਘ ਧਾਲੀਵਾਲ ਨੂੰ ਉਮੀਦਵਾਰ ਬਣਾਇਆ ਗਿਆ ਹੈ, ਜਿਸ ਨੂੰ ਬਰਨਾਲਾ ਦੇ ਸਾਬਕਾ ਵਿਧਾਇਕ ਅਤੇ ਸੰਗਰੂਰ ਲੋਕ ਸਭਾ ਸੀਟ ਤੋਂ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਦਾ ਕਰੀਬੀ ਸਮਝਿਆ ਜਾਂਦਾ ਹੈ। ‘ਆਪ’ ਉਮੀਦਵਾਰ ਧਾਲੀਵਾਲ ਦਾ ਕੁਝ ਪਾਰਟੀ ਵਰਕਰਾਂ ਵੱਲੋਂ ਹੀ ਵਿਰੋਧ ਕੀਤਾ ਜਾ ਰਿਹਾ ਹੈ, ਜਿਸ ਦਾ ਚੋਣਾਂ ਦੌਰਾਨ ਪਾਰਟੀ ਨੂੰ ਨੁਕਸਾਨ ਹੋ ਸਕਦਾ ਹੈ। ਬਰਨਾਲਾ ਦੀ ਸ਼ਹਿਰੀ ਵੋਟ ਵੀ ਅਕਸਰ ਕਿਸੇ ਵੀ ਉਮੀਦਵਾਰ ਦੀ ਜਿੱਤ ਹਾਰ ਦਾ ਫ਼ੈਸਲਾ ਕਰ ਦਿੰਦੀ ਹੈ ਪਰ ਪੇਂਡੂ ਵੋਟ ਵੀ ਚੋਣਾਂ ਵਿੱਚ ਆਪਣਾ ਅਸਰ ਦਿਖਾਉਂਦੀ ਹੈ। ਬਰਨਾਲਾ ਹਲਕੇ ਵਿੱਚ ਕਿਸਾਨ ਜਥੇਬੰਦੀਆਂ ਦਾ ਵੀ ਕਾਫ਼ੀ ਜ਼ੋਰ ਹੈ।

ਹਲਕਾ ਚੱਬੇਵਾਲ (ਐਸ.ਸੀ.) ਨਿਰੋਲ ਪੇਂਡੂ ਸੀਟ ਵਾਂਗ ਹੈ। ਇਸ ਹਲਕੇ ਵਿੱਚ 1.56 ਲੱਖ ਵੋਟਰ ਹਨ, ਜੋ ਕਿ ਉਮੀਦਵਾਰਾਂ ਦੀ ਜਿੱਤ ਹਾਰ ਦਾ ਫ਼ੈਸਲਾ ਕਰਦੇ ਹਨ। ਇਸ ਹਲਕੇ ਵਿੱਚ 206 ਪੰਚਾਇਤਾਂ ਹਨ। ਜ਼ਿਮਨੀ ਚੋਣਾਂ ਲਈ ਉਮੀਦਵਾਰਾਂ ਦੇ ਐਲਾਨ ਦੇ ਨਾਲ ਹੀ ਇਸ ਹਲਕੇ ਵਿੱਚ ਵੀ ਚੋਣ ਸਰਗਰਮੀਆਂ ਸ਼ੁਰੂ ਹੋ ਗਈਆਂ ਹਨ, ਜੋ ਕਿ ਦਿਨੋਂ ਦਿਨ ਤੇਜ਼ ਹੋ ਰਹੀਆਂ ਹਨ। ਇਸ ਸਮੇਂ ਭਾਵੇਂ ਸਭ ਤੋਂ ਵੱਧ ਸਰਗਰਮੀਆਂ ਗਿੱਦੜਬਾਹਾ ਵਿਧਾਨ ਸਭਾ ਹਲਕੇ ਵਿੱਚ ਹੀ ਹੋ ਰਹੀਆਂ ਹਨ ਪਰ ਹੋਰ ਵਿਧਾਨ ਸਭਾ ਸੀਟਾਂ ’ਤੇ ਖੇਡ ਅਜੇ ਸ਼ੁਰੂ ਹੋ ਰਹੀ ਹੈ ਅਤੇ ਜੋੜ-ਤੋੜ ਦੀ ਰਾਜਨੀਤੀ ਭਖ ਰਹੀ ਹੈ। ਇਹ ਚਾਰੇ ਸੀਟਾਂ ਸੱਤਾਧਾਰੀ ਆਮ ਆਦਮੀ ਪਾਰਟੀ ਲਈ ਕਾਫ਼ੀ ਅਹਿਮ ਹਨ ਕਿਉਂਕਿ ਜੇ ਇਨ੍ਹਾਂ ਸੀਟਾਂ ’ਤੇ ਉਸ ਦੀ ਜਿੱਤ ਹੁੰਦੀ ਹੈ ਤਾਂ ਇਸ ਦਾ ਅਸਰ ਕਾਰਪੋਰੇਸ਼ਨ ਚੋਣਾਂ ’ਤੇ ਪਵੇਗਾ। ਵਿਰੋਧੀ ਪਾਰਟੀਆਂ ਵੀ (ਬਾਕੀ ਸਫ਼ਾ 31 ’ਤੇ)

## ਸਿਆਸਤਦਾਨਾਂ ਦੀ ਵਧਦੀ ਦੌਲਤ ਪਰ ਸੁੰਗੜ ਰਿਹਾ ਮਨੁੱਖ

ਹਰ ਸਾਲ ਸਿਆਸਤਦਾਨਾਂ ਦੀ ਦੌਲਤ ਵਿੱਚ ਅਥਾਹ ਵਾਧਾ ਹੁੰਦਾ ਹੈ। ਹਰ ਪੰਜ ਸਾਲ ਬਾਅਦ ਲੋਕ ਸਭਾ/ਵਿਧਾਨ ਸਭਾ ਚੋਣਾਂ ਦੌਰਾਨ ਜਾਂ ਵੱਖ- ਵੱਖ ਸਮੇਂ ਹੁੰਦੀਆਂ ਜ਼ਿਮਨੀ ਚੋਣਾਂ ਦੌਰਾਨ ਉਹ ਚੋਣ ਕਮਿਸ਼ਨ ਨੂੰ ਆਪਣੀ ਜਾਇਦਾਦ ਦੇ ਵੇਰਵੇ ਦਿੰਦੇ ਹਨ ਪਰ ਕਮਿਸ਼ਨ ਇਨ੍ਹਾਂ ਜਾਇਦਾਦਾਂ ਦੇ ਅੰਕੜਿਆਂ ਨੂੰ ਜਨਤਕ ਕਰਨ ਤੋਂ ਇਲਾਵਾ ਹੋਰ ਕੁਝ ਕਰਨ ਤੋਂ ਅਸਮਰੱਥ ਹੈ।

ਜਦੋਂ ਵੋਟਾਂ ਦੀ ਲੋੜ ਹੁੰਦੀ ਹੈ, ਚੋਣਾਂ ਜਿੱਤਣੀਆਂ ਪੈਂਦੀਆਂ ਹਨ ਤਾਂ ਸਿਆਸੀ ਆਗੂ ਵੋਟਰਾਂ ਨਾਲ ਵੱਡੇ-ਵੱਡੇ ਵਾਅਦੇ ਕਰਦੇ ਹਨ। ਜਿਵੇਂ- ਬੰਜਰ ਜ਼ਮੀਨ ’ਤੇ ਫ਼ਸਲਾਂ ਬੀਜੀਆਂ ਜਾਣਗੀਆਂ। ਰੁੱਖ ਲਗਾਉਣ ਨਾਲ ਉਨ੍ਹਾਂ ਦੀਆਂ ਟਾਹਣੀਆਂ ’ਤੇ ਫੁੱਲ ਖਿੜਣਗੇ। ਪਹਾੜਾਂ ਨੂੰ ਸਾਫ਼-ਸੁਥਰਾ ਸਜਾਇਆ ਜਾਵੇਗਾ। ਹਰ ਕਿਸੇ ਦੇ ਸਿਰ ਉੱਤੇ ਨੀਲਾ ਅਸਮਾਨ ਫੈਲਾ ਦੇਵਾਂਗੇ। ਤਾਰਿਆਂ ਨੂੰ ਰੌਸ਼ਨ ਕਰਾਂਗੇ, ਹਵਾਵਾਂ ਨੂੰ ਤੇਜ਼ ਕਰਾਂਗੇ। ਇਹ ਸਿਆਸੀ ਆਗੂ ਚੋਣਾਂ ਸਮੇਂ ਤਾਂ ਪੱਥਰਾਂ ਨੂੰ ਵੀ ਖੰਭ ਲਾ ਦੇਣਗੇ ਪਰ ਕੌਣ ਨਹੀਂ ਜਾਣਦਾ ਕਿ ਜਿੱਤਣ ਤੋਂ ਬਾਅਦ ਬਹੁਤੇ ਸਿਆਸਤਦਾਨ ਆਪਣੀ ਦੌਲਤ ਵਧਾਉਣ ਤੋਂ ਇਲਾਵਾ ਹੋਰ ਕੁਝ ਨਹੀਂ ਸੋਚਦੇ। ਦੂਜੇ ਪਾਸੇ ਆਮ ਲੋਕਾਂ ਦੀ ਆਮਦਨੀ ਦਿਨੋਂ ਦਿਨ ਘੱਟ ਹੁੰਦੀ ਜਾ ਰਹੀ ਹੈ। ਮਹਿੰਗਾਈ ਕਾਰਨ ਖ਼ਰਚਿਆਂ ਵਿੱਚ ਵਾਧਾ ਹੋ ਰਿਹਾ ਹੈ। ਚਾਹੀਦਾ ਤਾਂ ਇਹ ਹੈ ਕਿ ਜਿਸ ਕੋਲ ਆਮਦਨ ਤੋਂ ਵੱਧ ਜਾਇਦਾਦ ਹੋਵੇ, ਉਸ ਨੂੰ ਚੋਣ ਲੜਨ ਦੀ ਇਜਾਜ਼ਤ ਨਾ ਦਿੱਤੀ ਜਾਵੇ, ਅਯੋਗ ਠਹਿਰਾਇਆ ਜਾਵੇ। ਦੂਜੇ ਪਾਸੇ, ਜਾਇਦਾਦਾਂ ਦੇ ਐਲਾਨ ਵਿੱਚ ਵੀ ਕਈ ਚਲਾਕੀਆਂ ਹੁੰਦੀਆਂ ਹਨ। ਫੈਕਟਰੀਆਂ, ਇਮਾਰਤਾਂ, ਕਾਰੋਬਾਰ ਰਿਸ਼ਤੇਦਾਰਾਂ ਅਤੇ ਜਾਣ-ਪਛਾਣ ਵਾਲਿਆਂ ਦੇ ਨਾਂ ’ਤੇ ਹਨ, ਇਸ ਬਾਰੇ ਵੀ ਕਿਸੇ ਏਜੰਸੀ ਨੂੰ ਜਾਂਚ ਕਰਨੀ ਚਾਹੀਦੀ ਹੈ। ਉਹ ਆਪ ਹੀ ਉਪਰੋਂ ਤਜਵੀਜ਼ਾਂ ਲਿਆ ਕੇ ਆਪਣੀ ਤਨਖਾਹ ਵਧਾ ਲੈਂਦੇ ਹਨ ਅਤੇ ਭੱਤੇ ਵੀ। ਉਨ੍ਹਾਂ ਨੂੰ ਆਪਣੇ ਹਲਕੇ ਵਿੱਚ ਜਾਣ ਲਈ ਭੱਤਾ ਵੀ ਮਿਲਦਾ ਹੈ। ਹਰ ਕੋਈ ਜਾਣਦਾ ਹੈ ਕਿ ਉਹ ਆਪਣੇ ਹਲਕੇ ਵਿੱਚ ਕਿੰਨੇ ਵਾਰ ਜਾਂਦੇ ਹਨ।

ਸਿਆਸੀ ਆਗੂਆਂ ਨੂੰ ਆਮ ਆਦਮੀ ਦੀ ਹਾਲਤ ਜਾਣਨ ਵਿੱਚ ਕੋਈ ਦਿਲਚਸਪੀ ਨਹੀਂ ਹੈ। ਨੇਤਾਵਾਂ ਦੇ ਇਸ ਸੁਭਾਅ ਜਾਂ ਆਦਤ ਨੇ ਆਮ ਆਦਮੀ ਨੂੰ ਚੁੱਪ ਕਰਵਾ ਦਿੱਤਾ ਹੈ। ਚੋਣਾਂ ਵੇਲੇ ਸਿਆਸੀ ਆਗੂ ਇਲਾਕੇ ਵਿੱਚ ਆਉਣ ਦੇ ਇਸ ਤਰ੍ਹਾਂ ਵਾਅਦੇ ਕਰਦੇ ਹਨ ਜਿਵੇਂ ਉਹ ਪੂਰੇ ਪੰਜ ਸਾਲ ਇੱਥੇ ਹੀ ਰਹਿਣਗੇ ਪਰ ਕੋਈ ਨਹੀਂ ਆਉਂਦਾ। ਚੋਣਾਂ ਜਿੱਤਣ ਤੋਂ ਬਾਅਦ ਵੱਡੀ ਗਿਣਤੀ ਸਿਆਸੀ ਆਗੂ ਅਤੇ ਉਹਨਾਂ ਦੇ ਚਮਚੇ ਅਗਲੀਆਂ ਚੋਣਾਂ ਤੱਕ ਗਾਇਬ ਹੋ ਜਾਂਦੇ ਹਨ।

## ਵਾਰ- ਵਾਰ ਚੋਣਾਂ ਆਉਣ ਕਾਰਨ ਆਮ ਜਨਤਾ ਹੋਈ ਤੰਗ



ਪੰਜਾਬ ਦੇ ਲੋਕ ਵਾਰ- ਵਾਰ ਚੋਣਾਂ ਦਾ ਮੌਸਮ ਆਉਣ ਕਾਰਨ ਤੰਗ ਜਿਹੇ ਹੋਣ ਲੱਗੇ ਹਨ। ਪਹਿਲਾਂ ਕਈ ਦਿਨ ਲਗਾਤਾਰ ਪੰਚਾਇਤ ਚੋਣਾਂ ਦਾ ਮੇਲਾ ਲੱਗਿਆ ਰਿਹਾ। ਉਸ ਤੋਂ ਤੁਰੰਤ ਬਾਅਦ ਹੀ ਜ਼ਿਮਨੀ ਚੋਣਾਂ ਲਈ ਸਰਗਰਮੀਆਂ ਸ਼ੁਰੂ ਹੋ ਗਈਆਂ, ਜੋ ਕਿ ਦਿਨੋਂ ਦਿਨ ਤੇਜ਼ ਹੋ ਰਹੀਆਂ ਹਨ। ਇਸ ਤੋਂ ਪਹਿਲਾਂ ਵੀ ਅਨੇਕਾਂ ਵਾਰ ਜ਼ਿਮਨੀ ਚੋਣਾਂ ਅਤੇ ਹੋਰ ਕਈ ਕਿਸਮ ਦੀਆਂ ਚੋਣਾਂ ਹੋ ਚੁੱਕੀਆਂ ਹਨ। ਹੁਣ ਪੰਜਾਬ ਦੇ ਵੱਡੇ ਸ਼ਹਿਰਾਂ ਵਿੱਚ ਨਗਰ ਨਿਗਮ ਚੋਣਾਂ ਸਬੰਧੀ ਵੀ ਸਰਗਰਮੀਆਂ ਸ਼ੁਰੂ ਹੋ ਰਹੀਆਂ ਹਨ। ਪੰਜਾਬ ਦੇ ਵੱਡੀ ਗਿਣਤੀ ਲੋਕਾਂ ਦਾ ਕਹਿਣਾ ਹੈ ਕਿ ਉਹਨਾਂ ਨੂੰ ਦੋ ਵਕਤ ਦੀ ਰੋਟੀ ਦੇ ਜੁਗਾੜ ਲਈ ਸਖ਼ਤ ਮਿਹਨਤ ਕਰਨੀ ਪੈਂਦੀ ਹੈ, ਜਿਸ ਕਰਕੇ ਵਾਰ- ਵਾਰ ਚੋਣਾਂ ਆਉਣ ਕਾਰਨ ਉਹਨਾਂ ਵਿੱਚ ਸਿਆਸਤ ਪ੍ਰਤੀ ਉਦਾਸੀਨਤਾ ਪੈਦਾ ਹੋ ਰਹੀ ਹੈ। ਇਹੋ ਹੀ ਕਾਰਨ ਹੈ ਕਿ ਰੋਜ਼ੀ ਰੋਟੀ ਦੇ ਚੱਕਰ ਵਿੱਚ ਉਲਝੇ ਅਨੇਕਾਂ ਲੋਕ ਚੋਣਾਂ ਵਾਲੇ ਦਿਨ ਆਪਣੀ ਵੋਟ ਪਾਉਣ ਹੀ ਨਹੀਂ ਜਾਂਦੇ। ਅਨੇਕਾਂ ਲੋਕਾਂ ਦਾ ਕਹਿਣਾ ਹੈ ਕਿ ਚੋਣਾਂ ਦੀ ਕਾਵਾਂਰੌਲੀ ਵਿੱਚ ਬੱਚਿਆਂ ਦੀ ਪੜ੍ਹਾਈ ਵੀ ਖ਼ਰਾਬ ਹੁੰਦੀ ਹੈ ਅਤੇ ਲੋਕਾਂ ਦੇ ਕੰਮਾਂ ’ਤੇ ਵੀ ਅਸਰ ਪੈਂਦਾ ਹੈ। ਚੋਣਾਂ ਕਾਰਨ ਲੱਗੇ ਚੋਣ ਜ਼ਾਬਤੇ ਕਾਰਨ ਵੀ ਅਨੇਕਾਂ ਲੋਕਾਂ ਦੇ ਕਈ ਜ਼ਰੂਰੀ ਕੰਮ ਰਹਿ ਜਾਂਦੇ ਹਨ।

# ਕਮਲਾ ਹੈਰਿਸ ਨੇ ਬਾਇਡੇਨ ਪ੍ਰਸ਼ਾਸਨ ਦੀ ਗ਼ੈਰ ਕਾਨੂੰਨੀ ਪ੍ਰਵਾਸੀਆਂ ਪ੍ਰਤੀ ਪਹੁੰਚ ਦੀ ਕੀਤੀ ਜ਼ੋਰਦਾਰ ਵਕਾਲਤ

## ਕਿਹਾ, ਰਿਪਬਲੀਕਨ ਸਰਹੱਦ ਸੁਰੱਖਿਆ ਬਿੱਲ ਪਾਸ ਕਰਨ ਵਿੱਚ ਹੋਏ ਨਾਕਾਮ

ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਡੈਮੋਕਰੈਟਿਕ ਪਾਰਟੀ ਦੇ ਰਾਸ਼ਟਰਪਤੀ ਅਹੁਦੇ ਲਈ ਉਮੀਦਵਾਰ ਕਮਲਾ ਹੈਰਿਸ ਨੇ ਇਕ ਮੁਲਾਕਾਤ/ਬਹਿਸ ਦੌਰਾਨ ਬਾਇਡੇਨ ਪ੍ਰਸ਼ਾਸਨ ਵੱਲੋਂ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਨਜਿੱਠਣ ਦੇ ਮਾਮਲੇ ਵਿੱਚ ਅਪਣਾਈ ਪਹੁੰਚ ਦੀ ਜ਼ੋਰਦਾਰ ਵਕਾਲਤ ਕੀਤੀ ਹੈ ਤੇ ਰਿਪਬਲੀਕਨਾਂ ਉੱਪਰ ਦੋਸ਼ ਲਾਇਆ ਹੈ ਕਿ ਉਹ ਸਰਹੱਦ ਸੁਰੱਖਿਆ ਬਿੱਲ

ਪਾਸ ਕਰਨ ਵਿੱਚ ਨਾਕਾਮ ਰਹੇ ਹਨ। ਇੱਕ ਟੈਲੀਵੀਜ਼ਨ ਉੱਪਰ ਮੁਲਾਕਾਤ/ਬਹਿਸ ਦੌਰਾਨ ਫੌਕਸ ਨਿਊਜ਼ ਮੇਜ਼ਬਾਨ ਬਰੈਟ ਬੇਰ ਨੇ ਉਸ ਨੂੰ ਵਾਰ ਵਾਰ ਟੋਕਿਆ। ਆਮ ਤੌਰ 'ਤੇ ਚੈਨਲ ਅਜਿਹਾ ਨਹੀਂ ਕਰਦੇ। ਹਾਲਾਂਕਿ ਹੈਰਿਸ ਤੇ ਬਰੈਟ ਇੱਕ ਦੂਸਰੇ ਨੂੰ ਨਿਰੰਤਰ ਟੋਕਦੇ ਰਹੇ ਤੇ ਇੱਕ ਮੌਕੇ 'ਤੇ ਹੈਰਿਸ ਕੁਝ ਪ੍ਰੇਸ਼ਾਨ ਵੀ ਨਜ਼ਰ ਆਈ ਪਰੰਤੂ ਉਹ ਰਿਪਬਲੀਕਨ ਸਰੋਤਿਆਂ ਤੱਕ ਆਪਣਾ ਸੁਨੇਹਾ

ਪਹੁੰਚਾਉਣ ਵਿੱਚ ਸਫਲ ਰਹੀ ਜਿਸ ਨੂੰ ਅਕਸਰ ਉਹ ਸੁਣਦੇ ਨਹੀਂ ਹਨ। ਜਦੋਂ ਹੈਰਿਸ ਨੂੰ ਪੁੱਛਿਆ ਗਿਆ ਕਿ ਡੋਨਾਲਡ ਟਰੰਪ ਜਦੋਂ ਰਾਸ਼ਟਰਪਤੀ ਸਨ ਤਾਂ ਉਨ੍ਹਾਂ ਦੀਆਂ ਸਰਹੱਦ ਉੱਪਰ ਰੋਕਾਂ ਸਬੰਧੀ ਨੀਤੀਆਂ ਵਿਚੋਂ ਕੁਝ ਨੂੰ ਬਾਇਡੇਨ ਪ੍ਰਸ਼ਾਸਨ ਵੱਲੋਂ ਸੱਤਾ ਸੰਭਾਲਦਿਆਂ ਹੀ ਵਾਪਿਸ ਲੈਣ ਨੂੰ ਉਹ ਕਿਵੇਂ ਜਾਇਜ਼ ਠਹਿਰਾਉਂਦੇ ਹਨ ਤਾਂ ਉਨ੍ਹਾਂ ਕਿਹਾ ਕਿ ਟਰੰਪ ਨੇ ਰਿਪਬਲੀਕਨਾਂ ਨੂੰ ਇਸ ਸਾਲ

ਦੇ ਸ਼ੁਰੂ ਵਿੱਚ ਕਿਹਾ ਸੀ ਕਿ ਉਹ ਇਮੀਗ੍ਰੇਸ਼ਨ ਬਿੱਲ ਨੂੰ ਰੱਦ ਕਰ ਦੇਣ ਜਦ ਕਿ ਇਸ ਬਿੱਲ ਉਪਰ ਦੋਨਾਂ ਧਿਰਾਂ ਦੀ ਸਹਿਮਤੀ ਸੀ।

ਹੈਰਿਸ ਨੇ ਕਿਹਾ ਕਿ ਟਰੰਪ ਨੇ ਇਹ ਇਸ ਲਈ ਕੀਤਾ ਸੀ ਕਿਉਂਕਿ ਉਹ ਸਮੱਸਿਆ ਹੱਲ ਕਰਨ ਦੀ ਬਜਾਏ ਇਸ ਨੂੰ ਜਿਉਂ ਦਾ ਤਿਉਂ ਕਾਇਮ ਰੱਖਣਾ ਚਾਹੁੰਦੇ ਸਨ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਟਰੰਪ ਤੇ ਰਿਪਬਲੀਕਨ ਦਾਅਵਾ ਕਰਦੇ ਆ ਰਹੇ ਹਨ ਕਿ ਪ੍ਰਵਾਸੀ ਹਿੰਸਕ ਅਪਰਾਧਾਂ ਨੂੰ ਬੜਾਵਾ ਦੇ ਰਹੇ ਹਨ ਪਰੰਤੂ ਵਿਸ਼ਲੇਸ਼ਣਾਂ ਵਿੱਚ ਸਪੱਸ਼ਟ ਹੋਇਆ ਹੈ ਕਿ ਦੂਸਰਿਆਂ ਦੀ ਤੁਲਨਾ ਵਿੱਚ ਪ੍ਰਵਾਸੀਆਂ ਦੀ ਅਪਰਾਧ ਦਰ ਘੱਟ ਹੈ। ਬਰੈਟ ਵੱਲੋਂ ਹੈਰਿਸ ਨੂੰ ਪੁੱਛਿਆ ਗਿਆ ਕਿ ਬਹੁਤ ਸਾਰੇ ਅਮਰੀਕੀ ਟਰੰਪ ਦਾ ਸਮਰਥਨ ਕਰ ਰਹੇ ਹਨ ਕੀ ਉਹ ਮੂਰਖ ਹਨ? ਹੈਰਿਸ ਨੇ ਜਵਾਬ



ਵਿੱਚ ਕਿਹਾ ਪਰਮਾਤਮਾ ਮੁਆਫ਼ ਕਰੀਂ, ਮੈ ਅਮਰੀਕੀ ਲੋਕਾਂ ਬਾਰੇ ਅਜਿਹਾ ਕਦੇ ਵੀ ਕਹਿ ਜਾਂ ਸੋਚ ਨਹੀਂ ਸਕਦੀ। ਮੁਲਾਕਾਤ ਦੌਰਾਨ ਬਰੈਟ ਬੇਰ ਨੇ ਟਰੰਪ ਦੀ ਇੱਕ ਟਿੱਪਣੀ ਵਿਖਾਈ ਜਿਸ ਵਿੱਚ ਉਸ ਨੇ ਕਿਹਾ ਕਿ ਮੈਂ ਕਿਸੇ ਨੂੰ ਵੀ ਧਮਕਾ ਨਹੀਂ ਰਿਹਾ, ਦੇ ਜਵਾਬ ਵਿਚ ਹੈਰਿਸ ਨੇ ਕਿਹਾ ਤੁਸੀਂ ਉਹ ਸਾਰਾ ਕੁਝ ਨਹੀਂ ਵਿਖਾਇਆ ਜੋ ਟਰੰਪ ਨੇ ਕਿਹਾ ਸੀ ਇਹ ਤਾਂ ਕੇਵਲ ਆਖਰੀ ਲਾਈਨ ਹੈ। ਟਰੰਪ ਨੇ ਵਾਰ ਵਾਰ ਜੋ ਦੁਹਰਾਇਆ ਸੀ ਤੁਸੀਂ ਤੇ ਮੈਂ ਬਾਖੂਬੀ ਜਾਣਦੇ ਹਾਂ।

ਤੁਸੀਂ ਤੇ ਮੈਂ ਜਾਣਦੇ ਹਾਂ ਕਿ ਟਰੰਪ ਨੇ ਕਿਹਾ ਸੀ ਕਿ ਉਹ ਅਮਰੀਕੀ ਲੋਕਾਂ ਉੱਪਰ ਫ਼ੌਜ ਤਾਇਨਾਤ ਕਰ ਦੇਣਗੇ। ਕੀ ਇਹ ਲੋਕਤੰਤਰ ਹੈ? ਇਹ ਪੁੱਛੇ ਜਾਣ 'ਤੇ ਕਿ ਬਾਈਡਨ ਪ੍ਰਸ਼ਾਸਨ ਦੀ ਕੋਈ ਵੀ ਅਜਿਹੀ ਚੀਜ਼ ਨਹੀਂ ਹੈ ਜਿਸ ਨੂੰ ਉਹ ਬਦਲਣਾ ਚਹੁੰਣਗੇ ਤਾਂ ਹੈਰਿਸ ਨੇ ਕਿਹਾ ਮੈ ਸਪੱਸ਼ਟ ਕਰਨਾ ਚਾਹੁੰਦੀ ਹਾਂ ਕਿ ਮੇਰਾ ਕਾਰਜਕਾਲ ਬਾਇਡੇਨ ਪ੍ਰਸ਼ਾਸਨ ਦੇ ਕਾਰਜਕਾਲ ਦੀ ਨਿਰੰਤਰਤਾ ਨਹੀਂ ਹੋਵੇਗਾ।

ਮੈਂ ਆਪਣੇ ਤਰੀਕੇ ਨਾਲ ਕੰਮ ਕਰਾਂਗੀ। ਹੈਰਿਸ ਨੇ ਕਿਹਾ ਕਿ ਉਹ ਘਰਾਂ ਦੀ ਘਾਟ ਦੀ ਸਮੱਸਿਆ ਨੂੰ ਹੱਲ ਕਰਨ ਤੇ ਛੋਟੇ ਕਾਰੋਬਾਰਾਂ ਨੂੰ ਉਤਸ਼ਾਹਿਤ ਕਰਨ ਵਾਸਤੇ ਰਿਪਬਲੀਕਨਾਂ ਤੇ ਕਾਰੋਬਾਰੀ ਮਾਲਕਾਂ ਦੇ ਵਿਚਾਰਾਂ ਨੂੰ ਅਹਿਮੀਅਤ ਦੇਣਗੇ। ਉਨ੍ਹਾਂ ਕਿਹਾ ਕਿ ਬਾਇਡੇਨ ਕੋਲ ਨਿਰਨੇ ਲੈਣ ਤੇ ਰਾਸ਼ਟਰਪਤੀ ਵਜੋਂ ਕੰਮ ਕਰਨ ਦਾ ਤਜਰਬਾ ਹੈ । ਉਨ੍ਹਾਂ ਨੇ ਅਹੁਦਾ ਸੰਭਾਲਣ ਸਬੰਧੀ ਟਰੰਪ ਦੀ ਯੋਗਤਾ ਉੱਪਰ ਸਵਾਲ ਉਠਾਇਆ ਤੇ ਕਿਹਾ ਚੋਣ ਟਰੰਪ ਲੜ ਰਿਹਾ ਹੈ ਬਾਇਡੇਨ ਨਹੀਂ। ਇਹ ਪਹਿਲੀ ਵਾਰ ਹੈ ਕਿ ਹੈਰਿਸ ਨੇ ਇੱਕ ਰਾਸ਼ਟਰਪਤੀ

ਉਮੀਦਵਾਰ ਵਜੋਂ ਕੰਜ਼ਰਵੇਟਿਵ ਮੀਡੀਆ ਨੈੱਟਵਰਕ ਉੱਪਰ 30 ਮਿੰਟ ਗੱਲਬਾਤ ਕੀਤੀ ਹੈ ਜੋ ਮੀਡੀਆ ਅਕਸਰ ਅਜਿਹੇ ਪ੍ਰੋਗਰਾਮ ਆਯੋਜਿਤ ਕਰਦਾ ਹੈ ਜਿਨ੍ਹਾਂ ਵਿੱਚ ਹੈਰਿਸ ਤੇ ਹੋਰ ਡੈਮੋਕਰੈਟਿਕ ਆਗੂਆਂ ਦਾ ਮਜ਼ਾਕ ਉਡਾਇਆ ਜਾਂਦਾ ਹੈ ਤੇ ਟਰੰਪ ਦੀਆਂ ਨੀਤੀਆਂ ਦੀ ਪ੍ਰਸੰਸਾ ਕੀਤੀ ਜਾਂਦੀ ਹੈ। ਮੁਲਾਕਾਤ ਉਪਰੰਤ ਹੈਰਿਸ ਦੇ ਇੱਕ ਬੁਲਾਰੇ ਬਰੀਅਨ ਫਾਲੋਨ ਨੇ ਕਿਹਾ ਕਿ ਅਸੀਂ ਮਹਿਸੂਸ ਕਰਦੇ

ਹਾਂ ਕਿ ਨਿਸ਼ਚਤ ਤੌਰ 'ਤੇ ਜੋ ਅਸੀਂ ਚਾਹੁੰਦੇ ਸੀ ਉਹ ਹਾਸਲ ਕੀਤਾ ਹੈ ਤੇ ਹੈਰਿਸ ਉਨ੍ਹਾਂ ਅਮਰੀਕੀਆਂ ਤੱਕ ਪਹੁੰਚ ਕਰਨ ਵਿੱਚ ਕਾਮਯਾਬ ਹੋਈ ਹੈ ਜੋ ਸੰਭਾਵੀ ਤੌਰ 'ਤੇ ਪਹਿਲਾਂ ਹੈਰਿਸ ਬਾਰੇ ਸਹਿਜ ਨਹੀਂ ਸਨ। ਬੁਲਾਰੇ ਨੇ ਹੋਰ ਕਿਹਾ ਕਿ ਇੱਕ ਗੈਰ ਦੋਸਤ ਮੇਜ਼ਬਾਨ ਅੱਗੇ ਹੈਰਿਸ ਮਜ਼ਬੂਤੀ ਨਾਲ ਪੇਸ਼ ਆਈ ਹੈ। ਇਥੇ ਜ਼ਿਕਰਯੋਗ ਹੈ ਕਿ ਇਹ ਮੁਲਾਕਾਤ ਹੈਰਿਸ ਦੁਆਰਾ ਰਿਪਬਲੀਕਨਾਂ, ਵੋਟਰਾਂ ਨੂੰ ਸਿੱਧੀ ਅਪੀਲ ਕਰਨ ਦਾ ਹਿੱਸਾ ਹੈ। ਫੌਕਸ ਨਿਊਜ਼ ਨਾਲ ਮੁਲਾਕਾਤ ਤੋਂ ਪਹਿਲਾਂ ਹੈਰਿਸ ਨੇ ਕਿਹਾ ਸੀ ਕਿ ਪੈਨਸਿਲਵਾਨੀਆ ਵਿੱਚ ਅਹਿਮ ਕਾਊਂਟੀ ਦੇ ਰਿਪਬਲੀਕਨ ਉਸ ਦਾ ਸਮਰਥਨ ਕਰ ਰਹੇ ਹਨ।

# ਔਰਤ ਰਾਸ਼ਟਰਪਤੀ ਬਣੇ ਇਹ ਸਾਡੇ ਲਈ ਮਾਣ ਵਾਲੀ ਗੱਲ: ਏ. ਆਰ. ਰਹਿਮਾਨ

## ਹੈਰਿਸ ਦੇ ਸਮਰਥਨ 'ਚ ਆਸਕਰ ਤੇ ਗੈਮੀ ਪੁਰਸਕਾਰ ਵਿਜੇਤਾ ਦੀ ਵੀਡੀਓ ਰਿਕਾਰਡਿੰਗ ਜਾਰੀ

ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਆਸਕਰ ਤੇ ਗੈਮੀ ਪੁਰਸਕਾਰ ਜੇਤੂ ਸੰਗੀਤਕਾਰ ਏ. ਆਰ. ਰਹਿਮਾਨ ਨੇ 2024 ਦੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਜਾਰੀ ਇੱਕ 30 ਮਿੰਟ ਦੀ ਵੀਡੀਓ ਰਿਕਾਰਡਿੰਗ ਵਿੱਚ ਆਪਣੀ ਆਵਾਜ਼ ਤੇ ਸੰਗੀਤ ਰਾਹੀਂ ਡੈਮੋਕਰੈਟਿਕ ਉਮੀਦਵਾਰ ਕਮਲਾ ਹੈਰਿਸ ਦਾ ਸਮਰਥਨ ਕੀਤਾ ਹੈ। ਇਸ ਗੀਤ ਰਾਹੀਂ ਰਹਿਮਾਨ ਨੇ ਕਮਲਾ ਹੈਰਿਸ ਦੀ ਚੋਣ ਮੁਹਿੰਮ ਨੂੰ ਹੁਲਾਰਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਰਹਿਮਾਨ ਦੱਖਣੀ ਏਸ਼ੀਆ ਤੋਂ ਪਹਿਲਾ ਕੌਮਾਂਤਰੀ ਕਲਾਕਾਰ ਹੈ ਜਿਸ ਨੇ ਹੈਰਿਸ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ ਹੈ। ਪਿਛਲੇ ਦਿਨ ਜਾਰੀ ਆਪਣੀ ਵੀਡੀਓ ਵਿੱਚ ਉਸ ਨੇ ਜੈ ਹੋ ਸਮੇਤ ਆਪਣੇ ਸਾਰੇ ਲੋਕਪ੍ਰਿਯ ਗਾਣੇ ਸ਼ਾਮਿਲ ਕੀਤੇ ਹਨ ਜਿਨ੍ਹਾਂ ਰਾਹੀਂ



ਉਸ ਨੇ ਭਾਰਤੀ ਅਮਰੀਕੀ ਮੱਤਦਾਤਾਵਾਂ ਨੂੰ ਪ੍ਰੇਰਿਤ ਕੀਤਾ ਹੈ ਤੇ ਹੈਰਿਸ ਦੇ ਵਿਸ਼ਵ ਪ੍ਰਤੀ ਨਜ਼ਰੀਏ ਦਾ ਸਮਰਥਨ ਕੀਤਾ ਹੈ। ਰਹਿਮਾਨ ਨੇ ਵੀਡੀਓ ਰਿਕਾਰਡਿੰਗ ਸਮੇਂ ਐਮ ਆਰ ਰੰਗਾਸਵਾਮੀ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਹ ਵੇਖਣਾ ਇੱਕ ਬਹੁਤ ਪ੍ਰੇਰਿਤ ਕਰਨ ਵਾਲੀ ਗੱਲ ਹੈ ਕਿ ਸਾਡੇ ਵਿਚੋਂ ਇੱਕ ਅਗਵਾਈ ਕਰਨ ਜਾ ਰਿਹਾ ਹੈ। ਇਹ ਬਹੁਤ ਹੀ ਵਧੀਆ ਹੋਵੇਗਾ ਕਿ ਸਾਡੀ ਪਹਿਲੀ ਔਰਤ ਰਾਸ਼ਟਰਪਤੀ ਹੋਵੇਗੀ ਜੋ ਊਰਜਾ ਨਾਲ ਭਰੀ ਹੋਈ ਹੈ ਤੇ ਉਸ ਨੂੰ ਸਾਡੇ ਸਾਰਿਆਂ ਦਾ ਸਮਰਥਨ ਤੇ ਪਿਆਰ ਮਿਲ ਰਿਹਾ ਹੈ। ਵੀਡੀਓ ਵਿੱਚ ਰਹਿਮਾਨ ਨੇ ਹੈਰਿਸ ਤੇ ਵਿਸ਼ਵ ਭਰ ਦੀਆਂ ਔਰਤਾਂ ਨੂੰ ਸਮਰਪਿਤ ਇੱਕ ਵਿਸ਼ੇਸ਼ ਗੀਤ ਵੀ ਸ਼ਾਮਿਲ ਕੀਤਾ ਹੈ ਜਿਸ ਦੇ ਬੋਲ ਹਨ ਯੇਰੂ ਯੇਰੂ ਯੇਰੂ ਨਿਨਜਿਲ ਪਾਲਮੀ ਕੁੰਡੂ ਯੇਰੂ । ਰਹਿਮਾਨ ਨੇ ਕਿਹਾ ਹੈ ਕਿ ਇਹ ਗੀਤ ਵਿਸ਼ਵ ਦੀਆਂ ਸਾਰੀਆਂ ਔਰਤਾਂ ਤੇ ਵਿਸ਼ੇਸ਼ ਕਰਕੇ ਕਮਲਾ ਜੀ ਨੂੰ ਸਮਰਪਿਤ ਹੈ।

ਉਨ੍ਹਾਂ ਕਿਹਾ ਕਿ ਇਹ ਗੀਤ ਤੁਹਾਡੇ ਲਈ ਹੈ ਜਿਸ ਦੇ ਅਰਥ ਤੁਸੀਂ ਜਾਣਦੇ ਹੋ। ਮੈਂ ਤੁਹਾਡੀ ਸਫਲਤਾ ਦੀ ਕਾਮਨਾ ਕਰਦਾ ਹਾਂ। ਰਹਿਮਾਨ ਦੀ ਇਹ ਵੀਡੀਓ ਆਪੀ ਵਿਕਟਰੀ ਫੰਡ ਦੇ ਯੂ ਟਿਊਬ ਚੈਨਲ ਉਪਰ ਜਾਰੀ ਕੀਤੀ ਗਈ ਹੈ। ਆਪੀ ਵਿਕਟਰੀ ਫੰਡ ਦੇ ਚੇਅਰਮੈਨ ਸ਼ੇਖਰ ਨਰਾਸਿਮਹਾਨ ਨੇ ਕਿਹਾ ਹੈ ਕਿ ਇਹ ਕੇਵਲ ਸੰਗੀਤਕ ਵੀਡੀਓ ਹੀ ਨਹੀਂ ਹੈ ਬਲਕਿ ਸਾਡੇ ਭਾਈਚਾਰੇ ਲਈ ਸੱਦਾ ਹੈ ਕਿ ਉਹ ਉਸ ਭਵਿੱਖ ਲਈ ਵੋਟ ਪਾਉਣ ਜਿਸ ਨੂੰ ਉਹ ਚਾਹੁੰਦੇ ਹਨ।

## ਅਮਰੀਕੀ ਨਿਆਂ ਵਿਭਾਗ ਨੇ ਰਾਅ ਅਧਿਕਾਰੀ 'ਤੇ ਪੰਨੂ ਨੂੰ ਮਾਰਨ ਦੀ ਸਾਜ਼ਿਸ਼ ਰਚਣ ਦਾ ਲਾਇਆ ਦੋਸ਼



ਨਿਊਯਾਰਕ/ਏ.ਟੀ.ਨਿਊਜ਼: ਅਮਰੀਕੀ ਅਧਿਕਾਰੀਆਂ ਨੇ ਭਾਰਤ ਸਰਕਾਰ ਦੇ ਇੱਕ ਸਾਬਕਾ ਅਧਿਕਾਰੀ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰੀ ਯਾਤਰਾ ਦੇ ਆਸ-ਪਾਸ ਸਿੱਖ ਆਗੂ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਨਾਕਾਮ ਸਾਜ਼ਿਸ਼ 'ਚ ਕਥਿਤ ਤੌਰ 'ਤੇ ਸ਼ਾਮਲ ਹੋਣ ਦਾ ਦੋਸ਼ ਲਗਾਇਆ ਹੈ।

ਨਿਊਯਾਰਕ ਦੀ ਇੱਕ ਅਮਰੀਕੀ ਅਦਾਲਤ ਵਿੱਚ ਦਾਇਰ ਦੋਸ਼ ਪੱਤਰ ਵਿੱਚ ਸੰਘੀ ਵਕੀਲਾਂ ਨੇ ਦਾਅਵਾ ਕੀਤਾ ਕਿ ਵਿਕਾਸ ਯਾਦਵ (39) ਕੈਬਨਿਟ ਸਕੱਤਰੇਤ ਵਿੱਚ ਕੰਮ ਕਰਦਾ ਸੀ, ਜਿਥੇ ਭਾਰਤ ਦੀ ਵਿਦੇਸ਼ੀ ਖ਼ੁਫ਼ੀਆ ਸੇਵਾ ਰੀਸਰਚ ਐਂਡ ਐਨਾਲਿਸਿਸ ਵਿੰਗ (ਆਰ ਐਂਡ ਏਡਬਲਿਊ) ਦਾ ਹੈੱਡਕੁਆਰਟਰ ਹੈ। ਯਾਦਵ 'ਤੇ ਪੰਨੂ ਨੂੰ ਮਾਰਨ ਦੀ ਨਾਕਾਮ ਸਾਜ਼ਿਸ਼ 'ਚ ਉਸ ਦੀ ਭੂਮਿਕਾ ਦੇ ਸਬੰਧ 'ਚ ਕਿਰਾਏ ਦੇ ਕਾਤਲਾਂ ਦੀ ਮਦਦ ਨਾਲ ਕਤਲ ਦੀ ਕੋਸ਼ਿਸ਼ ਅਤੇ ਮਨੀ ਲਾਂਡਰਿੰਗ ਦਾ ਦੋਸ਼ ਲਗਾਇਆ ਗਿਆ ਹੈ। ਨਿਆਂ ਵਿਭਾਗ ਨੇ ਕਿਹਾ ਕਿ ਯਾਦਵ ਅਜੇ ਵੀ ਫ਼ਰਾਰ ਹੈ। ਪਹਿਲੀ ਚਾਰਜਸ਼ੀਟ 'ਚ ਯਾਦਵ ਦੀ ਪਛਾਣ 'ਸੀਸੀ1' (ਸਹਿ-ਸਾਜ਼ਿਸ਼ ਕਰਤਾ) ਵਜੋਂ ਕੀਤੀ ਗਈ ਹੈ।

ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਅਮਰੀਕੀ ਨਿਆਂ ਵਿਭਾਗ ਵਲੋਂ ਦੋਸ਼ੀ ਵਿਅਕਤੀ ਦੀ ਪਛਾਣ ਬਾਰੇ ਪੁਛੇ ਗਏ ਇੱਕ ਸਵਾਲ ਦੇ ਜਵਾਬ ਵਿੱਚ ਪੁਸ਼ਟੀ ਕੀਤੀ ਕਿ ਮੁਲਜ਼ਮ ਹੁਣ ਭਾਰਤ ਸਰਕਾਰ ਦਾ ਮੁਲਾਜ਼ਮ ਨਹੀਂ ਹੈ। ਸਹਿ-ਮੁਲਜ਼ਮ ਨਿਖਿਲ ਗੁਪਤਾ, ਜੋ ਉਸ ਦੇ ਨਾਲ ਕਥਿਤ ਸਾਜ਼ਿਸ਼ 'ਚ ਸ਼ਾਮਲ ਸੀ, ਨੂੰ ਪਿਛਲੇ ਸਾਲ ਚੈੱਕ ਗਣਰਾਜ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ (ਬਾਕੀ ਸਫ਼ਾ 30 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh  Sub: Editor: Balwinderpal Singh, Dr. Sarbjeet Kaur Jang  Online Interview Host: Balraj Pannu

Designer: A.K.V.  Content Composer: S. Jagmohan Singh  US Distributor: Amritsar Times Inc.  Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਟਰੰਪ 'ਤੇ ਜਾਨਲੇਵਾ ਹਮਲਾ 'ਵੱਡੀ ਸੁਰੱਖਿਆ ਨਾਕਾਮੀ' ਸੀ: ਸੰਸਦੀ ਰਿਪੋਰਟ

ਵਾਸ਼ਿੰਗਟਨ/ਏ.ਟੀ.ਨਿਊਜ਼: ਅਗਾਮੀ ਰਾਸ਼ਟਰਪਤੀ ਚੋਣਾਂ ਵਿੱਚ ਉਮੀਦਵਾਰ ਤੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ 'ਤੇ ਜੁਲਾਈ ਮਹੀਨੇ ਪੈਨਸਿਲਵੇਨੀਆ ਵਿੱਚ ਚੋਣ ਰੈਲੀ ਦੌਰਾਨ ਹੋਏ ਜਾਨਲੇਵਾ ਹਮਲੇ ਦੀ ਜਾਂਚ ਕਰ ਰਹੀ ਸੰਸਦੀ ਕਮੇਟੀ ਨੇ ਆਪਣੀ ਰਿਪੋਰਟ ਵਿੱਚ ਦਾਅਵਾ ਕੀਤਾ ਹੈ ਕਿ 'ਇਹ ਹਮਲਾ ਰੋਕਿਆ ਜਾ ਸਕਦਾ ਸੀ ਤੇ ਇਹ ਨਹੀਂ ਹੋਣਾ ਚਾਹੀਦਾ ਸੀ।' ਕਮੇਟੀ ਨੇ ਆਪਣੀ ਖੋਜ ਵਿੱਚ ਹਮਲੇ ਨੂੰ 'ਸੁਰੱਖਿਆ ਏਜੰਸੀਆਂ ਦੀ ਵੱਡੀ ਨਕਾਮੀ' ਕਰਾਰ ਦਿੱਤਾ ਹੈ।

ਹਮਲਾਵਰ ਵੱਲੋਂ ਚਲਾਈਆਂ ਗੋਲੀਆਂ 'ਚੋਂ ਇੱਕ ਗੋਲੀ ਟਰੰਪ ਦੇ ਕੰਨ ਨੂੰ ਛੂਹ ਕੇ ਲੰਘ ਗਈ ਸੀ, ਜਦੋਂਕਿ ਰੈਲੀ ਵਿੱਚ ਮੌਜੂਦ ਦੋ ਲੋਕ ਜ਼ਖ਼ਮੀ ਹੋ ਗਏ ਸਨ। ਸੁਰੱਖਿਆ ਕਰਮੀਆਂ ਨੇ ਇਸ ਹਮਲਾਵਰ ਨੂੰ ਮੌਕੇ 'ਤੇ ਹੀ ਮਾਰ ਮੁਕਾਇਆ ਸੀ। ਰਿਪੋਰਟ ਵਿੱਚ ਸਦਨ ਤੇ ਸੈਨੇਟ (ਦੋਵਾਂ) ਦੇ ਮੈਂਬਰਾਂ ਨੇ ਸਵਾਲ ਕੀਤਾ ਹੈ ਕਿ ਸੀਕਰੇਟ ਸਰਵਿਸ ਨੇ ਚੋਣ ਰੈਲੀ ਦੌਰਾਨ ਸਥਾਨਕ ਅਥਾਰਿਟੀਜ਼ ਨਾਲ ਰਾਬਤਾ ਕਰਕੇ ਆਪਣੀ ਜ਼ਿੰਮੇਵਾਰੀ ਬਾਖ਼ੂਬੀ ਕਿਉਂ ਨਹੀਂ ਨਿਭਾਈ।

ਸੁਰੱਖਿਆ ਏਜੰਸੀਆਂ ਤੇ ਪੁਲਿਸ ਵਿਚਾਲੇ ਤਾਲਮੇਲ ਦੀ ਘਾਟ

ਕਾਨੂੰਨਸਾਜ਼ਾਂ ਨੇ ਆਪਣੀ ਰਿਪੋਰਟ ਵਿੱਚ ਕਿਹਾ ਕਿ ਸੀਕਰੇਟ ਸਰਵਿਸ, ਪੈਨਸਿਲਵੇਨੀਆ ਸਟੇਟ ਤੇ ਸਥਾਨਕ ਪੁਲਿਸ ਦਰਮਿਆਨ ਤਾਲਮੇਲ ਦੀ ਵੱਡੀ ਘਾਟ ਰਹੀ ਪਰ ਸੁਰੱਖਿਆ ਵਿੱਚ ਸੰਨ੍ਹ ਦਾ ਸਾਰਾ ਠੀਕਰਾ ਸੀਕਰੇਟ ਸਰਵਿਸ ਸਿਰ ਭੰਨ੍ਹ ਦਿੱਤਾ ਗਿਆ। ਰਿਪੋਰਟ ਵਿੱਚ ਕਿਹਾ ਗਿਆ ਕਿ 'ਸੰਘੀ, ਸੂਬਾਈ ਤੇ ਸਥਾਨਕ ਪੁਲਿਸ ਕਰਮੀ ਤੇ ਸੁਰੱਖਿਆ ਅਧਿਕਾਰੀ ਥੌਮਸ ਮੈਥਿਊ ਕਰੂਕਸ ਨੂੰ ਕਿਸੇ ਵੀ ਪੜਾਅ 'ਤੇ ਡੱਕ ਸਕਦੇ ਸਨ।'

# ਲਾਤੀਨੀ ਵੋਟਰਾਂ ਤੱਕ ਪਹੁੰਚਣ ਲਈ ਜ਼ੋਰ ਲਾਉਣ ਲੱਗੇ ਟਰੰਪ ਤੇ ਹੈਰਿਸ

## ਦੋਵਾਂ ਆਗੂਆਂ ਵੱਲੋਂ ਵੋਟਰਾਂ ਦੀ ਭਲਾਈ ਲਈ ਆਰਥਿਕ ਨੀਤੀਆਂ ਬਾਰੇ ਚਰਚਾ

ਵਾਸ਼ਿੰਗਟਨ/ਏ.ਟੀ.ਨਿਊਜ਼: ਕਮਲਾ ਹੈਰਿਸ ਤੇ ਡੋਨਲਡ ਟਰੰਪ ਦੋਵੇਂ ਆਰਥਿਕ ਨੀਤੀਆਂ ਨੂੰ ਲਾਤੀਨੀ ਵੋਟਰਾਂ ਨੂੰ ਜਿੱਤਣ ਦਾ ਸਭ ਤੋਂ ਚੰਗਾ ਮੌਕਾ ਮੰਨਦੇ ਹਨ ਪਰ ਦੋਵਾਂ ਦਾ ਨਜ਼ਰੀਆ ਵੱਖੋ-ਵੱਖਰਾ ਹੈ। ਉਪ ਰਾਸ਼ਟਰਪਤੀ ਹੈਰਿਸ ਨੇ ਇਸ ਗੱਲ 'ਤੇ ਰੋਸ਼ਨੀ ਪਾਉਂਦਿਆਂ ਯੋਜਨਾ ਬਣਾਈ ਹੈ ਕਿ ਕਿਸ ਤਰ੍ਹਾਂ ਉਨ੍ਹਾਂ ਦਾ ਏਜੰਡਾ ਲਾਤੀਨੀ ਲੋਕਾਂ ਲਈ ਰੁਜ਼ਗਾਰ ਦੇ ਵੱਧ ਮੌਕੇ ਪੈਦਾ ਕਰੇਗਾ। ਡੈਮੋਕਰੈਟਿਕ ਉਮੀਦਵਾਰ ਦਾ ਇਰਾਦਾ ਰਜਿਸਟਰਡ ਟਰੇਨੀਆਂ ਦੀ ਗਿਣਤੀ ਦੁੱਗਣਾ ਕਰਨ ਦੀ ਆਪਣੀ ਯੋਜਨਾ ਨੂੰ ਪੇਸ਼ ਕਰਨਾ ਹੈ। ਉਹ ਇਸ ਗੱਲ 'ਤੇ ਜ਼ੋਰ ਦੇਣਾ ਚਾਹੁੰਦੀ ਹੈ ਕਿ ਉਹ ਕੁਝ ਸੰਘੀ ਸਰਕਾਰੀ ਨੌਕਰੀਆਂ ਲਈ ਕਾਲਜ ਦੀ ਡਿਗਰੀ ਦੀ ਲੋੜ ਨੂੰ ਕਿਸ ਤਰ੍ਹਾਂ ਹਟਾਏਗੀ ਅਤੇ ਨਿੱਜੀ ਰੁਜ਼ਗਾਰ ਦੇਣ ਵਾਲਿਆਂ ਨੂੰ ਵੀ ਅਜਿਹਾ ਕਰਨ ਲਈ ਉਤਸ਼ਾਹਿਤ ਕਰੇਗੀ। ਹੈਰਿਸ 10 ਲੱਖ ਛੋਟੇ ਕਾਰੋਬੀਆਂ ਨੂੰ 20 ਹਜ਼ਾਰ ਡਾਲਰ ਤੱਕ ਦਾ ਮੁਆਫ ਕਰਨ ਯੋਗ ਕਰਜ਼ਾ ਮੁਹੱਈਆ ਕਰਨਾ ਚਾਹੁੰਦੀ ਹੈ।



ਦੂਜੇ ਪਾਸੇ ਸਾਬਕਾ ਰਾਸ਼ਟਰਪਤੀ ਤੇ ਰਿਪਬਲਿਕਨ ਉਮੀਦਵਾਰ ਟਰੰਪ ਮਿਆਮੀ ਦੇ ਨੀਮ ਸ਼ਹਿਰੀ ਇਲਾਕੇ ਡੋਰਲ 'ਚ ਲਾਤੀਨੀ ਲੋਕਾਂ ਨਾਲ ਇੱਕ ਗੋਲ ਮੇਜ਼ ਸੰਮੇਲਨ ਕਰਕੇ ਉਨ੍ਹਾਂ ਤੱਕ ਆਪਣੀ ਪਹੁੰਚ ਬਣਾ ਰਹੇ ਹਨ। ਉਨ੍ਹਾਂ ਦੀ ਪ੍ਰਚਾਰ ਮੁਹਿੰਮ 'ਚ ਕਿਹਾ ਗਿਆ ਹੈ ਕਿ ਉਹ ਦਾਅਵਾ ਕਰਨਗੇ ਕਿ ਉਨ੍ਹਾਂ ਦੇ ਦਫ਼ਤਰ 'ਚ ਰਹਿਣ ਦੌਰਾਨ ਲਾਤਿਨੀ ਲੋਕਾਂ ਲਈ ਰੁਜ਼ਗਾਰ, ਮਜ਼ਦੂਰੀ ਤੇ ਘਰ ਦੀ ਮਾਲਕੀ 'ਚ ਵਾਧਾ ਹੋਇਆ ਹੈ।

# ਬ੍ਰਿਟਿਸ਼ ਕੋਲੰਬੀਆ ਚੋਣਾਂ: ਪੰਜਾਬੀ ਮੂਲ ਦੇ ਦਸ ਉਮੀਦਵਾਰ ਜੇਤੂ

## ਫ਼ਸਵੇਂ ਮੁਕਾਬਲੇ ਵਿੱਚ ਐਨ.ਡੀ.ਪੀ. ਨੇ 46 ਤੇ ਕੰਜ਼ਰਵੇਟਿਵ ਨੇ 45 ਸੀਟਾਂ ਜਿੱਤੀਆਂ

ਵੈਨਕੂਵਰ/ਏ.ਟੀ.ਨਿਊਜ਼: ਬ੍ਰਿਟਿਸ਼ ਕੋਲੰਬੀਆ (ਬੀ.ਸੀ.) ਦੀਆਂ ਸੂਬਾਈ ਚੋਣਾਂ ਵਿੱਚ ਪੰਜਾਬੀ ਮੂਲ ਦੇ ਦਸ ਉਮੀਦਵਾਰ ਜੇਤੂ ਰਹੇ ਹਨ ਜਦੋਂਕਿ ਇੱਕ ਉਮੀਦਵਾਰ ਵੋਟਾਂ ਦੀ ਗਿਣਤੀ ਦੌਰਾਨ ਅੱਗੇ ਚੱਲ ਰਿਹਾ ਹੈ। ਉਂਝ ਇਨ੍ਹਾਂ ਚੋਣਾਂ ਵਿੱਚ ਨਿਊ ਡੈਮੋਕਰੈਟਿਕ ਪਾਰਟੀ ਤੇ ਕੰਜ਼ਰਵੇਟਿਵ ਵਿਚਾਲੇ ਫ਼ਸਵਾਂ ਮੁਕਾਬਲਾ ਹੈ। ਡੇਵਿਡ ਐਬੀ ਦੀ ਅਗਵਾਈ ਵਾਲੀ ਐੱਨ.ਡੀ.ਪੀ. ਨੇ 46 ਤੇ ਜੌਹਨ ਰਸਟਡ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਨੇ 45 ਸੀਟਾਂ 'ਤੇ ਜਿੱਤ ਦਰਜ ਕੀਤੀ ਹੈ। ਗ੍ਰੀਨ ਪਾਰਟੀ ਬ੍ਰਿਟਿਸ਼ ਕੋਲੰਬੀਆ ਦੇ 93 ਮੈਂਬਰੀ ਸਦਨ ਵਿੱਚ ਸਿਰਫ਼ ਦੋ ਸੀਟਾਂ ਜਿੱਤਣ ਵਿੱਚ ਸਫ਼ਲ ਰਹੀ ਹੈ।



ਰਵੀ ਕਾਹਲੋਂ ਡੇਲਟਾ ਨੌਰਥ ਸੀਟ ਉੱਤੇ ਚੰਗੇ ਫ਼ਰਕ ਨਾਲ ਆਪਣੀ ਦਾਅਵੇਦਾਰੀ ਬਰਕਰਾਰ ਰੱਖਣ ਵਿੱਚ ਸਫ਼ਲ ਰਹੇ ਹਨ। ਰਾਜ ਚੌਹਾਨ, ਜੋ ਬ੍ਰਿਟਿਸ਼ ਕੋਲੰਬੀਆ ਦੀ ਵਿਧਾਨਕ ਅਸੈਂਬਲੀ ਦੇ ਸਪੀਕਰ ਸਨ, ਨੇ ਰਿਕਾਰਡ 6ਵੀਂ ਜਿੱਤ ਦਰਜ ਕੀਤੀ ਹੈ। ਇਸ ਤੋਂ ਪਹਿਲਾਂ ਉਹ 2013 ਤੋਂ 2017 ਦੇ ਅਰਸੇ ਦੌਰਾਨ ਸਹਾਇਕ ਡਿਪਟੀ ਸਪੀਕਰ ਅਤੇ 2017 ਤੋਂ 2020 ਦੌਰਾਨ ਡਿਪਟੀ ਸਪੀਕਰ ਵੀ ਰਹੇ ਹਨ। ਹੋਰਨਾਂ ਵੱਡੇ ਨਾਵਾਂ ਵਿਚੋਂ ਜਗਰੂਪ ਬਰਾੜ ਸਰੀ ਫਲੀਟਵੁੱਡ ਤੋਂ 7ਵੀਂ ਵਾਰ ਜਿੱਤੇ ਹਨ। ਉਹ ਹੁਣ ਤੱਕ ਸਿਰਫ ਇੱਕ ਵਾਰ ਹਾਰੇ ਹਨ। ਬਰਾੜ ਬਠਿੰਡਾ ਦੇ ਜੰਮਪਲ ਹਨ ਤੇ ਉਹ ਭਾਰਤ ਦੀ ਪੁਰਸ਼ ਕੌਮੀ ਬਾਸਕਟਬਾਲ ਟੀਮ ਦੇ ਮੈਂਬਰ ਵੀ ਰਹੇ ਹਨ। ਕੰਜ਼ਰਵੇਟਿਵ ਪਾਰਟੀ ਉਮੀਦਵਾਰ ਮਨਦੀਪ ਧਾਲੀਵਾਲ ਨੇ ਸਰੀ ਨੌਰਥ ਤੋਂ ਸਿੱਖਿਆ ਤੇ ਬਾਲ ਭਲਾਈ ਮੰਤਰੀ ਰਚਨਾ ਸਿੰਘ ਨੂੰ ਹਰਾਇਆ। ਜਿਨੀ ਸਿਮਸ ਸਰੀ ਪੈਨੋਰਮਾ ਤੋਂ ਹਾਰ ਗਏ। ਐੱਨ.ਡੀ.ਪੀ. ਉਮੀਦਵਾਰ ਰਵੀ ਪਰਮਾਰ ਲੈਂਗਫੋਰਡ ਹਾਈਲੈਂਡ ਤੋਂ, ਸੁਨੀਤਾ ਧੀਰ ਵੈਨਕੂਵਰ ਲੰਗਾਰਾ ਤੋਂ, ਰੀਆ ਅਰੋੜ ਬਰਨਾਬੀ ਈਸਟ ਤੇ ਹਰਵਿੰਦਰ ਕੌਰ ਸੰਧੂ ਵਰਨੋਨ ਮੋਨਾਸ਼ੀ ਤੋਂ ਜੇਤੂ ਰਹੇ। ਹਰਵਿੰਦਰ ਨੇ ਇਥੋਂ ਦੂਜੀ ਵਾਰ ਚੋਣ ਜਿੱਤੀ ਹੈ। ਅਟਾਰਨੀ ਜਨਰਲ ਨਿੱਕੀ ਸ਼ਰਮਾ ਵੀ ਵੈਨਕੂਵਰ ਹੇਸਟਿੰਗਜ਼ ਤੋਂ ਮੁੜ ਚੋਣ ਜਿੱਤ ਗਈ। ਕੰਜ਼ਰਵੇਟਿਵ ਆਗੂ ਹਰਮਨ ਸਿੰਘ ਭੰਗੂ ਲੈਂਗਲੀ ਐਬਟਸਫੋਰਡ ਤੋਂ ਜੇਤੂ ਰਹੇ।

# ਅਮਰੀਕੀ ਰਾਸ਼ਟਰਪਤੀ ਚੋਣ ਤੋਂ 2 ਹਫ਼ਤੇ ਪਹਿਲਾਂ 2.1 ਕਰੋੜ ਨਾਗਰਿਕਾਂ ਨੇ ਪਾਈ ਵੋਟ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਚੋਣਾਂ ਤੋਂ 2 ਹਫਤੇ ਪਹਿਲਾਂ ਹੀ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਕਮਲਾ ਹੈਰਿਸ ਅਤੇ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਜ਼ੋਰਦਾਰ ਚੋਣ ਮੁਹਿੰਮ ਦੌਰਾਨ ਘੱਟੋ-ਘੱਟ 2.1 ਕਰੋੜ ਅਮਰੀਕੀ ਵੋਟਰ ਆਪਣੀ ਵੋਟ ਦਾ ਇਸਤੇਮਾਲ ਕਰ ਚੁੱਕੇ ਹਨ। ਫਲੋਰੀਡਾ ਯੂਨੀਵਰਸਿਟੀ ਦੀ ਚੋਣ ਪ੍ਰਯੋਗਸ਼ਾਲਾ ਦੇ ਅੰਕੜਿਆਂ ਅਨੁਸਾਰ, ਲਗਭਗ 78 ਲੱਖ ਵੋਟਰਾਂ ਨੇ ਸ਼ੁਰੂਆਤੀ ਵਿਅਕਤੀਗਤ ਵੋਟਿੰਗ ਰਾਹੀਂ ਵੋਟ ਪਾਈ ਹੈ, ਜਦੋਂ ਕਿ ਬਾਕੀ 1.3 ਕਰੋੜ ਵੋਟਾਂ ਪੋਸਟਲ ਬੈਲਟ ਰਾਹੀਂ ਪਾਈਆਂ ਗਈਆਂ ਹਨ।

ਭਾਰਤ 'ਚ ਹੋਣ ਵਾਲੀਆਂ ਆਮ ਚੋਣਾਂ 'ਚ, ਜਿੱਥੇ ਵੋਟਿੰਗ ਤੋਂ 36 ਘੰਟੇ ਪਹਿਲਾਂ ਚੋਣ ਪ੍ਰਚਾਰ ਬੰਦ ਹੋ ਜਾਂਦਾ ਹੈ, ਉਥੇ ਹੀ ਇਸ ਦੇ ਉਲਟ ਅਮਰੀਕਾ 'ਚ ਚੋਣ ਪ੍ਰਚਾਰ ਅਤੇ ਵੋਟਿੰਗ ਘੱਟੋ-ਘੱਟ 4 ਹਫਤਿਆਂ ਤੱਕ ਨਾਲੋ-ਨਾਲ ਚੱਲਦੀ ਰਹਿੰਦੀ ਹੈ। ਅਮਰੀਕਾ 'ਚ 5 ਨਵੰਬਰ ਨੂੰ ਰਾਸ਼ਟਰਪਤੀ ਚੋਣਾਂ ਹੋਣ ਜਾ ਰਹੀਆਂ ਹਨ। ਸਿਆਸੀ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਜੇਤੂ ਦਾ ਫੈਸਲਾ ਸੱਤ ਰਾਜਾਂ- ਐਰੀਜ਼ੋਨਾ, ਨੇਵਾਡਾ, ਵਿਸਕਾਨਸਿਨ, ਮਿਸ਼ੀਗਨ, ਪੈਨਸਿਲਵੇਨੀਆ, ਉੱਤਰੀ ਕੈਰੋਲੀਨਾ ਅਤੇ ਜਾਰਜੀਆ ਦੇ ਨਤੀਜਿਆਂ ਦੇ ਆਧਾਰ 'ਤੇ ਕੀਤਾ ਜਾਵੇਗਾ।

ਅਮਰੀਕਾ ਵਿੱਚ ਸ਼ੁਰੂਆਤੀ ਵੋਟਿੰਗ ਅਮਰੀਕੀ ਵੋਟਰਾਂ ਲਈ ਇੱਕ ਵਿਲੱਖਣ ਵਿਵਸਥਾ ਹੈ, ਜਿਸ ਵਿੱਚ ਵੋਟਰ ਜਾਂ ਤਾਂ ਪੋਸਟਲ ਬੈਲਟ ਰਾਹੀਂ ਆਪਣੀ ਵੋਟ ਪਾਉਂਦੇ ਹਨ, ਜਿਸ ਦੀ ਤੁਲਨਾ ਕੁੱਝ ਮਾਈਨਿਆਂ ਵਿੱਚ ਭਾਰਤ ਦੇ ਪੋਸਟਲ ਬੈਲਟ ਨਾਲ ਕੀਤੀ ਜਾ ਸਕਦੀ ਜਾਂਦੀ ਹੈ, ਜਾਂ ਨਿਰਧਾਰਤ ਪੋਲਿੰਗ ਸਟੇਸ਼ਨਾਂ 'ਤੇ ਜਾ ਕੇ ਵੋਟ ਪਾਉਂਦੇ ਹਨ, ਜੋ ਕਈ ਰਾਜਾਂ ਵਿੱਚ ਅਸਲ ਵੋਟਿੰਗ ਦਿਨ ਤੋਂ ਕੁੱਝ ਪਹਿਲਾਂ ਹਫ਼ਤੇ ਪਹਿਲਾਂ ਖੁੱਲ੍ਹਦੇ ਹਨ। ਫਲੋਰੀਡਾ ਯੂਨੀਵਰਸਿਟੀ ਦੀ ਇਲੈਕਸ਼ਨ ਲੈਬ ਦੇ ਅਨੁਸਾਰ, ਏਸ਼ੀਆਈ ਅਮਰੀਕੀਆਂ ਵਿੱਚ ਸ਼ੁਰੂਆਤੀ ਵੋਟਿੰਗ ਸਿਰਫ 1.7 ਫ਼ੀਸਦੀ ਹੈ। ਹਾਲਾਂਕਿ ਕਈ ਥਾਵਾਂ 'ਤੇ ਕਈ ਭਾਰਤੀ ਅਮਰੀਕੀ ਆਪਣੀ ਵੋਟ ਪਾਉਣ ਲਈ ਕਤਾਰਾਂ 'ਚ ਖੜ੍ਹੇ ਨਜ਼ਰ ਆਏ।

# ਕਮਲਾ ਹੈਰਿਸ ਲਈ ਵੋਟਾਂ ਮੰਗਣਗੇ ਉਬਾਮਾ ਤੇ ਮਿਸ਼ੈਲ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਚੋਣ ਪ੍ਰਚਾਰ ਦੇ ਆਖਰੀ ਪੜਾਅ ਦੌਰਾਨ ਚੋਣ ਮੁਹਿੰਮ ਵਿੱਚ ਨਵੀਂ ਰੂਹ ਫ਼ੂਕਣ ਦੇ ਮੰਤਵ ਨਾਲ ਸਾਬਕਾ ਰਾਸ਼ਟਰਪਤੀ ਬਰਾਕ ਉਬਾਮਾ ਤੇ ਉਨ੍ਹਾਂ ਦੀ ਪਤਨੀ ਮਿਸ਼ੈਲ ਉਬਾਮਾ ਅਗਲੇ ਹਫ਼ਤੇ ਵੱਖਰੇ ਵੱਖਰੇ ਤੌਰ 'ਤੇ ਡੈਮੋਕਰੈਟਿਕ ਪਾਰਟੀ ਦੀ ਰਾਸ਼ਟਰਪਤੀ ਅਹੁਦੇ ਲਈ ਉਮੀਦਵਾਰ ਕਮਲਾ ਹੈਰਿਸ ਲਈ ਵੋਟਾਂ ਮੰਗਣਗੇ। ਉਹ ਵੱਖ- ਵੱਖ ਸਮਾਗਮਾਂ

ਦੌਰਾਨ ਕਮਲਾ ਹੈਰਿਸ ਨਾਲ ਸੰਬੋਧਨ ਕਰਨਗੇ। ਇਹ ਜਾਣਕਾਰੀ ਹੈਰਿਸ ਦੀ ਚੋਣ ਮੁਹਿੰਮ ਦੇ ਇੱਕ ਸੀਨੀਅਰ ਅਧਿਕਾਰੀ ਨੇ ਦਿੱਤੀ ਹੈ। ਇਥੇ ਜ਼ਿਕਰਯੋਗ ਹੈ ਕਿ ਸਾਬਕਾ ਰਾਸ਼ਟਰਪਤੀ ਉਬਾਮਾ ਤੇ ਉਨ੍ਹਾਂ ਦੀ ਪਤਨੀ ਡੈਮੋਕਰੈਟਿਕ ਸਫ਼ਾਂ ਵਿੱਚ ਬਹੁਤ ਅਸਰ ਰਸੂਖ ਰਖਦੇ ਹਨ ਤੇ ਪਾਰਟੀ ਆਸ ਕਰਦੀ ਹੈ ਕਿ



ਉਹ ਉਨ੍ਹਾਂ ਰਾਜਾਂ ਜਿਥੇ ਜਿੱਤ ਦਾ ਫ਼ਰਕ ਬਹੁਤ ਥੋੜਾ ਰਹਿਣ ਦੀ ਸੰਭਾਵਨਾ ਹੈ, ਵਿੱਚ ਵਫ਼ਾਦਾਰ ਡੈਮੋਕਰੈਟ ਵੋਟਰਾਂ ਵਿੱਚ ਨਵਾਂ ਜੋਸ਼ ਭਰਨ ਵਿੱਚ ਸਫ਼ਲ ਹੋਣਗੇ। ਮਿਸ਼ੈਲ ਉਬਾਮਾ ਚੋਣ ਮੁਹਿੰਮ ਦੌਰਾਨ ਪਹਿਲੀ ਵਾਰ ਮਿਸ਼ੀਗਨ ਵਿੱਚ ਹੈਰਿਸ ਨਾਲ 26 ਅਕਤੂਬਰ ਨੂੰ ਚੋਣ ਪ੍ਰਚਾਰ ਕਰਨਗੇ ਤੇ ਸਮਾਗਮਾਂ ਨੂੰ ਸੰਬੋਧਨ ਕਰਨਗੇ। ਉਨ੍ਹਾਂ ਦੇ ਪਤੀ ਬਰਾਕ ਉਬਾਮਾ ਅਗਲੇ ਹਫ਼ਤੇ ਜਾਰਜੀਆ ਵਿੱਚ ਹੈਰਿਸ ਨਾਲ ਚੋਣ ਪ੍ਰਚਾਰ ਕਰਨਗੇ। ਹਾਲ ਹੀ ਵਿੱਚ ਉਨ੍ਹਾਂ ਨੇ ਪਿਟਸਬਰਗ ਵਿੱਚ ਸਮਾਗਮ ਨੂੰ ਸੰਬੋਧਨ ਕੀਤਾ ਸੀ।

ਆਉਣ ਵਾਲੇ ਦਿਨਾਂ ਵਿੱਚ ਉਹ ਟਕਸਨ, ਲਾਸ ਵੇਗਾਸ, ਡੈਟਰਾਇਟ ਤੇ ਮੈਡੀਸਨ ਵਿੱਚ ਚੋਣ ਪ੍ਰਚਾਰ ਕਰਨਗੇ। ਇਥੇ ਇਹ ਵੀ ਵਰਨਣਯੋਗ ਹੈ ਕਿ ਹੈਰਿਸ ਨੇ 2008 ਵਿੱਚ ਰਾਸ਼ਟਰਪਤੀ ਅਹੁਦੇ ਲਈ ਬਰਾਕ ਉਬਾਮਾ ਦਾ ਸਮਰਥਨ ਕੀਤਾ ਸੀ ਜਦ ਕਿ ਉਬਾਮਾ ਨੇ 2024 ਵਿੱਚ ਪਾਰਟੀ ਉਮੀਦਵਾਰ ਵਜੋਂ ਕਮਲਾ ਹੈਰਿਸ ਲਈ ਪਰਦੇ ਪਿੱਛੇ ਸਮਰਥਨ ਜੁਟਾਇਆ ਸੀ।

# ਇਟਲੀ 'ਚ ਬੱਸ ਚਲਾਉਂਦੀ ਹੈ ਰਾਜਦੀਪ ਕੌਰ

ਵੈਨਿਸ (ਇਟਲੀ)/ਏ.ਟੀ.ਨਿਊਜ਼: ਸੈਂਟਰਲ ਇਟਲੀ ਦੇ ਤੋਸਕਾਨਾ ਸੂਬੇ ਦੇ ਵਿੱਚ ਸਥਿੱਤ ਪੀਜਾ ਸ਼ਹਿਰ ਨੇੜੇ ਰਹਿਣ ਵਾਲੀ ਪੰਜਾਬਣ ਲੜਕੀ ਰਾਜਦੀਪ ਕੌਰ ਨੇ ਸਖ਼ਤ ਮਿਹਨਤ ਅਤੇ ਲਗਨ ਸਦਕਾ ਡਰਾਇਵਿੰਗ ਦੇ ਖੇਤਰ ਵਿੱਚ ਕਠਿਨ ਪ੍ਰੀਖਿਆਵਾਂ ਨੂੰ ਪਾਸ ਕਰਦੇ ਹੋਇਆ ਇੱਥੇ ਬੱਸ ਚਲਾਉਣ ਦਾ ਇਟਾਲੀਅਨ ਲਾਇਸੈਂਸ ਹਾਸਿਲ ਕੀਤਾ ਹੈ ਤੇ ਹੁਣ ਉਹ ਇਟਲੀ ਦੀ ਨਾਮਵਰ ਕੰਪਨੀ 'ਦਾਂਤੀ' ਵਿਚ ਬਤੌਰ ਬੱਸ ਡਰਾਈਵਰ ਦੇ ਤੌਰ 'ਤੇ ਨੌਕਰੀ ਹਾਸਿਲ ਕਰਕੇ ਸੇਵਾਵਾਂ ਨਿਭਾਅ ਰਹੀ ਹੈ। ਪਿਛੋਕੜ ਤੋਂ ਰਾਜਦੀਪ ਕੌਰ ਜਲੰਧਰ ਜ਼ਿਲ੍ਹੇ ਦੇ ਪਿੰਡ ਜੱਲੋਵਾਲ ਨਾਲ਼ ਸਬੰਧਿਤ ਹੈ ਤੇ ਵਿਆਹ ਉਪਰੰਤ ਸਾਲ 2012 ਵਿੱਚ ਆਪਣੇ ਪਤੀ ਕੁਲਵਿੰਦਰ ਸਿੰਘ ਨਾਲ਼ ਇਟਲੀ ਪਹੁੰਚੀ ਸੀ। ਰਾਜਦੀਪ ਕੌਰ ਨੇ



ਦੱਸਿਆ ਕਿ ਬੱਸ ਦੇ ਲਾਇਸੈਂਸ ਦੀ ਪੜ੍ਹਾਈ ਉਸ ਨੇ ਇਟਲੀ ਦੇ ਪ੍ਰਸਿੱਧ ਪੰਜਾਬੀ ਡਰਾਈਵਿੰਗ ਸਕੂਲ ਤੋਂ ਹਾਸਿਲ ਕੀਤੀ ਹੈ।



# ਪੰਜਾਬ 'ਚ ਕੀ ਹੋਵੇਗਾ ਅਕਾਲੀ ਸਿਆਸਤ ਦਾ ਭਵਿੱਖ ?

## ਜਥੇਦਾਰ ਸਾਹਿਬ ਲਈ ਸੌਖਾ ਨਹੀਂ ਹੈ ਅਕਾਲੀ ਦਲ ਬਾਰੇ ਫ਼ੈਸਲਾ ਲੈਣਾ

## ਅਕਾਲੀ ਦਲ ਤੋਂ ਬਿਨਾਂ ਅਧੂਰੀ ਮੰਨੀ ਜਾਂਦੀ ਹੈ ਪੰਜਾਬ ਦੀ ਸਿਆਸਤ

## ਹਾਸ਼ੀਏ 'ਤੇ ਪਹੁੰਚਣ ਦੇ ਬਾਵਜੂਦ ਪੰਜਾਬ ਦੀ ਸਭ ਤੋਂ ਚਰਚਿਤ ਸਿਆਸੀ ਪਾਰਟੀ ਬਣੀ ਅਕਾਲੀ ਦਲ

ਸ਼੍ਰੋਮਣੀ ਅਕਾਲੀ ਦਲ ਦਾ ਮਾਮਲਾ ਇਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬਾਨ ਕੋਲ ਪਹੁੰਚਿਆ ਹੋਇਆ ਹੈ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੂੰ ਤਨਖ਼ਾਹੀਆ ਐਲਾਨਿਆ ਹੋਇਆ ਹੈ। ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਵਿਚਾਲੇ ਹੋਏ ਵਿਵਾਦ ਕਾਰਨ ਵੀ ਅਕਾਲੀ ਦਲ ਨੂੰ ਹੀ ਨੁਕਸਾਨ ਪਹੁੰਚਿਆ ਹੈ। ਇਸ ਦੇ ਬਾਵਜੂਦ ਇਸ ਸਮੇਂ ਅਕਾਲੀ ਦਲ ਹੀ ਪੰਜਾਬ ਦੀ ਸਭ ਤੋਂ ਚਰਚਿਤ ਸਿਆਸੀ ਪਾਰਟੀ ਮੰਨਿਆ ਜਾ ਰਿਹਾ ਹੈ। ਇਸ ਦਾ ਕਾਰਨ ਇਹ ਹੈ ਕਿ ਸ਼੍ਰੋਮਣੀ ਅਕਾਲੀ ਦਲ ਲੰਬਾ ਸਮਾਂ ਪੰਜਾਬੀਆਂ ਨਾਲ ਦਿਲਾਂ ਦੀਆਂ ਗਹਿਰਾਈਆਂ ਤੋਂ ਜੁੜਿਆ ਰਿਹਾ ਹੈ। ਭਾਵੇਂ ਕਿ ਇਸ ਸਮੇਂ ਅਕਾਲੀ ਦਲ ਪੰਜਾਬ ਦੀ ਸਿਆਸਤ ਵਿੱਚ ਹਾਸ਼ੀਏ 'ਤੇ ਪਹੁੰਚ ਚੁੱਕਿਆ ਹੈ ਪਰ ਪੰਜਾਬ ਵਿੱਚ ਅਕਾਲੀ ਦਲ ਦੀਆਂ ਸਰਕਾਰਾਂ ਨੇ ਵੱਖ -ਵੱਖ ਸਮੇਂ ਸੱਤਾ ਦਾ ਸੁੱਖ ਵੀ ਭੋਗਿਆ ਹੈ। ਕਿਹਾ ਤਾਂ ਇਹ ਵੀ ਜਾਂਦਾ ਹੈ ਕਿ ਪੰਜਾਬ ਦੀ ਸਿਆਸਤ ਅਕਾਲੀ ਦਲ ਤੋਂ ਬਿਨਾਂ ਅਧੂਰੀ ਜਿਹੀ ਹੀ ਹੈ।

ਪੰਜਾਬ ਦੀ ਸਭ ਤੋਂ ਪੁਰਾਣੀ ਖੇਤਰੀ ਸਿਆਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦਾ ਪੰਜਾਬ ਦੀ ਸਿਆਸਤ 'ਚ ਵੱਡਾ ਮਹੱਤਵ ਹੈ ਪਰ ਇਸ ਸਮੇਂ ਪੰਜਾਬ 'ਚ ਅਕਾਲੀ ਦਲ ਦੀ ਜੋ ਸਥਿਤੀ ਹੈ, ਉਸ ਕਾਰਨ ਕਈ ਤਰ੍ਹਾਂ ਦੇ ਸਵਾਲ ਉਠ ਰਹੇ ਹਨ। ਅਕਾਲੀ ਦਲ ਦਾ ਇਸ ਸਮੇਂ ਹਾਲ ਇਹ ਹੋ ਗਿਆ ਹੈ ਕਿ ਅਕਾਲੀ ਦਲ ਦਾ ਪੱਕਾ ਵੋਟ ਬੈਂਕ ਸਮਝੀਆਂ ਜਾਂਦੀਆਂ 'ਪੰਥਕ ਵੋਟਾਂ' ਵੀ ਅਕਾਲੀ ਦਲ ਤੋਂ ਦੂਰ ਹੋ ਚੁੱਕੀਆਂ ਹਨ, ਜਿਸ ਦਾ ਸਬੂਤ ਪੰਚਾਇਤ ਚੋਣਾਂ ਵਿੱਚ ਅਕਾਲੀ ਉਮੀਦਵਾਰਾਂ ਨੂੰ ਮਿਲੀ ਹਾਰ ਤੋਂ ਮਿਲ ਜਾਂਦਾ ਹੈ। ਸ਼੍ਰੋਮਣੀ ਅਕਾਲੀ ਦਲ ਦੀ ਮੌਜੂਦਾ ਹਾਲਤ ਵੇਖ ਕੇ ਹਰ ਪੰਥ ਦਰਦੀ ਅਤੇ ਅਕਾਲੀ ਦਲ ਦੇ ਸਮਰਥਕਾਂ ਦੇ ਮਨਾਂ ਨੂੰ ਠੇਸ ਪਹੁੰਚਦੀ ਹੈ।

ਸਿੱਖ ਦੁਨੀਆਂ ਦੇ ਕਿਸੇ ਵੀ ਦੇਸ਼ 'ਚ ਰਹਿੰਦੇ ਹੋਣ ਪਰ ਉਹਨਾਂ ਦੇ 'ਪੇਕੇ' ਪੰਜਾਬ 'ਚ ਹੀ ਮੰਨੇ ਜਾਂਦੇ ਹਨ। ਇਸੇ ਤਰ੍ਹਾਂ ਸਿੱਖ ਕਿਸੇ ਵੀ ਸਿਆਸੀ ਪਾਰਟੀ 'ਚ ਹੋਣ ਜਾਂ ਸਰਕਾਰੀ ਅਧਿਕਾਰੀ ਜਾਂ ਸਰਕਾਰੀ ਕਰਮਚਾਰੀ ਹੋ ਕੇ ਸਿਆਸਤ 'ਚ ਹਿੱਸਾ ਨਾ ਲੈਂਦੇ ਹੋਣ ਤਾਂ ਵੀ ਅਕਾਲੀ ਦਲ ਨੂੰ ਪੰਥਕ ਪਾਰਟੀ ਸਮਝਦਿਆਂ ਉਹ ਕਿਸੇ ਨਾ ਕਿਸੇ ਰੂਪ ਵਿੱਚ ਅੰਦਰੂਨੀ ਤੌਰ 'ਤੇ ਅਕਸਰ ਅਕਾਲੀ ਦਲ ਨੂੰ ਸਮਰਥਨ ਦਿੰਦੇ ਰਹੇ ਹਨ। ਅਜਿਹੇ ਗੁਪਤ ਸਮਰਥਕਾਂ ਨੂੰ ਵੀ ਅਕਾਲੀ ਦਲ ਦੀਆਂ 'ਪੱਕੀਆਂ ਪੰਥਕ ਵੋਟਾਂ' ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਪੰਜਾਬ ਵਿੱਚ ਵੱਡੀ ਗਿਣਤੀ ਵੋਟਰ ਅਜਿਹੇ ਹਨ, ਜਿਨ੍ਹਾਂ ਨੇ ਸਿਰਫ਼ 'ਪੰਥ' ਦੇ ਨਾਂਅ 'ਤੇ 'ਤੱਕੜੀ' ਦੇ ਚੋਣ ਨਿਸ਼ਾਨ 'ਤੇ ਮੋਹਰ ਲਗਾ ਦੇਣੀ ਹੁੰਦੀ ਹੈ, 'ਤੱਕੜੀ' ਚੋਣ ਨਿਸ਼ਾਨ 'ਤੇ ਭਾਵੇਂ ਕੋਈ ਵੀ ਉਮੀਦਵਾਰ ਚੋਣ ਲੜ ਰਿਹਾ ਹੋਵੇ। ਅਜਿਹੀਆਂ ਪੱਕੀਆਂ 'ਪੰਥਕ ਵੋਟਾਂ' ਨੂੰ ਉਮੀਦਵਾਰ ਦੇ ਚਿਹਰੇ ਨਾਲ ਕੁਝ ਲੈਣਾ ਦੇਣਾ ਨਹੀਂ ਹੁੰਦਾ ਪਰ ਉਹ 'ਤੱਕੜੀ' ਚੋਣ ਨਿਸ਼ਾਨ 'ਤੇ ਮੋਹਰ ਲਗਾਉਣ ਨੂੰ 'ਪੰਥ ਦੀ ਸੇਵਾ' ਅਤੇ ਆਪਣਾ 'ਪੰਥਕ ਫ਼ਰਜ਼' ਸਮਝਦੇ ਹਨ। ਅਜਿਹੇ ਵੋਟਰ ਵੀ ਅਕਾਲੀ ਦਲ ਦੀਆਂ 'ਪੰਥਕ ਵੋਟਾਂ' ਕਹੇ ਜਾਂਦੇ ਹਨ। ਅਜਿਹੇ ਵੋਟਰਾਂ ਦੀ ਵੀ ਪੰਜਾਬ 'ਚ ਵੱਡੀ ਗਿਣਤੀ ਹੈ ਅਤੇ ਇਹ 'ਪੰਥਕ ਵੋਟਾਂ' ਅਕਸਰ ਕਿਸੇ ਵੀ ਉਮੀਦਵਾਰ ਦੀ ਜਿੱਤ ਹਾਰ ਦਾ ਫ਼ੈਸਲਾ ਕਰ ਦਿੰਦੀਆਂ ਹਨ। ਇਹ 'ਪੰਥਕ ਵੋਟਾਂ' ਪਿਛਲੇ ਕਈ ਦਹਾਕਿਆਂ ਤੋਂ ਅਕਾਲੀ ਦਲ ਦੀਆਂ ਪੱਕੀਆਂ ਵੋਟਾਂ ਸਨ ਪਰ ਕੁਝ ਸਾਲਾਂ ਤੋਂ ਅਕਾਲੀ ਦਲ ਦੀ ਕਾਰਗੁਜ਼ਾਰੀ ਕਾਰਨ ਅਕਾਲੀ ਦਲ ਦੀਆਂ ਇਹ 'ਪੰਥਕ ਵੋਟਾਂ' ਹੀ ਅਕਾਲੀ ਦਲ ਤੋਂ ਨਿਰਾਸ਼ ਹੋ ਕੇ ਜਾਂ ਤਾਂ ਚੁੱਪ ਕਰਕੇ ਘਰ ਬੈਠ ਗਈਆਂ ਹਨ ਜਾਂ ਫਿਰ ਹੋਰਨਾਂ ਸਿਆਸੀ ਪਾਰਟੀਆਂ ਦੇ ਹੱਕ 'ਚ ਭੁਗਤਣ ਲੱਗ ਪਈਆਂ ਹਨ। ਹੋਰਨਾਂ ਸਿਆਸੀ ਪਾਰਟੀਆਂ ਨੇ ਵੀ ਅਕਾਲੀ ਦਲ ਦੀਆਂ ਪੱਕੀਆਂ 'ਪੰਥਕ ਵੋਟਾਂ' ਨੂੰ ਆਪਣੇ ਵੱਲ ਖਿੱਚਣ ਦੇ ਪੂਰੇ ਯਤਨ ਕੀਤੇ ਹਨ। ਅਜਿਹੀਆਂ ਵੋਟਾਂ ਦੀ ਹਮਾਇਤ ਨਾਲ ਹੀ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਜੇਤੂ ਰਹੀ ਤੇ ਪੰਜਾਬ ਵਿੱਚ ਸਰਕਾਰ ਬਣਾਉਣ ਵਿੱਚ ਕਾਮਯਾਬ ਹੋ ਗਈ।



ਪੰਥਕ ਸੋਚ ਰੱਖਣ ਵਾਲੇ ਪੰਜਾਬੀਆਂ ਅੱਗੇ ਸਭ ਤੋਂ ਪਹਿਲਾਂ ਤਾਂ ਅਕਾਲੀ ਦਲ ਦੇ ਕਈ ਗਰੁੱਪਾਂ ਕਰਕੇ ਭੰਬਲਭੂਸਾ ਖੜ੍ਹਾ ਹੋ ਜਾਂਦਾ ਹੈ ਕਿ ਅਸਲੀ ਅਕਾਲੀ ਦਲ ਕਿਹੜਾ ਹੈ ? ਇਸ ਸਮੇਂ ਪੰਜਾਬ ਵਿੱਚ ਅਕਾਲੀ ਦਲ ਬਾਦਲ, ਅਕਾਲੀ ਦਲ ਮਾਨ ਅਤੇ ਹੋਰ ਕਈ ਅਕਾਲੀ ਗਰੁੱਪ ਵੱਖੋ ਵੱਖਰੇ ਤੌਰ 'ਤੇ ਸਰਗਰਮ ਹਨ। ਇਸ ਤੋਂ ਇਲਾਵਾ ਅਕਾਲੀ ਦਲ ਬਾਦਲ ਦੇ ਵੱਡੀ ਗਿਣਤੀ ਸੀਨੀਅਰ ਆਗੂ ਬਾਗੀ ਹੋ ਕੇ ਵੱਖਰਾ ਗਰੁੱਪ ਬਣਾ ਚੁੱਕੇ ਹਨ। ਉਹਨਾਂ ਵੱਲੋਂ ਹੀ ਅਕਾਲੀ ਦਲ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਕੋਲ ਪਹੁੰਚ ਕੀਤੀ ਗਈ ਹੈ। ਆਮ ਅਕਾਲੀ ਵਰਕਰਾਂ ਨੂੰ ਸਮਝ ਨਹੀਂ ਆ ਰਹੀ ਕਿ ਉਹ ਅਕਾਲੀ ਦਲ ਦੇ ਕਿਸ ਧੜੇ ਜਾਂ ਗਰੁੱਪ ਦੀ ਹਮਾਇਤ ਕਰਨ। ਇਸੇ ਕਰਕੇ ਵੱਡੀ ਗਿਣਤੀ ਅਕਾਲੀ ਵਰਕਰ ਚੁੱਪ ਕਰਕੇ ਘਰ ਬੈਠ ਗਏ ਹਨ।




ਪੰਜਾਬ 'ਚ ਅਸਲੀ ਤੇ ਤਾਕਤਵਰ ਅਕਾਲੀ ਦਲ ਉਸ ਨੂੰ ਸਮਝਿਆ ਜਾਂਦਾ ਹੈ, ਜਿਸ ਕੋਲ ਪੰਜਾਬ ਦੀ ਸੱਤਾ ਹੋਵੇ ਅਤੇ ਸ਼੍ਰੋਮਣੀ ਕਮੇਟੀ 'ਤੇ ਉਸ ਦਾ ਕਬਜ਼ਾ ਹੋਵੇ। ਪੰਜਾਬ ਦੀ ਸੱਤਾ 'ਤੇ ਲੰਬਾ ਸਮਾਂ ਬਾਦਲ ਅਕਾਲੀ ਦਲ ਰਾਜ ਕਰਦਾ ਰਿਹਾ ਹੈ ਅਤੇ ਇਸ ਸਮੇਂ ਭਾਵੇਂ ਅਕਾਲੀ ਦਲ ਬਾਦਲ ਸੱਤਾ ਤੋਂ ਦੂਰ ਹੈ ਪਰ ਸ਼੍ਰੋਮਣੀ ਕਮੇਟੀ 'ਤੇ ਉਸ ਦਾ ਪੂਰੀ ਤਰਾਂ ਕਬਜ਼ਾ ਹੈ। ਇਸ ਤੋਂ ਇਲਾਵਾ ਬਾਦਲ ਦਲ ਕੋਲ 'ਤੱਕੜੀ' ਚੋਣ ਨਿਸ਼ਾਨ ਹੋਣ ਕਾਰਨ ਬਾਦਲ ਦਲ ਨੂੰ ਹੋਰਨਾਂ ਅਕਾਲੀ ਗਰੁੱਪਾਂ ਨਾਲੋਂ ਵਧੇਰੇ ਤਾਕਤਵਰ ਸਮਝਿਆ ਜਾਂਦਾ ਹੈ ਪਰ ਇਸ ਸਮੇਂ ਬਾਦਲ ਦਲ ਦਾ ਜੋ ਹਾਲ ਹੈ, ਉਹ ਸਭ ਦੇ ਸਾਹਮਣੇ ਹੈ।

ਅਕਾਲੀ ਸਿਆਸਤ ਦੀ ਜਾਣਕਾਰੀ ਰੱਖਣ ਵਾਲੇ ਸਿਆਸੀ ਮਾਹਿਰ ਕਹਿੰਦੇ ਹਨ ਕਿ ਜਦੋਂ ਤੋਂ ਅਕਾਲੀ ਦਲ 'ਚ ਬਾਦਲ ਪਰਿਵਾਰ ਦੀ ਚੜ੍ਹਤ ਹੋਈ ਹੈ ਤਾਂ ਇਸ ਪਰਿਵਾਰ ਵੱਲੋਂ ਦੂਜੇ ਸਾਰੇ ਟਕਸਾਲੀ ਅਕਾਲੀ ਆਗੂ ਨੁਕਰੇ ਲਗਾ ਦਿੱਤੇ ਗਏ ਹਨ, ਜਿਸ ਕਰਕੇ ਇਹ ਟਕਸਾਲੀ ਆਗੂ ਜਾਂ ਤਾਂ ਚੁੱਪ ਕਰਕੇ ਬੈਠ ਗਏ ਹਨ ਜਾਂ ਫਿਰ ਆਪਣੇ ਵੱਖਰੇ ਅਕਾਲੀ ਧੜੇ ਬਣਾ ਚੁੱਕੇ ਹਨ। ਸਿਆਸੀ ਮਾਹਿਰ ਕਹਿੰਦੇ ਹਨ ਕਿ ਜਦੋਂ ਤਕ ਅਕਾਲੀ ਦਲ ਦੀ ਵਾਗਡੋਰ ਪ੍ਰਕਾਸ਼ ਸਿੰਘ ਬਾਦਲ ਦੇ ਹੱਥ ਰਹੀ, ਉਹ ਨਰਮੀ ਨਾਲ ਦੂਜੇ ਟਕਸਾਲੀ ਆਗੂਆਂ ਨੂੰ ਵੀ ਆਪਣੇ ਨਾਲ ਤੋਰਨ ਵਿੱਚ ਕਾਮਯਾਬ ਹੋ ਜਾਂਦੇ ਸਨ ਪਰ ਸੁਖਬੀਰ ਬਾਦਲ ਜਦੋਂ ਤੋਂ ਅਕਾਲੀ ਦਲ ਦੇ ਪ੍ਰਧਾਨ ਬਣੇ ਹਨ ਤਾਂ ਸੁਖਬੀਰ ਬਾਦਲ ਦੀ ਕਾਰਜ-ਸ਼ੈਲੀ ਸੀਨੀਅਰ ਟਕਸਾਲੀ ਅਕਾਲੀ ਆਗੂਆਂ ਨੂੰ ਸਹੀ ਨਹੀਂ ਲੱਗ ਰਹੀ, ਇਸੇ ਕਰਕੇ ਅਨੇਕਾਂ ਸੀਨੀਅਰ ਟਕਸਾਲੀ ਅਕਾਲੀ ਆਗੂ ਬਾਦਲ ਦਲ ਤੋਂ ਦੂਰ ਹੋ ਚੁੱਕੇ ਹਨ। ਸਿਆਸੀ ਮਾਹਿਰ ਕਹਿੰਦੇ ਹਨ ਕਿ ਸੁਖਬੀਰ ਬਾਦਲ ਨੂੰ ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਅਕਾਲੀ ਦਲ ਜ਼ਮੀਨੀ ਪੱਧਰ ਤੋਂ ਉੱਠੀ ਹੋਈ ਸਿਆਸੀ ਪਾਰਟੀ ਹੈ ਅਤੇ ਅਕਾਲੀ ਦਲ ਵੱਲੋਂ ਕਿਸੇ ਨੂੰ ਵੀ ਨਿਰਾਸ਼ ਨਹੀਂ ਸੀ ਕੀਤਾ ਜਾਂਦਾ।



ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਦਾ ਸਿਆਸੀ ਕੱਦ ਏਨਾ ਵੱਡਾ ਨਹੀਂ ਹੈ ਕਿ ਉਹ ਅਕਾਲੀ ਦਲ ਨੂੰ ਪੰਜਾਬ ਵਿੱਚ ਮੁੜ ਪੂਰੀ ਤਰ੍ਹਾਂ ਮਜ਼ਬੂਤ ਕਰ ਸਕਣ। ਬੀਤੇ ਦਿਨੀਂ ਸ੍ਰ. ਭੂੰਦੜ ਦੇ ਪਿੰਡ ਵਿਚੋਂ 65 ਪਰਿਵਾਰਾਂ ਵੱਲੋਂ ਪਾਰਟੀ ਨੂੰ ਅਲਵਿਦਾ ਕਹਿ ਕੇ ਕਾਂਗਰਸ 'ਚ ਸ਼ਾਮਲ ਹੋਣ 'ਤੇ ਅਕਾਲੀ ਦਲ ਨੂੰ ਵੱਡਾ ਝਟਕਾ ਲੱਗਾ ਹੈ। ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਬਿਕਰਮ ਸਿੰਘ ਮੋਫਰ ਨੇ ਕਿਹਾ ਹੈ ਕਿ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਵੱਲੋਂ ਆਪਣਾ ਪਿੰਡ ਹੀ ਨਹੀਂ ਸੰਭਾਲਿਆ ਗਿਆ, ਉਹ ਪਾਰਟੀ ਕੀ ਸੰਭਾਲਣਗੇ ?

ਇਸ ਸਮੇਂ ਸਭ ਦੀਆਂ ਨਜ਼ਰਾਂ ਜ਼ਿਮਨੀ ਚੋਣਾਂ ਵਿੱਚ ਅਕਾਲੀ ਦਲ ਦੀ ਕਾਰਗੁਜਾਰੀ 'ਤੇ ਲੱਗੀਆਂ ਹੋਈਆਂ ਹਨ। ਅਕਾਲੀ ਦਲ ਜੇ ਇਹ ਜ਼ਿਮਨੀ ਚੋਣਾਂ ਜਿੱਤ ਜਾਂਦਾ ਹੈ ਤਾਂ ਸੁਖਬੀਰ ਬਾਦਲ ਤੇ ਸ੍ਰ. ਭੂੰਦੜ ਦੀ ਅਗਵਾਈ ਵਿੱਚ ਅਕਾਲੀ ਦਲ ਮੁੜ ਮਜਬੂਤ ਹੋ ਸਕਦਾ ਹੈ ਪਰ ਜੇ ਅਕਾਲੀ ਦਲ ਜ਼ਿਮਨੀ ਚੋਣਾਂ ਹਾਰ ਜਾਂਦਾ ਹੈ ਤਾਂ ਅਕਾਲੀ ਦਲ ਦਾ ਸਿਆਸੀ ਭਵਿੱਖ ਹਨੇਰੇ ਵਿੱਚ ਹੋਵੇਗਾ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਸਮੇਂ ਅਕਾਲੀ ਦਲ ਬਾਦਲ 'ਤੇ ਪੂਰੀ ਤਰ੍ਹਾਂ ਬਾਦਲ ਪਰਿਵਾਰ ਦਾ ਕਬਜ਼ਾ ਹੋਣ ਕਰਕੇ ਅਕਾਲੀ ਦਲ ਬਾਦਲ 'ਚ ਹੋਰਨਾਂ ਅਕਾਲੀ ਆਗੂਆਂ ਦੀ ਕੋਈ ਅਹਿਮੀਅਤ ਨਹੀਂ ਹੈ, ਜਿਸ ਕਰਕੇ ਸੀਨੀਅਰ ਟਕਸਾਲੀ ਆਗੂ ਨਿਰਾਸ਼ ਹਨ। ਸਿਆਸੀ ਮਾਹਿਰ ਕਹਿੰਦੇ ਹਨ ਕਿ ਜਦੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅਕਾਲੀ ਦਲ ਨੂੰ 'ਪੰਥਕ ਪਾਰਟੀ' ਦੀ ਥਾਂ ' ਪੰਜਾਬੀਆਂ ਦੀ ਪਾਰਟੀ' ਬਣਾਇਆ ਸੀ ਤਾਂ ਉਸ ਵੇਲੇ ਤੋਂ ਹੀ 'ਪੰਥ ਹਿਤੈਸ਼ੀ' ਅਤੇ 'ਪੰਥ ਦਰਦੀ' ਅਕਾਲੀ ਦਲ ਤੋਂ ਦੂਰ ਹੋਣੇ ਸ਼ੁਰੂ ਹੋ ਗਏ ਸਨ। ਹੁਣ 'ਪੰਥ ਦਰਦੀ' ਅਤੇ 'ਪੰਥਕ ਸੋਚ' ਰਖਦੇ ਪੰਜਾਬੀਆਂ ਦੀਆਂ ਨਜ਼ਰਾਂ ਜਥੇਦਾਰ ਸਾਹਿਬ ਵੱਲ ਲੱਗੀਆਂ ਹੋਈਆਂ ਹਨ ਕਿ ਉਹ ਅਕਾਲੀ ਦਲ ਸਬੰਧੀ ਕੀ ਫ਼ੈਸਲਾ ਲੈਂਦੇ ਹਨ ? ਦੂਜੇ ਪਾਸੇ ਜਥੇਦਾਰ ਸਾਹਿਬ ਲਈ ਵੀ ਇਹ ਫ਼ੈਸਲਾ ਕਰਨਾ ਆਸਾਨ ਨਹੀਂ ਹੈ।



# ਕੀ ਇਜ਼ਰਾਈਲ ਈਰਾਨ ’ਤੇ ਪ੍ਰਮਾਣੂ ਬੰਬ ਸੁੱਟਣ ਦੀ ਤਿਆਰੀ ਕਰ ਰਿਹਾ ਹੈ ?

## ਪੈਂਟਾਗਨ ਤੋਂ ਲੀਕ ਹੋਏ ਗੁਪਤ ਦਸਤਾਵੇਜ਼, ਫ਼ਾਈਵ ਆਈਜ਼ ਵਿੱਚ ਕਿਸ ਦਾ ਕਸੂਰ ?



ਵਾਸ਼ਿੰਗਟਨ/ਏ.ਟੀ.ਨਿਊਜ਼: ਸੀ.ਐਨ.ਐਨ. ਨੇ ਇਸ ਮਾਮਲੇ ਤੋਂ ਜਾਣੂ ਤਿੰਨ ਲੋਕਾਂ ਦਾ ਹਵਾਲਾ ਦਿੰਦੇ ਹੋਏ ਰਿਪੋਰਟ ਕੀਤੀ ਸੀ ਕਿ ਸੰਯੁਕਤ ਰਾਜ ਅਮਰੀਕਾ ਈਰਾਨ ਦੇ ਵਿਰੁੱਧ ਜਵਾਬੀ ਕਾਰਵਾਈ ਕਰਨ ਲਈ ਇਜ਼ਰਾਈਲ ਦੀਆਂ ਯੋਜਨਾਵਾਂ ਬਾਰੇ ਉੱਚ ਪੱਧਰੀ ਅਮਰੀਕੀ ਖ਼ੁਫ਼ੀਆ ਜਾਣਕਾਰੀ ਦੇ ਲੀਕ ਹੋਣ ਦੀ ਜਾਂਚ ਕਰ ਰਿਹਾ ਹੈ। ਜਾਣੂ ਲੋਕਾਂ ਵਿੱਚੋਂ ਇੱਕ ਨੇ ਦਸਤਾਵੇਜ਼ਾਂ ਦੀ ਪ੍ਰਮਾਣਿਕਤਾ ਦੀ ਪੁਸ਼ਟੀ ਕੀਤੀ ਹੈ। ਇੱਕ ਅਮਰੀਕੀ ਅਧਿਕਾਰੀ ਨੇ ਸੀ.ਐਨ.ਐਨ. ਨੂੰ ਦੱਸਿਆ ਕਿ ਅਜਿਹਾ ਹੋਣਾ ‘ਬਹੁਤ ਚਿੰਤਾਜਨਕ’ ਸੀ। ਪਰ, ਸਵਾਲ ਉਠਾਏ ਜਾ ਰਹੇ ਹਨ ਕਿ ਕੀ ਬਹੁਤ ਹੀ ਗੁਪਤ ਦਸਤਾਵੇਜ਼ ਲੀਕ ਹੋਏ ਸਨ, ਜਾਂ ਉਨ੍ਹਾਂ ਨੂੰ ਜਾਣਬੁੱਝ ਕੇ ਲੀਕ ਕੀਤਾ ਗਿਆ ਹੈ ?

15 ਅਤੇ 16 ਅਕਤੂਬਰ ਦੀ ਮਿਤੀ ਦੇ ਦਸਤਾਵੇਜ਼, ਬੀਤੇ ਦਿਨੀਂ ‘ਮਿਡਲ ਈਸਟ ਸਪੈਕਟੇਟਰ’ ਨਾਮਕ ਖਾਤੇ ਤੋਂ ਟੈਲੀਗ੍ਰਾਮ ’ਤੇ ਪੋਸਟ ਕੀਤੇ ਜਾਣ ਤੋਂ ਬਾਅਦ ਆਨਲਾਈਨ ਵਾਇਰਲ ਹੋ ਗਏ ਸਨ। ਇਹਨਾਂ ਨੂੰ ਚੋਟੀ ਦੇ ਸੀਕਰੇਟ ਦਸਤਾਵੇਜ਼ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਸੀ ਅਤੇ ਉਹਨਾਂ ਉੱਤੇ ਨਿਸ਼ਾਨ ਸਨ ਜੋ ਇਹ ਦਰਸਾਉਂਦੇ ਸਨ ਕਿ ਉਹਨਾਂ ਨੂੰ ਸਿਰਫ਼ ਸੰਯੁਕਤ ਰਾਜ ਅਤੇ ਇਸਦੇ ‘ਪੰਜ ਅੱਖਾਂ’ ਸਹਿਯੋਗੀ - ਆਸਟ੍ਰੇਲੀਆ, ਕੈਨੇਡਾ, ਨਿਊਜ਼ੀਲੈਂਡ ਅਤੇ ਯੂਨਾਈਟਿਡ ਕਿੰਗਡਮ ਦੁਆਰਾ ਹੀ ਦੇਖਿਆ ਜਾ ਸਕਦਾ ਹੈ।

ਲੀਕ ਹੋਏ ਦਸਤਾਵੇਜ਼ਾਂ ਤੋਂ ਪਤਾ ਲੱਗਦਾ ਹੈ ਕਿ ਇਜ਼ਰਾਈਲ ਈਰਾਨ ’ਤੇ ਹਮਲੇ ਲਈ ਕੀ ਤਿਆਰੀਆਂ ਕਰ ਰਿਹਾ ਹੈ। ਨੈਸ਼ਨਲ ਜੀਓਸਪੇਸ਼ੀਅਲ-ਇੰਟੈਲੀਜੈਂਸ ਏਜੰਸੀ ਦੁਆਰਾ ਇਕੱਠੇ ਕੀਤੇ ਗਏ ਦਸਤਾਵੇਜ਼ਾਂ ਵਿੱਚੋਂ ਇੱਕ, ਕਹਿੰਦਾ ਹੈ ਕਿ ਇਸ ਯੋਜਨਾ ਵਿੱਚ ਇਜ਼ਰਾਈਲ ਗੋਲਾ ਬਾਰੂਦ ਨੂੰ ਇਧਰ-ਉਧਰ ਲਿਜਾਣਾ ਸ਼ਾਮਲ ਹੈ।

ਇੱਕ ਹੋਰ ਦਸਤਾਵੇਜ਼ ਅਨੁਸਾਰ ਇਸ ਨੂੰ ਰਾਸ਼ਟਰੀ ਸੁਰੱਖਿਆ ਏਜੰਸੀ ਤੋਂ ਪ੍ਰਾਪਤ ਕੀਤਾ ਗਿਆ ਸੀ,ਇਸ ਵਿੱਚ ਇਜ਼ਰਾਈਲੀ ਹਵਾਈ ਸੈਨਾ ਦੇ ਅਭਿਆਸਾਂ ਦਾ ਹਵਾਲਾ ਦਿੱਤਾ ਗਿਆ ਹੈ। ਇਸ ਵਿੱਚ ਹਵਾ ਤੋਂ ਸਤ੍ਹਾ ’ਤੇ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਵੀ ਸ਼ਾਮਲ ਹਨ। ਇਸਨੂੰ ਈਰਾਨ ’ਤੇ ਹਮਲੇ ਦੀ ਤਿਆਰੀ ਦੇ ਤੌਰ ’ਤੇ ਮੰਨਿਆ ਜਾ ਰਿਹਾ ਹੈ।



ਇੱਕ ਅਮਰੀਕੀ ਅਧਿਕਾਰੀ ਨੇ ਕਿਹਾ ਕਿ ਜਾਂਚ ਟੀਮ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਪੈਂਟਾਗਨ ਦੇ ਕਥਿਤ ਦਸਤਾਵੇਜ਼ ਤੱਕ ਕਿਸ ਦੀ ਪਹੁੰਚ ਸੀ। ਇਸ ਕਾਂਡ ਦੀ ਪੈਂਟਾਗਨ ਅਤੇ ਅਮਰੀਕੀ ਖ਼ੁਫ਼ੀਆ ਏਜੰਸੀਆਂ ਦੇ ਨਾਲ-ਨਾਲ ਐਫ਼ਬੀਆਈ ਜਾਂਚ ਸ਼ੁਰੂ ਕਰੇਗੀ। ਐਫ਼ਬੀਆਈ ਨੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।

ਇਹ ਲੀਕ ਯੂਐਸ-ਇਜ਼ਰਾਈਲ ਸਬੰਧਾਂ ਵਿੱਚ ਇੱਕ ਬਹੁਤ ਹੀ ਸੰਵੇਦਨਸ਼ੀਲ ਪਲ ਆਇਆ ਹੈ ਅਤੇ ਇਸ ਕਾਰਨ ਇਜ਼ਰਾਈਲੀਆਂ ਨੂੰ ਗੁੱਸਾ ਆਉਣਾ ਤੈਅ ਹੈ, ਜੋ 1 ਅਕਤੂਬਰ ਨੂੰ ਈਰਾਨੀ ਮਿਜ਼ਾਈਲ ਹਮਲੇ ਦੇ ਜਵਾਬ ਵਿੱਚ ਈਰਾਨ ’ਤੇ ਹਮਲਾ ਕਰਨ ਦੀ ਤਿਆਰੀ ਕਰ ਰਹੇ ਸਨ। ਇੱਕ ਦਸਤਾਵੇਜ਼ ਇਹ ਵੀ ਦੱਸਦਾ ਹੈ ਕਿ ਇਜ਼ਰਾਈਲ ਨੇ ਹਮੇਸ਼ਾ ਦੀ ਤਰ੍ਹਾਂ ਜਨਤਕ ਤੌਰ ’ਤੇ ਪੁਸ਼ਟੀ ਕਰਨ ਤੋਂ ਇਨਕਾਰ ਕੀਤਾ ਹੈ ਕਿ ਦੇਸ਼ ਕੋਲ ਪ੍ਰਮਾਣੂ ਹਥਿਆਰ ਹਨ। ਦਸਤਾਵੇਜ਼ ਵਿੱਚ ਕਿਹਾ ਗਿਆ ਹੈ ਕਿ ਅਮਰੀਕਾ ਨੇ ਅਜਿਹਾ ਕੋਈ ਸੰਕੇਤ ਨਹੀਂ ਦੇਖਿਆ ਹੈ ਕਿ ਇਜ਼ਰਾਈਲ ਈਰਾਨ ਵਿਰੁੱਧ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕਰਨ ਦੀ ਯੋਜਨਾ ਬਣਾ ਰਿਹਾ ਹੈ।

ਮਿਡਲ ਈਸਟ ਦੇ ਸਾਬਕਾ ਡਿਪਟੀ ਸਹਾਇਕ ਸਕੱਤਰ ਅਤੇ ਸੀਆਈਏ ਦੇ ਸੇਵਾਮੁਕਤ ਅਧਿਕਾਰੀ ਮਿਕ ਮੁਲਰੋਏ ਨੇ ਕਿਹਾ ਸੀ ਕਿ ਜੇਕਰ ਇਹ ਸੱਚ ਹੈ ਕਿ 1 ਅਕਤੂਬਰ ਦੇ ਈਰਾਨੀ ਹਮਲੇ ਦਾ ਜਵਾਬ ਦੇਣ ਲਈ ਇਜ਼ਰਾਈਲ ਦੀਆਂ ਰਣਨੀਤਕ ਯੋਜਨਾਵਾਂ ਲੀਕ ਹੋ ਗਈਆਂ ਹਨ, ਤਾਂ ਇਹ ਇੱਕ ਗੰਭੀਰ ਉਲੰਘਣਾ ਹੈ।

ਮੁਲਰੋਏ ਨੇ ਕਿਹਾ ਕਿ ਅਮਰੀਕਾ ਅਤੇ ਇਜ਼ਰਾਈਲ ਵਿਚਕਾਰ ਭਵਿੱਖ ਦੇ ਤਾਲਮੇਲ ਨੂੰ ਵੀ ਚੁਣੌਤੀ ਦਿੱਤੀ ਜਾ ਸਕਦੀ ਹੈ। ਵਿਸ਼ਵਾਸ ਸਬੰਧਾਂ ਵਿੱਚ ਇੱਕ ਮਹੱਤਵਪੂਰਨ ਹਿੱਸਾ ਹੈ ਅਤੇ ਇਹ ਕਿਵੇਂ ਲੀਕ ਹੋਇਆ ਸੀ, ਇਸ ਨਾਲ ਇਜਰਾਈਲ ਦਾ ਅਮਰੀਕਾ ਉਪਰ ਭਰੋਸਾ ਟੁਟ ਸਕਦਾ ਹੈ।


ਦਸਤਾਵੇਜ਼ ਲੀਕ ਹੋਏ ਜਾਂ ਕੀਤੇ ਗਏ ?

ਰਾਸ਼ਟਰੀ ਸੁਰੱਖਿਆ ਪ੍ਰੀਸ਼ਦ ਨੇ ਟਿੱਪਣੀ ਲਈ ਨੈਸ਼ਨਲ ਇੰਟੈਲੀਜੈਂਸ ਦੇ ਡਾਇਰੈਕਟਰ ਦੇ ਦਫ਼ਤਰ ਅਤੇ ਪੈਂਟਾਗਨ ਨੂੰ ਭੇਜਿਆ ਹੈ। ਪੈਂਟਾਗਨ ਅਤੇ ਨੈਸ਼ਨਲ ਜੀਓਸਪੇਸ਼ੀਅਲ-ਇੰਟੈਲੀਜੈਂਸ ਏਜੰਸੀ ਨੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਸੀਐਨਐਨ ਨੇ ਟਿੱਪਣੀ ਲਈ ਰਾਸ਼ਟਰੀ ਸੁਰੱਖਿਆ ਏਜੰਸੀ ਨਾਲ ਸੰਪਰਕ ਕੀਤਾ ਹੈ।

ਇਸ ਦੇ ਨਾਲ ਹੀ ਇੱਕ ਹੋਰ ਅਮਰੀਕੀ ਅਧਿਕਾਰੀ ਨੇ ਕਿਹਾ ਕਿ ਇਹ ਦੋ ਦਸਤਾਵੇਜ਼ ਮਾੜੇ ਹਨ, ਪਰ ਭਿਆਨਕ ਨਹੀਂ ਹਨ ਅਤੇ ਚਿੰਤਾ ਦੀ ਗੱਲ ਇਹ ਹੈ ਕਿ ਕੀ ਅਜਿਹੇ ਹੋਰ ਦਸਤਾਵੇਜ਼ ਹਨ ?

ਇਹ ਸਪੱਸ਼ਟ ਨਹੀਂ ਹੈ ਕਿ ਇਹ ਦਸਤਾਵੇਜ਼ ਜਨਤਕ ਕਿਵੇਂ ਹੋਏ, ਅਤੇ ਇਹ ਪਤਾ ਨਹੀਂ ਹੈ ਕਿ ਇਹ ਹੈਕ ਕੀਤੇ ਗਏ ਸਨ ਜਾਂ ਜਾਣਬੁੱਝ ਕੇ ਲੀਕ ਕੀਤੇ ਗਏ ਸਨ। ਅਮਰੀਕਾ ਈਰਾਨੀ ਹੈਕਿੰਗ ਮੁਹਿੰਮਾਂ ਬਾਰੇ ਪਹਿਲਾਂ ਹੀ ਹਾਈ ਅਲਰਟ ’ਤੇ ਹੈ - ਯੂਐਸ ਖ਼ੁਫ਼ੀਆ ਏਜੰਸੀਆਂ ਨੇ ਅਗਸਤ ਵਿੱਚ ਕਿਹਾ ਸੀ ਕਿ ਈਰਾਨ ਨੇ ਡੋਨਾਲਡ ਟਰੰਪ ਦੀ ਚੋਣ ਮੁਹਿੰਮ ਨਾਲ ਸਬੰਧਤ ਦਸਤਾਵੇਜ਼ਾਂ ਨੂੰ ਹੈਕ ਕੀਤਾ ਹੈ। ਪਿਛਲੇ ਸਾਲ ਅਮਰੀਕੀ ਖ਼ੁਫ਼ੀਆ ਜਾਣਕਾਰੀ ਦੇ ਇੱਕ ਵੱਡੇ ਲੀਕ ਨੇ ਵੀ ਦੱਖਣੀ ਕੋਰੀਆ ਅਤੇ ਯੂਕਰੇਨ ਸਮੇਤ ਸਹਿਯੋਗੀਆਂ ਅਤੇ ਭਾਈਵਾਲਾਂ ਨਾਲ ਅਮਰੀਕਾ ਦੇ ਸਬੰਧਾਂ ਵਿੱਚ ਤਣਾਅ ਪੈਦਾ ਕੀਤਾ ਸੀ, ਜਦੋਂ ਇੱਕ 21 ਸਾਲਾ ਏਅਰ ਨੈਸ਼ਨਲ ਗਾਰਡਸਮੈਨ ਨੇ ਸੋਸ਼ਲ ਮੀਡੀਆ ਪਲੇਟਫ਼ਾਰਮ ਡਿਸਕੋਰਡ ’ਤੇ ਉੱਚ ਪੱਧਰੀ ਜਾਣਕਾਰੀ ਪੋਸਟ ਕੀਤੀ ਸੀ। ਲੀਕ ਹੋਏ ਦਸਤਾਵੇਜ਼ਾਂ ਦੀ ਸਭ ਤੋਂ ਪਹਿਲਾਂ ਬੀਤੇ ਦਿਨੀਂ ਐਕਸੀਓਸ ਦੁਆਰਾ ਰਿਪੋਰਟ ਕੀਤੀ ਗਈ ਸੀ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ’ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ ’ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸੰਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.



Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Capital DRUG TESTING
CAPITAL DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



# ਕੀ ਭਾਰਤ ’ਚ ਬਿਸ਼ਨੋਈ ਗੈਂਗਸਟਰ ਦਾ ਰਾਜ ਹੈ?

## ਭਾਰਤੀ ਗੈਂਗਸਟਰਵਾਦ ਤੇ ਭਾਰਤੀ ਏਜੰਸੀਆਂ ਦੇ ਗੱਠਜੋੜ ਬਾਰੇ ‘ਵਾਸ਼ਿੰਗਟਨ ਪੋਸਟ’ ਨੇ ਖੋਲ੍ਹੇ ਭੇਦ

### ਗੈਂਗਸਟਰ ਤੇ ਸਰਕਾਰੀ ਏਜੰਸੀਆਂ ਦੇ ਗੱਠਜੋੜ ਕਾਰਨ ਵਿਸ਼ਵ ਵਿੱਚ ਹੋ ਰਹੀ ਹੈ ਬਦਨਾਮੀ

### ਪਨੂੰ ਕੇਸ ’ਚ ਭਾਰਤੀ ਪੁਲਿਸ ਅਧਿਕਾਰੀ ਵਿਰੁੱਧ ਅਮਰੀਕੀ ਅਦਾਲਤ ਵਿੱਚ ਦੋਸ਼ ਪੱਤਰ ਦਾਖ਼ਲ

## ਐਫ.ਬੀ.ਆਈ. ਵੱਲੋਂ ਵਿਕਾਸ ਯਾਦਵ ਦੀ ਗ੍ਰਿਫ਼ਤਾਰੀ ਲਈ ਲੁੱਕ-ਆਊਟ ਨੋਟਿਸ ਜਾਰੀ

ਬਿਸ਼ਨੋਈ ਗੈਂਗਸਟਰਾਂ ਤੇ ਭਾਰਤੀ ਏਜੰਸੀਆਂ ਦੇ ਕੈਨੇਡਾ ਵਿੱਚ ਕਥਿਤ ਕਰਾਈਮ ਦੇ ਦੋਸ਼ ਲਗਣ ਕਾਰਨ ਆਲਮੀ ਬਦਨਾਮੀ ਹੋ ਰਹੀ ਹੈ। ਜਦਕਿ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਸ਼ਵ ਗੁਰੂ ਆਖੇ ਜਾਂਦੇ ਹਨ। ਓਬਾਮਾ, ਡੋਨਾਲਡ ਟਰੰਪ ਅਤੇ ਬਿਡੇਨ ਅਤੇ ਪੱਛਮ ਦੇ ਸਾਰੇ ਪ੍ਰਧਾਨ ਮੰਤਰੀ ਪ੍ਰਧਾਨ ਮੰਤਰੀ ਮੋਦੀ ਦੋਸਤ ਹਨ ਪਰ ਅੱਜ ਕੁਝ ਅਜਿਹਾ ਹੋ ਰਿਹਾ ਹੈ ਜੋ ਭਾਰਤ ਦੇ ਕੂਟਨੀਤਿਕ ਇਤਿਹਾਸ ਅਤੇ ਜਮਹੂਰੀ ਮਿੱਤਰ ਦੇਸ਼ਾਂ ਦੇ ਆਪਸੀ ਸਬੰਧਾਂ ਵਿੱਚ ਪਹਿਲਾਂ ਕਦੇ ਨਹੀਂ ਹੋਇਆ। ਅਮਰੀਕਾ-ਕੈਨੇਡਾ ਨੇ ਭਾਰਤ ’ਤੇ ਵਿਦੇਸ਼ਾਂ ਵਿੱਚ ‘ਗੈਰ-ਨਿਆਇਕ ਕਤਲ’ ਦੇ ਦੋਸ਼ ਲਗਾਏ ਹਨ!




ਅਮਰੀਕਾ ਸਥਿਤ ਖ਼ਾਲਿਸਤਾਨ ਪੱਖੀ ਆਗੂ ਗੁਰਪਤਵੰਤ ਸਿੰਘ ਪੰਨੂੰ ਦੀ ਹੱਤਿਆ ਦੀ ਕਥਿਤ ਤੌਰ ’ਤੇ ਸਾਜਿਸ਼ ਘੜੇ ਜਾਣ ਦੇ ਦੋਸ਼ਾਂ ਨੂੰ ਲੈ ਕੇ ਅਮਰੀਕੀ ਸਰਕਾਰ ਵਲੋਂ ਭਾਰਤ ਦੀ ਖ਼ੁਫ਼ੀਆ ਏਜੰਸੀ ‘ਰਾਅ’ ਦੇ ਅਧਿਕਾਰੀ ਵਿਕਾਸ ਯਾਦਵ ਵਿਰੁੱਧ ਨਿਊਯਾਰਕ ਦੀ ਦੱਖਣੀ ਜ਼ਿਲ੍ਹਾ ਅਦਾਲਤ ਵਿੱਚ ਦੋਸ਼ ਪੱਤਰ ਦਾਇਰ ਕਰ ਦਿੱਤਾ ਗਿਆ ਹੈ। ਦੋਸ਼ ਪੱਤਰ ’ਚ ਵਿਕਾਸ ਯਾਦਵ ਨੂੰ ਭਾਰਤੀ ਖ਼ੁਫ਼ੀਆ ਏਜੰਸੀ ‘ਰਾਅ’ ਦਾ ‘ਫ਼ੀਲਡ ਅਫ਼ਸਰ’ ਦੱਸਿਆ ਗਿਆ ਹੈ ਤੇ ਇਹ ਵੀ ਕਿਹਾ ਗਿਆ ਹੈ ਕਿ ਉਹ ਪਹਿਲਾਂ ਭਾਰਤ ਦੀ ਕੇਂਦਰੀ ਪੁਲਿਸ ਬਲ ਵਿੱਚ ਵੀ ਕੰਮ ਕਰ ਚੁੱਕਾ ਹੈ ਤੇ ਉਸ ਨੂੰ ਹਥਿਆਰਾਂ ਦੀ ਵਰਤੋਂ ਦੀ ਪੂਰੀ ਟ੍ਰੇਨਿੰਗ ਹੈ। ਦੋਸ਼ ਪੱਤਰ ਵਿੱਚ ਕਿਹਾ ਗਿਆ ਹੈ ਕਿ ਅਮਰੀਕੀ ਸਰਕਾਰ ਵਲੋਂ ਚੈਕੋਸਲੋਵਾਕੀਆ ਤੋਂ ਫ਼ੜੇ ਗਏ ਇੱਕ ਭਾਰਤੀ ਨਿਖਿਲ ਗੁਪਤਾ ਨਾਲ ਮਿਲ ਕੇ ਪੰਨੂੰ ਦੀ ਹੱਤਿਆ ਲਈ ਇੱਕ ਜਰਾਇਮ ਪੇਸ਼ੇਵਾਰ ਨਾਲ ਸੰਪਰਕ ਕੀਤਾ ਗਿਆ ਤੇ ਉਸ ਨੂੰ 1 ਲੱਖ 50 ਹਜ਼ਾਰ ਅਮਰੀਕੀ ਡਾਲਰ ਦੇਣ ਦਾ ਫ਼ੈਸਲਾ ਕੀਤਾ ਤੇ 15 ਹਜ਼ਾਰ ਡਾਲਰ ‘ਐਡਵਾਂਸ’ ਵੀ ਦਿੱਤੇ। ‘ਐਡਵਾਂਸ’ ਪੈਸੇ ਦੇਣ ਦੀ ਤਸਵੀਰ ਵੀ ਦੋਸ਼ ਪੱਤਰ ਨਾਲ ਨੱਥੀ ਹੈ। ਦੋਸ਼ ਪੱਤਰ ਵਿੱਚ ਕਿਹਾ ਗਿਆ ਹੈ ਕਿ ਵਿਕਾਸ ਯਾਦਵ ਤੇ ਨਿਖਿਲ ਗੁਪਤਾ ਵਲੋਂ ਪੰਨੂੰ ਦੇ ਘਰ ਦੀਆਂ ਵੀਡੀਓ ਤੇ ਉਸ ਦੀਆਂ ਤਸਵੀਰਾਂ ਤੇ ਉਸ ਦੀਆਂ ਗਤੀਵਿਧੀਆਂ ਸੰਬੰਧੀ ਜਾਣਕਾਰੀ ਵੀ ਉਸ ਵਿਅਕਤੀ ਨੂੰ ਲਗਾਤਾਰ ਦਿੱਤੀ ਜਾ ਰਹੀ ਸੀ, ਜਿਸ ਨੂੰ ਹੱਤਿਆ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ। ਦੋਸ਼ ਪੱਤਰ ਵਿੱਚ ਦਿੱਤੀ ਗਈ ਜਾਣਕਾਰੀ ਤੋਂ ਸਪੱਸ਼ਟ ਹੈ ਕਿ ਅਮਰੀਕੀ ਏਜੰਸੀਆਂ ਨਿਖਿਲ ਗੁਪਤਾ ਤੇ ਵਿਕਾਸ ਯਾਦਵ ਦੇ ਟੈਲੀਫ਼ੋਨ ਵੀ ਟੈਪ ਕਰ ਰਹੀਆਂ ਸਨ, ਕਿਉਂਕਿ ਉਨ੍ਹਾਂ ਵਲੋਂ ਹੱਤਿਆ ਲਈ ਜਿਸ ਵਿਅਕਤੀ ਨਾਲ ਸੌਦਾ ਕੀਤਾ ਗਿਆ ਸੀ, ਉਹ ਅਮਰੀਕੀ ਏਜੰਸੀਆਂ ਦੇ ਵੀ ਸੰਪਰਕ ਵਿੱਚ ਸੀ।

ਦੋਸ਼ ਪੱਤਰ ਵਿੱਚ ਕਿਹਾ ਗਿਆ ਹੈ ਕਿ ਉਕਤ ਵਿਅਕਤੀ ਨੂੰ ਕੈਨੇਡਾ ਵਿੱਚ ਹਰਦੀਪ ਸਿੰਘ ਨਿੱਝਰ ਦੀ 18 ਜੂਨ, 2023 ਨੂੰ ਹੱਤਿਆ ਤੋਂ ਬਾਅਦ ਦੱਸਿਆ ਗਿਆ ਕਿ ਇਹ ਵੀ ਪੰਨੂੰ ਦਾ ਸਾਥੀ ਸੀ ਤੇ ਸਾਡੇ ਨਿਸ਼ਾਨੇ ’ਤੇ ਹੋਰ ਵੀ ਕਈ ਵਿਅਕਤੀ ਹਨ। ਭਾਰਤ ਦੇ ਪ੍ਰਧਾਨ ਮੰਤਰੀ, ਜੋ 20 ਜੂਨ, 2023 ਨੂੰ ਅਮਰੀਕਾ ਗਏ ਸਨ, ਕਾਰਨ ਕਥਿਤ ਹੱਤਿਆਰੇ ਨੂੰ ਕਿਹਾ ਗਿਆ ਕਿ ਪ੍ਰਧਾਨ ਮੰਤਰੀ ਦੇ ਅਮਰੀਕਾ ਵਿੱਚ ਹੁੰਦਿਆਂ ਇਹ ਹੱਤਿਆ ਨਾ ਕੀਤੀ ਜਾਵੇ ਪਰ ਅਮਰੀਕੀ ਏਜੰਸੀਆਂ, ਜੋ ਉਕਤ ਦੋਵਾਂ ਕਥਿਤ ਸਾਜਿਸ਼ਕਾਰਾਂ ’ਤੇ ਪੂਰੀ ਨਜ਼ਰ ਰੱਖ ਰਹੀਆਂ ਸਨ, ਵਲੋਂ 30 ਜੂਨ 2023 ਨੂੰ ਨਿਖਿਲ ਗੁਪਤਾ ਨੂੰ ਚੈਕੋਸਲੋਵਾਕੀਆ ਦੇ ਹਵਾਈ ਅੱਡੇ ਤੋਂ ਫ਼ੜ ਲਿਆ ਗਿਆ, ਜਦਕਿ ਉਹ ਭਾਰਤ ਤੋਂ ਅਮਰੀਕਾ ਜਾ ਰਹੇ ਸਨ। ਦੋਸ਼ ਪੱਤਰ ਵਿੱਚ ਨਿਖਿਲ ਗੁਪਤਾ ਵਿਰੁੱਧ ਗੁਜਰਾਤ ਵਿੱਚ ਦਰਜ ਨਸ਼ਿਆਂ ਨਾਲ ਸੰਬੰਧਿਤ ਇੱਕ ਕੇਸ ਨੂੰ ਖ਼ਤਮ ਕਰਨ ਦਾ ਵੀ ਜ਼ਿਕਰ ਕੀਤਾ ਗਿਆ ਹੈ, ਤਾਂ ਜੋ ਉਹ ਅਮਰੀਕਾ ਜਾ ਸਕੇ। 18 ਸਫ਼ਿਆਂ ਦੇ ਦੋਸ਼ ਪੱਤਰ ਵਿੱਚ ਫ਼ਿਲਹਾਲ ਕਈ ਲੋਕਾਂ ਦਾ ਨਾਂਅ ਨਹੀਂ ਦਿੱਤਾ ਗਿਆ, ਜਿਨ੍ਹਾਂ ਨੂੰ ਵਿਅਕਤੀਗਤ ਤੌਰ ’ਤੇ ਇੱਕ ਤੇ ਦੋ ਦਰਸਾਇਆ ਗਿਆ ਹੈ, ਜਿਸ ਤੋਂ ਸਪੱਸ਼ਟ ਹੈ ਕਿ ਇਨ੍ਹਾਂ ਲੋਕਾਂ ਵਿਰੁੱਧ ਵੀ ਬਾਅਦ ਵਿੱਚ ਦੋਸ਼ ਪੱਤਰ ਆ ਸਕਦੇ ਹਨ।

ਦਿਲਚਸਪ ਗੱਲ ਇਹ ਹੈ ਕਿ ਵਿਕਾਸ ਯਾਦਵ ਵਿਰੁੱਧ ਅਮਰੀਕੀ ਏਜੰਸੀ ਐਫ.ਬੀ.ਆਈ. ਵਲੋਂ ਲੁੱਕ-ਆਊਟ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ ਕਿ ਉਹ ਅਮਰੀਕਾ ਨੂੰ ਉਕਤ ਕੇਸ ਵਿੱਚ ਲੋੜੀਂਦਾ ਹੈ। ਦਿਲਚਸਪ ਗੱਲ ਇਹ ਹੈ ਕਿ ਭਾਰਤ ਸਰਕਾਰ ਵਲੋਂ ਇਸ ਕੇਸ ਸੰਬੰਧੀ ਬਣਾਈ ਗਈ ਜਾਂਚ ਟੀਮ, ਜੋ ਇਨ੍ਹਾਂ ਦਿਨਾਂ ਦੌਰਾਨ ਅਮਰੀਕਾ ਵਿੱਚ ਦੱਸੀ ਜਾਂਦੀ ਹੈ, ਵਲੋਂ ਅਮਰੀਕੀ ਸਰਕਾਰ ਨੂੰ ਦੱਸ ਦਿੱਤਾ ਗਿਆ ਹੈ ਕਿ ਉਕਤ ਅਧਿਕਾਰੀ ਉਨ੍ਹਾਂ ਦੀ ਹਿਰਾਸਤ ਵਿਚ ਹੈ ਤੇ ਉਹ ਹੁਣ ਸਰਕਾਰੀ ਨੌਕਰੀ ਵਿਚ ਨਹੀਂ ਰਿਹਾ ਪਰ ਅਮਰੀਕੀ ਸਰਕਾਰ ਵਲੋਂ ਜਿਵੇਂ ਇਸ ਨੂੰ ਲੈ ਕੇ ਭਾਰਤ ਪ੍ਰਤੀ ਸਖ਼ਤ ਰੁਖ਼ ਅਪਣਾਇਆ ਜਾ ਰਿਹਾ ਹੈ ਤੇ ਇਸ ਕੇਸ ਵਿੱਚ ਕੈਨੇਡਾ ਵਿਚਲੇ ਭਾਈ ਹਰਦੀਪ ਸਿੰਘ ਨਿੱਝਰ ਹੱਤਿਆ ਕੇਸ ਸੰਬੰਧੀ ਹਵਾਲੇ ਦੇ ਕੇ ਇਨ੍ਹਾਂ ਕਾਰਵਾਈਆਂ ਨੂੰ ਆਪਸ ਵਿੱਚ ਜੋੜਿਆ ਜਾ ਰਿਹਾ ਹੈ ਉਹ ਭਾਰਤ ਸਰਕਾਰ ਲਈ ਵੱਡੀ ਚਿੰਤਾ ਦਾ ਵਿਸ਼ਾ ਜ਼ਰੂਰ ਹੈ। ਹਾਲਾਂਕਿ, ਭਾਰਤ ਸਰਕਾਰ ਕੈਨੇਡਾ ਪ੍ਰਤੀ ਭਾਵੇਂ ਸਖ਼ਤ ਤੇ ਨਾ ਮਿਲਵਰਤਨ ਵਾਲਾ ਰੁਖ਼ ਅਪਣਾ ਰਹੀ ਹੈ ਪਰ ਉਸ ਵਲੋਂ ਅਮਰੀਕਾ ਨਾਲ ਲਗਾਤਾਰ ਜਾਂਚ ਸੰਬੰਧੀ ਸਹਿਯੋਗ ਵਾਲਾ ਰਵੱਈਆ ਹੀ ਰੱਖਿਆ ਜਾ ਰਿਹਾ। ਯੂ.ਐਸ. ਐਫ.ਬੀ.ਆਈ. ਦੇ ਸਹਾਇਕ ਡਾਇਰੈਕਟਰ ਜੇਮਸ ਈ. ਡੇਨੇਹੀ ਦੇ ਅਨੁਸਾਰ ਭਾਰਤ ਸਰਕਾਰ ਦੇ ਖੋਜ ਅਤੇ ਵਿਸ਼ਲੇਸ਼ਣ ਵਿੰਗ ਦੇ ਇੱਕ ਸੀਨੀਅਰ ਫ਼ੀਲਡ ਅਧਿਕਾਰੀ ਵਿਕਾਸ ਯਾਦਵ ਨੇ ਨਿਖਿਲ ਗੁਪਤਾ ਦੇ ਨਾਲ ਮਿਲਕੇ ਇੱਕ ਰਾਜਨੀਤਿਕ ਕਾਰਕੁਨ ਅਤੇ ਭਾਰਤ ਸਰਕਾਰ ਦੇ ਪ੍ਰਮੁੱਖ ਆਲੋਚਕ ਪੰਨੂ ਦੀ ਹੱਤਿਆ ਅਤੇ ਮਨੀ ਲਾਂਡਰ ਕਰਨ ਦੀ ਸਾਜ਼ਿਸ਼ ਰਚੀ ਸੀ। ਯਾਦਵ ਇੱਕ ਭਾਰਤੀ ਨਾਗਰਿਕ ਅਤੇ ਭਾਰਤ ਦਾ ਵਸਨੀਕ ਹੈ... ਵਿਕਾਸ ਯਾਦਵ, ਭਾਰਤ ਸਰਕਾਰ ਦਾ ਇੱਕ ਕਰਮਚਾਰੀ ਹੈ, ਜਿਸਦੀ ਨਿਯੁਕਤੀ ਭਾਰਤ ਸਰਕਾਰ ਦੇ ਕੈਬਨਿਟ ਸਕੱਤਰੇਤ ਦੁਆਰਾ ਕੀਤੀ ਗਈ ਸੀ, ਜੋ ਕਿ ਭਾਰਤ ਦੇ ਪ੍ਰਧਾਨ ਮੰਤਰੀ ਦੇ ਦਫ਼ਤਰ ਦਾ ਹਿੱਸਾ ਹੈ ਅਤੇ ਭਾਰਤੀ ਖ਼ੁਫ਼ੀਆ ਏਜੰਸੀ ਰਾਅ ਨਾਲ ਸਬੰਧਿਤ ਹੈ।

ਸੁਆਲ ਇਹ ਹੈ ਕਿ ਕੀ ਇਹ ਮੋਦੀ ਸਰਕਾਰ ਦੇ ਚੋਟੀ ਦੇ ਪ੍ਰਬੰਧਕਾਂ, ਨਰਿੰਦਰ ਮੋਦੀ, ਅਮਿਤ ਸ਼ਾਹ, ਅਜੀਤ ਡੋਭਾਲ, ਜੈਸ਼ੰਕਰ ਅਤੇ ਖ਼ੁਫ਼ੀਆ ਏਜੰਸੀਆਂ ਦੀ ਅਸਫ਼ਲਤਾ ਨਹੀਂ ਹੈ ਕਿ ਭਾਰਤ ਦੇ ਖ਼ੁਫ਼ੀਆ ਅਧਿਕਾਰੀਆਂ ’ਤੇ ‘ਗੈਰ-ਨਿਆਇਕ ਕਤਲ’ ਦੇ ਦੋਸ਼ ਲਗੇ ਹਨ ਅਤੇ ਕੋਈ ਵੀ ਉਨ੍ਹਾਂ ਨੂੰ ਰੋਕਣ ਦੇ ਸਮਰੱਥ ਨਹੀਂ ਹੋਇਆ? ਹੈਰਾਨੀ ਦੀ ਗੱਲ ਹੈ ਕਿ ਜਿਨ੍ਹਾਂ ਮੁਲਕਾਂ ਨਾਲ ਭਾਰਤ ਦਾ ਸਾਂਝਾ ਖ਼ੁਫ਼ੀਆ ਸਮਝੌਤਾ ਹੈ (ਅਮਰੀਕਾ, ਬਰਤਾਨੀਆ, ਆਸਟ੍ਰੇਲੀਆ, ਕੈਨੇਡਾ, ਨਿਊਜ਼ੀਲੈਂਡ) ਉਹ ਸਾਰੇ ਸਰਬਸੰਮਤੀ ਨਾਲ ਦੁਨੀਆਂ ਨੂੰ ਕਹਿ ਰਹੇ ਹਨ ਕਿ ਭਾਰਤ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਕਰੇ।

ਇਹ ਕੋਈ ਮਾਮੂਲੀ ਗੱਲ ਨਹੀਂ ਹੈ। ‘ਦਿ ਵਾਸ਼ਿੰਗਟਨ ਪੋਸਟ’ ਨੇ ਆਪਣੀ ਰਿਪੋਰਟ ਵਿੱਚ ਕੈਨੇਡੀਅਨ ਜਾਂਚ ਵਿੱਚ ਪੁਲਿਸ ਸੂਤਰਾਂ ਦੇ ਹਵਾਲੇ ਨਾਲ ਅਮਿਤ ਸ਼ਾਹ ਦਾ ਜ਼ਿਕਰ ਕੀਤਾ ਹੈ। ਕਾਬਿਲੇਗੌਰ ਹੈ ਕਿ ਭਾਰਤ ਨੇ ਵਿਸ਼ਵ ਵਿੱਚ ਇਸ ਕਾਰਨ ਆਪਣਾ ਅਕਸ ਖਰਾਬ ਕੀਤਾ ਹੈ। ਇਸ ਕਾਰਨ ਸੰਕਟ ਹੋਰ ਵਧੇਗਾ।

ਇਸ ਤੋਂ ਮਾੜੀ ਗੱਲ ‘ਲਾਰੈਂਸ ਬਿਸ਼ਨੋਈ ਗੈਂਗ’ ਦੀ ਕਹਾਣੀ ਹੈ। ਦੁਨੀਆਂ ਦੀ ਹਰ ਖ਼ੁਫ਼ੀਆ ਏਜੰਸੀ ਦੁਸ਼ਮਣ ਨੂੰ ਨਿਸ਼ਾਨਾ ਬਣਾ ਕੇ ਡੀਪ ਸਟੇਟ ਤਰੀਕਿਆਂ ਨਾਲ ਕੰਮ ਕਰਦੀ ਹੈ। 2014 ਤੋਂ ਪਹਿਲਾਂ ਵੀ ਭਾਰਤ ਦੀ ਰਾਅ ਏਜੰਸੀ ਕੰਮ ਕਰ ਰਹੀ ਸੀ। ਇੰਦਰਾ ਗਾਂਧੀ ਨੇ ਇਸ ਏਜੰਸੀ ਰਾਹੀਂ ਪਾਕਿਸਤਾਨ ਨੂੰ ਤੋੜਕੇ ਬੰਗਲਾਦੇਸ਼ ਬਣਾ ਦਿੱਤਾ ਸੀ। ਪਾਕਿਸਤਾਨ ਉਸ ਸਮੇਂ ਦੇ ਭਾਰਤੀ ਖ਼ੁਫ਼ੀਆ ਕਮਾਂਡਰ ਰਾਮਨਾਥ ਕੋਵ ਤੋਂ ਡਰਦਾ ਸੀ। ਪਰ ਅਜਿਹਾ ਮੂਰਖਤਾ ਭਰਿਆ ਅਪਰੇਸ਼ਨ ਕਦੇ ਨਹੀਂ ਹੋਇਆ ਸੀ ਜੋ ਹੁਣ ਹੋ ਰਿਹਾ ਹੈ। ਰਾਅ ਅਤੇ ਭਾਰਤ ਦੀ ਰਣਨੀਤਕ ਵਿਦੇਸ਼ ਨੀਤੀ ਭਾਰਤ ਦੇ ਹਰ ਗੁਆਂਢੀ ਦੇਸ਼ ਵਿੱਚ ਅਸਫ਼ਲ ਰਹੀ ਹੈ। ਭਾਰਤ-ਕੈਨੇਡਾ ਵਿਵਾਦ ’ਤੇ ‘ਦਿ ਵਾਸ਼ਿੰਗਟਨ ਪੋਸਟ’ ਨੇ ਇਸ ਦਾ ਜ਼ਿਕਰ ਕਰਦਿਆਂ ਇਹ ਵੀ ਕਿਹਾ ਹੈ ਕਿ ਜੇਕਰ ਭਾਰਤ ਦੇ ਛੋਟੇ-ਛੋਟੇ ਕਸਬਿਆਂ ਅਤੇ ਸ਼ਹਿਰਾਂ ਵਿੱਚ ਬਿਸ਼ਨੋਈ ਗੈਂਗ ਦੇ 700 ਨਿਸ਼ਾਨੇਬਾਜ਼ ਹੋਣ ਦੀ ਗੱਲ ਕਹੀ ਜਾਵੇ ਤਾਂ ਕੀ ਕੈਨੇਡਾ ਅਤੇ ਅਮਰੀਕਾ ਵਿੱਚ ਉਸ ਦਾ ਨੈੱਟਵਰਕ ਇੱਕੋ ਜਿਹਾ ਹੈ? ਲਾਰੈਂਸ ਬਿਸ਼ਨੋਈ ਦੇ 10 ਸਾਲਾਂ ਦੇ ਕਰਾਈਮ ਕੈਰੀਅਰ ਵਿੱਚ ਉਹ ਤਕਰੀਬਨ ਨੌਂ ਸਾਲ ਪਟਿਆਲਾ, ਤਿਹਾੜ, ਸਾਬਰਮਤੀ ਆਦਿ ਜੇਲ੍ਹਾਂ ਵਿੱਚ ਆਪਣੀ ਜ਼ਿੰਦਗੀ ਬਤੀਤ ਕਰ ਰਿਹਾ ਹੈ। ਪਰ ਜੇਲ੍ਹ ਵਿੱਚ ਰਹਿੰਦਿਆਂ ਵੀ ਉਸਦਾ ਗਲੋਬਲ ਨੈੱਟਵਰਕ ਹੈ। ਜੇਲ੍ਹ ਵਿੱਚੋਂ ਹੀ ਨਸ਼ਾ ਤਸਕਰੀ ਦਾ ਨੈੱਟਵਰਕ ਹੈ। ਡਰੱਗ ਦੀ ਡਿਲੀਵਰੀ ਫ਼ੋਨ ਅਤੇ ਵਟਸਐਪ ਕਾਲਾਂ ਰਾਹੀਂ ਹੁੰਦੀ ਹੈ। ਸਲਮਾਨ ਖਾਨ ਨੂੰ ਦਿੱਤੀ ਧਮਕੀ ਵਿੱਚ ਉਸਦਾ ਨਾਮ, ਗਾਇਕ ਸਿੱਧੂ ਮੂਸੇਵਾਲਾ, ਕਰਨੀ ਸੈਨਾ ਦੇ ਸੁਖਦੇਵ ਸਿੰਘ ਗੋਗਾਮੇਡੀ, ਬਾਬਾ ਸਿੱਦੀਕੀ ਦਾ ਕਤਲ, ਇਹ ਸਾਰੇ ਕਥਿਤ ਤੌਰ ’ਤੇ ਬਿਸ਼ਨੋਈ ਗੈਂਗ ਨਾਲ ਜੁੜੇ ਹੋਏ ਹਨ। ਇਸ ਤੋਂ ਇਲਾਵਾ, ਮਾਰਚ 2023 ਵਿੱਚ ਪੁਲਿਸ ਹਿਰਾਸਤ ਵਿੱਚ ਇੱਕ ਟੈਲੀਵਿਜ਼ਨ ਇੰਟਰਵਿਊ ਵਿੱਚ, ਉਸਨੇ ਇਹ ਵੀ ਸ਼ੇਖੀ ਮਾਰੀ ਸੀ ਕਿ - ਮੈਂ ਰਾਸ਼ਟਰ ਵਿਰੋਧੀ ਨਹੀਂ ਹਾਂ। ਮੈਂ ਰਾਸ਼ਟਰਵਾਦੀ ਹਾਂ। ਮੈਂ ਖ਼ਾਲਿਸਤਾਨ ਦੇ ਖ਼ਿਲਾਫ਼ ਹਾਂ। ਮੈਂ ਪਾਕਿਸਤਾਨ ਦੇ ਖ਼ਿਲਾਫ਼ ਹਾਂ। ਹੁਣ ਜੇਕਰ ਇਹ ਸਭ ਕੁਝ ਹੋ ਰਿਹਾ ਹੈ ਤਾਂ ਕੀ ਇਹ ਕਾਨੂੰਨ ਵਿਵਸਥਾ ਦਾ ਰਾਜ ਹੈ ਜਾਂ ਲਾਰੈਂਸ ਬਿਸ਼ਨੋਈ ਦਾ ਰਾਜ?

# ਕੈਨੇਡਾ ਖਿਲਾਫ਼ ਗੈਂਗਸਟਰ ਲਾਰੈਂਸ ਨੂੰ ਵਰਤ ਰਹੀਆਂ ਭਾਰਤੀ ਏਜੰਸੀਆਂ : ਕੈਨੇਡਾ ਪੁਲਿਸ

ਕੈਨੇਡਾ ਅਤੇ ਭਾਰਤ ਨੇ ਆਪਣੇ ਡਿਪਲੋਮੈਟਸ ਨੂੰ ਵਾਪਸ ਬੁਲਾਉਣ ਤੋਂ ਬਾਅਦ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਨੇ ਇਲਜ਼ਾਮ ਲਾਇਆ ਸੀ ਕਿ ਭਾਰਤ ਸਰਕਾਰ ਦੇ ਏਜੰਟ ਕੈਨੇਡਾ ਵਿੱਚ ਦਹਿਸ਼ਤ ਫ਼ੈਲਾਉਣ ਲਈ ਲਾਰੈਂਸ ਬਿਸ਼ਨੋਈ ਗੈਂਗ ਨਾਲ ਮਿਲ ਕੇ ਕੰਮ ਕਰ ਰਹੇ ਹਨ। ਮੀਡੀਆ ਰਿਪੋਰਟਾਂ ਅਨੁਸਾਰ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੇ ਸਹਾਇਕ ਕਮਿਸ਼ਨਰ ਬ੍ਰਿਗੇਟ ਗੌਬਿਨ ਨੇ ਦੋਸ਼ ਲਾਇਆ ਸੀ ਕਿ ਭਾਰਤੀ ਖ਼ੁਫ਼ੀਆ ਏਜੰਸੀਆਂ ਜੁਰਮ ਨੂੰ ਅੰਜਾਮ ਦੇਣ ਲਈ ਸੰਗਠਿਤ ਅਪਰਾਧੀ ਤੱਤਾਂ ਦੀ ਵਰਤੋਂ ਕਰ ਰਹੀਆਂ ਹਨ ਤੇ ਖ਼ਾਸ ਤੌਰ ’ਤੇ ਬਿਸ਼ਨੋਈ ਗੈਂਗ ਇਸ ਲਈ ਜ਼ਿੰਮੇਵਾਰ ਹੈ। ਬਿਸ਼ਨੋਈ ਗੈਂਗ ਭਾਰਤ ਦੇ ਏਜੰਟਾਂ ਨਾਲ ਜੁੜਿਆ ਹੋਇਆ ਹੈ। ਭਾਰਤੀ ਅਧਿਕਾਰੀਆਂ ਨੇ ਦੋਸ਼ਾਂ ਨੂੰ ਰੱਦ ਕਰਦਿਆਂ, ਕੈਨੇਡਾ ’ਤੇ ਖ਼ਾਲਿਸਤਾਨੀ ਖਾੜਕੂਆਂ ਨੂੰ ਸ਼ਰਨ ਦੇਣ ਦਾ ਦੋਸ਼ ਲਗਾਇਆ ਹੈ ਜੋ ਖ਼ਾਲਿਸਤਾਨ ਦੀ ਸਿਰਜਣਾ ਦੀ ਮੰਗ ਕਰਦਾ ਹੈ। ਭਾਰਤ ਦੇ ਇਹ ਵੀ ਦੋਸ਼ ਹਨ ਕਿ ਲਿਬਰਲ ਸਰਕਾਰ ਸਿੱਖ ਭਾਈਚਾਰੇ ਦੇ ਮੈਂਬਰਾਂ ਤੋਂ ਵੋਟਾਂ ਹਾਸਿਲ ਕਰਨ ਦੇ ਚੱਕਰ ਵਿੱਚ ਹਨ। ਲੰਘੇ ਹਫ਼ਤੇ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਬਿਸ਼ਨੋਈ ਸਮੂਹ ਦੇ ਮੈਂਬਰਾਂ ਸਮੇਤ ਗੈਂਗਸਟਰਾਂ ਦੀ ਹਵਾਲਗੀ ਦੀਆਂ 26 ਬੇਨਤੀਆਂ ਬਕਾਇਆ ਹਨ ਅਤੇ ਭਾਰਤ ਇਹਨਾਂ ਦੀ ਵਾਪਸੀ ਕਰਵਾ ਮੁਕੱਦਮਾ ਚਲਾਉਣਾ ਚਾਹੁੰਦਾ ਹੈ। ਭਾਰਤੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੈਨੇਡਾ ਨੇ ਭਾਰਤ ਸਰਕਾਰ ਦੀਆਂ ਬੇਨਤੀਆਂ ਨੂੰ ਅਣਡਿੱਠ ਕੀਤਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ, ਇਹ ਸ਼ਬਦਾਂ ਵਿਚ ਇਕ ਵਿਰੋਧਾਭਾਸ ਹੈ, ਜਿਸ ਨੂੰ ਅਸੀਂ ਨਹੀਂ ਸਮਝਦੇ। ਕੈਨੇਡਾ ਭਾਰਤ ਦੇ ਸਰਕਾਰੀ ਏਜੰਟਾਂ ਨੂੰ ਉਨ੍ਹਾਂ ਹੀ ਗੈਂਗਸਟਰਾਂ ਨਾਲ ਜੋੜ ਰਿਹਾ ਹੈ, ਜਿਨ੍ਹਾਂ ਦੀ ਭਾਰਤ ਹਵਾਲਗੀ ਚਾਹੁੰਦਾ ਹੈ।



ਇਸ ਤੋਂ ਪਹਿਲਾਂ ਵਾਸ਼ਿੰਗਟਨ ਪੋਸਟ ਵਿੱਚ ਇੱਕ ਖ਼ਬਰ ਛਪੀ ਸੀ ਜਿਸ ਵਿੱਚ ਪਿਛਲੇ ਸਾਲ ਇੱਕ ਸਿੱਖ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਦਾ ਜ਼ਿਕਰ ਕੀਤਾ ਗਿਆ ਸੀ। ਰਿਪੋਰਟ ਵਿੱਚ ਦੋਸ਼ ਲਾਇਆ ਗਿਆ ਸੀ ਕਿ ਭਾਰਤ ਸਰਕਾਰ ਅਜਿਹੇ ਆਪਰੇਸ਼ਨਾਂ ਲਈ ਲਾਰੈਂਸ ਬਿਸ਼ਨੋਈ ਦੀ ਵਰਤੋਂ ਕਰ ਰਹੀ ਹੈ।

ਕੈਨੇਡਾ ਤੇ ਭਾਰਤ ਵਿਚਾਲੇ ਚੱਲ ਰਹੇ ਤਣਾਅ ਦਰਮਿਆਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਨਵੇਂ ਦੋਸ਼ਾਂ ਨੇ ਤਣਾਅ ਨੂੰ ਹੋਰ ਵਧਾ ਦਿੱਤਾ ਹੈ। ਹੁਣ ਉਨ੍ਹਾਂ ਕਿਹਾ ਕਿ ਭਾਰਤ ਖ਼ਾਲਿਸਤਾਨੀ ਹਰਦੀਪ ਸਿੰਘ ਨਿੱਝਰ ਅਤੇ ਖ਼ਾਲਿਸਤਾਨੀ ਨੇਤਾਵਾਂ ’ਤੇ ਹਮਲੇ ਕਰਨ ਲਈ ਲਾਰੈਂਸ ਬਿਸ਼ਨੋਈ ਦੇ ਗਿਰੋਹ ਦੀ ਮਦਦ ਲੈ ਰਿਹਾ ਹੈ। ਇਸ ਦੌਰਾਨ ਅਮਰੀਕੀ ਅਖ਼ਬਾਰ ਵਾਸ਼ਿੰਗਟਨ ਪੋਸਟ ਦੀ ਇੱਕ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਪਿਛਲੇ ਮਹੀਨੇ ਭਾਰਤ ਤੇ ਕੈਨੇਡਾ ਵਿਚਾਲੇ ਗੁਪਤ ਮੀਟਿੰਗ ਹੋਈ ਸੀ। ਭਾਰਤੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਪਿਛਲੇ ਹਫ਼ਤੇ ਸਿੰਗਾਪੁਰ ਵਿੱਚ ਸਨ, ਜਿੱਥੇ ਉਨ੍ਹਾਂ ਨੇ ਕੈਨੇਡੀਅਨ ਅਧਿਕਾਰੀਆਂ ਨਾਲ ਗੁਪਤ ਮੀਟਿੰਗ ਕੀਤੀ ਸੀ। ਇਸ ਮੀਟਿੰਗ ਵਿੱਚ ਕੈਨੇਡੀਅਨ ਅਧਿਕਾਰੀਆਂ ਨੇ ਲਾਰੈਂਸ ਬਿਸ਼ਨੋਈ ਗੈਂਗ ਬਾਰੇ ਗੱਲ ਕੀਤੀ ਸੀ। ਇਸ ਦੌਰਾਨ ਕੈਨੇਡੀਅਨ ਸਰਕਾਰ ਨੇ ਭਾਰਤ ’ਤੇ ਖ਼ਾਲਿਸਤਾਨੀ ਹਰਦੀਪ ਸਿੰਘ ਨਿੱਝਰ ਦੇ ਕਤਲ ਅਤੇ ਹੋਰ ਖਾਲਿਸਤਾਨੀ ਨੇਤਾਵਾਂ ’ਤੇ ਹਮਲੇ ਦੇ ਦੋਸ਼ ਲਗਾਏ ਸਨ। ਉਨ੍ਹਾਂ ਦਾ ਕਹਿਣਾ ਹੈ ਕਿ ਭਾਰਤ ਦੇ ਇਸ਼ਾਰੇ ’ਤੇ ਲਾਰੈਂਸ ਬਿਸ਼ਨੋਈ ਤੇ ਉਸ ਦੇ ਸਾਥੀ ਕੈਨੇਡਾ ’ਚ ਇਹ ਸਭ ਕੁਝ ਕਰ ਰਹੇ ਹਨ। ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਅਜੀਤ ਡੋਭਾਲ ਨਾਲ ਹੋਈ ਮੀਟਿੰਗ ਵਿੱਚ ਕੈਨੇਡਾ ਸਰਕਾਰ ਨੇ ਲਾਰੈਂਸ ਬਿਸ਼ਨੋਈ ਦੀ ਸ਼ਮੂਲੀਅਤ ’ਤੇ ਜ਼ੋਰ ਦਿੱਤਾ ਸੀ। ਇੱਕ ਕੈਨੇਡੀਅਨ ਅਧਿਕਾਰੀ ਦੇ ਹਵਾਲੇ ਨਾਲ ਕਿਹਾ ਗਿਆ ਕਿ ਮੀਟਿੰਗ ਦੌਰਾਨ ਅਜੀਤ ਡੋਵਾਲ ਨੇ ਪਹਿਲਾਂ ਇੰਝ ਜਤਾਇਆ ਜਿਵੇਂ ਉਹ ਲਾਰੈਂਸ ਬਿਸ਼ਨੋਈ ਨੂੰ ਨਹੀਂ ਜਾਣਦੇ ਪਰ ਬਾਅਦ ਵਿੱਚ ਉਸਨੇ ਮੰਨਿਆ ਕਿ ਲਾਰੈਂਸ ਬਿਸ਼ਨੋਈ ਜੇਲ੍ਹ ਵਿੱਚ ਬੈਠ ਕੇ ਵੀ ਹਿੰਸਾ ਤੇ ਹਮਲਿਆਂ ਵਰਗੀਆਂ ਘਟਨਾਵਾਂ ਨੂੰ ਅੰਜਾਮ ਦਿੰਦਾ ਹੈ। ਇਹ ਮੀਟਿੰਗ ਪੰਜ ਘੰਟੇ ਚੱਲੀ, ਜਿਸ ਵਿੱਚ ਕੈਨੇਡਾ ਦੀ ਸੁਰੱਖਿਆ ਸਲਾਹਕਾਰ ਨੈਟਲੀ ਡਰੋਇਨ ਤੋਂ ਇਲਾਵਾ ਉਪ ਵਿਦੇਸ਼ ਮੰਤਰੀ ਡੇਵਿਡ ਮੌਰੀਸਨ ਅਤੇ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੇ ਸੀਨੀਅਰ ਮੈਂਬਰ ਵੀ ਮੌਜੂਦ ਸਨ।

**ਖਹਿਰਾ ਤੇ ਚੰਨੀ ਕੈਨੇਡਾ ਸਰਕਾਰ ਨਾਲ ਸਹਿਮਤ**

ਉਧਰ ਕਾਂਗਰਸ ਦੇ ਸੀਨੀਅਰ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੀ ਪ੍ਰੈਸ ਕਾਨਫ਼ਰੰਸ ਨੂੰ ਨਸ਼ਰ ਕਰਦੇ ਹੋਏ ਆਪਣੇ ਸੋਸ਼ਲ ਮੀਡੀਆ ਅਕਾਊਂਟ ’ਤੇ ਲਿਖਿਆ ਕਿ ਕੈਨੇਡੀਅਨ ਸਰਕਾਰ ਅਤੇ ਇਸ ਦੇ ਸੀਨੀਅਰ ਪੁਲਿਸ ਅਧਿਕਾਰੀ ਭਾਰਤੀ ਅਧਿਕਾਰੀਆਂ ਦੇ ਸਹਿਯੋਗ ਨਾਲ ਲਾਰੈਂਸ ਬਿਸ਼ਨੋਈ ਗਰੁੱਪ ਬਾਰੇ ਆਪਣੀ ਧਰਤੀ ’ਤੇ ਸਿੱਖਾਂ ਨੂੰ ਸਰੀਰਕ ਤੌਰ ’ਤੇ ਖਤਮ ਕਰਨ ਦੇ ਜੋ ਦੋਸ਼ ਲਗਾ ਰਹੇ ਹਨ, (**ਬਾਕੀ ਸਫ਼ਾ** 30 ’ਤੇ)

## ਦਰਪਣ ਝੂਠ ਨਹੀਂ ਬੋਲਦਾ

# ਕਰਤਾਰਪੁਰ ਲਾਂਘੇ ਨੂੰ ਲੈ ਕੇ ਨਵੀਂ ਯੋਜਨਾ ਬਣਾ ਰਿਹੈ ਪਾਕਿਸਤਾਨ

## ਨਨਕਾਣਾ ਸਾਹਿਬ ਤੱਕ ਵਧਾ ਸਕਦਾ ਹੈ ਲਾਂਘਾ






9 ਨਵੰਬਰ, 2019 ਨੂੰ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਤਤਕਾਲੀ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੁਆਰਾ ਉਦਘਾਟਨ ਕੀਤਾ ਗਿਆ ਕਰਤਾਰਪੁਰ ਲਾਂਘਾ, ਭਾਰਤੀ ਸ਼ਰਧਾਲੂਆਂ ਨੂੰ ਬਿਨਾਂ ਵੀਜ਼ਾ ਪਾਕਿਸਤਾਨ ਵਿੱਚ ਦਾਖਲ ਹੋਣ ਦੀ ਇਜਾਜ਼ਤ ਦਿੰਦਾ ਹੈ, ਹਾਲਾਂਕਿ ਕੁਝ ਸ਼ਰਤਾਂ ਲਾਗੂ ਹੁੰਦੀਆਂ ਹਨ। ਮੌਜੂਦਾ ਸਮਝੌਤੇ ਦੇ ਤਹਿਤ, ਹਰ ਰੋਜ਼ 5,000 ਭਾਰਤੀ ਸ਼ਰਧਾਲੂ ਗੁਰਦੁਆਰਾ ਦਰਬਾਰ ਸਾਹਿਬ ਦੇ ਦਰਸ਼ਨ ਕਰ ਸਕਦੇ ਹਨ, ਹਰੇਕ ਸ਼ਰਧਾਲੂ ਨੂੰ 20 ਡਾਲਰ ਦਾ ਸਰਵਿਸ ਚਾਰਜ ਅਦਾ ਕਰਨਾ ਪੈਂਦਾ ਹੈ। ਹਾਲਾਂਕਿ, ਰੋਜ਼ਾਨਾ ਸੈਲਾਨੀਆਂ ਦੀ ਅਸਲ ਗਿਣਤੀ ਅੰਦਾਜ਼ਨ 5,000 ਤੋਂ ਘੱਟ ਗਈ ਹੈ। ਹਰ ਰੋਜ਼ ਔਸਤਨ 200 ਤੋਂ ਘੱਟ ਸ਼ਰਧਾਲੂ ਆਉਂਦੇ ਹਨ। ਕਰਤਾਰਪੁਰ ਲਾਂਘੇ ਲਈ ਪਹਿਲੇ ਪੰਜ ਸਾਲਾ ਸਮਝੌਤੇ ਦੀ ਮਿਆਦ ਨਵੰਬਰ 2024 ਦੇ ਸ਼ੁਰੂ ਵਿੱਚ ਖਤਮ ਹੋਣ ਵਾਲੀ ਹੈ। ਪਾਕਿਸਤਾਨ ਸਰਕਾਰ ਕਥਿਤ ਤੌਰ ’ਤੇ ਨਨਕਾਣਾ ਸਾਹਿਬ ਵਰਗੇ ਹੋਰ ਮਹੱਤਵਪੂਰਨ ਸਿੱਖ ਤੀਰਥ ਸਥਾਨਾਂ ਨੂੰ ਸ਼ਾਮਲ ਕਰਨ ਲਈ ਲਾਂਘੇ ਦਾ ਵਿਸਤਾਰ ਕਰਨਾ ਚਾਹੁੰਦੀ ਹੈ। ਕਰਤਾਰਪੁਰ ਸਾਹਿਬ 2019 ਵਿੱਚ ਦਸਤਖਤ ਕੀਤੇ ਗਏ ਸ਼ੁਰੂਆਤੀ ਸਮਝੌਤੇ ਨੇ ਭਾਰਤੀ ਸ਼ਰਧਾਲੂਆਂ ਲਈ ਪਾਕਿਸਤਾਨ ਦੇ ਨਾਰੋਵਾਲ ਜ਼ਿਲ੍ਹੇ ਦੇ ਗੁਰਦੁਆਰਾ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਲਈ ਵੀਜ਼ਾ-ਮੁਕਤ ਪਹੁੰਚ ਦੀ ਸਹੂਲਤ ਦਿੱਤੀ ਹੈ। ਸੂਤਰਾਂ ਦਾ ਕਹਿਣਾ ਹੈ ਕਿ ਪਾਕਿਸਤਾਨ ਨਾ ਸਿਰਫ਼ ਲਾਂਘੇ ਦੇ ਨਵੀਨੀਕਰਨ ਵਿੱਚ ਦਿਲਚਸਪੀ ਜ਼ਾਹਰ ਕਰ ਸਕਦਾ ਹੈ, ਸਗੋਂ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਨਨਕਾਣਾ ਸਾਹਿਬ ਨੂੰ ਸ਼ਾਮਲ ਕਰਨ ਲਈ ਆਪਣਾ ਦਾਇਰਾ ਵਧਾ ਸਕਦਾ ਹੈ। ਇਸ ਪਹਿਲਕਦਮੀ ਨਾਲ ਸ਼ਰਧਾਲੂ ਸਿੱਖ ਧਰਮ ਦੇ ਦੋ ਸਭ ਤੋਂ ਪਵਿੱਤਰ ਸਥਾਨ ਨਨਕਾਣਾ ਸਾਹਿਬ ਅਤੇ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰ ਸਕਣਗੇ। ਇਸ ਤੋਂ ਇਲਾਵਾ ਪਾਕਿਸਤਾਨ ਕਥਿਤ ਤੌਰ ’ਤੇ ਸ਼ਰਧਾਲੂਆਂ ਨੂੰ ਸ਼ਾਮ ਤੱਕ ਭਾਰਤ ਪਰਤਣ ਦੀ ਮੌਜੂਦਾ ਜ਼ਰੂਰਤ ਦੀ ਬਜਾਏ ਕਰਤਾਰਪੁਰ ਸਾਹਿਬ ਵਿਖੇ ਰਾਤ ਭਰ ਰਹਿਣ ਦੀ ਆਗਿਆ ਦੇਣ ਦੇ ਪ੍ਰਸਤਾਵ ’ਤੇ ਵਿਚਾਰ ਕਰ ਰਿਹਾ ਹੈ।

**ਕਰਤਾਰਪੁਰ ਸਾਹਿਬ ਦੀ ਮਹੱਤਤਾ**

ਕਰਤਾਰਪੁਰ ਸਥਿਤ ਗੁਰਦੁਆਰਾ ਦਰਬਾਰ ਸਾਹਿਬ ਭਾਰਤ ਦੀ ਸਰਹੱਦ ਤੋਂ ਚਾਰ ਕਿੱਲੋਮੀਟਰ ਦੂਰ ਹੈ। ਇਹ ਪਾਕਿਸਤਾਨ ਦੇ ਨਾਰੋਵਾਲ ਜ਼ਿਲ੍ਹੇ ਵਿੱਚ ਹੈ, ਜੋ ਲਾਹੌਰ ਤੋਂ 130 ਕਿਲੋਮੀਟਰ ਦੂਰ ਹੈ। ਨਾਰੋਵਾਲ ਦੀ ਤਹਿਸੀਲ ਸ਼ੱਕਰਗੜ੍ਹ ਵਿੱਚ ਸਥਿਤ ਸਿੱਖਾਂ ਦਾ ਇਹ ਧਾਰਮਿਕ ਸਥਾਨ ਭਾਰਤ ਅਤੇ ਪਾਕਿਸਤਾਨ ਦੀਆਂ ਖ਼ਬਰਾਂ ਦੇ ਕੇਂਦਰ ਵਿੱਚ ਰਿਹਾ ਹੈ। ਕਰਤਾਰਪੁਰ ਸਾਹਿਬ ਅਸਥਾਨ ਦਾ ਸਬੰਧ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨਾਲ ਹੈ। ਇੱਥੇ ਉਨ੍ਹਾਂ ਆਪਣੀ ਜ਼ਿੰਦਗੀ ਦੇ ਆਖ਼ਰੀ ਸਾਲ ਗੁਜ਼ਾਰੇ ਸਨ। ਉਨ੍ਹਾਂ ਨੇ ਰਾਵੀ ਦਰਿਆ ਦੇ ਕੰਢੇ ਇਹ ਨਗਰ ਵਸਾਇਆ ਅਤੇ ਇੱਥੇ ਖੇਤੀ ਕਰਕੇ ਗੁਰੂ ਨਾਨਕ ਦੇਵ ਜੀ ਨੇ ‘ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ’ ਦਾ ਫ਼ਲਸਫ਼ਾ ਦਿੱਤਾ ਸੀ। ਇਤਿਹਾਸ ਮੁਤਾਬਕ ਗੁਰੂ ਨਾਨਕ ਦੇਵ ਜੀ ਵੱਲੋਂ ਭਾਈ ਲਹਿਣਾ ਜੀ ਨੂੰ ਗੁਰਗੱਦੀ ਵੀ ਇਸ ਸਥਾਨ ’ਤੇ ਹੀ ਸੌਂਪੀ ਗਈ ਸੀ, ਜਿਨ੍ਹਾਂ ਨੂੰ ਦੂਜੀ ਪਾਤਸ਼ਾਹੀ ਗੁਰੂ ਅੰਗਦ ਦੇਵ ਜੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ ਅਤੇ ਆਖ਼ਿਰ ਵਿੱਚ ਗੁਰੂ ਨਾਨਕ ਦੇਵ ਜੀ ਇਸੇ ਸਥਾਨ ’ਤੇ ਹੀ ਜੋਤੀ ਜੋਤਿ ਸਮਾਏ ਸਨ। ਕਰਤਾਰਪੁਰ ਸਾਹਿਬ ਪਾਕਿਸਤਾਨ ਵਿੱਚ ਹੈ ਅਤੇ ਦੋਵਾਂ ਮੁਲਕਾਂ ਨੇ ਨਾਨਕ ਨਾਮ ਲੇਵਾ ਦੀ ਸਹੂਲਤ ਲਈ ਭਾਰਤ ਦੇ ਡੇਰਾ ਬਾਬਾ ਨਾਨਕ ਅਤੇ ਕਰਤਾਰਪੁਰ ਵਿਚਾਲੇ ਨਵੰਬਰ 2019 ਵਿੱਚ ਕੋਰੀਡੋਰ ਦਾ ਉਦਘਾਟਨ ਹੋਇਆ ਸੀ।

# ਨਿਆਂ ਦੀ ਤਸਵੀਰ ਬਦਲਣ ਦੀ ਥਾਂ ਜੱਜਾਂ ਦੀ ਕਮੀ ਪੂਰੀ ਕਰੇ ਭਾਰਤ ਸਰਕਾਰ

## ਜੇ ਹਾਲਾਤ ਇਹ ਰਹੇ ਤਾਂ ਪੈਂਡਿੰਗ ਮਾਮਲਿਆਂ ਨੂੰ ਨਿਪਟਾਉਣ ਵਿੱਚ 324 ਸਾਲ ਲੱਗ ਜਾਣਗੇ



ਆਜ਼ਾਦੀ ਤੋਂ ਬਾਅਦ ਸੁਪਰੀਮ ਕੋਰਟ ਕੰਪਲੈਕਸ ਵਿੱਚ ਯੂਰਪੀ ਸ਼ੈਲੀ ਵਿੱਚ ਨਿਆਂ ਦੀ ਦੇਵੀ ਦੀ ਉਹੀ ਮੂਰਤੀ ਸਥਾਪਤ ਕੀਤੀ ਗਈ ਸੀ, ਜਿਸ ਦੀ ਮੂਲ ਧਾਰਨਾ ਰੋਮਨ ਸੱਭਿਅਤਾ ਦੀ ਰਹੀ ਹੈ। ਅਰਥਾਤ, ਇੱਕ ਰੋਅਬਦਾਰ ਦੇਵੀ ਦੇ ਸੱਜੇ ਹੱਥ ਵਿੱਚ ਨਿਆਂ ਦੀ ਤੱਕੜੀ ਤੇ ਖੱਬੇ ਹੱਥ ਵਿੱਚ ਤਲਵਾਰ। ਦੇਵੀ ਦੀਆਂ ਅੱਖਾਂ ’ਤੇ ਪੱਟੀ ਦਾ ਅਰਥ ਇਹ ਸੀ ਕਿ ਉਹ ਬਿਨਾਂ ਪੱਖਪਾਤ ਦੇ ਨਿਆਂ ਦੇਵੇਗੀ। ਹਾਲਾਂਕਿ ਦੇਵੀ ਦੀਆਂ ਅੱਖਾਂ ’ਤੇ ਪੱਟੀ ਦੇ ਕਈ ਅਰਥ ਕੱਢੇ ਜਾਂਦੇ ਰਹੇ ਹਨ, ਜਿਸ ਵਿੱਚ ਇੱਕ ਨਿਰਪੱਖ ਨਿਆਂ ਦੀ ਥਾਂ ਕਾਨੂੰਨ ਦੇ ਅੰਨ੍ਹਾ ਹੋਣ ਨਾਲ ਵੀ ਹੈ। ਇਹੀ ਕਾਰਨ ਹੈ ਕਿ ਯੂਨਾਨ ਤੇ ਰੋਮਨ ਸੰਸਕਿਰਤੀ ਦੇ ਵਾਰਸ ਯੂਰਪ ਦੇ ਕੁਝ ਦੇਸ਼ਾਂ ਵਿੱਚ ਨਿਆਂ ਦੀ ਦੇਵੀ ਦੀਆਂ ਅੱਖਾਂ ਤੋਂ ਪੱਟੀ ਹਟਾ ਦਿੱਤੀ ਗਈ ਹੈ। ਖੁਦ ਰੋਮਨ ਵਿੱਚ ਨਿਆਂ ਦੀ ਦੇਵੀ ਦੇ ਇੱਕ ਹੱਥ ਵਿੱਚ ਤਲਵਾਰ ਦੀ ਥਾਂ ਪੁਸਤਕ ਦਿਖਾਈ ਗਈ ਹੈ। ਹੋ ਸਕਦਾ ਹੈ ਕਿ ਸੁਪਰੀਮ ਕੋਰਟ ਵਿੱਚ ਪਿਛਲੇ ਦਿਨੀਂ ਸਥਾਪਤ ਨਵੀਂ ਮੂਰਤੀ ਦੇ ਪਿੱਛੇ ਕਲਪਨਾ ਚੀਫ਼ ਜਸਟਿਸ ਡੀ ਵਾਈ ਚੰਦਰਚੂੜ ਦੀ ਵੀ ਇਹੀ ਰਹੀ ਹੋਵੇ। ਨਵੀਂ ਦੇਵੀ ਰੋਮਨ ਇਸਤਰੀਆਂ ਵਾਂਗ ਟਿਊਨਿਕ ਦੀ ਥਾਂ ਸਾੜ੍ਹੀ ਪਹਿਨੀ ਹੋਈ ਹੈ। ਪੱਟੀ ਹਟਾ ਦਿੱਤੀ ਗਈ ਹੈ ਤੇ ਉਸ ਦੀਆਂ ਅੱਖਾਂ ਸਪੱਸ਼ਟ ਰੂਪ ਵਿੱਚ ਦੁਨੀਆਂ ਦੇਖ ਰਹੀਆਂ ਹਨ ਅਤੇ ਇੱਕ ਹੱਥ ਵਿੱਚ ਤੱਕੜੀ ਤੇ ਦੂਜੇ ਹੱਥ ਵਿੱਚ ਤਲਵਾਰ ਦੀ ਥਾਂ ਰਾਸ਼ਟਰੀ ਗ੍ਰੰਥ ‘ਸੰਵਿਧਾਨ’ ਫੜਾ ਦਿੱਤਾ ਗਿਆ ਹੈ। ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਨਿਆਂ ਦੀ ਦੇਵੀ ਦੀ ਪ੍ਰਤੀਬੱਧਤਾ ਸੰਵਿਧਾਨ ਦੀ ਭਾਵਨਾ ਮੁਤਾਬਕ ਸਾਰਿਆਂ ਨੂੰ ਨਿਰਪੱਖ ਨਿਆਂ ਦੇਣ ਦੀ ਹੈ। ਜਜ਼ਬਾਤੀ ਤੌਰ ’ਤੇ ਨਿਆਂ ਦੀ ਦੇਵੀ ਦਾ ਰੂਪ ਬਦਲਣ ਦੀ ਕੋਸ਼ਿਸ਼ ਚੰਗੀ ਲਗਦੀ ਹੈ, ਪਰ ਭਾਰਤ ਵਿੱਚ ਨਿਆਂ ਦੀ ਜੋ ਹਾਲਤ ਹੈ, ਉਸ ਤੋਂ ਨਹੀਂ ਲਗਦਾ ਕਿ ਨਿਆਂ ਮਿਲਣ ਵਿੱਚ ਤੇਜ਼ੀ ਆਵੇਗੀ। ਭਾਰਤ ਸਰਕਾਰ ਅਨੁਸਾਰ ਹੇਠਲੀਆਂ ਅਦਾਲਤਾਂ ’ਚ 5388 ਜੱਜਾਂ ਦੇ ਅਹੁਦੇ ਖਾਲੀ ਹਨ। 25246 ਜੱਜ ਲੋੜੀਂਦੇ ਹਨ, ਪਰ 19858 ਕੰਮ ਕਰ ਰਹੇ ਹਨ। ਇਨ੍ਹਾਂ ਦੀ ਨਿਯੁਕਤੀ ਰਾਜ ਸਰਕਾਰਾਂ ਨੇ ਕਰਨੀ ਹੁੰਦੀ ਹੈ, ਪਰ ਸਿਆਸੀ ਗਿਣਤੀਆਂ-ਮਿਣਤੀਆਂ ਤੇ ਜੋੜ-ਤੋੜ ਕਾਰਨ ਅਹੁਦੇ ਭਰੇ ਨਹੀਂ ਜਾ ਰਹੇ। ਸੁਪਰੀਮ ਕੋਰਟ ਦੇ ਜੱਜਾਂ ਦੀ ਗਿਣਤੀ ਪੂਰੀ ਹੋ ਗਈ ਹੈ, ਪਰ ਹਾਈ ਕੋਰਟਾਂ ਦੇ 327 ਜੱਜਾਂ ਦੇ ਅਹੁਦੇ ਅਜੇ ਵੀ ਖਾਲੀ ਹਨ। ਇੱਕ ਪਾਸੇ ਜੱਜਾਂ ਦੀ ਟੋਟ ਹੈ, ਦੂਜੇ ਪਾਸੇ ਮੁਕੱਦਮਿਆਂ ਦਾ ਅੰਬਾਰ ਵਧਦਾ ਜਾ ਰਿਹਾ ਹੈ। ਹੇਠਲੀਆਂ ਅਦਾਲਤਾਂ ਵਿੱਚ ਪੰਜ ਕਰੋੜ 10 ਲੱਖ ਮੁਕੱਦਮੇ ਪੈਂਡਿੰਗ ਹਨ। ਇਕੱਲੀ ਸੁਪਰੀਮ ਕੋਰਟ ਵਿੱਚ ਹੀ 82 ਹਜ਼ਾਰ ਪੈਂਡਿੰਗ ਹਨ, ਜਦਕਿ ਹਾਈ ਕੋਰਟਾਂ ਵਿੱਚ 58 ਲੱਖ 62 ਹਜ਼ਾਰ ਮੁਕੱਦਮੇ ਪੈਂਡਿੰਗ ਹਨ। ਦੇਸ਼ ਵਿੱਚ

# ਭਾਗਵਤ ਕਦੇ ਨਹੀਂ ਚਾਹੁੰਦੇ ਕਿ ਹਿੰਦੂ ਸਮਾਜ ਆਪਣੀ ਦੁਰਦਸ਼ਾ ਦੇ ਅਸਲ ਕਾਰਨ ਪਛਾਣੇ



46 ਸਾਲਾ ਹੀਰਾ ਲਾਲ ਸ਼ਰਮਾ ਧਾਰਮਿਕ ਪ੍ਰਵਿਰਤੀ ਦਾ ਬੰਦਾ ਸੀ ਤੇ ਹਰ ਮੰਗਲਵਾਰ ਵਰਤ ਰੱਖਦਾ ਸੀ, ਜਿਸ ਨੇ ਆਰਥਿਕ ਤੰਗੀ ਕਾਰਨ ਪਿਛਲੇ ਮਹੀਨੇ ਦਿੱਲੀ ਵਿੱਚ ਆਪਣੀਆਂ ਚਾਰ ਧੀਆਂ ਨਾਲ ਖੁਦਕੁਸ਼ੀ ਕਰ ਲਈ। ਇਸ ਸਮੂਹਿਕ ਖੁਦਕੁਸ਼ੀ ਕਾਂਡ ’ਤੇ ਦਿੱਲੀ ਦੇ ਝੰਡੇਵਾਲਾ ਵਿੱਚ ਆਰ ਐੱਸ ਐੱਸ ਦੇ ਆਲੀਸ਼ਾਨ ਦਫ਼ਤਰ ਵਿੱਚ ਕੋਈ ਹਲਚਲ ਨਹੀਂ ਹੋਈ, ਜਿਸ ਦੇ ਮੁਖੀ ਮੋਹਨ ਭਾਗਵਤ ਹਿੰਦੂਆਂ ਨੂੰ ਜਾਗਰਤ ਤੇ ਇਕਜੁੱਟ ਹੋਣ ਦਾ ਸੱਦਾ ਦੇ ਰਹੇ ਹਨ। ਦੁਸਹਿਰੇ ’ਤੇ ਨਾਗਪੁਰ ’ਚ ਆਰ ਐੱਸ ਐੱਸ ਦੇ ਸਾਲਾਨਾ ਸਮਾਗਮ ’ਚ ਭਾਗਵਤ ਨੇ ਕਿਹਾ ਕਿ ਕਮਜ਼ੋਰੀ ਆਪਣੇ-ਆਪ ਵਿੱਚ ਬਿਪਤਾ ਦਾ ਕਾਰਨ ਹੈ। ਇਸ ਲਈ ਹਿੰਦੂਆਂ ਨੂੰ ਇਕਜੁੱਟ ਹੋ ਜਾਣਾ ਚਾਹੀਦਾ ਹੈ। ਬੰਗਲਾਦੇਸ਼ ਵਿਚ ਹਿੰਦੂ ਇਕਜੁੱਟ ਹੋਏ ਤਾਂ ਪਿਛਲੇ ਕੁਝ ਦਿਨਾਂ ਵਿਚ ਹਿੰਸਕ ਹਮਲਿਆਂ ਵਿਚ ਕਮੀ ਆਈ ਹੈ।

2024 ਆਰ ਐੱਸ ਐੱਸ ਦੀ ਸਥਾਪਨਾ ਦਾ ਸ਼ਤਾਬਦੀ ਵਰ੍ਹਾ ਹੈ, ਜਿਸ ’ਤੇ ਸਭ ਦੀ ਨਜ਼ਰ ਸੀ, ਪਰ ਭਾਗਵਤ ਦੇ ਭਾਸ਼ਣ ਵਿਚ ਹਿੰਦੂ ਸਮਾਜ ਦੀਆਂ ਅਸਲ ਕਮਜ਼ੋਰੀਆਂ ਨੂੰ ਲੈ ਕੇ ਕੋਈ ਚਿੰਤਾ ਨਹੀਂ ਦਿਖੀ। ਉਨ੍ਹਾਂ ਨੂੰ ਚਿੰਤਾ ਨਹੀਂ ਕਿ ਆਮ ਹਿੰਦੂ ਨੂੰ ਪੂਰਾ ਭੋਜਨ ਕਿਉ ਨਹੀਂ ਮਿਲ ਰਿਹਾ। ਨਾ ਬੇਰੁਜ਼ਗਾਰੀ ਦਿਸਦੀ ਹੈ।

# ਐਲਨ ਮਸਕ ਨੇ ਭਾਰਤੀ ਚੋਣ ਪ੍ਰਕਿਰਿਆ ’ਤੇ ਸਵਾਲ ਖੜ੍ਹਾ ਕੀਤਾ

## ਈ.ਵੀ.ਐੱਮ. ਨੂੰ ਹੈਕ ਕਰਨਾ ਬਹੁਤ ਆਸਾਨ: ਮਸਕ



ਦੁਨੀਆਂ ਦੇ ਸਭ ਤੋਂ ਅਮੀਰ ਵਿਅਕਤੀ ਅਤੇ ਸੈਟੇਲਾਈਟ ਇੰਟਰਨੈੱਟ ਸੇਵਾ ਦੇਣ ਵਾਲੀ ਕੰਪਨੀ ਸਪੇਸਐਕਸ ਦੇ ਮਾਲਕ ਐਲਨ ਮਸਕ ਨੇ ਭਾਰਤ ਦੀ ਚੋਣ ਪ੍ਰਕਿਰਿਆ ’ਤੇ ਇੱਕ ਵਾਰ ਫ਼ਿਰ ਵੱਡਾ ਸਵਾਲ ਖੜ੍ਹਾ ਕਰ ਦਿੱਤਾ ਹੈ। ਉਨ੍ਹਾਂ ਹੈ ਕਿਹਾ ਕਿ ਇਲੈੱਕਟ੍ਰਾਨਿਕ ਵੋਟਿੰਗ ਮਸ਼ੀਨ ਨੂੰ ਹੈਕ ਕਰਨਾ ਬਹੁਤ ਆਸਾਨ ਹੈ। ਅਮਰੀਕਾ ’ਚ ਇੱਕ ਟਾਊਨਹਾਲ ਪ੍ਰੋਗਰਾਮ ਦੌਰਾਨ ਐਲਨ ਮਸਕ ਨੇ ਕਿਹਾ ਕਿ ਮੇਰੇ ਵਿਚਾਰ ਨਾਲ ਕਾਗਜ਼ੀ ਵੋਟਾਂ ਹੀ ਸਭ ਤੋਂ ਭਰੋਸੇਮੰਦ ਹਨ। ਮੈਂ ਇੱਕ ਤਕਨੀਕੀ ਮਾਹਿਰ ਹਾਂ ਅਤੇ ਕੰਪਿਊਟਰ ਬਾਰੇ ਬਹੁਤ ਕੁਝ ਜਾਣਦਾ ਹਾਂ। ਇਸ ਲਈ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਈ.ਵੀ.ਐੱਮ. ਨੂੰ ਹੈਕ ਕਰਨਾ ਬਹੁਤ ਆਸਾਨ ਹੈ। ਐਲਨ ਮਸਕ ਦੇ ਇਸ ਬਿਆਨ ਨੇ ਭਾਰਤ ਦੀ ਮੋਦੀ ਸਰਕਾਰ ਨੂੰ ਬੇਹੱਦ ਅਸਹਿਜ ਕਰ ਦਿੱਤਾ ਹੈ।

ਭਾਰਤ ਵਿੱਚ ਪਿਛਲੇ ਕੁਝ ਸਾਲਾਂ ਤੋਂ ਚੋਣ ਪ੍ਰਕਿਰਿਆ ਸ਼ੱਕ ਦੇ ਘੇਰੇ ਵਿਚ ਹੈ ਅਤੇ ਈ.ਵੀ.ਐੱਮ. ਦੀ ਵਿਸ਼ਵਾਸਯੋਗਤਾ ’ਤੇ ਸਵਾਲ ਉੱਠ ਰਹੇ ਹਨ ਪਰ ਮੋਦੀ ਸਰਕਾਰ ਈ.ਵੀ.ਐੱਮ. ’ਤੇ ਅੜੀਅਲ ਵਤੀਰਾ ਅਪਣਾਉਂਦੀ ਦਿਖਾਈ ਦਿੰਦੀ ਹੈ। ਚੋਣ ਕਮਿਸ਼ਨ ਅਤੇ ਨਿਆਂ ਪਾਲਿਕਾ ਵੀ ਈ.ਵੀ.ਐੱਮ. ਨੂੰ ਬੇਹੱਦ ਪਵਿੱਤਰ ਗਊ ਦੀ ਤਰ੍ਹਾਂ ਮੰਨਦੀ ਹੈ। ਫ਼ਿਲਹਾਲ ਐਲਨ ਮਸਕ ਦੇ ਬਿਆਨ ਨੂੰ ਭਾਰਤ ਵਿੱਚ ਹੋਣ ਵਾਲੀਆਂ ਸੈਟੇਲਾਈਟ ਬ੍ਰਾਡਬੈਂਡ ਸਪੈਕਟ੍ਰਮ ਦੀ ਨਿਲਾਮੀ ਨਾਲ ਜੋੜ ਕੇ ਵੀ ਦੇਖਿਆ ਜਾ ਰਿਹਾ ਹੈ। ਦਰਅਸਲ ਐਲਨ ਮਸਕ ਭਾਰਤ ਵਿੱਚ ਸੈਟੇਲਾਈਟ ਬ੍ਰਾਡਬੈਂਡ ਸੇਵਾ ਸ਼ੁਰੂ ਕਰਨਾ ਚਾਹੁੰਦੇ ਹਨ।

# ਸੁਖਬੀਰ ਬਾਦਲ ਦੀ ਸਜ਼ਾ ਦਾ ਦੀਵਾਲੀ ਤੋਂ ਬਾਅਦ ਲਿਆ ਜਾਵੇਗਾ ਫੈਸਲਾ: ਜਥੇਦਾਰ ਗਿਆਨੀ ਰਘਬੀਰ ਸਿੰਘ



ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਚੋਣਾਂ ਵਿੱਚ ਛੋਟ ਨਹੀਂ ਦਿੱਤੀ ਹੈ। ਗਿਆਨੀ ਰਘਬੀਰ ਸਿੰਘ ਨੇ ਆਖਿਆ ਹੈ ਕਿ ਕੱਲ੍ਹ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਦੀ ਅਗਵਾਈ ਵਿੱਚ 7 ਮੈਂਬਰੀ ਵਫ਼ਦ ਵਲੋਂ ਉਨ੍ਹਾਂ ਨਾਲ ਮੁਲਾਕਾਤ ਕਰਕੇ ਸੁਖਬੀਰ ਬਾਦਲ ਨੂੰ ਸਿਆਸੀ ਸਰਗਰਮੀਆਂ ਵਿੱਚ ਛੋਟ ਦੇਣ ਦੀ ਅਪੀਲ ਕੀਤੀ ਗਈ ਸੀ ਪਰ ਇਹ ਛੋਟ ਨਹੀਂ ਦਿੱਤੀ ਗਈ ਹੈ। ਜਥੇਦਾਰ ਨੇ ਆਖਿਆ ਹੈ ਕਿ ਕੋਈ ਵੀ ਤਨਖ਼ਾਹੀਆ ਸਿੱਖ ਤਨਖ਼ਾਹ ਪੂਰੀ ਕਰਨ ਤਕ ਤਨਖ਼ਾਹੀਆ ਹੀ ਰਹਿੰਦਾ ਹੈ। ਜਥੇਦਾਰ ਨੇ ਆਖਿਆ ਹੈ ਕਿ ਇਸ ਸੰਬੰਧੀ ਦੀਵਾਲੀ ਤੋਂ ਬਾਅਦ ਪੰਜ ਸਿੰਘ ਸਾਹਿਬਾਨਾਂ ਦੀ ਬੈਠਕ ਕੀਤੀ ਜਾਵੇਗੀ ਅਤੇ ਇਸ ਬਾਬਤ ਅਗਲਾ ਫ਼ੈਸਲਾ ਲਿਆ ਜਾਵੇਗਾ।

ਗਿਆਨੀ ਰਘਬੀਰ ਸਿੰਘ ਨੇ ਇਸ ਮਾਮਲੇ ਵਿੱਚ ਸਥਿਤੀ ਸਪੱਸ਼ਟ ਕਰਦਿਆਂ ਕਿਹਾ ਕਿ ਤਨਖ਼ਾਹੀਏ ਦੀ ਇੱਕ ਪਰਿਭਾਸ਼ਾ ਹੁੰਦੀ ਹੈ, ਉਸ ਨੂੰ ਪਰਭਾਸ਼ਿਤ ਕਰਨਾ ਹਰ ਸਿੱਖ ਲਈ ਜ਼ਰੂਰੀ ਹੈ ਜਦੋਂ ਤੱਕ ਸਿੰਘ ਸਾਹਿਬਾਨ ਵਲੋਂ ਫ਼ਸੀਲ ਤੋਂ ਉਕਤ ਸਿੱਖ ਤਨਖ਼ਾਹ ਨਹੀਂ ਲਗਵਾ ਲੈਂਦਾ ਉਦੋਂ ਤੱਕ ਉਹ ਤਨਖ਼ਾਹੀਆਂ ਹੀ ਰਹਿੰਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਾਡੀ ਆਪਣੀ ਵੱਡੀ ਸੰਸਥਾ ਹੈ ਇਸ ਦੇ ਕੰਮਕਾਜ ਵਿਚ ਸਰਕਾਰਾਂ ਨੂੰ ਦਖ਼ਲ ਨਹੀਂ ਦੇਣਾ ਚਾਹੀਦਾ। ਇਥੇ ਇਹ ਖਾਸ ਤੌਰ 'ਤੇ ਦੱਸਣਯੋਗ ਹੈ ਕਿ 30 ਅਗਸਤ ਨੂੰ ਪੰਜ ਸਿੰਘ ਸਾਹਿਬਾਨਾਂ ਨੇ ਸੁਖਬੀਰ ਸਿੰਘ ਬਾਦਲ ਨੂੰ ਤਨਖ਼ਾਹੀਆ ਕਰਾਰ ਦਿੱਤਾ ਸੀ, ਜਿਸ ਤੋਂ ਬਾਅਦ ਸੁਖਬੀਰ ਬਾਦਲ ਨੇ ਨਿੱਜੀ ਤੌਰ 'ਤੇ ਸ੍ਰੀ ਅਕਾਲ ਤਖ਼ਤ ਵਿਖੇ ਪੇਸ਼ ਹੋ ਕੇ ਸਪੱਸ਼ਟੀਕਰਨ ਸੌਂਪਦਿਆਂ ਆਖਿਆ ਸੀ ਕਿ ਜਥੇਦਾਰ ਸਾਹਿਬ ਵਲੋਂ ਜਿਹੜੀ ਵੀ ਸਜ਼ਾ ਉਨ੍ਹਾਂ ਨੂੰ ਲਗਾਈ ਜਾਵੇਗੀ ਉਹ ਨਿਮਾਣੇ ਸਿੱਖ ਵਜੋਂ ਪ੍ਰਵਾਨ ਕਰਨਗੇ।

ਇਸੇ ਦੌਰਾਨ ਸ਼੍ਰੋਮਣੀ ਕਮੇਟੀ ਮੈਂਬਰ ਮਨਜੀਤ ਸਿੰਘ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਦਾ ਫ਼ੈਸਲਾ ਸ਼ਲਾਘਾਯੋਗ ਹੈ ਕਿ ਸੁਖਬੀਰ ਸਿੰਘ ਬਾਦਲ ਜ਼ਿਮਨੀ ਚੋਣ ਨਹੀਂ ਲੜ ਸਕਦੇ। ਅਕਾਲ ਤਖ਼ਤ ਸਾਹਿਬ ਦੇ ਕੁੱਝ ਸਿਧਾਂਤ ਸਨ। ਪਿਛਲੇ ਕੁੱਝ ਸਮੇਂ ਤੋਂ ਬਾਦਲ ਪਰਿਵਾਰ ਵੱਲੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ ਨਾਲ ਮੁਲਾਜ਼ਮਾਂ ਦੀ ਤਰ੍ਹਾਂ ਵਿਵਹਾਰ ਕੀਤਾ। ਉਹ ਬਿਲਕੁਲ ਗਲਤ ਸਨ। ਅਕਾਲੀ ਦਲ ਦਾ ਅਰਸ਼ ਤੋਂ ਫ਼ਰਸ਼ ਤਕ ਆਉਣ ਦਾ ਕਾਰਨ ਵੀ ਇਹੀ ਹੈ।

ਭਾਜਪਾ ਆਗੂ ਹਰਜੀਤ ਗਰੇਵਾਲ ਨੇ ਕਿਹਾ ਕਿ ਭਾਜਪਾ ਕਿਸੇ ਵੀ ਧਾਰਮਿਕ ਮਸਲਿਆਂ ਵਿੱਚ ਦਖ਼ਲ ਨਹੀਂ ਦੇਵੇਗੀ। ਉਹਨਾਂ ਕਿਹਾ ਕਿ ਇਸ ਵਾਰ ਜਥੇਦਾਰ ਸਾਹਿਬ ਨੇ ਬਹੁਤ ਹੀ ਸ਼ਲਾਘਾਯੋਗ ਕਦਮ ਚੁੱਕਿਆ ਹੈ। ਕਿਸੇ ਨੂੰ ਵੀ ਅਕਾਲ ਤਖ਼ਤ ਸਾਹਿਬ ਦੇ ਫ਼ੈਸਲਿਆਂ 'ਚ ਦਖ਼ਲ ਅੰਦਾਜ਼ੀ ਨਹੀਂ ਕਰਨੀ ਚਾਹੀਦੀ ਹੈ। ਇਨ੍ਹਾਂ ਫ਼ੈਸਲਿਆਂ ਨਾਲ ਸਿੱਖ ਕੌਮ ਵਿੱਚ ਨਵੀਆਂ ਲੀਹਾਂ ਪੈ ਰਹੀਆਂ ਹਨ।

ਸੁਧਾਰ ਲਹਿਰ ਦੇ ਆਗੂ ਬੀਬੀ ਜਗੀਰ ਕੌਰ ਨੇ ਕਿਹਾ ਅਸੀਂ ਸ਼੍ਰੋਮਣੀ ਅਕਾਲੀ ਦਲ ਦਾ ਨਾ ਵਿਰੋਧ ਕਰਦੇ ਹਾਂ ਨਾ ਪ੍ਰਚਾਰ ਕਰਾਂਗੇ, ਪਰ ਅਕਾਲੀ ਦਲ ਨੂੰ ਆਪਣੇ ਉਮੀਦਵਾਰਾਂ ਦਾ ਐਲਾਨ ਕਰਨਾ ਚਾਹੀਦਾ ਹੈ। ਬੀਬੀ ਜਗੀਰ ਕੌਰ ਨੇ ਕਿਹਾ ਕਿ ਜਥੇਦਾਰ ਸਾਹਿਬਾਨ ਕੋਲ ਇੱਕ ਵਫ਼ਦ ਪਹੁੰਚਿਆ, ਵਫ਼ਦ ਨੇ ਕਿਹਾ ਕਿ ਅਸੀਂ ਜਰਨੈਲ ਬਿਨਾਂ ਚੋਣ ਨਹੀਂ ਲੜ ਸਕਦੇ, ਪਰ ਹੁਣ ਜਰਨੈਲ 'ਤੇ ਰੋਕ ਲੱਗ ਗਈ ਹੈ ਅਤੇ ਨਾ ਹੀ ਚੋਣ ਮੈਦਾਨ ਵਿੱਚ ਆ ਸਕਦੇ ਹਨ। ਅਕਾਲੀ ਦਲ ਹੁਣ ਕੀ ਫੈਸਲਾ ਲਵੇਗਾ?

(ਬਾਕੀ ਸਫ਼ਾ 30 'ਤੇ)

## ਭਾਰਤ ਤੇ ਪਾਕਿਸਤਾਨ ਨੇ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਬਾਰੇ ਸਮਝੌਤਾ ਨਵਿਆਇਆ



ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤੀ ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਭਾਰਤ ਅਤੇ ਪਾਕਿਸਤਾਨ ਨੇ ਅਗਲੇ ਪੰਜ ਸਾਲਾਂ ਲਈ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਬਾਰੇ ਸਮਝੌਤਾ ਨਵਿਆ ਦਿੱਤਾ ਹੈ। ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਪਾਕਿਸਤਾਨ ਵੱਲੋਂ ਪ੍ਰਤੀ ਸ਼ਰਧਾਲੂ 20 ਅਮਰੀਕੀ ਡਾਲਰ ਸਰਵਿਸ ਚਾਰਜ ਲਿਆ ਜਾਂਦਾ ਹੈ ਤੇ ਭਾਰਤ ਨੇ ਗੁਆਂਢੀ ਮੁਲਕ ਨੂੰ ਇਹ ਫੀਸ ਮੁਆਫ਼ ਕਰਨ ਦੀ ਮੁੜ ਅਪੀਲ ਕੀਤੀ ਹੈ। ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਐਕਸ 'ਤੇ ਇੱਕ ਪੋਸਟ ਵਿੱਚ ਲਿਖਿਆ, "ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਰਕਾਰ ਸਿੱਖ ਭਾਈਚਾਰੇ ਨੂੰ ਉਨ੍ਹਾਂ ਦੇ ਪਵਿੱਤਰ ਸਥਾਨਾਂ ਤੱਕ ਰਸਾਈ ਦੀ ਸਹੂਲਤ ਜਾਰੀ ਰੱਖੇਗੀ।" ਇਸ ਤੋਂ ਇਲਾਵਾ ਵਿਦੇਸ਼ ਮੰਤਰਾਲੇ ਨੇ ਕਿਹਾ, 'ਸ੍ਰੀ ਕਰਤਾਰਪੁਰ ਸਾਹਿਬ ਲਾਂਘੇ 'ਤੇ ਸਮਝੌਤਾ ਪੰਜ ਹੋਰ ਸਾਲਾਂ ਲਈ ਨਵਿਆਇਆ ਗਿਆ ਹੈ।' ਜ਼ਿਕਰਯੋਗ ਹੈ ਕਿ ਭਾਰਤ ਤੇ ਪਾਕਿਸਤਾਨ ਦਰਮਿਆਨ 24 ਅਕਤੂਬਰ, 2019 ਨੂੰ ਸਮਝੌਤਾ ਹੋਇਆ ਸੀ ਜਿਸ ਤਹਿਤ ਭਾਰਤ ਤੋਂ ਸ਼ਰਧਾਲੂਆਂ ਨੂੰ ਕਰਤਾਰਪੁਰ ਸਾਹਿਬ ਲਾਂਘੇ ਰਾਹੀਂ ਪਾਕਿਸਤਾਨ ਦੇ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ, ਨਾਰੋਵਾਲ ਦੀ ਯਾਤਰਾ ਦੀ ਸਹੂਲਤ ਦਿੱਤੀ ਗਈ ਸੀ।

# ਪੰਜਾਬ 'ਚ ਡਿੱਗ ਰਹੇ ਜ਼ਮੀਨੀ ਪਾਣੀ ਨੂੰ ਪਈ ਠੱਲ੍ਹ



ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਵਿੱਚ ਵਰ੍ਹਿਆਂ ਤੋਂ ਲਗਾਤਾਰ ਹੇਠਾਂ ਜਾ ਰਹੇ ਪਾਣੀ ਨੂੰ ਹੁਣ ਠੱਲ੍ਹ ਪਈ ਹੈ। ਇਹ ਖੁਲਾਸਾ ਕੇਂਦਰੀ ਗਰਾਊਂਡ ਵਾਟਰ ਬੋਰਡ-2024 ਦੀ ਤਾਜ਼ਾ ਰਿਪੋਰਟ ਵਿੱਚ ਕੀਤਾ ਗਿਆ ਹੈ ਜਿਸ ਨੂੰ ਅੰਤਿਮ ਛੋਹ ਦਿੱਤੀ ਜਾ ਰਹੀ ਹੈ। ਕੇਂਦਰੀ ਗਰਾਊਂਡ ਵਾਟਰ ਬੋਰਡ ਨੇ ਇਸ ਰਿਪੋਰਟ ਦਾ ਅਧਾਰ 2023 ਵਿੱਚ ਪਾਣੀਆਂ ਦੀ ਨਾਪੀ ਮਿਕਦਾਰ ਨੂੰ ਬਣਾਇਆ ਹੈ। ਤਾਜ਼ਾ ਖੁਲਾਸੇ ਅਨੁਸਾਰ ਸੂਬੇ ਦੇ 63 ਬਲਾਕ ਅਜਿਹੇ ਹਨ ਜਿੱਥੇ ਜ਼ਮੀਨੀ ਪਾਣੀ ਦੇ ਨਿਕਾਸ ਦਾ ਪੁੱਠਾ ਗੇੜਾ ਸ਼ੁਰੂ ਹੋਇਆ ਹੈ ਅਤੇ ਹਰ ਸਾਲ ਹੇਠਾਂ ਜਾ ਰਹੇ ਪਾਣੀ ਨੂੰ ਬਰੇਕ ਲੱਗੀ ਹੈ। ਸਾਲ 2001-02 ਤੋਂ ਨਰਮਾ ਪੱਟੀ ਵਾਲੇ ਦਰਜਨਾਂ ਬਲਾਕਾਂ ਦਾ ਧਰਤੀ ਹੇਠਲਾ ਪਾਣੀ ਲਗਾਤਾਰ ਹੇਠਾਂ ਜਾ ਰਿਹਾ ਸੀ।

ਪਿਛਲੇ ਵਰ੍ਹੇ ਦੀ ਰਿਪੋਰਟ ਵਿੱਚ ਪਾਣੀ ਦੀ ਨਿਕਾਸੀ ਸਥਿਰ ਹੋਣ ਦੇ ਸੰਕੇਤ ਮਿਲੇ ਸਨ ਪਰ ਨਵੀਂ ਰਿਪੋਰਟ ਵਿੱਚ ਪੰਜ ਬਲਾਕਾਂ ਵਿੱਚ ਨਿਕਾਸੀ ਦੀ ਕੈਟਾਗਰੀ ਬਦਲ ਗਈ ਹੈ। ਸੂਬੇ ਦੇ ਗੁਰੂਹਰਸਹਾਏ ਅਤੇ ਮੱਖੂ ਬਲਾਕ ਹੁਣ 'ਸੇਫ ਜ਼ੋਨ' ਵਿੱਚ ਆ ਗਏ ਹਨ ਜੋ ਸਾਲ ਪਹਿਲਾਂ ਅਰਧ ਨਾਜ਼ੁਕ ਜ਼ੋਨ ਵਿੱਚ ਸਨ।

ਫ਼ਿਰੋਜ਼ਪੁਰ ਅਤੇ ਸ੍ਰੀ ਹਰਗੋਬਿੰਦਪੁਰ ਬਲਾਕ ਹੱਦ ਤੋਂ ਵੱਧ ਪਾਣੀ ਕੱਢੇ ਜਾਣ ਵਾਲੇ ਜ਼ੋਨ ਤੋਂ 'ਕ੍ਰਿਟੀਕਲ' ਜ਼ੋਨ ਵਿੱਚ ਆ ਗਏ ਹਨ ਜਦੋਂਕਿ ਬਲਾਚੌਰ 'ਕ੍ਰਿਟੀਕਲ' ਜ਼ੋਨ 'ਚੋਂ 'ਸੈਮੀ ਕ੍ਰਿਟੀਕਲ' ਜ਼ੋਨ ਵਿੱਚ ਆ ਗਿਆ ਹੈ। ਇਸ ਤਰ੍ਹਾਂ 63 ਬਲਾਕ ਅਜਿਹੇ ਹਨ ਜਿੱਥੇ ਪਾਣੀ ਦਾ ਪੱਧਰ ਹੇਠਾਂ ਡਿੱਗਣ ਦੀ ਦਰ 'ਚ ਸੁਧਾਰ ਹੋਇਆ ਹੈ। ਲਗਪਗ 16 ਬਲਾਕ ਅਜਿਹੇ ਹਨ ਜਿੱਥੇ 20 ਫ਼ੀਸਦੀ ਤੋਂ ਵੱਧ ਪਾਣੀ ਦੀ ਸਤਹ ਨੂੰ ਮੋੜਾ ਪਿਆ ਹੈ। ਸੂਬੇ ਵਿੱਚ ਕੁੱਲ 153 ਬਲਾਕ ਹਨ ਜਿਨ੍ਹਾਂ ਦੀ ਜ਼ਮੀਨੀ ਪਾਣੀ ਦੀ ਮਿਕਦਾਰ ਨੂੰ ਸਾਲ ਵਿੱਚ ਦੋ ਵਾਰ ਮਾਪਿਆ ਜਾਂਦਾ ਹੈ।

ਚੇਤੇ ਰਹੇ ਕਿ ਪੰਜਾਬ ਇਕਲੌਤਾ ਸੂਬਾ ਹੈ ਜਿੱਥੇ ਸਾਲਾਨਾ ਸੇਫ਼ ਮਿਕਦਾਰ ਤੋਂ ਲੋੜੋਂ ਵੱਧ ਧਰਤੀ ਹੇਠੋਂ ਪਾਣੀ ਕੱਢਿਆ ਜਾ ਰਿਹਾ ਹੈ। ਮੰਨਿਆ ਜਾ ਰਿਹਾ ਹੈ ਕਿ ਪਿਛਲੇ ਵਰ੍ਹੇ ਪੰਜਾਬ ਵਿੱਚ ਹੜ੍ਹ ਆਉਣ ਅਤੇ 'ਆਪ' ਸਰਕਾਰ ਵੱਲੋਂ ਨਹਿਰੀ ਪਾਣੀ ਦੀ ਵਰਤੋਂ ਵਾਸਤੇ ਚੁੱਕੇ ਕਦਮ ਕਾਰਨ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਵਿੱਚ ਸੁਧਾਰ ਹੋਇਆ ਹੈ। ਪਿਛਲੇ ਸਾਲ ਸਲਾਨਾ 18.84 ਅਰਬ ਕਿਊਬਿਕ ਮੀਟਰ ਪਾਣੀ ਦਾ ਰੀਚਾਰਜ ਸੀ ਜੋ ਐਤਕੀਂ ਵਧ ਕੇ 19.19 ਅਰਬ ਕਿਊਬਿਕ ਮੀਟਰ ਹੋ ਗਿਆ ਹੈ।

**ਸੂਬੇ 'ਚ 28 ਅਰਬ ਕਿਊਬਿਕ ਮੀਟਰ ਤੋਂ ਵੱਧ ਕੱਢਿਆ ਜਾਂਦਾ ਹੈ ਪਾਣੀ**

ਕੇਂਦਰੀ ਪੈਮਾਨਿਆਂ ਅਨੁਸਾਰ ਪੰਜਾਬ ਵਿਚੋਂ ਜੇਕਰ ਸਾਲਾਨਾ 17.07 ਅਰਬ ਕਿਊਬਿਕ ਮੀਟਰ ਪਾਣੀ ਕੱਢਿਆ ਜਾਂਦਾ ਹੈ ਤਾਂ ਕੋਈ ਖ਼ਤਰੇ ਵਾਲੀ ਗੱਲ ਨਹੀਂ ਹੈ ਪਰ ਹਕੀਕਤ ਵਿੱਚ ਸਾਲਾਨਾ 28 ਅਰਬ ਕਿਊਬਿਕ ਮੀਟਰ ਤੋਂ ਵੱਧ ਪਾਣੀ ਦਾ ਨਿਕਾਸ ਹੁੰਦਾ ਹੈ। ਪੰਜਾਬ ਵਿੱਚ ਝੋਨੇ ਦੀ ਫ਼ਸਲ ਕਰਕੇ ਜ਼ਮੀਨੀ ਪਾਣੀ ਦਾ ਨਿਕਾਸ ਕਿਤੇ ਜ਼ਿਆਦਾ ਹੈ। ਸੂਬੇ ਵਿੱਚ 13.91 ਲੱਖ ਟਿਊਬਵੈੱਲ ਹਨ ਜਿਨ੍ਹਾਂ ਨੂੰ ਮੁਫ਼ਤ ਪਾਣੀ ਦਿੱਤਾ ਜਾ ਰਿਹਾ ਹੈ। ਬਠਿੰਡਾ ਜ਼ਿਲ੍ਹੇ ਵਿੱਚ 1950 ਵਿੱਚ ਸਿਰਫ਼ 10 ਖੇਤੀ ਟਿਊਬਵੈੱਲ ਸਨ। ਹੁਣ ਜਦੋਂ ਮਾਨਸਾ ਜ਼ਿਲ੍ਹਾ ਵੱਖਰਾ ਵੀ ਬਣ ਚੁੱਕਾ ਹੈ ਤਾਂ ਬਠਿੰਡਾ ਜ਼ਿਲ੍ਹੇ ਵਿੱਚ ਟਿਊਬਵੈੱਲਾਂ ਦੀ ਗਿਣਤੀ ਵਧ ਕੇ 78,325 ਹੋ ਗਈ ਹੈ। ਰਿਪੋਰਟ ਅਨੁਸਾਰ ਸੂਬੇ ਵਿੱਚ ਐਤਕੀਂ ਸਾਲਾਨਾ ਧਰਤੀ ਹੇਠਲੇ ਪਾਣੀ ਦੀ ਉਪਲਬਧਤਾ 17.63 ਅਰਬ ਕਿਊਬਿਕ ਮੀਟਰ ਹੈ ਜੋ ਕਿ ਪਿਛਲੇ ਵਰ੍ਹੇ 16.97 ਅਰਬ ਕਿਊਬਿਕ ਮੀਟਰ ਸੀ।


## ਲਾਹੌਰ ਦੁਨੀਆਂ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ



ਲਾਹੌਰ/ਏ.ਟੀ.ਨਿਊਜ਼: ਪਾਕਿਸਤਾਨ ਦੇ ਸ਼ਹਿਰ ਲਾਹੌਰ ਨੂੰ ਦੁਨੀਆਂ ਦਾ ਸਭ ਤੋਂ ਪ੍ਰਦੂਸ਼ਿਤ ਸ਼ਹਿਰ ਐਲਾਨਿਆ ਗਿਆ ਹੈ। ਇੱਥੇ ਹਵਾ ਦੀ ਗੁਣਵੱਤਾ ਦਾ ਸੂਚਕ ਅੰਕ (ਏਕਿਊਆਈ) 394 ਤੱਕ ਪਹੁੰਚ ਗਿਆ ਹੈ। ਪਾਕਿਸਤਾਨ ਦੀ ਪੰਜਾਬ ਸਰਕਾਰ ਨੇ ਸਮੌਗ ਦਾ ਪ੍ਰਭਾਵ ਘਟਾਉਣ ਲਈ ਨਕਲੀ ਮੀਂਹ ਦੀ ਯੋਜਨਾ ਬਣਾਈ ਹੈ। 100 ਤੋਂ ਉਪਰ ਏਕਿਊਆਈ ਨੂੰ ਸਿਹਤ ਲਈ ਖ਼ਤਰਨਾਕ ਅਤੇ 150 ਤੋਂ ਉਪਰ ਏਕਿਊਆਈ ਨੂੰ ਬਹੁਤ ਖ਼ਤਰਨਾਕ ਮੰਨਿਆ ਜਾਂਦਾ ਹੈ। ਜਾਣਕਾਰੀ ਅਨੁਸਾਰ ਫਸਲਾਂ ਦੀ ਰਹਿੰਦ-ਖੂੰਹਦ ਸਾੜਨ ਅਤੇ ਉਦਯੋਗਿਕ ਨਿਕਾਸ ਕਾਰਨ ਹਵਾ ਪ੍ਰਦੂਸ਼ਣ ਦੀ ਸਮੱਸਿਆ ਵਿੱਚ ਵਾਧਾ ਹੋਇਆ ਹੈ। ਸਮੌਗ ਕਾਰਨ ਸ਼ਹਿਰ ਵਾਸੀਆਂ ਨੂੰ ਖੰਘ, ਸਾਹ ਲੈਣ ਵਿੱਚ ਤਕਲੀਫ਼, ਅੱਖਾਂ ਵਿੱਚ ਜਲਣ ਅਤੇ ਚਮੜੀ ਦੇ ਰੋਗਾਂ ਸਮੇਤ ਕਈ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਦੀ ਸੂਚਨਾ ਮੰਤਰੀ ਆਜ਼ਮਾ ਬੁਖਾਰੀ ਨੇ ਕਿਹਾ ਕਿ ਸਮੱਸਿਆ ਨਾਲ ਨਜਿੱਠਣ ਲਈ ਕਈ ਪਹਿਲਕਦਮੀਆਂ ਕੀਤੀਆਂ ਗਈਆਂ ਹਨ ਅਤੇ ਹੁਣ ਸ਼ਹਿਰ ਵਿੱਚ ਨਕਲੀ ਮੀਂਹ ਦੀ ਯੋਜਨਾ ਬਣਾਈ ਗਈ ਹੈ।'

# ਪੰਜਾਬ ਸਰਕਾਰ ਵੱਲੋਂ ਡੇਰਾ ਸੱਚਾ ਸੌਦਾ ਮੁਖੀ ਰਾਮ ਰਹੀਮ ਖ਼ਿਲਾਫ਼ ਮੁਕੱਦਮਾ ਚਲਾਉਣ ਦੀ ਮਨਜ਼ੂਰੀ

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਸਰਕਾਰ ਨੇ ਬੁਰਜ ਜਵਾਹਰ ਸਿੰਘ ਵਾਲਾ ਤੇ ਬਰਗਾੜੀ 'ਚ ਬੇਅਦਬੀ ਮਾਮਲੇ ਤੇ ਇਸ ਤੋਂ ਬਾਅਦ ਉਪਜੇ ਘਟਨਾਕ੍ਰਮ ਦੇ ਮਾਮਲੇ 'ਚ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਸਮੇਤ 7 ਡੇਰਾ ਸ਼ਰਧਾਲੂਆਂ ਖ਼ਿਲਾਫ਼ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਦੇ ਦਿੱਤੀ ਹੈ। ਗ੍ਰਹਿ ਵਿਭਾਗ ਦੇ ਸਕੱਤਰ ਗੁਰਕੀਰਤ ਕ੍ਰਿਪਾਲ ਸਿੰਘ ਮੁਤਾਬਕ ਹੁਣ ਤੱਕ ਇਕੱਠੇ ਕੀਤੇ ਗਏ ਸਬੂਤਾਂ ਮੁਤਾਬਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਕਰਨ, ਇਸ ਦੇ ਅੰਗ ਗਲੀਆਂ 'ਚ ਖਿਲਾਰਨ ਤੇ ਇਤਰਾਜ਼ਯੋਗ ਪੋਸਟਰ ਲਾਉਣ ਦੇ ਦੋਸ਼



ਮੁੱਢਲੇ ਤੌਰ 'ਤੇ ਸਾਬਿਤ ਹੋਏ ਹਨ।

ਫ਼ੌਜਦਾਰੀ ਕਾਨੂੰਨ ਮੁਤਾਬਕ ਬੇਅਦਬੀ ਮਾਮਲਿਆਂ ਨਾਲ ਸਬੰਧਿਤ ਮਾਮਲਿਆਂ ਦੀ ਸੁਣਵਾਈ ਅਦਾਲਤ ਉਦੋਂ ਤੱਕ ਨਹੀਂ ਕਰ ਸਕਦੀ ਜਦੋਂ ਤੱਕ ਸੂਬੇ ਦਾ ਗ੍ਰਹਿ ਵਿਭਾਗ ਇਸ ਸਬੰਧੀ ਮਨਜ਼ੂਰੀ ਨਹੀਂ ਦਿੰਦਾ। ਹਾਲੇ ਦੋ ਦਿਨ ਪਹਿਲਾਂ ਹੀ ਸੁਪਰੀਮ ਕੋਰਟ ਨੇ ਡੇਰਾ ਮੁਖੀ ਤੇ ਉਸ ਦੇ ਸ਼ਰਧਾਲੂਆਂ ਖ਼ਿਲਾਫ਼ ਦਰਜ ਕੀਤੇ ਗਏ ਮੁਕੱਦਮਿਆਂ 'ਤੇ ਸੁਣਵਾਈ 'ਤੇ ਲੱਗੀ ਰੋਕ ਨੂੰ ਹਟਾ ਦਿੱਤਾ ਸੀ।

ਹੁਣ ਬੇਅਦਬੀ ਮਾਮਲੇ ਦੇ ਸਾਰੇ ਮੁਕੱਦਮੇ ਚੱਲਣ 'ਚ ਆ ਰਹੇ ਅੜਿੱਕੇ ਖ਼ਤਮ ਹੋ ਗਏ ਹਨ। ਬੇਅਦਬੀ ਦੀ ਘਟਨਾ ਹਾਲਾਂਕਿ ਫ਼ਰੀਦਕੋਟ ਜ਼ਿਲ੍ਹੇ 'ਚ ਹੋਈ ਸੀ ਪਰ ਇਸ ਮਾਮਲੇ ਦੀ ਸੁਣਵਾਈ ਚੰਡੀਗੜ੍ਹ 'ਚ ਹੋਵੇਗੀ ਕਿਉਂਕਿ ਡੇਰੇ ਦੇ ਸ਼ਰਧਾਲੂਆਂ ਨੇ ਆਪਣੀ ਜਾਨ ਨੂੰ ਖ਼ਤਰਾ ਦੱਸਦਿਆਂ ਇਹ ਕੇਸ ਚੰਡੀਗੜ੍ਹ ਟਰਾਂਸਫਰ ਕਰਵਾ ਲਿਆ ਸੀ। ਡੇਰਾ ਮੁਖੀ ਸਾਧਵੀ ਜਬਰ-ਜ਼ਿਨਾਹ ਤੇ ਪੱਤਰਕਾਰ ਰਾਮ ਚੰਦਰ ਛਤਰਪਤੀ ਮਾਮਲੇ 'ਚ ਹਰਿਆਣਾ ਦੀ ਸੋਨਾਰੀਆ ਜੇਲ੍ਹ 'ਚ ਸਜ਼ਾ ਭੁਗਤ ਰਿਹਾ ਹੈ ਤੇ ਹਰਿਆਣਾ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਫਰਲੋ 'ਤੇ ਬਾਹਰ ਆਇਆ ਹੋਇਆ ਹੈ।

# ਕਿਸੇ ਵੀ ਅਹੁਦੇ ਦਾ ਕੋਈ ਲਾਲਚ ਨਹੀਂ ਹੈ : ਜਥੇਦਾਰ ਗਿ. ਹਰਪ੍ਰੀਤ ਸਿੰਘ



ਅੰਮ੍ਰਿਤਸਰ/ਏ.ਟੀ.ਨਿਊਜ਼ : ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਦਾ ਵਿਰਸਾ ਸਿੰਘ ਵਲਟੋਹਾ ਦੇ ਨਾਲ ਚੱਲ ਰਹੇ ਮਾਮਲੇ ਨੂੰ ਵਿਸ਼ਰਾਮ ਲੱਗਦਾ ਨਜ਼ਰ ਆ ਰਿਹਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਦੇ ਗ੍ਰਹਿ ਵਿਖੇ ਮੁਲਾਕਾਤ ਕਰਨ ਲਈ ਪਹੁੰਚੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਹੁਣ ਕੋਈ ਵੀ ਕਿਸੇ ਤਰ੍ਹਾਂ ਦਾ ਵਿਵਾਦ ਨਹੀਂ ਰਿਹਾ।

ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਸਿੱਖ ਜਥੇਬੰਦੀਆਂ, ਸੰਪਰਦਾਵਾਂ, ਸੰਗਤਾਂ ਨੇ ਉਨ੍ਹਾਂ ਨੂੰ ਆਦੇਸ਼ ਕੀਤਾ ਹੈ ਕਿ ਉਹ ਇਸ ਅਹੁਦੇ 'ਤੇ ਬਣੇ ਰਹਿਣ। ਉਨ੍ਹਾਂ ਕਿਹਾ ਕਿ ਉਹ ਇਨ੍ਹਾਂ ਸਾਰੀਆਂ ਸੰਸਥਾਵਾਂ ਦਾ ਦਿਲੋਂ ਸਤਿਕਾਰ ਕਰਦੇ ਹਨ ਅਤੇ ਇਸ ਲਈ ਇਹ ਮਨ ਬਣਾਇਆ ਹੈ ਕਿ ਜਦ ਤਕ ਗੁਰੂ ਸਾਹਿਬ ਸੇਵਾ ਲੈਣੀ ਚਾਹੁਣ ਉਹ ਸੇਵਾ ਨਿਭਾਉਣਗੇ। ਉਨ੍ਹਾਂ ਕਿਹਾ ਕਿ ਕਿਸੇ ਵੀ ਅਹੁਦੇ ਦਾ ਕੋਈ ਲਾਲਚ ਨਹੀਂ ਹੈ ਪਰ ਜਥੇਬੰਦੀਆਂ, ਸੰਪਰਦਾਵਾਂ, ਸੰਸਥਾਵਾਂ ਅਤੇ ਸੰਗਤਾਂ ਦਾ ਸਤਿਕਾਰ ਕਰਨਾ, ਉਨ੍ਹਾਂ ਹੁਕਮ ਆਦੇਸ਼ ਨੂੰ ਮੰਨਣਾ ਵੀ ਮੈਂ ਆਪਣਾ ਫਰਜ਼ ਸਮਝਦਾ ਹਾਂ। ਪਰਿਵਾਰ ਦੀ ਸੁਰੱਖਿਆ ਨੂੰ ਲੈ ਕੇ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਗੁਰੂ ਸਾਹਿਬ ਆਪ ਸਹਾਈ ਹੋ ਕੇ ਉਨ੍ਹਾਂ ਦੀ ਸੁਰੱਖਿਆ ਕਰਨਗੇ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੇ ਨਾਲ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਨੇ ਬੰਦ ਕਮਰਾ ਮੀਟਿੰਗ ਕੀਤੀ।

# ਸਾਡੇ ਜਥੇਦਾਰ ਦਾ ਰੁਤਬਾ ਰਾਜੇ ਨਾਲੋਂ ਵੀ ਵੱਡਾ ਹੁੰਦਾ ਹੈ: ਰਵੀ ਸਿੰਘ ਖ਼ਾਲਸਾ



ਅੰਮ੍ਰਿਤਸਰ/ਏ.ਟੀ.ਨਿਊਜ਼ :- ਖ਼ਾਲਸਾ ਏਡ ਦੇ ਮੁਖੀ ਰਵੀ ਸਿੰਘ ਖਾਲਸਾ ਨੇ ਵਿਰਸਾ ਸਿੰਘ ਵਲਟੋਹਾ ਵੱਲੋਂ ਗਿਆਨੀ ਹਰਪ੍ਰੀਤ ਸਿੰਘ ਖਿਲਾਫ ਅਪਮਾਨਜਨਕ ਟਿੱਪਣੀ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਜਥੇਦਾਰ, ਉਨ੍ਹਾਂ ਦੇ ਪ੍ਰਵਾਰ ਤੇ ਜਾਤ ਬਾਰੇ ਬੋਲਣਾ ਬਹੁਤ ਹੀ ਗਲਤ ਗੱਲ ਹੈ। ਇੱਕ- ਦੂਜੇ ਦੇ ਪ੍ਰਵਾਰਾਂ ਬਾਰੇ ਗਲਤ ਬੋਲਣ ਦਾ ਰਿਵਾਜ਼ ਹੀ ਬਣ ਗਿਆ ਹੈ।ਇਹ ਲੀਡਰ ਸਮਝਦੇ ਹੀ ਨਹੀਂ ਕਿ ਤਮੀਜ਼ ਕੀ ਹੁੰਦੀ, ਕਿਵੇਂ ਕਿਸੇ ਨੂੰ ਬੋਲਣਾ। ਰਵੀ ਸਿੰਘ ਖਾਲਸਾ ਨੇ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਮੈਨੂੰ ਇੱਕ ਦੋ ਵਾਰ ਮਿਲੇ ਹਨ। ਉਹ ਬਹੁਤ ਹੀ ਚੰਗੇ ਇਨਸਾਨ ਹਨ।

ਉਨ੍ਹਾਂ ਕਿਹਾ ਕਿ ਜਥੇਦਾਰ ਕੋਈ ਕਮੇਟੀ ਨਹੀਂ ਚੁਣਦੀ। ਸਾਡੇ ਜਥੇਦਾਰ ਦਾ ਰੁਤਬਾ ਰਾਜੇ ਨਾਲੋਂ ਵੀ ਵੱਡਾ ਹੁੰਦਾ ਹੈ, ਜਥੇਦਾਰ ਬਾਗੀ ਹੁੰਦੇ ਹਨ। ਉਹ ਅਸਤੀਫ਼ੇ ਨਹੀਂ, ਹੁਕਮ ਦਿੰਦੇ ਹਨ। ਜਿਸ ਵੀ ਜਥੇਦਾਰ 'ਤੇ ਹਮਲਾ ਹੁੰਦਾ ਉਨ੍ਹਾਂ ਨੂੰ ਹੁਕਮ ਦੇਣਾ ਚਾਹੀਦਾ ਵੀ ਆਓ ਦੱਸੋ ਤੁਹਾਨੂੰ ਕੀ ਪਰੇਸ਼ਾਨੀ ਹੈ ? ਤਖ਼ਤਾਂ ਦੇ ਜਥੇਦਾਰਾਂ ਦੀ ਇੱਜ਼ਤ ਕਰਨੀ ਚਾਹੀਦੀ ਹੈ। ਕੋਈ ਸਾਡੇ ਜਥੇਦਾਰ ਨੂੰ ਮਾੜਾ ਬੋਲ ਜਾਵੇ ਅਸੀਂ ਬਰਦਾਸ਼ਤ ਨਹੀਂ ਕਰਾਂਗੇ। ਅਸੀਂ ਉਨ੍ਹਾਂ ਨਾਲ ਖੜ੍ਹੇ ਹਾਂ।

# ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਗੁਰਪੁਰਬ ਸਬੰਧੀ ਅਕਾਲ ਤਖ਼ਤ ਸਾਹਿਬ ਤੋਂ ਸਜਾਇਆ ਵਿਸ਼ਾਲ ਨਗਰ ਕੀਰਤਨ



ਅੰਮ੍ਰਿਤਸਰ/ਏ.ਟੀ.ਨਿਊਜ਼: ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਗੁਰਪੁਰਬ ਸਬੰਧੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਇਹ ਨਗਰ ਕੀਰਤਨ ਪਲਾਜ਼ਾ ਘੰਟਾ ਘਰ, ਜਲ੍ਹਿਆਂਵਾਲਾ ਬਾਗ, ਘਿਓ ਮੰਡੀ ਚੌਕ, ਸ਼ੇਰਾਂ ਵਾਲਾ ਗੇਟ, ਮਹਾਂ ਸਿੰਘ ਗੇਟ, ਚੌਂਕ ਰਾਮ ਬਾਗ, ਹਾਲ ਗੇਟ, ਹਾਥੀ ਗੇਟ, ਲੋਹਗੜ੍ਹ ਗੇਟ, ਲਾਹੌਰੀ ਗੇਟ, ਬੇਰੀ ਗੇਟ, ਖ਼ਜ਼ਾਨਾ ਗੇਟ, ਗੇਟ ਹਕੀਮਾਂ, ਭਗਤਾਂ ਵਾਲਾ ਚੌਕ, ਚਾਟੀਵਿੰਡ ਗੇਟ, ਸੁਲਤਾਨਵਿੰਡ ਗੇਟ, ਘਿਓ ਮੰਡੀ ਚੌਕ ਤੋਂ ਹੁੰਦਾ ਹੋਇਆ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚ ਕੇ ਸੰਪੂਰਨ ਹੋਇਆ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ , ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ, ਮੈਨੇਜਰ ਸਤਨਾਮ ਸਿੰਘ ਰਿਆੜ, ਨਿਸ਼ਾਨ ਸਿੰਘ, ਵਧੀਕ ਮੈਨੇਜਰ ਬਿਕਰਮਜੀਤ ਸਿੰਘ ਝੰਗੀ, ਅਜੈ ਸਿੰਘ ਹਾਜ਼ਰ ਸਨ।

# ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਲਈ ਬੀਬੀ ਜਗੀਰ ਕੌਰ ਉਮੀਦਵਾਰ

## ਅਕਾਲੀ ਦਲ ਸੁਧਾਰ ਲਹਿਰ ਨੇ ਐਲਾਨਿਆ ਉਮੀਦਵਾਰ



ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਧੜੇ ਨੇ ਅਹਿਮ ਮੀਟਿੰਗ ਕੀਤੀ। ਬਾਗੀ ਧੜੇ ਨੇ ਸ਼੍ਰੋਮਣੀ ਕਮੇਟੀ ਚੋਣਾਂ ਲਈ ਆਪਣੇ ਉਮੀਦਵਾਰ ਦਾ ਐਲਾਨ ਕਰ ਦਿੱਤਾ ਹੈ। ਬਾਗੀ ਧੜੇ ਨੇ ਬੀਬੀ ਜਗੀਰ ਕੌਰ ਨੂੰ ਉਮੀਦਵਾਰ ਐਲਾਨਿਆ ਹੈ। ਮੀਟਿੰਗ ਵਿੱਚ ਬੀਬੀ ਜਗੀਰ ਕੌਰ, ਪ੍ਰੇਮ ਸਿੰਘ ਚੰਦੂਮਾਜਰਾ, ਗੁਰਪ੍ਰਤਾਪ ਸਿੰਘ ਵਡਾਲਾ ਸਮੇਤ ਕਈ ਸੀਨੀਅਰ ਆਗੂ ਹਾਜ਼ਰ ਸਨ।

ਸਾਬਕਾ ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ ਨੇ ਦੱਸਿਆ ਕਿ ਪਿਛਲੇ ਦਿਨੀਂ ਅਕਾਲੀ ਦਲ ਸੁਧਾਰ ਲਹਿਰ ਦੀ ਅਹਿਮ ਮੀਟਿੰਗ ਹੋਈ ਸੀ। ਜਿਸ ਵਿੱਚ ਕਈ ਅਹਿਮ ਫੈਸਲੇ ਲਏ ਗਏ। ਮੀਟਿੰਗ ਦਾ ਮੁੱਖ ਮੰਤਵ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਚੱਲ ਰਹੇ ਵਿਵਾਦ ਬਾਰੇ ਵਿਚਾਰ ਵਟਾਂਦਰਾ ਕਰਨਾ ਸੀ।

ਵਡਾਲਾ ਨੇ ਕਿਹਾ ਕਿ ਪਿਛਲੇ ਦਿਨੀਂ ਵਿਰਸਾ ਸਿੰਘ ਵਲਟੋਹਾ ਵੱਲੋਂ ਕਈ ਗੱਲਾਂ ਕਹੀਆਂ ਗਈਆਂ ਸਨ। ਕਿਸੇ ਨੂੰ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਨੁਕਸਾਨ ਪਹੁੰਚਾਉਣ ਦਾ ਅਧਿਕਾਰ ਨਹੀਂ ਹੈ ਅਤੇ ਸਾਰੇ ਫੈਸਲੇ ਮਰਿਆਦਾ ਦੇ ਆਧਾਰ 'ਤੇ ਲਏ ਜਾਣਗੇ। ਵਲਟੋਹਾ ਦੇ ਕਹਿਣ 'ਤੇ ਪਰੰਪਰਾ ਨਹੀਂ ਬਦਲੀ ਜਾ ਸਕਦੀ।

ਜਾਣਕਾਰੀ ਅਨੁਸਾਰ ਆਉਣ ਵਾਲੀਆਂ ਸ਼੍ਰੋਮਣੀ ਕਮੇਟੀ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਧੜੇ ਦੀ ਉਮੀਦਵਾਰ ਬੀਬੀ ਜਗੀਰ ਕੌਰ ਹੋਵੇਗੀ। ਇਹ ਫੈਸਲਾ ਇਸ ਮੀਟਿੰਗ ਦੌਰਾਨ ਲਿਆ ਗਿਆ ਹੈ। ਇਸ ਫੈਸਲੇ 'ਤੇ ਬੀਬੀ ਜਗੀਰ ਕੌਰ ਨੇ ਕਿਹਾ ਕਿ ਮੈਂ ਧੰਨਵਾਦੀ ਹਾਂ ਕਿ ਆਗੂਆਂ ਨੇ ਮੇਰੇ 'ਤੇ ਭਰੋਸਾ ਪ੍ਰਗਟਾਇਆ ਹੈ। ਉਹਨਾਂ ਕਿਹਾ ਕਿ ਮੁੱਖ ਸੇਵਾਦਾਰ ਉਮੀਦਵਾਰ ਵਜੋਂ ਐਲਾਨੇ ਜਾਣ 'ਤੇ ਮੈਂ ਮਾਣ ਮਹਿਸੂਸ ਕਰਦੀ ਹਾਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਾਡੇ ਭਾਈਚਾਰੇ ਦੀ ਇੱਕ ਸੰਸਥਾ ਹੈ। ਕਮੇਟੀ ਵਿੱਚ ਪਹਿਲਾਂ ਵੀ ਕਈ ਵਾਰ ਸਿਆਸੀ ਦਖਲ ਅੰਦਾਜ਼ੀ ਹੋ ਚੁੱਕੀ ਹੈ। ਪਰ ਮੈਂ ਭਰੋਸਾ ਦਿਵਾਉਂਦੀ ਹਾਂ ਕਿ ਜੇ ਮੈਂ ਪ੍ਰਧਾਨ ਬਣ ਗਈ ਤਾਂ ਅਜਿਹਾ ਨਹੀਂ ਹੋਵੇਗਾ। ਕਮੇਟੀ ਸਿੱਖਾਂ ਦੀ ਹੀ ਗੱਲ ਕਰੇਗੀ।

# ਸ਼੍ਰੋਮਣੀ ਕਮੇਟੀ ਇਜਲਾਸ: ਅਕਾਲੀ ਦਲ ਲਈ ਇਮਤਿਹਾਨ ਦੀ ਘੜੀ

ਅੰਮ੍ਰਿਤਸਰ/ਏ.ਟੀ.ਨਿਊਜ਼: ਮੌਜੂਦਾ ਬਦਲੇ ਸਿਆਸੀ ਹਾਲਾਤ ਅਤੇ ਵਾਪਰੇ ਘਟਨਾਕ੍ਰਮ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਦੀ ਚੋਣ ਲਈ 28 ਅਕਤੂਬਰ ਨੂੰ ਹੋਣ ਵਾਲੇ ਆਮ ਇਜਲਾਸ ਵਿੱਚ ਮੌਜੂਦਾ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਨੂੰ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸ਼੍ਰੋਮਣੀ ਕਮੇਟੀ ਦੇ ਮੌਜੂਦਾ ਹਾਊਸ ਵਿੱਚ ਹਾਕਮ ਧਿਰ ਸ਼੍ਰੋਮਣੀ ਅਕਾਲੀ ਦਲ ਕੋਲ ਭਾਵੇਂ ਬਹੁਮਤ ਹੈ। ਉਧਰ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਵੱਲੋਂ ਬੀਬੀ ਜਗੀਰ ਕੌਰ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਲਈ ਉਮੀਦਵਾਰ ਐਲਾਨਿਆ ਗਿਆ ਹੈ। ਅਕਾਲੀ ਸੁਧਾਰ ਲਹਿਰ ਦੇ ਆਗੂਆਂ ਨੇ ਦਾਅਵਾ ਕੀਤਾ ਕਿ ਬੀਬੀ ਜਗੀਰ ਕੌਰ ਨੂੰ ਉਮੀਦਵਾਰ ਬਣਾਉਣ ਦਾ ਫੈਸਲਾ ਸਲਾਹ ਮਸ਼ਵਰਾ ਕਰਨ ਮਗਰੋਂ ਕੀਤਾ ਹੈ।

ਬੀਬੀ ਜਗੀਰ ਕੌਰ 2022 ਵਿੱਚ ਹੋਏ ਜਨਰਲ ਇਜਲਾਸ ਵਿੱਚ ਵੀ ਵਿਰੋਧੀ ਧਿਰ ਦੇ ਉਮੀਦਵਾਰ ਵਜੋਂ ਮੈਦਾਨ ਵਿੱਚ ਸਨ ਅਤੇ ਉਨ੍ਹਾਂ ਦੇ ਹੱਕ ਵਿੱਚ 40 ਤੋਂ ਵੱਧ ਉਮੀਦਵਾਰਾਂ ਨੇ ਵੋਟ ਪਾਈ ਸੀ। ਹੁਣ ਹਾਲਾਤ ਹੋਰ ਹਨ ਅਤੇ ਸ਼੍ਰੋਮਣੀ ਅਕਾਲੀ ਦਲ ਇਸ ਵੇਲੇ ਅੰਦਰੂਨੀ ਕਲੇਸ਼ ਦਾ ਸਾਹਮਣਾ ਕਰ ਰਿਹਾ ਹੈ। ਅਕਾਲੀ ਦਲ ਦੇ ਨਾਰਾਜ਼ ਧੜੇ ਨੇ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਨਾਂ ਦਾ ਵੱਖਰਾ ਧੜਾ ਬਣਾ ਲਿਆ ਹੈ। ਇਸੇ ਸੰਕਟ ਕਾਰਨ ਸ੍ਰੀ ਅਕਾਲ ਤਖ਼ਤ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੂੰ ਤਨਖਾਹੀਆ ਕਰਾਰ ਦਿੱਤਾ ਹੋਇਆ ਹੈ। ਇਸ ਤੋਂ ਇਲਾਵਾ ਹਾਲ ਹੀ ਵਿੱਚ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਅਤੇ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਵਿਚਾਲੇ ਹੋਏ ਵਿਵਾਦ ਨੇ ਅਕਾਲੀ ਦਲ ਲਈ ਹੋਰ ਵੱਡਾ ਸੰਕਟ ਪੈਦਾ ਕੀਤਾ ਹੈ।

(ਬਾਕੀ ਸਫ਼ਾ 31 'ਤੇ)

# ਸਾਫ਼ ਹਵਾ, ਪਾਣੀ ਤੇ ਸ਼ੁੱਧ ਖੁਰਾਕ ਹਰ ਮਨੁੱਖ ਦਾ ਮੁੱਢਲਾ ਅਧਿਕਾਰ

## ਪੰਜਾਬ 'ਚ ਪ੍ਰਦੂਸ਼ਣ ਵਿਰੁੱਧ ਜੰਗ ਜਾਰੀ ਰਹੇਗੀ: ਸੀਚੇਵਾਲ



ਜਲੰਧਰ/ਏ.ਟੀ.ਨਿਊਜ਼:ਰਾਜ ਸਭਾ ਮੈਂਬਰ ਤੇ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਵੱਲੋਂ ਪ੍ਰਦੂਸ਼ਣ ਵਿਰੁੱਧ ਛੇੜੀ ਜੰਗ ਜਾਰੀ ਰਹੇਗੀ। ਉਨ੍ਹਾਂ ਕਿਹਾ ਕਿ ਸਾਫ਼ ਹਵਾ, ਪਾਣੀ ਤੇ ਸ਼ੁੱਧ ਖੁਰਾਕ ਹਰ ਮਨੁੱਖ ਦਾ ਮੁੱਢਲਾ ਅਧਿਕਾਰ ਹੈ। ਇੱਥੇ ਗੁਰਦੁਆਰਾ ਟਾਹਲੀ ਸਾਹਿਬ ਵਿੱਚ ਸੰਤ ਦਇਆ ਸਿੰਘ ਦੀ ਯਾਦ ਵਿੱਚ ਕਰਵਾਏ ਸਮਾਗਮ ਵਿੱਚ ਸ਼ਾਮਲ ਹੋਏ ਸੰਤ ਸੀਚੇਵਾਲ ਨੇ ਕਿਹਾ ਕਿ ਸੰਤ ਦਇਆ ਸਿੰਘ ਜੀ ਦੀ ਇੱਛਾ ਸੀ ਕਿ ਕਾਲਾ ਸੰਘਿਆ ਡਰੇਨ ਵਿੱਚ ਸਾਫ਼ ਪਾਣੀ ਵਗੇ। ਸੰਤ ਸੀਚੇਵਾਲ ਨੇ ਕਿਹਾ ਕਿ ਉਨ੍ਹਾਂ ਵੱਲੋਂ ਪ੍ਰਦੂਸ਼ਣ ਵਿਰੁੱਧ ਜਿਹੜੀ ਜੰਗ ਛੇੜੀ ਹੋਈ ਹੈ, ਉਹ ਜਾਰੀ ਰਹੇਗੀ। ਉਨ੍ਹਾਂ ਦੱਸਿਆ ਕਿ ਕਾਲਾ ਸੰਘਿਆ ਡਰੇਨ ਦੇ ਕਿਨਾਰਿਆਂ ਨੂੰ ਪੱਥਰ ਲਾ ਕੇ ਪੱਕਾ ਕੀਤਾ ਜਾ ਰਿਹਾ ਹੈ ਜਿਸ ਨਾਲ ਇਸ ਵਿੱਚ ਪਾਏ ਜਾ ਰਹੇ ਗੰਦੇ ਪਾਣੀਆਂ 'ਤੇ ਕਾਫ਼ੀ ਹੱਦ ਤੱਕ ਰੋਕ ਲੱਗ ਗਈ ਹੈ। ਸੰਤ ਸੀਚੇਵਾਲ ਨੇ ਸੰਗਤਾਂ ਨੂੰ ਦੱਸਿਆ ਕਿ ਬਸਤੀ ਪੀਰਦਾਦ ਵਿੱਚ 50 ਅਤੇ 15 ਐਮ.ਐਲ.ਡੀ. ਵਾਲੇ ਦੋ ਟਰੀਟਮੈਂਟ ਪਲਾਂਟ ਲੱਗੇ ਹੋਏ ਹਨ। ਲੈਦਰ ਕੰਪਲੈਕਸ ਵਿੱਚ ਵੀ ਇੱਕ ਖ਼ਾਸ ਕਿਸਮ ਦਾ 5 ਐਮ.ਐਲ.ਡੀ. ਦੀ ਸਮਰੱਥਾ ਵਾਲਾ ਟਰੀਟਮੈਂਟ ਪਲਾਂਟ ਲੱਗਾ ਹੈ। ਕਾਲਾ ਸੰਘਿਆ ਡਰੇਨ ਜਿਸ ਨੂੰ ਸਮਾਰਟ ਸਿਟੀ ਪ੍ਰਾਜੈਕਟ ਤਹਿਤ ਪੱਕਾ ਕੀਤਾ ਜਾ ਰਿਹਾ ਹੈ। ਇਸ ਮੌਕੇ ਸੰਤ ਦਇਆ ਸਿੰਘ ਦੀ ਯਾਦ ਵਿੱਚ ਬੂਟਿਆਂ ਦਾ ਪ੍ਰਸ਼ਾਦ ਵੀ ਵੰਡਿਆ ਗਿਆ। ਇਸ ਮੌਕੇ ਸੰਤ ਲੀਡਰ ਸਿੰਘ, ਸੰਤ ਅਮਰੀਕ ਸਿੰਘ, ਸੰਤ ਗੁਰਮੇਜ ਸਿੰਘ, ਮਹਾਤਮਾ ਮੁੰਨੀ ਤੇ ਹੋਰ ਮਹਾਪੁਰਸ਼ਾਂ ਨੇ ਸਮਾਗਮ ਵਿੱਚ ਸ਼ਿਰਕਤ ਕੀਤੀ।

# ਗੁ. ਹੇਮਕੁੰਟ ਸਾਹਿਬ ਦੀ ਰੋਪਵੇਅ ਯੋਜਨਾ ਲਟਕੀ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਲਈ ਤਿਆਰ ਹੋਣ ਵਾਲੇ ਰੋਪਵੇਅ ਲਈ ਸਰਕਾਰ ਵੱਲੋਂ ਮੁੜ ਟੈਂਡਰ ਕੀਤੇ ਜਾਣਗੇ। ਇਹ ਖੁਲਾਸਾ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਕੀਤਾ ਹੈ। ਉਹ ਕੱਲ੍ਹ ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨੂੰ ਮਿਲ ਕੇ ਆਏ ਸਨ।

ਸ੍ਰੀ ਬਿੰਦਰਾ ਨੇ ਕਿਹਾ ਕਿ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਦੱਸਿਆ ਕਿ ਉਹ ਹਾਲ ਹੀ ਵਿੱਚ ਪ੍ਰਧਾਨ ਮੰਤਰੀ ਨੂੰ ਮਿਲ ਕੇ ਆਏ ਹਨ ਅਤੇ ਇਸ ਪ੍ਰਾਜੈਕਟ ਦੇ ਮੁੜ ਟੈਂਡਰ ਲਈ ਚਰਚਾ ਕੀਤੀ ਹੈ। ਉਨ੍ਹਾਂ ਦੱਸਿਆ ਕਿ ਲਾਗਤ ਖਰਚੇ ਵਧਣ ਕਰਕੇ ਮੁੜ ਟੈਂਡਰ ਕਰਨ ਦੀ ਲੋੜ ਪਈ ਹੈ। ਪਹਿਲਾਂ ਇਹ ਯੋਜਨਾ 2026 ਵਿੱਚ ਮੁਕੰਮਲ ਕਰਨ ਦਾ ਟੀਚਾ ਸੀ ਪਰ ਹੁਣ ਮੁੜ ਟੈਂਡਰ ਜਾਰੀ ਕੀਤੇ ਜਾਣ ਕਾਰਨ ਇਸ ਦੇ ਮੁਕੰਮਲ ਹੋਣ ਦੀ ਮਿਆਦ ਵੀ ਵੱਧ ਜਾਵੇਗੀ। ਸ੍ਰੀ ਬਿੰਦਰਾ ਨੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਹਰ ਸਾਲ ਚਾਰ ਧਾਮ ਯਾਤਰਾ ਬਾਰੇ ਹੋਣ ਵਾਲੀ ਮੀਟਿੰਗ ਵਿੱਚ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਨੂੰ ਵੀ ਸੱਦਿਆ ਜਾਵੇ।

ਮੁੱਖ ਮੰਤਰੀ ਵੱਲੋਂ ਇਸ ਸਬੰਧ ਵਿੱਚ ਪ੍ਰਸ਼ਾਸਨ ਨੂੰ ਤੁਰੰਤ ਦਿਸ਼ਾ ਨਿਰਦੇਸ਼ ਦਿੱਤੇ ਗਏ। ਪ੍ਰਧਾਨ ਮੰਤਰੀ ਵੱਲੋਂ ਅਕਤੂਬਰ 2022 ਵਿੱਚ ਸ੍ਰੀ ਹੇਮਕੁੰਟ ਸਾਹਿਬ ਅਤੇ ਕੇਦਾਰਨਾਥ ਧਾਮ ਲਈ ਰੋਪਵੇਅ ਮਾਰਗ ਬਣਾਉਣ ਦਾ ਐਲਾਨ ਕੀਤਾ ਗਿਆ ਸੀ। ਇਹ ਯੋਜਨਾ ਲਗਪਗ 2400 ਕਰੋੜ ਰੁਪਏ ਦੀ ਸੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

## ਕਦੋਂ ਬੰਦ ਹੋਵੇਗੀ ਮੰਡੀਆਂ 'ਚ ਅੰਨਦਾਤੇ ਦੀ ਲੁੱਟ ?

'ਆਪ' ਸਰਕਾਰ ਵੱਲੋਂ ਸਰਕਾਰੀ ਖ਼ਰੀਦ ਨਾ ਸ਼ੁਰੂ ਕਰਕੇ ਪ੍ਰਾਈਵੇਟ ਦਲਾਲਾਂ ਦੇ ਰਾਹੀਂ ਅੰਨਦਾਤੇ ਦੀ ਲੁੱਟ ਕੀਤੀ ਜਾ ਰਹੀ ਹੈ। ਸਾਡੇ ਮੁੱਖ ਮੰਤਰੀ ਭਗਵੰਤ ਮਾਨ ਝੋਨਾ ਲਾਉਣ ਸਮੇਂ ਲੋਕਾਂ ਨੂੰ ਹੁੱਬ ਕੇ ਕਹਿੰਦੇ ਸਨ ਕਿ "ਪੀ.ਆਰ. 126 ਝੋਨੇ ਦੀ ਕਿਸਮ ਲਗਾਓ, ਮੈਂ ਤੁਹਾਨੂੰ ਮੁੱਲ ਦੇਵਾਂਗਾ। ਤੁਹਾਡੀ ਫ਼ਸਲ ਨੂੰ ਰੁਲਣ ਨਹੀਂ ਦੇਵਾਂਗਾ" ਪਰ ਅੱਜ ਦੇ ਸਮੇਂ ਪੰਜਾਬ ਦੀ ਹਰ ਮੰਡੀ 'ਚ ਕਿਸਾਨ ਬੇਬਸ ਹੋਇਆ ਝੋਨੇ ਦੇ ਢੇਰ ਦੇ ਕੋਲ਼ ਬੈਠਾ ਬਹੁਤ ਸਾਰੀਆਂ ਕਬੀਲਦਾਰੀ ਦੀਆਂ ਬੁਣਤੀਆਂ ਬੁਣ ਰਿਹਾ ਹੈ। ਅੱਜ ਪੰਜਾਬ ਦਾ ਕਿਸਾਨ ਉੱਤਰ ਪ੍ਰਦੇਸ਼ ਵਾਲੇ ਕਿਸਾਨਾਂ ਦੀ ਤਰ੍ਹਾਂ ਘੱਟ ਐਮ.ਐਸ.ਪੀ. 'ਤੇ ਝੋਨਾ ਵੇਚਣ ਲਈ ਮਜਬੂਰ ਹੋਇਆ ਪਿਆ ਹੈ।

ਪ੍ਰਾਈਵੇਟ ਦਲਾਲ ਮੰਡੀਆਂ ਵਿੱਚ ਲੁੱਟ ਮਚਾ ਰਹੇ ਹਨ। ਕਾਗ਼ਜ਼ਾਂ ਦੇ ਵਿੱਚ ਭਾਵੇਂ ਕਿ ਪੰਜਾਬ ਸਰਕਾਰ ਨੇ ਸਰਕਾਰੀ ਖ਼ਰੀਦ 1 ਅਕਤੂਬਰ ਤੋਂ ਸ਼ੁਰੂ ਕਰ ਦਿੱਤੀ ਸੀ ਪਰ ਅੱਜ 23 ਅਕਤੂਬਰ ਹੋ ਗਿਆ ਹੈ ਤੇ ਸਰਕਾਰੀ ਖ਼ਰੀਦ ਸ਼ੁਰੂ ਨਹੀਂ ਹੋਈ। ਭਗਵੰਤ ਮਾਨ ਸਰਕਾਰ ਦਾਅਵਾ ਕਰ ਰਹੀ ਹੈ ਕਿ ਉਸ ਨੇ 90 ਫ਼ੀਸਦੀ ਝੋਨੇ ਦੀ ਖ਼ਰੀਦ ਕਰ ਲਈ ਹੈ ਪਰ ਇਹ ਦਾਅਵੇ ਕਾਗ਼ਜ਼ਾਂ ਵਿੱਚ ਹੀ ਹਨ। ਇਸ ਨੂੰ ਸਰਕਾਰ ਦੀ ਨਾਲਾਇਕੀ ਨਹੀਂ ਕਹਾਂਗੇ ਤਾਂ ਹੋਰ ਕੀ ਕਹਾਂਗੇ ? ਸਵਾਲ ਤਾਂ ਇਹ ਵੀ ਉੱਠਦਾ ਹੈ ਕਿ ਕੀ ਇਹ ਭਗਵੰਤ ਮਾਨ ਸਰਕਾਰ ਦਾ ਫੇਲੀਅਰ ਹੈ ? ਕੀ ਸਰਕਾਰ ਖ਼ਰੀਦ ਦੇ ਲਈ ਪੁਖ਼ਤਾ ਪ੍ਰਬੰਧ ਕਰਨ ਵਿੱਚ ਅਸਫ਼ਲ ਰਹੀ ਹੈ ? ਮੰਡੀਆਂ 'ਚ ਨਾ ਬਾਰਦਾਨਾ ਹੈ, ਨਾ ਲਿਫ਼ਟਿੰਗ ਹੋ ਰਹੀ ਹੈ ਤੇ ਨਾ ਹੀ ਖ਼ਰੀਦ ਹੋ ਰਹੀ ਹੈ ਅਤੇ ਉੱਤੋਂ ਡੀ.ਏ.ਪੀ. ਖਾਦ ਨਾ ਮਿਲਣ ਕਰਕੇ ਕਿਸਾਨਾਂ ਨੂੰ ਅਗਲੀ ਫ਼ਸਲ ਦੇ ਲਈ ਨਿਰਾਸ਼ ਕਰ ਦਿੱਤਾ ਹੈ। ਹਾਲਾਂ ਕਿ ਕੇਂਦਰ ਸਰਕਾਰ ਨੇ ਦਖ਼ਲ ਦਿੱਤਾ ਹੈ ਤੇ ਅੱਜ ਕੇਂਦਰੀ ਖਪਤਕਾਰ ਮਾਮਲਿਆਂ ਦੇ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਪੰਜਾਬ ਦੇ ਚੌਲ਼ ਮਿੱਲ ਮਾਲਕਾਂ ਨੂੰ ਮੀਟਿੰਗ ਲਈ ਦਿੱਲੀ ਵੀ ਬੁਲਾਇਆ ਹੈ। ਉਮੀਦ ਕਰਦੇ ਹਾਂ ਕਿ ਇਸ ਮੀਟਿੰਗ ਦੇ ਨਤੀਜੇ ਵਧੀਆ ਨਿਕਲਣ। ਖਾਨਾ ਪੂਰਤੀ ਦੇ ਲਈ ਭਗਵੰਤ ਮਾਨ ਨੇ ਭਾਵੇਂ ਰਾਜਪੁਰਾ ਅਨਾਜ ਮੰਡੀ ਵਿੱਚ ਖ਼ਰੀਦ ਦਾ ਜਾਇਜ਼ਾ ਲਿਆ ਤੇ ਕਿਹਾ ਕਿ ਫ਼ਸਲ ਦੀ ਚੁਕਾਈ ਤੇਜ਼ੀ ਨਾਲ ਕੀਤੀ ਜਾਵੇ ਪਰ ਕਹਿਣੀ ਤੇ ਕਰਨੀ ਦੇ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਹੁੰਦਾ ਹੈ।

ਕਹਿਣ ਨੂੰ ਤਾਂ ਅੱਜ ਭਗਵੰਤ ਮਾਨ ਨੇ ਇਹ ਵੀ ਕਿਹਾ ਕਿ ਉਹਨਾਂ ਦੀ ਅਮਿਤ ਸ਼ਾਹ ਦੇ ਨਾਲ ਗੱਲਬਾਤ ਹੋਈ ਹੈ ਤੇ ਉਮੀਦ ਕਰਦੇ ਹਾਂ ਕਿ ਇਹ ਮਸਲਾ ਜਲਦੀ ਹੱਲ ਹੋ ਜਾਵੇਗਾ। ਇੱਕ ਕਹਾਵਤ ਹੈ ਕਿ 'ਬੂਹੇ ਆਈ ਜੰਨ, ਵਿੰਨ੍ਹੋ ਕੁੜੀ ਦੇ ਕੰਨ।' ਸੋ ਜਦੋਂ ਫ਼ਸਲ ਮੰਡੀਆਂ ਦੇ ਵਿੱਚ ਪਹੁੰਚ ਗਈ ਹੈ ਤਾਂ ਹੁਣ ਇਹ ਇੰਤਜ਼ਾਮ ਕਰਨ ਲੱਗੇ ਹਨ। ਬਾਰਦਾਨਾ ਮੰਡੀਆਂ ਦੇ ਵਿੱਚ ਮੌਜੂਦ ਨਹੀਂ ਹੈ ਤੇ ਇਹ ਸਾਨੂੰ ਪਤਾ ਹੈ ਕਿ ਬਾਰਦਾਨਾ ਤੁਰੰਤ ਨਹੀਂ ਬਣਦਾ ਹੁੰਦਾ। ਇਸ ਦੇ ਲਈ ਦਿਨ ਲਗਦੇ ਹੁੰਦੇ ਹਨ। ਫਿਰ ਸਰਕਾਰ ਬਾਰਦਾਨੇ ਦਾ ਪ੍ਰਬੰਧ ਕਰਨ ਵਿੱਚ ਅਸਫ਼ਲ ਕਿਉਂ ? ਦੇਖਦੇ ਹਾਂ ਕਿ ਜ਼ਮੀਨੀ ਪੱਧਰ 'ਤੇ ਕੰਮ ਕਰ ਰਹੀ ਸਰਕਾਰ ਕਿਸਾਨਾਂ ਦੀ ਇਸ ਮੁਸੀਬਤ ਨੂੰ ਕਿੰਨਾ ਕੁ ਧਰਾਤਲ 'ਤੇ ਵੇਖਦੀ ਹੈ। ਮੁੱਖ ਮੰਤਰੀ ਭਗਵੰਤ ਮਾਨ ਵਿਰੋਧੀ ਪਾਰਟੀਆਂ ਦੇ ਨਿਸ਼ਾਨੇ 'ਤੇ ਹੈ, ਉਹਨਾਂ ਨੂੰ ਪਰਾਲ਼ੀ ਚੁੱਕਣ ਦੇ ਮਸਲੇ 'ਤੇ ਵੀ ਘੇਰਿਆ ਜਾ ਰਿਹਾ ਹੈ। ਕਿਹਾ ਤਾਂ ਇਹ ਵੀ ਜਾ ਰਿਹਾ ਹੈ ਕਿ ਮੰਡੀਆਂ ਵਿੱਚ ਮਜ਼ਦੂਰਾਂ ਦੀ ਐਂਟਰੀ 'ਤੇ ਗੁੰਡਾ ਪਰਚੀ ਕੱਟੀ ਜਾ ਰਹੀ ਹੈ। ਸਵਾਲ ਇਹ ਵੀ ਉੱਠਦਾ ਹੈ ਪੰਜਾਬ ਸਰਕਾਰ 'ਤੇ ਕਿ ਤੁਸੀਂ ਪੰਜਾਬ ਦੇ ਹਰ ਇੱਕ ਵਿਅਕਤੀ ਦੇ ਨਾਲ ਬਦਲਾਅ ਦਾ ਵਾਅਦਾ ਕੀਤਾ ਸੀ, ਕੀ ਇਹ ਬਦਲਾਓ ਹੈ ਕਿ ਪੁੱਤਾਂ ਵਾਂਗ ਪਾਲੀ ਫ਼ਸਲ ਮੰਡੀਆਂ ਵਿੱਚ ਰੁਲ਼ ਰਹੀ ਹੈ।

ਕਿਸਾਨ ਜਥੇਬੰਦੀਆਂ ਧਰਨੇ 'ਤੇ ਹਨ ਤੇ ਅਸੀਂ ਇਹ ਵੀ ਜਾਣਦੇ ਹਾਂ ਕਿ ਸਾਰੀਆਂ ਕਿਸਾਨ ਜਥੇਬੰਦੀਆਂ ਦੀ ਨਾ ਤਾਂ ਇੱਕ ਰਾਇ ਹੈ ਨਾ ਹੀ ਇੱਕ ਨੀਤੀ ਹੈ। ਜਿਸ ਦਾ ਕਿ ਸਰਕਾਰਾਂ ਫ਼ਾਇਦਾ ਵੀ ਚੁੱਕਦੀਆਂ ਹਨ। ਫ਼ਸਲ ਚੁੱਕੀ ਜਾਣੀ ਚਾਹੀਦੀ ਹੈ ਤੇ ਮੰਡੀ ਵਿਚੋਂ ਚੁੱਕੀ ਵੀ ਜਾਣੀ ਹੈ ਫੇਰ ਖ਼ਰਾਬ ਕਰਕੇ ਹੀ ਕਿਓਂ ? ਇਸ ਨਾਲ ਸਰਕਾਰ ਦਾ ਅਕਸ ਦਿਨ ਬ ਦਿਨ ਧੁੰਦਲਾ ਹੋ ਰਿਹਾ ਹੈ। ਵੱਡਾ ਕਿਸਾਨ ਇਹ ਸੱਟ ਸਹਿ ਸਕਦਾ ਹੈ ਪਰ ਸਾਧਾਰਨ ਜਾਂ ਗਰੀਬ ਕਿਸਾਨ 2325 ਰੁਪਏ ਵਾਲੀ ਫ਼ਸਲ 2000 ਰੁਪਏ ਨੂੰ ਮਜਬੂਰੀ ਵੱਸ ਵੇਚ ਰਿਹਾ ਹੈ। ਵੈਸੇ ਧਿਆਨ ਮਾਰਿਆ ਜਾਵੇ ਤਾਂ ਕੁਇੰਟਲ ਪਿੱਛੇ ਹਰ ਕਿਸਾਨ ਨੂੰ 200 ਤੋਂ 250 ਰੁਪਏ ਘਾਟਾ ਪੈ ਰਿਹਾ ਹੈ ਤੇ ਫੇਰ ਐਮ.ਐਸ.ਪੀ. ਦਾ ਮਤਲਬ ਕੀ ਹੈ ? ਅੱਜ ਕਿਸਾਨੀ ਦੇ ਲਈ ਦੋ ਮੀਟਿੰਗਾਂ ਬੜੀਆਂ ਮਹੱਤਵਪੂਰਨ ਹਨ। ਇੱਕ ਐਸ.ਕੇ.ਐਮ. ਦੀ ਮੀਟਿੰਗ ਹੋ ਰਹੀ ਹੈ, ਉਹ ਵੇਖੋ ਕਿ ਉਨ੍ਹਾਂ ਦਾ ਅਗਲਾ ਕਦਮ ਕੀ ਹੋਵੇਗਾ ? ਤੇ ਦੂਜਾ ਸ਼ੈਲਰ ਮਾਲਕਾਂ ਦੀ ਮੀਟਿੰਗ ਹੋ ਰਹੀ ਹੈ। ਇੱਥੇ ਤੁਹਾਨੂੰ ਦੱਸ ਦੇਈਏ ਕਿ ਸ਼ੈਲਰ ਮਾਲਕਾਂ ਦੀ ਮੀਟਿੰਗ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੂੰ ਸੱਦਾ ਪੱਤਰ ਨਹੀਂ ਦਿੱਤਾ ਗਿਆ ਪਰ ਭਗਵੰਤ ਮਾਨ ਨੇ ਖ਼ਾਨਾਪੂਰਤੀ ਦੇ ਲਈ ਅਮਿਤ ਸ਼ਾਹ ਨਾਲ ਗੱਲਬਾਤ ਮੀਡੀਆ ਦੇ ਸਾਹਮਣੇ ਕਹਿ ਦਿੱਤੀ ਹੈ ਤੇ ਇੱਕ ਹੈਰਾਨੀ ਵਾਲੀ ਗੱਲ ਹੋ ਰ ਵੀ ਹੈ ਕਿ ਸ਼ੈਲਰ ਮਾਲਕਾਂ ਦੀ ਮੀਟਿੰਗ ਦੇ ਵਿੱਚ ਭਾਜਪਾ ਦੇ ਤਰੁਣ ਚੁੱਘ ਪੰਜਾਬ ਤੋਂ ਨਾਲ ਜਾ ਰਹੇ ਹਨ। ਇਸ ਤੋਂ ਇਹ ਪੁਲੀਟੀਕਲ ਐਂਗਲ ਵੀ ਦਿਖਦਾ ਹੈ। ਜੇ ਇਹ ਮਸਲਾ ਹੱਲ ਹੁੰਦਾ ਹੈ ਤਾਂ ਕਿਸਾਨਾਂ ਨੂੰ ਰਾਹਤ ਮਿਲੇਗੀ। ਵੈਸੇ ਤਾਂ ਸਰਕਾਰ ਕਹਿੰਦੀ ਹੈ ਕਿ ਸਾਡੇ ਕੋਲ 'ਬੀ' ਪਲਾਨ ਹੈ ਪਰ ਸਮਝ ਨਹੀਂ ਆਉਂਦੀ ਕਿ ਇਹ 'ਬੀ' ਪਲਾਨ ਵਰਤਣਾ ਕਦੋਂ ਹੈ ? ਪੰਜਾਬ ਸਰਕਾਰ ਦੀ ਇਹ ਗੱਲ ਹੋਛੀ ਲੱਗੀ ਜਦੋਂ ਉਹ ਕਹਿ ਰਹੀ ਹੈ ਕਿ ਕੇਂਦਰ ਸਰਕਾਰ 'ਤੇ ਅਟੈਕ ਕਰੋ। ਭਲੇਮਾਣਸੋ, ਹੁਣ ਅਟੈਕ ਦਾ ਸਮਾਂ ਨਹੀਂ ਹੈ। ਅਟੈਕ ਕਰਨਾ ਸੀ ਤਾਂ ਦੋ ਮਹੀਨੇ ਪਹਿਲਾਂ ਕਰਦੇ। ਇਥੇ ਪੰਜਾਬ ਦੀ ਆਰਥਿਕਤਾ ਦਾ ਸਵਾਲ ਹੈ। ਨਰਮਾਈ ਦੇ ਨਾਲ ਮਸਲਾ ਹੱਲ ਕਰੋ। ਇਹ ਕਿਸਾਨੀ ਦੀ ਮੰਡੀਕਰਨ ਦਾ ਸਵਾਲ ਹੈ। ਜਿਥੇ ਮਜ਼ਦੂਰ ਤੋਂ ਲੈ ਕੇ ਸ਼ੈਲਰ ਮਾਲਕ ਤੱਕ ਦੁਵਿੱਤੀ ਵਿੱਚ ਹਨ।

# 'ਆਪ' ਪਾਰਟੀ ਕਾਰਨ ਪੰਜਾਬੀਆਂ ਵਿੱਚ ਨਿਰਾਸ਼ਾ ਕਿਉਂ?



ਡਾ. ਕੇਸਰ ਸਿੰਘ ਭੰਗੂ

ਪੰਜਾਬ ਕਿਸੇ ਸਮੇਂ ਦੇਸ਼ ਦਾ ਹਰ ਖੇਤਰ ਵਿਚ ਮੋਹਰੀ ਸੂਬਾ ਸੀ ਅਤੇ ਹੋਰ ਸੂਬੇ ਪੰਜਾਬ ਦੀ ਤਰ੍ਹਾਂ ਤਰੱਕੀ ਕਰਨੀ ਲੋਚਦੇ ਸਨ। ਪਰ ਹੌਲੀ ਹੌਲੀ ਸਮੇਂ ਦੀਆਂ ਕੇਂਦਰੀ ਸਰਕਾਰਾਂ ਦੀਆਂ ਸੂਬੇ ਪ੍ਰਤੀ ਨੀਤੀਆਂ ਅਤੇ ਵਿਹਾਰ ਕਾਰਨ ਅਤੇ ਲੱਗਭਗ 1997 ਤੋਂ ਬਾਅਦ ਬਣਨ ਵਾਲੀਆਂ ਸਾਰੀਆਂ ਹੀ ਸੂਬਾ ਸਰਕਾਰਾਂ ਦੀਆਂ ਗ਼ਲਤ ਨੀਤੀਆਂ ਨੇ ਸੂਬੇ ਨੂੰ ਨਾ ਕੇਵਲ ਆਰਥਿਕ ਨਿਘਾਰ ਵੱਲ ਹੀ ਧੱਕਿਆ ਬਲਕਿ ਸੂਬਾ ਬਹੁਤ ਸਾਰੇ ਹੋਰ ਖੇਤਰਾਂ ਵਿੱਚ ਵੀ ਦੂਜਿਆਂ ਸੂਬਿਆਂ ਤੋਂ ਪਛੜ ਗਿਆ। ਨਤੀਜੇ ਵਜੋਂ ਪੰਜਾਬ ਅੱਜ ਕਲ੍ਹ ਕਈ ਬਹੁਪਰਤੀ ਸੰਕਟਾਂ ਜਿਵੇਂ ਖੇਤੀ ਸੰਕਟ, ਕਰਜ਼ੇ ਦਾ ਸੰਕਟ, ਨਿਵੇਸ਼ ਦਾ ਸੰਕਟ, ਪੇਂਡੂ ਖੇਤਰਾਂ ਦਾ ਸੰਕਟ, ਆਰਥਿਕ ਸੰਕਟ, ਬੇਰੁਜ਼ਗਾਰੀ ਦਾ ਸੰਕਟ, ਸਨਅਤੀ ਖੇਤਰ ਦੀਆਂ ਸਮੱਸਿਆਵਾਂ ਆਦਿ ਵਿੱਚ ਘਿਰਿਆ ਹੋਇਆ ਹੈ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਮੌਜੂਦਾ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਉਪਰੋਕਤ ਸੰਕਟਾਂ ਵਿੱਚ ਘਿਰੇ ਪੰਜਾਬ ਅਤੇ ਪਿਛਲੀਆਂ ਅਕਾਲੀ-ਭਾਜਪਾ ਅਤੇ ਕਾਂਗਰਸ ਦੀਆਂ ਸਰਕਾਰਾਂ ਵੇਲੇ ਹੋਏ ਆਰਥਿਕ ਅਤੇ ਵਿੱਤੀ ਕੁ-ਪ੍ਰਬੰਧ, ਖ਼ਾਸ ਕਰਕੇ ਪੰਜਾਬ ਸਿਰ ਚੜ੍ਹੇ ਕਰਜ਼ੇ ਅਤੇ ਹਰ ਕਿਸਮ ਦੇ ਮਾਫ਼ੀਏ ਦੇ ਮੁੱਦਿਆਂ ਨੂੰ ਮੁੱਖ ਤੌਰ 'ਤੇ ਉਭਾਰ ਕੇ ਅਤੇ ਉਨ੍ਹਾਂ ਦੇ ਫ਼ੌਰੀ ਹੱਲ ਕਰਨ ਦੇ ਪੰਜਾਬੀਆਂ ਨਾਲ ਵਾਅਦੇ ਕਰਕੇ ਸੱਤਾ ਵਿੱਚ ਆਈ ਸੀ। ਪਿਛਲੇ ਮਹੀਨੇ ਇਸ ਸਰਕਾਰ ਨੂੰ ਹੋਂਦ ਵਿੱਚ ਆਇਆਂ ਢਾਈ ਸਾਲ ਪੂਰੇ ਹੋ ਗਏ ਹਨ ਅਤੇ ਹੁਣ ਸਮਾਂ ਹੈ ਕਿ ਇਸ ਸਰਕਾਰ ਦੀ ਚੋਣਾਂ ਵੇਲੇ ਲੋਕਾਂ ਨਾਲ ਕੀਤੇ ਵਾਅਦਿਆਂ ਵਲੋਂ ਇਸ ਦੀ ਹੁਣ ਤਕ ਦੀ ਕਾਰਗੁਜ਼ਾਰੀ 'ਤੇ ਨਿਗਾਹ ਮਾਰੀਏ।

ਸਭ ਤੋਂ ਪਹਿਲਾਂ ਜੇਕਰ ਖੇਤੀ ਸੰਕਟ ਦੀ ਗੱਲ ਕਰੀਏ ਤਾਂ ਪਤਾ ਲਗਦਾ ਹੈ ਕਿ ਮਾਹਿਰਾਂ ਨੇ ਸੂਬੇ ਦੇ ਖੇਤੀ ਸੰਕਟ ਨੂੰ 1980ਵਿਆਂ ਵਿੱਚ ਭਾਂਪ ਲਿਆ ਸੀ ਕਿਉਂਕਿ ਕਿ ਉਸ ਸਮੇਂ ਮੁੱਖ ਫ਼ਸਲਾਂ ਦੀ ਉਤਪਾਦਕਤਾ ਵਿੱਚ ਖੜੋਤ ਆਉਣੀ ਸ਼ੁਰੂ ਹੋ ਗਈ ਸੀ। ਸੂਬੇ ਦੇ ਖੇਤੀ ਦੇ ਸੰਕਟ ਦੇ ਮੁੱਖ ਕਾਰਨਾਂ ਵਿੱਚ, ਖੇਤੀ ਬਾੜੀ ਨੀਤੀ ਦੀ ਅਣਹੋਂਦ ਕਾਰਨ ਲੋੜ ਅਤੇ ਸਮੇਂ ਮੁਤਾਬਕ ਤਬਦੀਲੀਆਂ ਨਾ ਕਰਨਾ, ਖੇਤੀ ਬਾੜੀ ਖੇਤਰ ਵਿੱਚ ਸਰਕਾਰੀ ਨਿਵੇਸ਼ ਦਾ ਹੱਦੋਂ ਵੱਧ ਘਟਣਾ, ਖੇਤੀ ਉਤਪਾਦਕਤਾ ਵਿੱਚ ਖੜੋਤ ਆਉਣੀ, ਖੇਤੀ ਦੀਆਂ ਹਰ ਕਿਸਮ ਦੀਆਂ ਲਾਗਤਾਂ ਦਾ ਬਹੁਤ ਵਧ ਜਾਣਾ, ਕੁਦਰਤੀ ਅਤੇ ਹੋਰ ਕਾਰਨਾਂ ਕਰਕੇ ਫ਼ਸਲਾਂ ਦਾ ਲਗਾਤਾਰ ਮਾਰੇ ਜਾਣਾ ਅਤੇ ਹੋਏ ਨੁਕਸਾਨ ਦੀ ਭਰਪਾਈ ਨਾ ਹੋਣਾ, ਉੱਚੀਆਂ ਲਾਗਤਾਂ ਅਤੇ ਫ਼ਸਲਾਂ ਦੇ ਨਿਗੁਣੇ ਭਾਅ ਕਾਰਨ ਕਿਸਾਨਾਂ ਦੀ ਖੇਤੀ ਤੋਂ ਆਮਦਨ ਦਾ ਘੱਟ ਹੋਣਾ, ਖੇਤੀਬਾੜੀ ਦੇ ਕੰਮਾਂ ਦਾ ਲੋੜੋਂ ਵੱਧ ਮਸ਼ੀਨੀਕਰਨ ਅਤੇ ਖੇਤੀਬਾੜੀ ਦੇ ਸੰਦਾਂ ਦੀ ਸਮਰੱਥਾ ਤੋਂ ਘੱਟ ਵਰਤੋਂ ਅਤੇ ਮੰਡੀਕਰਨ ਦੀਆਂ ਸਮੱਸਿਆਵਾਂ ਆਦਿ ਹਨ। ਇਸ ਦੇ ਨਾਲ ਹੀ 1990ਵਿਆਂ ਦੇ ਸ਼ੁਰੂ ਵਿੱਚ ਦੇਸ਼ ਵਿੱਚ ਅੰਤਰਰਾਸ਼ਟਰੀ ਸੰਸਥਾਵਾਂ, ਵਿਸ਼ਵ ਵਪਾਰ ਸੰਗਠਨ ਅਤੇ ਕਾਰਪੋਰੇਟ ਪੱਖੀ ਨੀਤੀਆਂ ਲਾਗੂ ਕਰਨ ਨਾਲ ਸੂਬੇ ਦਾ ਖੇਤੀ ਸੰਕਟ ਹੋਰ ਵੀ ਗਹਿਰਾਅ ਗਿਆ। ਇਸ ਸੰਕਟ ਦੇ ਕਾਰਨ ਪੰਜਾਬ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਕਿਸਾਨ ਅਤੇ ਖੇਤ ਮਜ਼ਦੂਰ ਖੁਦਕੁਸ਼ੀਆਂ ਕਰ ਚੁੱਕੇ ਹਨ ਅਤੇ ਲਗਾਤਾਰ ਕਰ ਰਹੇ ਹਨ। ਇਸ ਸਬੰਧੀ ਅੰਕੜਿਆਂ ਦਾ ਵਿਸ਼ਲੇਸ਼ਣ ਸਪੱਸ਼ਟ ਕਰਦਾ ਹੈ ਕਿ ਦੇਸ਼ ਵਿੱਚ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦੀ ਦਰ ਵਿੱਚ ਵਾਧਾ ਹੋਇਆ ਹੈ। ਇਸ ਤੋਂ ਇਹ ਸਪੱਸ਼ਟ ਹੋ ਗਿਆ ਹੈ ਕਿ ਪੰਜਾਬ ਦੀ ਖੇਤੀ ਘੋਰ ਸੰਕਟ ਦਾ ਸਾਹਮਣਾ ਕਰ ਰਹੀ ਹੈ, ਖ਼ਾਸ ਕਰਕੇ ਸੀਮਾਂਤ, ਛੋਟੀ ਕਿਸਾਨੀ ਅਤੇ ਖੇਤ ਮਜ਼ਦੂਰਾਂ ਦਾ ਇਸ ਨੇ ਹਰ ਲਿਹਾਜ਼ ਨਾਲ ਘਾਣ ਕੀਤਾ ਹੈ ਅਤੇ ਕਰ ਰਿਹਾ ਹੈ, ਨਤੀਜੇ ਵਜੋਂ ਪੰਜਾਬ ਦੇ ਪੇਂਡੂ ਖੇਤਰ ਆਰਥਿਕ ਸੰਕਟ ਦਾ ਸਾਹਮਣਾ ਕਰ ਰਹੇ ਹਨ। ਹੁਣ ਜਦੋਂ ਮੌਜੂਦਾ ਸਰਕਾਰ ਦੇ ਇਸ ਸੰਕਟ ਨੂੰ ਹੱਲ ਕਰਨ ਦੇ ਦਾਅਵਿਆਂ ਦੀ ਅਸਲੀਅਤ ਨੂੰ ਵੇਖੀਏ ਤਾਂ ਸਭ ਕੁਝ ਪਹਿਲਾਂ ਦੀ ਤਰ੍ਹਾਂ ਹੀ ਚੱਲ ਰਿਹਾ ਹੈ, ਕੁਝ ਵੀ ਨਹੀਂ ਬਦਲਿਆ। ਇਥੋਂ ਤੱਕ ਕਿ ਖੇਤੀ ਨੀਤੀ ਵੀ ਜਾਰੀ ਨਹੀਂ ਕੀਤੀ ਜਾ ਸਕੀ, ਸਿਰਫ਼ ਵਿਚਾਰ ਵਟਾਂਦਰੇ ਲਈ ਖਰੜਾ ਹੀ ਜਾਰੀ ਕੀਤਾ ਗਿਆ ਹੈ, ਇਸ ਕਿਸਮ ਦੇ ਦੋ ਖਰੜੇ ਪਹਿਲੀਆਂ ਸਰਕਾਰਾਂ ਨੇ ਵੀ ਜਾਰੀ ਕੀਤੇ ਸਨ। ਇਹ ਕਿਹਾ ਜਾ ਸਕਦਾ ਹੈ ਖੇਤੀ ਸੰਕਟ ਦੇ ਹੱਲ ਲਈ ਸਰਕਾਰ ਦੀ ਹੁਣ ਤਕ ਦੀ ਕਾਰਗੁਜ਼ਾਰੀ ਕੀਤੇ ਵਾਅਦਿਆਂ ਮੁਤਾਬਕ ਤਸੱਲੀਬਖ਼ਸ਼ ਅਤੇ ਵਧੀਆ ਨਹੀਂ ਰਹੀ।

ਆਮ ਆਦਮੀ ਪਾਰਟੀ ਨੇ ਮੌਜੂਦਾ ਸਰਕਾਰ ਬਣਾਉਣ ਤੋਂ ਪਹਿਲਾਂ ਇੱਕ ਵੱਡਾ ਵਾਅਦਾ ਕੀਤਾ ਸੀ ਕਿ ਉਹ ਪੰਜਾਬ ਨੂੰ ਕਰਜ਼ਾ ਮੁਕਤ ਕਰੇਗੀ। ਜਦੋਂ ਇਸ ਪਹਿਲੂ 'ਤੇ ਨਿਗਾਹ ਮਾਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਸੂਬੇ ਸਿਰ ਮਣਾਂ ਮੂੰਹੀਂ ਕਰਜ਼ੇ ਦੀ ਪੰਡ ਚੜ੍ਹੀ ਹੋਈ ਹੈ। ਮਾਰਚ 2023 ਦੇ ਅੰਤ ਵਿੱਚ ਸੂਬੇ ਸਿਰ 3.13 ਲੱਖ ਕਰੋੜ ਰੁਪਏ ਦਾ ਕਰਜ਼ਾ ਚੜ੍ਹ ਗਿਆ ਸੀ ਜਦੋਂ ਕਿ ਮਾਰਚ 2022 ਵਿੱਚ 2.82 ਲੱਖ ਕਰੋੜ ਰੁਪਏ ਸੀ। ਵਿੱਤੀ ਸਾਲ 2023-24 ਦੇ ਅੰਤ ਵਿੱਚ ਕਰਜ਼ੇ ਦੀ ਮਾਤਰਾ 3.43 ਲੱਖ ਕਰੋੜ ਸੀ ਅਤੇ ਮਾਰਚ 2025 ਦੇ ਅੰਤ ਵਿੱਚ 3.74 ਲੱਖ ਕਰੋੜ ਨੂੰ ਪਾਰ ਕਰ ਜਾਵੇਗੀ। ਜੇਕਰ ਇਹ ਮੰਨ ਲਈਏ ਕਿ ਮੌਜੂਦਾ ਸਰਕਾਰ ਦੇ ਆਉਣ ਵਾਲੇ ਦੋ ਸਾਲਾਂ ਵਿੱਚ ਵੀ ਪਹਿਲੇ ਤਿੰਨ ਸਾਲਾਂ ਦੀ ਤਰ੍ਹਾਂ ਕਰਜ਼ਾ ਚੜ੍ਹਦਾ ਰਿਹਾ ਤਾਂ ਜਦੋਂ ਇਹ ਸਰਕਾਰ 2027 ਵਿੱਚ ਦਫ਼ਤਰ ਛੱਡੇਗੀ ਉਦੋਂ ਕਰਜ਼ੇ ਦਾ ਭਾਰ 4.50 ਲੱਖ ਕਰੋੜ ਰੁਪਏ ਦੇ ਨੇੜੇ ਹੋ ਜਾਵੇਗਾ। ਇਥੇ ਇਹ ਵਰਨਣਯੋਗ ਹੈ ਕਿ ਇਸ ਸਰਕਾਰ ਤੋਂ ਪਹਿਲਾਂ ਦੀਆਂ ਦੋ ਸਰਕਾਰਾਂ ਦੇ ਸਮੇਂ ਵਿੱਚ ਹਰ ਸਾਲ ਲਗਭਗ 20,000 ਕਰੋੜ ਰੁਪਏ ਦਾ ਕਰਜ਼ਾ ਚੜ੍ਹਦਾ ਰਿਹਾ ਸੀ ਪਰ ਮੌਜੂਦਾ ਸਰਕਾਰ ਦੇ ਸਮੇਂ ਦੌਰਾਨ ਚੜ੍ਹਨ ਵਾਲੇ ਸਾਲਾਨਾ ਕਰਜ਼ੇ ਦੀ ਮਿਕਦਾਰ ਵਧ ਕੇ 30,000 ਕਰੋੜ ਰੁਪਏ ਤੋਂ ਵੱਧ ਰਹੇਗੀ। ਇਥੇ ਇਹ ਵੀ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਹਰ ਸਾਲ ਸਰਕਾਰ ਨੂੰ ਸ਼ੁੱਧ ਕਰਜ਼ੇ ਦੇ ਰੂਪ ਵਿੱਚ ਕੇਵਲ ਲਏ ਕੁੱਲ ਕਰਜ਼ੇ ਦਾ 7.8 ਫ਼ੀਸਦੀ ਹੀ ਮਿਲਦਾ ਹੈ ਅਤੇ ਬਾਕੀ 92.2 ਫ਼ੀਸਦੀ ਪਿਛਲਾ ਕਰਜ਼ਾ ਉਤਾਰਨ ਲਈ ਖ਼ਰਚ ਕੀਤਾ ਜਾਂਦਾ ਹੈ। ਇਸ ਤੋਂ ਪ੍ਰਤੱਖ ਹੁੰਦਾ ਹੈ ਕਿ ਸੂਬਾ ਕਿਸ ਕਦਰ ਤੱਕ ਕਰਜ਼ੇ ਦੇ ਚੱਕਰਵਿਊ ਵਿੱਚ ਫ਼ਸ ਚੁੱਕਾ ਹੈ। ਉਪਰੋਕਤ ਤੱਥ ਬਿਲਕੁਲ ਸਪੱਸ਼ਟ ਕਰਦੇ ਹਨ ਕਿ ਪੰਜਾਬ ਕਰਜ਼ੇ ਦੇ ਜਾਲ ਵਿੱਚ ਡੁੱਬ ਚੁੱਕਾ ਹੈ। ਇਹ ਵੀ ਸਪੱਸ਼ਟ ਹੈ ਕਿ ਮੌਜੂਦਾ ਸਰਕਾਰ ਸੂਬੇ ਸਿਰ ਚੜ੍ਹੇ ਕਰਜ਼ੇ ਨੂੰ ਉਤਾਰ ਕੇ ਕਰਜ਼ਾ ਮੁਕਤ ਪੰਜਾਬ ਬਣਾਉਣ ਦੇ ਰਾਹ ਵੀ ਨਹੀਂ ਪੈ ਸਕੀ, ਕਿਉਂਕਿ ਇਸ ਫ਼ਰੰਟ ਤੇ ਤਾਂ ਸਰਕਾਰ ਦੀ ਹੁਣ ਤੱਕ ਕੋਈ ਪਹਿਲ ਸਾਹਮਣੇ ਹੀ ਨਹੀਂ ਆਈ।

ਵਿਧਾਨ ਸਭਾ ਚੋਣਾਂ ਵਿੱਚ ਵਾਅਦਿਆਂ ਮੁਤਾਬਕ ਪੰਜਾਬ ਦੀ ਆਰਥਿਕਤਾ ਦੀ ਮੁੜ ਸੁਰਜੀਤੀ ਕਰਨ ਦੇ ਮਨਸ਼ੇ ਨਾਲ ਹਰ ਖੇਤਰ ਵਿੱਚ ਨਿਵੇਸ਼ ਨੂੰ ਵਧਾਉਣਾ ਸੀ ਕਿਉਂਕਿ ਕਿ ਪੰਜਾਬ ਪਿਛਲੇ ਚਾਰ ਦਹਾਕਿਆਂ ਤੋਂ ਬੁਨਿਆਦੀ ਢਾਂਚੇ ਵਿੱਚ ਪੂੰਜੀ ਨਿਰਮਾਣ ਲਈ ਨਿਵੇਸ਼ ਦੀ ਅਤਿਅੰਤ ਘਾਟ ਝੱਲ ਰਿਹਾ ਹੈ। ਸੂਬੇ 'ਚ ਨਿਵੇਸ਼-ਘਰੇਲੂ ਉਤਪਾਦ ਦਾ ਅਨੁਪਾਤ 20 ਪ੍ਰਤੀਸ਼ਤ ਤੋਂ ਘੱਟ ਹੈ, ਜੋ ਦੇਸ਼ ਦੇ ਪ੍ਰਮੁੱਖ ਸੂਬਿਆਂ ਮੁਕਾਬਲੇ ਸਭ ਤੋਂ ਘੱਟ ਹੈ ਅਤੇ ਰਾਸ਼ਟਰੀ ਅਨੁਪਾਤ ਤੋਂ ਲਗਭਗ 15 ਪ੍ਰਤੀਸ਼ਤ ਘੱਟ ਹੈ। ਪੰਜਾਬ ਨੂੰ ਭਾਰਤ ਦੇ ਪੱਧਰ ਦਾ ਪੂੰਜੀ ਨਿਰਮਾਣ ਕਰਨ ਲਈ ਸਾਲਾਨਾ 10,000-15,000 ਕਰੋੜ ਰੁਪਏ ਤੋਂ ਵਧੇਰੇ ਦੇ ਵਾਧੂ ਨਿਵੇਸ਼ ਦੀ ਤੁਰੰਤ ਜ਼ਰੂਰਤ ਹੈ। ਇਸ ਤੋਂ ਵੀ ਅੱਗੇ, ਪੰਜਾਬ ਦੇ ਖੇਤੀ ਖੇਤਰ ਵਿੱਚ ਵੀ ਪੂੰਜੀ ਨਿਵੇਸ਼ ਦੀ ਮਾਤਰਾ, ਖੇਤੀ ਉਤਪਾਦ ਦੇ ਅਨੁਪਾਤ ਅਨੁਸਾਰ ਲਗਾਤਾਰ ਘਟ ਰਹੀ ਹੈ, ਜਿਹੜੀ ਘਟ ਕੇ ਹੁਣ ਤੱਕ ਦੇ ਸਭ ਤੋਂ ਨੀਵੇਂ ਪੱਧਰ 8-9 ਪ੍ਰਤੀਸ਼ਤ ਤੇ ਪਹੁੰਚ ਗਈ ਹੈ। ਅਜਿਹਾ ਰਾਜ ਸਰਕਾਰ ਵਲੋਂ ਆਰਥਿਕ ਪ੍ਰਬੰਧਨ ਨੂੰ ਅਣਗੌਲਿਆਂ ਕਰਨ ਅਤੇ ਰਾਜਕੋਸ਼ੀ ਨੀਤੀ ਦੀ ਅਸਫ਼ਲਤਾ ਕਾਰਨ ਹੋਇਆ ਹੈ। ਮੌਜੂਦਾ ਸਰਕਾਰ ਸ਼ੁਰੂ ਤੋਂ ਹੀ ਬਿਨਾਂ ਕਿਸੇ ਤਰਕ ਤੋਂ ਹਰੇਕ ਨੂੰ ਮੁਫ਼ਤ ਸਹੂਲਤਾਂ ਅਤੇ ਸਬਸਿਡੀਆਂ ਦੇਣ ਦੀ ਨੀਤੀ ਤੇ ਚਲਦੀ ਆ ਰਹੀ ਹੈ, ਜਿਸ ਕਾਰਨ ਕੁਝ ਸਾਲਾਂ ਵਿੱਚ ਹੀ ਮੁਫ਼ਤ ਸਹੂਲਤਾਂ ਅਤੇ ਸਬਸਿਡੀਆਂ 'ਤੇ ਖ਼ਰਚ ਲਗਭਗ ਦੁੱਗਣਾ ਹੋ ਗਿਆ ਹੈ, ਉਦਾਹਰਨ ਦੇ ਤੌਰ 'ਤੇ ਜਿਵੇਂ ਕਿ ਮੁਫ਼ਤ ਬਿਜਲੀ ਸਹੂਲਤਾਂ ਅਤੇ ਸਬਸਿਡੀਆਂ ਦੇ ਮਾਮਲੇ ਵਿੱਚ ਹੋਇਆ ਹੈ। ਹਰ ਖੇਤਰ ਵਿੱਚ ਨਿਵੇਸ਼ ਵਧਾਉਣ ਲਈ ਸਰਕਾਰ ਨੂੰ ਟੈਕਸ-ਘਰੇਲੂ ਉਤਪਾਦ ਦੇ ਅਨੁਪਾਤ ਨੂੰ ਮੌਜੂਦਾ 7-8 ਪਤੀਸ਼ਤ ਦਰ ਤੋਂ ਵਧਾ ਕੇ 12-13 ਪ੍ਰਤੀਸ਼ਤ ਕਰਨਾ ਚਾਹੀਦਾ ਹੈ। ਅਜਿਹਾ ਕਰਾਂ ਦੀ ਵਸੂਲੀ ਵਧਾ ਕੇ, ਕਰਾਂ ਦੀ ਚੋਰੀ ਖ਼ਤਮ ਕਰਕੇ ਅਤੇ ਨਵੇਂ ਕਰ ਲਗਾ ਕੇ ਸੰਭਵ ਹੈ। ਸਰਕਾਰ ਨੂੰ ਤੁਰੰਤ ਹੀ ਸਾਰੀਆਂ ਸਬਸਿਡੀਆਂ ਨੂੰ ਸਮਾਜਿਕ ਨਿਆਂ ਦੇ ਸਿਧਾਂਤ ਅਨੁਸਾਰ ਤਰਕਸੰਗਤ ਬਣਾਉਣਾ ਚਾਹੀਦਾ ਸੀ ਅਤੇ ਹਰੇਕ ਨੂੰ ਸਬਸਿਡੀ ਦੇਣ ਵਾਲੀ ਪਹੁੰਚ ਨੂੰ ਤੁਰੰਤ ਤਿਆਗਣਾ/ਛੱਡਣਾ ਚਾਹੀਦਾ ਸੀ। ਸਬਸਿਡੀਆਂ ਨੂੰ ਸੀਮਤ ਸਮੇਂ ਲਈ ਸਮਾਜ ਦੇ ਦੱਬੇ-ਕੁਚਲੇ ਅਤੇ ਕਮਜ਼ੋਰ ਤਬਕਿਆਂ ਦੀ ਸਮਰੱਥਾ ਵਧਾਉਣ ਲਈ ਵਰਤਿਆ ਜਾਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਸੂਬੇ ਦੀ ਤੇਜ਼ ਆਰਥਿਕ ਤਰੱਕੀ ਕਰਨ ਲਈ ਲੋੜੀਂਦੇ ਫ਼ੰਡ ਵੀ ਮੁਹੱਈਆ ਕਰਵਾਏ ਜਾ ਸਕਦੇ ਸਨ। ਇਸ ਤੋਂ ਸਪੱਸ਼ਟ ਹੈ ਕਿ ਮੌਜੂਦਾ ਸਰਕਾਰ ਹਰ ਖੇਤਰ ਵਿਚ ਨਿਵੇਸ਼ ਵਧਾ ਕੇ ਸੂਬੇ ਵਿੱਚ ਆਮਦਨ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦੇ ਮਾਮਲੇ ਵਿੱਚ ਵੀ ਲੋੜੀਂਦੀ ਕਾਰਗੁਜ਼ਾਰੀ ਨਹੀਂ ਵਿਖਾ ਸਕੀ ਨਾ ਹੀ ਸਰਕਾਰ ਦਾ ਅਜਿਹਾ ਕੋਈ ਕਾਰਗਰ ਪ੍ਰੋਗਰਾਮ ਲਗਦਾ ਹੈ।

ਇਵੇਂ ਹੀ ਚੋਣਾਂ ਵਿੱਚ ਵਾਅਦਿਆਂ ਮੁਤਾਬਕ ਬਾਕੀ ਮਸਲਿਆਂ ਅਤੇ ਸੰਕਟਾਂ ਦੇ ਹੱਲ ਲੱਭਣ ਅਤੇ ਹੱਲ ਕਰਨ ਦੇ ਮਾਮਲੇ ਵਿੱਚ ਵੀ ਸਥਿਤੀ ਲਗਭਗ ਜਿਉਂ ਦੀ ਤਿਉਂ ਬਣੀ ਹੋਈ ਹੈ। ਜਿਵੇਂ ਕਿ ਬੇਰੁਜ਼ਗਾਰੀ ਦੀ ਸਮੱਸਿਆ, ਸਿਹਤ ਅਤੇ ਸਿੱਖਿਆ ਖੇਤਰਾਂ ਦੀਆਂ ਸਮੱਸਿਆਵਾਂ, ਆਰਥਿਕ ਸਮੱਸਿਆਵਾਂ, ਪੇਂਡੂ ਵਿਕਾਸ ਦੀਆਂ ਸਮੱਸਿਆਵਾਂ, ਸਨਅਤੀ ਖੇਤਰ ਦੇ ਵਿਕਾਸ ਅਤੇ ਲਗਭਗ ਹਰ ਖੇਤਰ ਵਿੱਚ ਮਾਫ਼ੀਏ ਦੇ ਬੋਲਬਾਲੇ ਦੀਆਂ ਸਮੱਸਿਆਵਾਂ ਆਦਿ। ਇਹ ਵਰਨਣਯੋਗ ਹੈ ਕਿ ਪੰਜਾਬ ਆਪਣੇ ਖ਼ਰਚ ਦਾ 11-12 ਪ੍ਰਤੀਸ਼ਤ ਸਿੱਖਿਆ 'ਤੇ ਖ਼ਰਚ ਕਰਨ ਲਈ ਰੱਖਦਾ ਹੈ ਸਾਰੇ ਸੂਬਿਆਂ ਦੀ ਔਸਤ 15-16 ਪ੍ਰਤੀਸ਼ਤ ਹੈ। ਇਸੇ ਤਰ੍ਹਾਂ ਪੰਜਾਬ ਨੇ ਸਿਹਤ ਦੇ ਖੇਤਰ ਲਈ 4 ਪ੍ਰਤੀਸ਼ਤ ਜਦੋਂ ਕਿ ਦੇਸ਼ ਦੀ ਔਸਤ 5.5 ਪ੍ਰਤੀਸ਼ਤ ਹੈ। ਪੰਜਾਬ ਪੇਂਡੂ ਖੇਤਰਾਂ ਦੇ ਵਿਕਾਸ ਲਈ 2-3 ਪ੍ਰਤੀਸ਼ਤ ਹਿੱਸਾ ਰੱਖਦਾ ਹੈ ਅਤੇ ਦੇਸ਼ ਦੀ ਔਸਤ 6-7 ਪ੍ਰਤੀਸ਼ਤ ਹੈ। ਇਵੇਂ ਹੀ ਸੜਕਾਂ ਅਤੇ ਪੁਲਾਂ ਦੇ ਨਿਰਮਾਣ ਲਈ ਪੰਜਾਬ 1-2 ਪ੍ਰਤੀਸ਼ਤ ਅਤੇ ਦੇਸ਼ ਦੀ ਔਸਤ 4-5 ਪ੍ਰਤੀਸ਼ਤ ਹੈ। ਅੰਤ ਵਿੱਚ ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗਾ ਕਿ ਜਿਹੜੇ ਚਾਵਾਂ ਅਤੇ ਉਲਾਰਾਂ ਨਾਲ ਪੰਜਾਬ ਦੇ ਲੋਕਾਂ ਨੇ ਮੌਜੂਦਾ ਆਮ ਆਦਮੀ ਪਾਰਟੀ ਦੇ ਸਬਜ਼ਬਾਗ ਵਿਖਾਉਂਦੇ ਵਾਅਦਿਆਂ 'ਤੇ ਵਿਸ਼ਵਾਸ ਕਰਕੇ ਇਸ ਸਰਕਾਰ ਨੂੰ ਵੱਡੇ ਬਹੁਮਤ ਨਾਲ ਚੁਣਿਆ ਸੀ, ਉਸ ਦੀ ਹੁਣ ਦੀ ਕਾਰਗੁਜ਼ਾਰੀ ਨੇ ਪੰਜਾਬੀਆਂ ਦੇ ਪੱਲੇ ਨਿਰਾਸ਼ਾ ਹੀ ਪਾਈ ਹੈ। ਉਪਰੋਕਤ ਵਿਸ਼ਲੇਸ਼ਣ ਅਤੇ ਤੱਥ ਸਾਫ਼ ਕਰਦੇ ਹਨ ਕਿ ਇਹ ਸਰਕਾਰ ਹੁਣ ਤੱਕ ਆਪਣੇ ਵਾਅਦਿਆਂ ਅਤੇ ਲੋਕਾਂ ਦੀਆਂ ਇੱਛਾਵਾਂ ਉਤੇ ਖਰੀ ਨਹੀਂ ਉੱਤਰ ਸਕੀ।

# ਕੈਨੇਡਾ ਅਤੇ ਭਾਰਤ ਦਰਮਿਆਨ ਵਧਦੇ ਤਣਾਅ ਕਰਕੇ ਇਮੀਗ੍ਰੇਸ਼ਨ ਵਿੱਚ ਵਧਦੀਆਂ ਪੇਚੀਦਗੀਆਂ

ਕੁੱਕੀ ਗਿੱਲ



ਦਿਲਬਾਗ ਸਿੰਘ ਦਾ ਆਈਲੈਟਸ ਕੋਚਿੰਗ ਦਾ ਕਾਰੋਬਾਰ ਧਮਾਕੇ ਨਾਲ ਸ਼ੁਰੂ ਹੋਇਆ ਸੀ ਪਰ ਇੱਕ ਝਟਕੇ ਨਾਲ ਖਤਮ ਹੋਇਆ।ਉਹ ਇਸ ਲਈ ਕੈਨੇਡਾ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ। ਉਸ ਨੇ ਕਿਹਾ ਕਿ ਅਸੀਂ ਪੂਰੀ ਤਰ੍ਹਾਂ ਢਹਿ ਗਏ ਹਾਂ।ਇੱਕ ਸਾਲ ਪਹਿਲਾਂ ਵੀ ਉਸ ਵੱਲੋਂ ਵਿਦੇਸ਼ ਜਾਣ ਦੇ ਚਾਹਵਾਨਾਂ ਵਿੱਚ ਹਾਹਾਕਾਰ ਮੱਚੀ ਹੋਈ ਸੀ, ਪਰ ਉਹ 30 ਤੋਂ ਵੱਧ ਵਿਦਿਆਰਥੀ ਨਹੀਂ ਲਵੇਗਾ।

ਅੰਗਰੇਜ਼ੀ ਭਾਸ਼ਾ ਦਾ ਮਿਆਰੀ ਟੈਸਟ ਕੈਨੇਡੀਅਨ ਸੁਪਨੇ ਨੂੰ ਪੂਰਾ ਕਰਨ ਲਈ ਇੱਕ ਕਦਮ ਹੈ। ਪਰ ਇਸ ਸਾਲ, ਸਿਰਫ਼ 15 ਵਿਦਿਆਰਥੀਆਂ ਨੇ ਸਾਈਨ ਅੱਪ ਕੀਤਾ ਅਤੇ ਉਨ੍ਹਾਂ ਵਿੱਚੋਂ ਜ਼ਿਆਦਾਤਰ ਨੇ ਕੋਰਸ ਅੱਧ ਵਿਚਾਲੇ ਹੀ ਛੱਡ ਦਿੱਤਾ। ਸਿੰਘ ਨੂੰ ਆਖਰਕਾਰ ਆਪਣਾ ਦਹਾਕਾ ਪੁਰਾਣਾ ਕੋਚਿੰਗ ਸੈਂਟਰ, ਇੰਗਲਿਸ਼ ਬਰਡਜ਼ ਬੰਦ ਕਰਨਾ ਪਿਆ। ਕੋਈ ਵੀ ਕਾਹਲੀ ਵਿੱਚ ਕੈਨੇਡਾ ਨਹੀਂ ਜਾ ਰਿਹਾ।

ਵਧਦੇ ਵੀਜ਼ਾ ਰੱਦ ਅਤੇ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਸਰਕਾਰ ਦੁਆਰਾ ਪ੍ਰਵਾਸੀਆਂ ਦੀ ਆਮਦ ਨੂੰ ਰੋਕਣ ਲਈ ਕਈ ਇਮੀਗ੍ਰੇਸ਼ਨ ਨੀਤੀਆਂ ਨੇ ਪੰਜਾਬ-ਕੈਨੇਡਾ ਦੇ ਸੁਪਨੇ ਨੂੰ ਖੋਰਾ ਲਗਾ ਦਿੱਤਾ ਹੈ। ਕੋਚਿੰਗ ਸੈਂਟਰਾਂ ਤੋਂ ਲੈ ਕੇ ਵੀਜ਼ਾ ਸਲਾਹਕਾਰਾਂ ਅਤੇ ਏਜੰਟਾਂ ਤੱਕ ਸੈਂਕੜੇ ਕਾਰੋਬਾਰਾਂ ਨੂੰ ਦੁਕਾਨਾਂ ਬੰਦ ਕਰਨੀਆਂ ਪਈਆਂ ਹਨ।ਸਟੱਡੀ ਅਬਰੌਡ ਕੰਸਲਟੈਂਟਸ ਐਸੋਸੀਏਸ਼ਨ ਦੇ ਅਹੁਦੇਦਾਰਾਂ ਨੇ ਕਿਹਾ ਕਿ ਇਸ ਇੰਡਸਟਰੀ ਦੀ ਆਈਲੈਟਸ ਕੋਚਿੰਗ ਦੀ ਮਾਤਰਾ ਲਗਭਗ 80 ਪ੍ਰਤੀਸ਼ਤ ਤੱਕ ਪਹੁੰਚ ਗਈ ਹੈ, ਜਦੋਂ ਕਿ ਵੀਜ਼ਾ ਪ੍ਰੋਸੈਸਿੰਗ ਸੇਵਾ ਦੀਆਂ ਜ਼ਰੂਰਤਾਂ ਵਿੱਚ ਪਿਛਲੇ ਕੁਝ ਮਹੀਨਿਆਂ ਵਿੱਚ 60-70 ਪ੍ਰਤੀਸ਼ਤ ਦੀ ਕਮੀ ਆਈ ਹੈ।ਸਟੱਡੀ ਅਬਰੌਡ ਕੰਸਲਟੈਂਟਸ ਐਸੋਸੀਏਸ਼ਨ ਦੇ ਰਾਸ਼ਟਰੀ ਪ੍ਰਧਾਨ ਮਿਤੇਸ਼ ਮਲਹੋਤਰਾ ਵਰਗੇ ਇੰਡਸਟਰੀ ਮਾਹਿਰਾਂ ਦਾ ਅੰਦਾਜ਼ਾ ਹੈ ਕਿ ਦਸੰਬਰ 2023 ਤੋਂ ਹੁਣ ਤੱਕ ਪੰਜਾਬ ਵਿੱਚ ਲਗਭਗ 35 ਫ਼ੀਸਦੀ ਵੀਜ਼ਾ ਇਮੀਗ੍ਰੇਸ਼ਨ ਕੇਂਦਰ ਬੰਦ ਹੋ ਗਏ ਹਨ।ਜਿੱਥੇ ਸਰ੍ਹੋਂ ਦੇ ਖੇਤਾਂ ਵਿੱਚ ਕਦੇ ਯਾਤਰਾ ਸਲਾਹਕਾਰਾਂ ਦੇ ਹੋਰਡਿੰਗ ਦਿਖਾਈ ਦਿੰਦੇ ਸਨ ਅਤੇ ਸਕੂਲੀ ਬੱਚੇ ਆਪਣੇ ਭੈਣ-ਭਰਾਵਾਂ ਵਾਂਗ ਕੈਨੇਡਾ ਪਹੁੰਚਣ ਦੇ ਸੁਪਨੇ ਦੇਖਦੇ ਸੀ, ਉੱਥੇ ਹੁਣ ਕੁੜੱਤਣ ਪੈਦਾ ਹੋ ਗਈ ਹੈ।



24 ਜਨਵਰੀ 2024 ਨੂੰ, ਕੈਨੇਡਾ ਨੇ ਆਪਣੇ ਵਿਦੇਸ਼ੀ ਵਿਦਿਆਰਥੀਆਂ ਦੀ ਦਾਖਲੇ ਨੂੰ 3.6 ਲੱਖ ਤੱਕ ਸੀਮਤ ਕਰਕੇ ਇੱਕ ਬੰਬ ਸੁੱਟਿਆ- ਜੋ ਕਿ 2023 ਤੋਂ 35 ਪ੍ਰਤੀਸ਼ਤ ਦੀ ਤਿੱਖੀ ਕਮੀ ਹੈ- ਹਰੇਕ ਸੂਬੇ ਵਿੱਚ ਅੰਡਰਗ੍ਰੈਜੁਏਟ ਵਿਦਿਆਰਥੀਆਂ ਉੱਪਰ ਕੈਪਿੰਗ ਕਰਨ ਤੋਂ ਇਲਾਵਾ।ਓਟਵਾ ਨੇ ਇਹ ਵੀ ਘੋਸ਼ਣਾ ਕੀਤੀ ਕਿ ਲਾਇਸੰਸਸ਼ੁਦਾ ਪਾਠਕ੍ਰਮ ਦੀ ਪੇਸ਼ਕਸ਼ ਕਰਨ ਵਾਲੇ ਪ੍ਰਾਈਵੇਟ ਕਾਲਜਾਂ ਵਿੱਚ ਦਾਖਲਾ ਲੈਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀ ਆਪਣੀਆਂ ਡਿਗਰੀਆਂ ਪੂਰੀਆਂ ਕਰਨ ਤੋਂ ਬਾਅਦ ਵਰਕ ਪਰਮਿਟ ਲਈ ਯੋਗ ਨਹੀਂ ਹੋਣਗੇ, ਅਤੇ ਅੰਡਰਗਰੈਜੂਏਟ ਵਿਦਿਆਰਥੀਆਂ ਦੇ ਜੀਵਨ ਸਾਥੀ ਦੇ ਵੀਜ਼ੇ ਰੱਦ ਕਰ ਦਿੱਤੇ ਗਏ ਹਨ। ਟਰੂਡੋ ਸਰਕਾਰ ਨੇ ਘੋਸ਼ਣਾ ਕੀਤੀ ਕਿ ਉਹ ਘੱਟ ਤਨਖ਼ਾਹ ਵਾਲੇ ਅਸਥਾਈ ਵਿਦੇਸ਼ੀ ਵਰਕਰ ਪ੍ਰੋਗਰਾਮ ਦੇ ਆਪਣੇ ਵਿਸਥਾਰ ਨੂੰ ਵਾਪਸ ਲੈ ਰਹੀ ਹੈ। ਅਤੇ 70,000 ਤੋਂ ਵੱਧ ਵਿਦਿਆਰਥੀਆਂ ਦੇ ਸੰਭਾਵੀ ਦੇਸ਼ ਨਿਕਾਲੇ ਨੇ ਪੰਜਾਬ ਵਿੱਚ ਖ਼ਤਰੇ ਦੀ ਘੰਟੀ ਵਜਾ ਦਿੱਤੀ ਹੈ। ਕੈਨੇਡਾ ਦਾ ਬੁਲਬੁਲਾ ਖੱਟ ਗਿਆ ਹੈ। ਇਹ ਹੁਣ ਮੁਲਤਵੀ ਸੁਪਨਿਆਂ ਦੀ ਗਾਥਾ ਹੈ ਜੇਕਰ ਤਬਾਹ ਨਹੀਂ ਵੀ ਹੋਇਆ ਤਾਂ।ਵਧਦੇ ਵੀਜ਼ਾ ਰੱਦ ਹੋਣ ਅਤੇ ਰਹਿਣ-ਸਹਿਣ ਦੀ ਵਧਦੀ ਲਾਗਤ ਨੇ ਵੀ ਇਸ ਵਿਚ ਇੱਕ ਭੂਮਿਕਾ ਨਿਭਾਈ ਹੈ।

ਇਸ ਸਾਲ ਦੇ ਸ਼ੁਰੂ ਵਿੱਚ ਨੀਤੀਆਂ ਵਿੱਚ ਸੋਧ ਤੋਂ ਬਾਅਦ ਕੈਨੇਡਾ ਜਾਣ ਦੀ ਲਾਗਤ 22-23 ਲੱਖ ਰੁਪਏ ਤੋਂ ਵਧ ਕੇ 37 ਲੱਖ ਰੁਪਏ ਹੋ ਗਈ ਹੈ। ਵਿਦਿਆਰਥੀਆਂ ਨੇ ਹੁਣ ਵਿਦੇਸ਼ਾਂ ਵਿੱਚ ਪੜ੍ਹਨ ਦੀ ਯੋਜਨਾ ਛੱਡ ਦਿੱਤੀ ਹੈ। ਦੂਜੇ ਪਾਸੇ ਗ਼ੈਰ-ਕਾਨੂੰਨੀ ਢੰਗ ਨਾਲ ਮੁਲਕਾਂ ਵਿੱਚ ਦਾਖ਼ਲ ਹੋਣ ਲਈ ਭਾਰਤੀਆਂ ਵੱਲੋਂ ਅਪਣਾਇਆ 'ਡੰਕੀ ' ਰਸਤਾ ਜ਼ੋਰਾਂ-ਸ਼ੋਰਾਂ ਨਾਲ ਚੱਲ ਰਿਹਾ ਹੈ। ਦਸੰਬਰ 2023 ਤੋਂ, 5,000 ਤੋਂ ਵੱਧ ਭਾਰਤੀ ਗੈਰ-ਕਾਨੂੰਨੀ ਤੌਰ 'ਤੇ ਕੈਨੇਡੀਅਨ ਸਰਹੱਦ ਤੋਂ ਸੰਯੁਕਤ ਰਾਜ ਅਮਰੀਕਾ ਵਿੱਚ ਦਾਖਲ ਹੋਏ, ਬਦਨਾਮ ਮੈਕਸੀਕੋ ਸਰਹੱਦ ਤੋਂ ਦੇਸ਼ ਨੂੰ ਪਾਰ ਕਰਨ ਵਾਲੇ ਲੋਕਾਂ ਦੀ ਗਿਣਤੀ ਤੋਂ ਵੱਧ। ਯੂਨਾਈਟਿਡ ਕਿੰਗਡਮ ਵਿੱਚ ਬੰਦਰਗਾਹ 'ਤੇ ਸ਼ਰਣ ਮੰਗਣ ਵਾਲੇ ਭਾਰਤੀਆਂ ਦੀ ਗਿਣਤੀ ਵੀ ਅਸਮਾਨ ਨੂੰ ਛੂਹ ਰਹੀ ਹੈ। ਇੰਡਸਟਰੀ ਦੇ ਨੇਤਾਵਾਂ ਦਾ ਕਹਿਣਾ ਹੈ ਕਿ ਮੌਜੂਦਾ ਸਥਿਤੀ ਅਸਥਿਰ ਅਤੇ ਅਪ੍ਰਤੱਖ ਹੈ ਪਰ ਬੇਮਿਸਾਲ ਨਹੀਂ ਹੈ। ਕਰਨ ਮਖੀਜਾ, ਸੇਠੀ ਸਟੱਡੀ ਸਰਕਲ ਦੇ ਵੀਜ਼ਾ ਪਾਰਟਨਰ, ਇਸਦੀ ਤੁਲਨਾ 2012 ਵਿੱਚ ਯੂਨਾਈਟਿਡ ਕਿੰਗਡਮ ਵਿੱਚ ਵਾਪਰੀਆਂ ਘਟਨਾਵਾਂ ਨਾਲ ਕਰਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਯੂ.ਕੇ. ਨੇ ਇਮੀਗ੍ਰੇਸ਼ਨ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਸੀ, ਜੋ ਸਾਡੇ ਲਈ ਹੈਰਾਨ ਕਰਨ ਵਾਲੀ ਗੱਲ ਸੀ ਕਿਉਂਕਿ ਇਹ ਉਦੋਂ ਪੰਜਾਬੀਆਂ ਦੀ ਪਸੰਦੀਦਾ ਮੰਜ਼ਿਲ ਸੀ। ਪਰ ਰਾਤੋ ਰਾਤ ਅਸੀਂ ਆਪਣਾ ਕਾਰੋਬਾਰ ਕੈਨੇਡਾ ਵੱਲ ਮੋੜ ਲਿਆ।


ਦਸੰਬਰ 2023 ਤੱਕ, ਅੰਮ੍ਰਿਤਸਰ ਦਾ ਰਣਜੀਤ ਐਵੇਨਿਊ - ਟਰੈਵਲ ਏਜੰਟਾਂ, ਸਲਾਹਕਾਰਾਂ ਅਤੇ ਆਈਲੈਟਸ ਕੋਚਿੰਗ ਸੈਂਟਰਾਂ ਦਾ ਕੇਂਦਰ - ਵਿਦਿਆਰਥੀਆਂ ਦੇ ਸਕੂਟਰਾਂ ਅਤੇ ਸਾਈਕਲਾਂ ਨਾਲ ਇੰਨਾ ਭਰਿਆ ਹੋਇਆ ਸੀ ਕਿ ਪੈਦਲ ਚੱਲਣ ਲਈ ਕੋਈ ਥਾਂ ਨਹੀਂ ਸੀ। ਹੁਣ, ਖਾਲੀ ਪਾਰਕਿੰਗ ਥਾਵਾਂ ਇੱਕ ਦੁਖੀ ਵਪਾਰਕ ਉਦਯੋਗ ਦੀ ਕਹਾਣੀ ਬਿਆਨ ਕਰਦੀਆਂ ਹਨ। ਬਾਹਰ ਗਲੀ ਆਈਲੈਟਸ ਦੀ ਕੋਚਿੰਗ ਲੈਣ ਵਾਲੇ ਵਿਦਿਆਰਥੀਆਂ ਦੇ ਐਕਟਿਵਾ ਅਤੇ ਸਾਈਕਲਾਂ ਨਾਲ ਭਰੀ ਹੋਈ ਸੀ। ਹੁਣ ਉਸ ਪਾਰਕਿੰਗ ਦੀ ਅੱਧੀ ਥਾਂ ਹੀ ਹੈ। ਕਲਾਸਰੂਮ ਖਾਲੀ ਹਨ, ਅਤੇ ਹਰ ਦੂਜੇ ਦਿਨ ਗਲੀ ਤੋਂ ਇੱਕ ਨਵਾਂ ਨਿਕਾਸ ਹੁੰਦਾ ਹੈ। ਇਹ ਡਰਾਉਣਾ ਹੈ, ਇੱਕ ਸਾਬਕਾ ਵੀਜ਼ਾ ਸਲਾਹਕਾਰ ਨੇ ਕਿਹਾ ਜਿਸਨੇ ਹਾਲ ਹੀ ਵਿੱਚ ਆਪਣਾ ਕਾਰੋਬਾਰ ਬੰਦ ਕਰ ਦਿੱਤਾ ਹੈ। ਸਲਾਹਕਾਰ ਕੈਨੇਡਾ ਲਈ ਵੀਜ਼ਾ ਅਰਜ਼ੀਆਂ ਦੀ ਪ੍ਰਕਿਰਿਆ ਕਰਨ ਵਿੱਚ ਮਾਹਰ ਹੈ।

ਇੱਥੋਂ ਤੱਕ ਕਿ ਸਥਾਪਿਤ ਕੰਸਲਟੈਂਸੀ ਫ਼ਰਮਾਂ ਨੂੰ ਵੀ ਕੋਚਿੰਗ ਆਉਟਲੈਟਾਂ ਨੂੰ ਬੰਦ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ ਜਿੱਥੇ ਦਾਖਲਾ ਲਗਭਗ ਜ਼ੀਰੋ ਹੋ ਗਿਆ ਹੈ। ਮਲਹੋਤਰਾ, ਜੋ ਕਿ ਸੇਵੀਅਰ ਐਜੂਕੇਸ਼ਨ ਐਬਰੋਡ ਦੇ ਸੰਸਥਾਪਕ ਵੀ ਹਨ, ਨੂੰ ਨੌਂ ਕੋਚਿੰਗ ਸੈਂਟਰਾਂ ਅਤੇ 2,000 ਵਿਦਿਆਰਥੀਆਂ ਤੋਂ ਤਿੰਨ ਕੇਂਦਰਾਂ ਅਤੇ ਸਿਰਫ਼ ਸੌ ਵਿਦਿਆਰਥੀਆਂ ਦੀ ਗਿਣਤੀ ਘਟਾ ਕੇ ਤਿੰਨ ਕੇਂਦਰਾਂ ਵਿੱਚ ਤਬਦੀਲ ਕਰਨਾ ਪਿਆ। ਇਮੀਗ੍ਰੇਸ਼ਨ ਵਿੱਚ ਵਧਦੀਆਂ ਪੇਚੀਦਗੀਆਂ ਨੇ ਵੀਜ਼ਾ ਏਜੰਸੀਆਂ ਦੇ ਖਿਲਾਫ਼ ਅੰਦਰੂਨੀ ਵਿਰੋਧਾਂ ਦਾ ਕਾਰਨ ਵੀ ਬਣਾਇਆ ਹੈ, ਜਿਨ੍ਹਾਂ 'ਤੇ ਕਿਸਾਨ ਸਮੂਹਾਂ ਦੁਆਰਾ ਦੋਸ਼ ਲਗਾਇਆ ਜਾਂਦਾ ਹੈ ਕਿ ਜੇਕਰ ਉਨ੍ਹਾਂ ਦੇ ਵੀਜ਼ੇ ਨਹੀਂ ਆਉਂਦੇ ਤਾਂ ਬੱਚਿਆਂ ਨੂੰ ਭਜਾ ਕੇ ਲੈ ਜਾਂਦੇ ਹਨ। ਉਹ ਕੈਨੇਡਾ ਤੋਂ ਅੱਤਵਾਦ ਅਤੇ ਪੰਜਾਬ ਵਿੱਚ ਗੁੰਡਾਗਰਦੀ ਦੇ ਵਿਚਕਾਰ ਫ਼ਸੇ ਹੋਏ ਹਨ। ਕਾਰੋਬਾਰੀ ਮਾਲਕਾਂ ਨੂੰ ਅਕਸਰ ਕੈਨੇਡਾ ਵਿੱਚ ਬੈਠੇ ਗੈਂਗਸਟਰਾਂ ਵੱਲੋਂ ਫ਼ਿਰੌਤੀ ਦੀਆਂ ਕਾਲਾਂ ਆਉਂਦੀਆਂ ਰਹਿੰਦੀਆਂ ਹਨ, ਜਦੋਂ ਕਿ ਜੇਕਰ ਕੋਈ ਉਮੀਦਵਾਰ ਆਪਣੇ ਸੁਪਨਿਆਂ ਦਾ ਵੀਜ਼ਾ ਪ੍ਰਾਪਤ ਕਰਨ ਵਿੱਚ ਅਸਮਰੱਥ ਹੁੰਦਾ ਹੈ ਤਾਂ ਕਿਸਾਨ ਗਰੁੱਪ ਡਰਾ ਧਮਕਾ ਕੇ ਘਰ ਵਾਪਸੀ ਦਾ ਦਬਾਅ ਬਣਾਉਂਦੇ ਹਨ। ਹਰ ਖੇਤਰ ਦੀ ਤਰ੍ਹਾਂ, ਇਮੀਗ੍ਰੇਸ਼ਨ ਦੇ ਵੀ ਇਸ ਦੇ ਸਿਰੇ ਅਤੇ ਖੱਡ ਹਨ।ਕੋਵਿਡ -19 ਮਹਾਂਮਾਰੀ ਦੇ ਤੁਰੰਤ ਬਾਅਦ, ਕੈਨੇਡਾ ਅਤੇ ਆਸਟਰੇਲੀਆ ਵਰਗੇ ਦੇਸ਼ਾਂ ਵਿੱਚ ਬਲੂ-ਕਾਲਰ ਮਜ਼ਦੂਰਾਂ ਦੀ ਕਮੀ ਨੇ ਇਮੀਗ੍ਰੇਸ਼ਨ ਦੇ ਦਰਵਾਜ਼ੇ ਖੋਲ੍ਹ ਦਿੱਤੇ।ਵੀਜ਼ਾ ਹਾਸਲ ਕਰਨ ਦੀ ਯੋਗਤਾ ਘਟਾ ਦਿੱਤੀ ਗਈ ਸੀ।ਮਲਹੋਤਰਾ ਦੇ ਅਨੁਸਾਰ ਵੀਜ਼ਾ ਪ੍ਰਵਾਨਗੀਆਂ ਵਿੱਚ 90 ਪ੍ਰਤੀਸ਼ਤ ਸਫ਼ਲਤਾ ਦਰ ਸੀ।

ਪੰਜਾਬੀਆਂ ਨੂੰ ਪਤਾ ਸੀ ਕਿ ਕੈਨੇਡਾ ਜਾਣ ਲਈ ਉਨ੍ਹਾਂ ਦੀ ਟਿਕਟ ਲੈਣ ਦਾ ਇਹ ਸਹੀ ਸਮਾਂ ਸੀ ਅਤੇ ਕਾਰੋਬਾਰ ਵਧਿਆ।

ਪਰ ਹਰ ਕੋਈ ਇਸ ਤੂਫ਼ਾਨ ਦਾ ਸਾਮ੍ਹਣਾ ਨਹੀਂ ਕਰ ਸਕਦਾ। ਪੁਰਾਣੇ ਆਈਲੈਟਸ ਕੇਂਦਰਾਂ ਤੇ ਟੂ-ਲੈੱਟ ਦੇ ਸੰਕੇਤ, ਵਟਸਐਪ ਗਰੁੱਪ 'ਤੇ ਕੇਂਦਰਾਂ ਦੇ ਬੰਦ ਹੋਣ, ਨੌਕਰੀਆਂ ਗੁਆਉਣ ਅਤੇ ਨਵੇਂ ਬਣੇ ਕਲਾਸਰੂਮਾਂ ਵਿੱਚ ਵਿਦਿਆਰਥੀਆਂ ਦੇ ਗਾਇਬ ਹੋਣ ਬਾਰੇ ਸੰਦੇਸ਼ਾਂ ਨੇ ਉੱਦਮੀਆਂ ਦੇ ਰੋਜ਼ਾਨਾ ਅਨੁਭਵਾਂ ਨੂੰ ਪਰਿਭਾਸ਼ਿਤ ਕੀਤਾ ਹੈ। ਇੱਥੇ ਕਾਫ਼ੀ ਵਿਦਿਆਰਥੀ ਨਹੀਂ ਹਨ ਜਿਨ੍ਹਾਂ ਨੂੰ ਨਵੀਂ ਕੈਪ ਨਾਲ ਵਿਦੇਸ਼ ਭੇਜਿਆ ਜਾ ਸਕਦਾ ਹੈ। ਗਾਰੰਟੀਡ ਇਨਵੈਸਟਮੈਂਟ ਸਰਟੀਫ਼ਿਕੇਟ ਨੂੰ ਵੀ ਕੈਨੇਡੀਅਨ /10,000 ਤੋਂ ਵਧਾ ਕੇ / 20,000 ਕਰ ਦਿੱਤਾ ਗਿਆ ਹੈ, ਜਿਸ ਨਾਲ ਓਟਾਵਾ ਤੱਕ ਉਡਾਣ ਭਰਨ ਦਾ ਸੁਪਨਾ ਹੋਰ ਵੀ ਪਹੁੰਚ ਤੋਂ ਬਾਹਰ ਹੋ ਗਿਆ ਹੈ।

# ਜਥੇਦਾਰ ਸਾਹਿਬਾਨ ਨੂੰ ਆਪਣੀਆਂ ਕਮਜ਼ੋਰੀਆਂ ਉੱਪਰ ਕਾਬੂ ਪਾ ਕੇ ਕੌਮ ਪ੍ਰਸਤ ਫ਼ੈਸਲੇ ਲੈਣ ਦੀ ਲੋੜ



ਬਘੇਲ ਸਿੰਘ ਧਾਲੀਵਾਲ
99142-58142

ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਾ ਪਿਛਲੇ ਦਿਨੀ ਇੱਕ ਵੀਡੀਓ ਸੁਨੇਹੇ ਰਾਹੀ ਸਿੱਖ ਸੰਗਤ ਨੂੰ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਵੱਲੋਂ ਉਹਨਾਂ ਦੇ ਪਰਿਵਾਰ ਦੀ ਕਿਰਦਾਰਕੁਸ਼ੀ ਕਰਨ ਸਬੰਧੀ ਦੱਸਦਿਆਂ ਭਾਵਕ ਹੋਣ ਤੇ ਕਮਜ਼ੋਰ ਦਿਖਾਈ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ, ਉਹ ਸੱਚਮੁੱਚ ਹੀ ਸਿੱਖ ਕੌਮ ਦੇ ਹੁਣ ਤੱਕ ਦੇ ਸਭ ਤੋਂ ਨਿਘਾਰ ਦਾ ਸਮਾਂ ਸਮਝਿਆ ਜਾਣਾ ਚਾਹੀਦਾ ਹੈ। ਬਿਨਾ ਸ਼ੱਕ ਸਿੱਖ ਕੌਮ ਦੇ ਜਥੇਦਾਰ ਬਹੁਤ ਲੰਮੇ ਸਮੇਂ ਤੋਂ ਹੀ ਸਿੱਖ ਪੰਥ ਦੀ ਨੁਮਾਇੰਦਗੀ ਨਹੀਂ ਕਰਦੇ ਬਲਕਿ ਇੱਕ ਪਰਿਵਾਰ ਦੇ ਪ੍ਰਭਾਵ ਅਧੀਨ ਸਿੱਖ ਵਿਰੋਧੀ ਤਾਕਤਾਂ ਦੇ ਪੱਖ ਵਿੱਚ ਭੁਗਤਣ ਦਾ ਕਾਰਜ ਕਰਦੇ ਆ ਰਹੇ ਹਨ। ਇਹ ਵਰਤਾਰਾ 1849 ਤੋਂ ਬਾਅਦ ਲਗਾਤਾਰ ਵਾਪਰਦਾ ਆ ਰਿਹਾ ਹੈ। ਦੇਸ ਅਜ਼ਾਦ ਹੋਣ ਤੋਂ ਬਾਅਦ ਇਹ ਵਰਤਾਰਾ ਹੋਰ ਵੀ ਵਿਕਰਾਲ ਰੂਪ ਵਿੱਚ ਸਿੱਖ ਪੰਥ ਦੇ ਦਰਪੇਸ਼ ਰਿਹਾ ਹੈ। ਇੱਕਾ ਦੁੱਕਾ ਕਿਸੇ ਜਥੇਦਾਰ ਸਾਹਿਬ ਦੀ ਕਿਸੇ ਇੱਕ ਅੱਧੀ ਪ੍ਰਾਪਤੀ ਤੋਂ ਛੁੱਟ ਜ਼ਿਆਦਾਤਰ ਜਥੇਦਾਰਾਂ ਦੀ ਭੂਮਿਕਾ ਸਿੱਖ ਵਿਰੋਧੀ,ਪੰਥ ਵਿਰੋਧੀ ਅਤੇ ਸਿੱਖੀ ਸਿਧਾਂਤਾਂ ਦੇ ਘਾਣ ਕਰਨ ਵਾਲੀ ਰਹੀ ਹੈ ਅਤੇ ਪੰਥ ਦੇ ਪੱਲੇ ਨਮੋਸ਼ੀਆਂ ਤੋਂ ਬਗੈਰ ਕੁੱਝ ਵੀ ਨਹੀਂ ਪਿਆ। ਇਹ ਸਾਰਾ ਕੁੱਝ ਵਾਪਰਨ ਦਾ ਅਸਲ ਕਾਰਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸੁਯੋਗ ਲੀਡਰਸ਼ਿਪ ਹੋਣ ਦੀ ਬਜਾਏ ਲਾਲਚੀ, ਸੱਤਾ ਲਾਲਸਾ ਦੀ ਭੁੱਖੀ ਲੀਡਰਸ਼ਿਪ ਨੂੰ ਸਮਝਿਆ ਜਾਣਾ ਚਾਹੀਦਾ ਹੈ। ਸਿੱਖਾਂ ਦੀਆਂ ਦੋਵਾਂ ਹੀ ਸਿਰਮੌਰ ਸੰਸਥਾਵਾਂ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਰਾਜਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ 'ਤੇ ਕੇਂਦਰੀ ਤਾਕਤਾਂ ਨੇ ਉਹ ਲੋਕ ਕਾਬਜ ਕਰਵਾ ਦਿੱਤੇ ਹੋਏ ਹਨ,ਜਿਨ੍ਹਾਂ ਦਾ ਮੰਤਵ ਆਪਣੇ ਪਰਿਵਾਰਾਂ ਲਈ ਲੋਭ ਲਾਲਸਾ ਅਤੇ ਸੱਤਾ ਪ੍ਰਾਪਤੀ ਖਾਤਰ ਪੰਥਕ ਹਿਤਾਂ ਨੂੰ ਕੁਰਬਾਨ ਕਰਨ ਤੋ ਵੱਧ ਹੋਰ ਕੁੱਝ ਵੀ ਨਹੀਂ ਰਿਹਾ। ਸਿੱਖ ਆਗੂਆਂ ਨੇ ਜਿੱਥੇ ਸਿੱਖੀ ਸਿਧਾਂਤਾਂ ਦਾ ਰੱਜ ਕੇ ਘਾਣ ਕਰਵਾਇਆ,ਓਥੇ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ ਵਿੱਚ ਵੀ ਵੱਡੀ ਭੂਮਿਕਾ ਨਿਭਾਈ ਹੈ। ਲਿਹਾਜ਼ਾ ਅੱਜ ਕੋਈ ਵੀ ਸਿੱਖ ਸੰਸਥਾ ਅਜਿਹੀ ਨਜ਼ਰ ਨਹੀਂ ਆਉਂਦੀ, ਜਿਹੜੀ ਸਿੱਖ ਵਿਰੋਧੀ ਕੇਂਦਰੀ ਤਾਕਤਾਂ ਦੇ ਪ੍ਰਭਾਵ ਤੋਂ ਮੁਕਤ ਦਿਖਾਈ ਦਿੰਦੀ ਹੋਵੇ। ਤਖ਼ਤ ਸਾਹਿਬਾਨਾਂ ਦੇ ਜਥੇਦਾਰਾਂ ਦੀ ਜੋ ਦੁਰਦਸ਼ਾ ਪਿਛਲੇ 40,50 ਸਾਲਾਂ ਤੋਂ ਅਕਾਲੀ ਦਲ ਦੇ ਤਤਕਾਲੀ ਸੁਪਰੀਮੋ



ਪ੍ਰਕਾਸ਼ ਸਿੰਘ ਬਾਦਲ ਨੇ ਕਰਵਾਈ ਹੈ,ਅਜਿਹੀ ਸਾਇਦ ਇਤਿਹਾਸ ਵਿੱਚ ਨਾ ਪਹਿਲਾਂ ਕਦੇ ਹੋਈ ਹੈ ਅਤੇ ਨਾ ਹੀ ਸਾਇਦ ਹੋ ਸਕੇ। ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਤੋ ਲੈ ਕੇ ਗੁਰੂ ਸਾਹਿਬ ਦੇ ਸਰੂਪ ਗਾਇਬ ਕਰਨ ਤੱਕ ਦਾ ਵਰਤਾਰਾ ਦਰਸਾਉਂਦਾ ਹੈ ਕਿ ਸਿੱਖ ਕੌਮ ਦੀ ਅਗਵਾਈ ਸਿੱਖਾਂ ਦੇ ਹੱਥ ਨਹੀ ਬਲਕਿ ਭੇਖੀ ਤੇ ਕਪਟੀ ਸਿਆਸਤ ਦਾਨਾਂ ਦੇ ਹੱਥਾਂ ਵਿੱਚ ਹੈ, ਜਿੰਨਾਂ ਦਾ ਸਿੱਖ ਸਿਧਾਂਤਾਂ ਤੇ ਨਿਆਰੀ ਹਸਤੀ ਨਾਲ ਕੋਈ ਵਾਸਤਾ ਹੈ। ਸਿੱਖ ਕੌਮ ਦੇ ਜਥੇਦਾਰਾਂ ਦਾ ਇਤਿਹਾਸ ਅਕਾਲੀ ਬਾਬਾ ਫੂਲਾ ਸਿੰਘ ਵਾਲਾ ਰਿਹਾ ਹੈ,ਜਿੰਨਾਂ ਨੇ ਦੂਨੀਆਂ ਦੇ ਸ਼ਕਤੀਸ਼ਾਲੀ ਸਿੱਖ ਬਾਦਸ਼ਾਹ ਸਮਝੇ ਜਾਂਦੇ ਸਿੱਖ ਮਹਾਰਾਜਾ ਰਣਜੀਤ ਸਿੰਘ ਸੇਰ ਏ ਪੰਜਾਬ ਨੂੰ ਵੀ ਦਰਖਤ ਨਾਲ ਬੰਨ ਕੇ ਕੋੜੇ ਮਾਰਨ ਦੀ ਸਜ਼ਾ ਸੁਣਾਈ ਸੀ ਅਤੇ ਇਸ ਤੋਂ ਪਹਿਲਾਂ ਮਹਾਰਾਜੇ ਦੇ ਅਹਿਲਕਾਰਾਂ ਨੂੰ ਇਹ ਅਦੇਸ਼ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪਹੁੰਚਾ ਦਿੱਤੇ ਗਏ ਸਨ ਕਿ ਮਹਾਰਾਜਾ ਰਣਜੀਤ ਸਿੰਘ ਨੂੰ ਕੋਈ ਵੀ ਅਹਿਲਕਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਗਲੇ ਹੁਕਮਾਂ ਤੱਕ ਝੁਕ ਕੇ ਸਤਿਕਾਰ ਨਹੀ ਦੇਵੇਗਾ ਅਤੈ ਨਾ ਹੀ ਕੋਈ ਵੀ ਸਿੱਖ ਮਹਾਰਾਜੇ ਨਾਲ ਫ਼ਤਿਹ ਦੀ ਸਾਂਝ ਪਾਵੇਗਾ। ਇਹ ਹੁਕਮ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਉਸ ਮਹਾਰਾਜੇ ਨੂੰ ਸੀ,ਜਿਸ ਦੇ ਡਰ ਤੋ ਕਾਬਲ ਕੰਧਾਰ ਥਰ ਥਰ ਕੰਬਦਾ ਸੀ ਅਤੇ ਈਸਟ ਇੰਡੀਆ ਕੰਪਨੀ ਪੰਜਾਬ ਵੱਲ ਮਾੜੀ ਨਜ਼ਰ ਨਾਲ ਤੱਕ ਸਕਣ ਦੀ ਹਿੰਮਤ ਵੀ ਨਹੀ ਸੀ ਰੱਖਦੀ। ਇਹ ਇਤਿਹਾਸ ਸਿੱਖ ਕੌਮ ਉਪਰ ਆਪਾ ਵਾਰਨ ਵਾਲੇ ਜਥੇਦਾਰ ਸਹਿਬਾਨਾਂ ਦਾ ਰਿਹਾ ਹੈ। ਏਥੇ ਹੀ ਬੱਸ ਨਹੀਂ ਇਸ ਤੋਂ ਵੀ ਪਹਿਲਾਂ ਅਕਾਲ ਤਖਤ ਸਾਹਿਬਾਨ ਅਸਥਾਨ ਦੀ ਸੇਵਾ ਸੰਭਾਲ ਕਰਦਿਆਂ ਜਥੇਦਾਰ ਦਰਬਾਰਾ ਸਿੰਘ,ਨਿਹੰਗ ਨੈਣਾ ਸਿੰਘ, ਜਥੇਦਾਰ ਬਾਬਾ ਸਾਹਿਬ ਸਿੰਘ ਬੇਦੀ ਨੇ ਆਪਣੀ ਕੌਮ ਨੂੰ ਦੁਸ਼ਮਣ ਹਕੂਮਤ ਦੇ ਜਬਰ ਤੋਂ ਬਚਾਉਣ ਲਈ ਪੰਥ ਦੀ ਅਗਵਾਈ ਸੂਝਬੂਝ ਨਾਲ ਕੀਤੀ ਤੇ ਖ਼ਾਲਸਾ ਰਾਜ ਦੀ ਉਸਾਰੀ ਵਿੱਚ ਹਿੱਸਾ ਪਾਇਆ। ਉਸ ਤੋਂ ਉਪਰੰਤ ਜਥੇਦਾਰ ਬਾਬਾ ਗੁਰਬਖਸ਼ ਸਿੰਘ ਅਤੇ ਵੀਹਵੀ ਸਦੀ ਵਿੱਚ ਜਥੇਦਾਰ ਭਾਈ ਗੁਰਦੇਵ ਸਿੰਘ ਕੌਂਕੇ ਵਰਗਿਆਂ ਦੀ ਸ਼ਹਾਦਤ ਇਸ ਅਸਥਾਨ ਦੇ ਸੇਵਾਦਾਰਾਂ ਦੇ ਫ਼ਰਜ਼ਾਂ ਅਤੇ ਨਿਡਰਤਾ ਨੂੰ ਪਰਗਟ ਕਰਦੀ ਹੈ। ਮੌਜੂਦਾ ਸਮੇਂ ਦੇ ਸੰਦਰਭ ਵਿੱਚ ਦੇਖਿਆ ਜਾਵੇ ਤਾਂ ਜਥੇਦਾਰਾਂ ਦੀ ਨਿਯੁਕਤੀ ਸਿੱਖ ਪਰੰਪਰਾਵਾਂ ਦੇ ਅਨੁਸਾਰੀ ਹੋਣ ਦੀ ਬਜਾਏ ਸ਼੍ਰਮਣੀ ਕਮੇਟੀ ਦੀ ਕਾਰਜਕਾਰਨੀ ਦੁਆਰਾ ਕੀਤੀ ਜਾਣੀ ਇਸ ਕਮਜੋਰੀ ਦਾ ਵੱਡਾ ਕਾਰਨ ਬਣੀ ਹੋਈ ਹੈ। ਜਦ ਕਿ ਸ਼੍ਰੋਮਣੀ ਕਮੇਟੀ ਨੂੰ ਜਥੇਦਾਰ ਦੀ ਯੋਗਤਾ,ਚੋਣ ਵਿਧੀ ਤੇ ਦਾਇਰੇ ਬਾਰੇ ਪੰਥਕ ਸਹਿਮਤੀ ਨਾਲ ਨਿਯਮ ਬਣਾਉਣ ਦੀ ਲੋੜ ਹੈ। ਜਥੇਦਾਰ ਦੇ ਸਤਿਕਾਰਿਤ ਰੁਤਬੇ ਦਾ ਪਾਰਟੀਆਂ,ਧੜੇਬੰਦੀਆਂ ਨਾਲ ਦੂਰ ਦਾ ਵੀ ਵਾਸਤਾ ਨਹੀ ਹੋਣਾ ਚਾਹੀਦਾ। ਇਹ ਰੁਤਬਾ ਪੰਥ ਦੀਆਂ ਧੜੇਬੰਦੀਆਂ ਖਤਮ ਕਰਨ ਦੇ ਸਮਰੱਥ ਹੋਣਾ ਚਾਹੀਦਾ ਹੈ,ਜਿਸਤਰ੍ਹਾਂ ਪੁਰਾਤਨ ਇਤਿਹਾਸ ਵਿੱਚ ਰਿਹਾ ਹੈ।

(ਬਾਕੀ ਸਫ਼ਾ 30 'ਤੇ)

# ਸਰਬਉੱਚ ਅਦਾਲਤ ਦੇ ਢਾਂਚੇ 'ਚ ਬੁਨਿਆਦੀ ਉਸਾਰੂ ਤਬਦੀਲੀ ਹੋਵੇ

**ਖੁਸ਼ਵਿੰਦਰ ਸਿੰਘ ਸੂਰੀਆ**

ਨਿਆਂ 'ਚ ਦੇਰੀ, ਨਿਆਂ ਨਾ ਮਿਲਣ ਸਮਾਨ ਹੀ ਹੈ, ਇਹ ਕਥਨ ਆਪਣੇ-ਆਪ 'ਚ ਹੀ ਵਿਵਸਥਾ 'ਤੇ ਇੱਕ ਤਿੱਖੀ ਟਿੱਪਣੀ ਹੈ, ਕਿਉਂਕਿ ਜਿਸ ਦੇਸ਼ ਦੀ ਧਰਤੀ 'ਤੇ ਨਿਆਂ ਮਿਲਣ 'ਚ ਦੇਰੀ ਹੁੰਦੀ ਹੈ, ਉੱਥੇ ਅਪਰਾਧੀਆਂ ਦੇ ਹੌਸਲੇ ਵਧਦੇ ਹਨ ਅਤੇ ਸੱਚ ਦੀ ਹੇਠੀ ਹੁੰਦੀ ਹੈ। ਕਈ ਵਾਰ ਤਾਂ ਦੇਰ ਨਾਲ ਮਿਲੇ ਨਿਆਂ ਦਾ ਅਰਥ ਹੀ ਖ਼ਤਮ ਹੋ ਜਾਂਦਾ ਹੈ, ਇਸ ਲਈ ਨਿਆਂ 'ਚ ਦੇਰੀ ਵੀ ਅਸਲ 'ਚ ਅਪਰਾਧ ਨੂੰ ਉਤਸ਼ਾਹਿਤ ਹੀ ਕਰਦੀ ਹੈ। ਦੁੱਖ ਦੀ ਗੱਲ ਇਹ ਹੈ ਕਿ ਅੱਜ ਭਾਰਤ ਦੀ ਨਿਆਂ ਪ੍ਰਣਾਲੀ ਇਸੇ ਸਥਿਤੀ ਵਿਚੋਂ ਲੰਘ ਰਹੀ ਹੈ। ਟਰਾਇਲ ਕੋਰਟ ਜਾਂ ਜ਼ਿਲ੍ਹਾ ਅਦਾਲਤਾਂ ਤੋਂ ਲੈ ਕੇ ਹਾਈ ਕੋਰਟ ਤੇ ਫ਼ਿਰ ਅੱਗੇ ਸਰਬਉੱਚ ਅਦਾਲਤ ਤੱਕ ਹਾਲਾਤ ਇਹ ਹਨ ਕਿ ਕੇਸ ਕਈ-ਕਈ ਸਾਲ ਇੱਥੋਂ ਤੱਕ ਕਿ ਦਹਾਕਿਆਂ ਬੱਧੀ ਲਟਕਦੇ ਰਹਿੰਦੇ ਹਨ ਪਰ ਨਿਆਂ ਨਹੀਂ ਮਿਲਦਾ। ਕਈ ਕੇਸਾਂ 'ਚ ਜਾਂ ਤਾਂ ਨਿਆਂ ਲੈਣ ਵਾਲੇ ਬੁੱਢੇ ਹੋ ਕੇ ਭਰੇ ਦਿਲ ਨਾਲ ਜਹਾਨ ਛੱਡ ਕੇ ਤੁਰ ਜਾਂਦੇ ਹਨ ਜਾਂ ਫ਼ਿਰ ਅਪਰਾਧੀ ਜਾਂ ਧੱਕਾ ਕਰਨ ਵਾਲੇ ਬਿਨਾਂ ਆਪਣੇ ਅਪਰਾਧ ਦੀ ਸਜ਼ਾ ਭੁਗਤੇ ਆਪਣੀ ਉਮਰ ਭੋਗ ਕੇ ਤੁਰ ਜਾਂਦੇ ਹਨ ਪਰ ਇਨਸਾਫ਼ ਆਪਣੀ ਮੰਜ਼ਿਲ ਤੱਕ ਨਹੀਂ ਪੁੱਜਦਾ।

1984 ਦਾ ਸਿੱਖ ਕਤਲੇਆਮ ਇੱਕ ਵੱਡੀ ਉਦਾਹਰਨ ਹੈ, ਜਿਸ ਦੇ 40 ਸਾਲ ਲੰਘ ਜਾਣ ਮਗਰੋਂ ਵੀ ਪੀੜਤ ਸਿੱਖ ਪਰਿਵਾਰਾਂ ਨੂੰ ਅੱਜ ਤੱਕ ਪੂਰਨ ਨਿਆਂ ਨਹੀਂ ਮਿਲ ਸਕਿਆ ਅਤੇ ਦੋਸ਼ੀਆਂ ਨੂੰ ਬਣਦੀ ਸਜ਼ਾ ਨਹੀਂ ਮਿਲੀ। ਅਪਰਾਧ ਤਾਂ 40 ਸਾਲ ਪਹਿਲਾਂ ਹੋਇਆ ਪਰ ਨਿਆਂ ਨਾ ਮਿਲਣ ਦੀ ਚੀਸ 40 ਸਾਲ ਲਗਾਤਾਰ ਪੀੜਤ ਪਰਿਵਾਰਾਂ ਤੇ ਪੂਰੀ ਸਿੱਖ ਕੌਮ ਦੇ ਦਿਲ 'ਚ ਪੈਂਦੀ ਰਹੀ ਅਤੇ ਅਸਲ ਅਪਰਾਧੀ ਆਜ਼ਾਦ ਘੁੰਮਦੇ ਰਹੇ ਤਾਂ ਫ਼ਿਰ ਸਜ਼ਾ ਕਿਸ ਨੂੰ ਮਿਲੀ ਅਪਰਾਧੀ ਨੂੰ ਜਾਂ ਪੀੜਤ ਨੂੰ ਹੋਰ ਬਹੁਤ ਉਦਾਹਰਨਾਂ ਮਿਲ ਜਾਣਗੀਆਂ, ਜੋ ਭਾਰਤ ਦੀ ਨਿਆਂ ਵਿਵਸਥਾ ਦੀ ਤਰਸਯੋਗ ਹਾਲਤ ਨੂੰ ਬਿਆਨ ਕਰਦੀਆਂ ਹਨ, ਜੋ ਕਿ ਇਕ ਕੌੜੀ ਸੱਚਾਈ ਹੈ।



ਸਰਬਉੱਚ ਅਦਾਲਤ ਭਾਰਤ ਦੀ ਸਭ ਤੋਂ ਵੱਡੀ ਅਦਾਲਤ ਹੈ ਅਤੇ ਉਸ ਵੱਲ ਹਰ ਕੋਈ ਬੜੀ ਆਸ ਨਾਲ ਵੇਖਦਾ ਹੈ ਪਰ ਉੱਥੋਂ ਦੇ ਹਾਲਾਤ ਇਹ ਹਨ ਕਿ ਅੱਜ ਲਗਭਗ 83000 ਕੇਸ ਸਰਬਉੱਚ ਅਦਾਲਤ 'ਚ ਲਟਕ ਰਹੇ ਹਨ। ਪਿਛਲੇ ਇੱਕ ਦਹਾਕੇ 'ਚ 8 ਵਾਰ ਇਨ੍ਹਾਂ ਕੇਸਾਂ 'ਚ ਵਾਧਾ ਦਰਜ ਕੀਤਾ ਗਿਆ, ਜਦੋਂ ਕਿ ਸਿਰਫ਼ 2 ਵਾਰ ਗਿਰਾਵਟ ਦਰਜ ਕੀਤੀ ਗਈ। 2009 'ਚ ਵੀ ਸਰਬਉੱਚ ਅਦਾਲਤ ਦੇ ਜੱਜਾਂ ਦੀ ਗਿਣਤੀ 26 ਤੋਂ 31 ਕੀਤੀ ਗਈ ਸੀ ਪਰ ਫ਼ਿਰ ਵੀ ਲਟਕਦੇ ਕੇਸਾਂ ਦੀ ਗਿਣਤੀ 50,000 ਤੋਂ 66,000 ਹੋ ਗਈ ਸੀ। ਜੇਕਰ ਪਿਛਲੇ 10 ਸਾਲਾਂ 'ਚ ਝਾਤ ਮਾਰੀਏ ਤਾਂ ਪਤਾ ਲਗਦਾ ਹੈ ਕਿ 2014-15 'ਚ ਚੀਫ਼ ਜਸਟਿਸ ਪੀ. ਸੱਤਿਆਸ਼ਿਵਮ ਤੇ ਆਰ.ਐੱਮ. ਲੋਧਾ ਸਮੇਂ ਇਹ ਥੋੜ੍ਹਾ ਘਟ ਕੇ 63000 'ਤੇ ਜ਼ਰੂਰ ਆਏ ਸਨ। ਉਸ ਤੋਂ ਬਾਅਦ ਸੀ.ਜੇ.ਆਈ. ਜੇ.ਐੱਸ. ਖੇਹਰ ਆਏ, ਉਨ੍ਹਾਂ ਨੇ ਅਦਾਲਤ 'ਚ ਆਈ.ਟੀ. ਤਕਨਾਲੋਜੀ ਦਾ ਇਸਤੇਮਾਲ ਬਹੁਤ ਵਧਾ ਦਿੱਤਾ ਅਤੇ ਪੇਪਰਲੈਸ ਕੰਮਕਾਜ ਨੂੰ ਉਤਸ਼ਾਹਿਤ ਕੀਤਾ, ਜਿਸ ਦਾ ਅਸਰ ਵੇਖਣ ਨੂੰ ਮਿਲਿਆ ਤੇ ਅਦਾਲਤ 'ਚ ਲਟਕਦੇ ਕੇਸਾਂ ਦੀ ਗਿਣਤੀ ਤੇਜ਼ੀ ਨਾਲ ਘਟ ਕੇ 56000 ਤੱਕ ਆ ਗਈ ਪਰ 2018 'ਚ ਸੀ.ਜੇ.ਆਈ. ਦੀਪਕ ਮਿਸ਼ਰਾ ਵੇਲੇ ਇਹ ਗਿਣਤੀ ਫ਼ਿਰ ਥੋੜ੍ਹੀ ਜਿਹੀ ਵਧ ਕੇ 57000 ਹੋ ਗਈ। ਫ਼ਿਰ ਸੀ.ਜੇ.ਆਈ. ਰੰਜਨ ਗਗੋਈ ਆਏ ਤੇ ਉਨ੍ਹਾਂ ਨੇ ਸਰਕਾਰ ਨੂੰ ਇਸ ਗੱਲ ਲਈ ਰਾਜ਼ੀ ਕੀਤਾ ਕਿ ਜੇ ਸਰਬਉੱਚ ਅਦਾਲਤ 'ਚ ਲਟਕਦੇ ਕੇਸਾਂ ਦਾ ਨਿਬੇੜਾ ਕਰਨਾ ਹੈ ਤਾਂ ਜੱਜਾਂ ਦੀ ਗਿਣਤੀ 'ਚ ਹੋਰ ਵਾਧਾ ਕਰਨਾ ਜ਼ਰੂਰੀ ਹੈ। 2019 'ਚ ਸਰਕਾਰ ਨੇ ਸੰਸਦੀ ਕਾਨੂੰਨ ਰਾਹੀਂ ਸਰਬਉੱਚ ਅਦਾਲਤ ਦੇ ਜੱਜਾਂ ਦੀ ਗਿਣਤੀ 31 ਤੋਂ ਵਧਾ ਕੇ 34 ਕਰ ਦਿੱਤੀ। ਹੁਣ ਉਮੀਦ ਸੀ ਕਿ ਲਟਕਦੇ ਕੇਸਾਂ ਦੀ ਗਿਣਤੀ ਘੱਟ ਜਾਵੇਗੀ ਪਰ ਉਮੀਦ ਦੇ ਉਲਟ ਇਹ ਗਿਣਤੀ ਦੁਬਾਰਾ 57000 ਤੋਂ ਵਧ ਕੇ 60,000 ਹੋ ਗਈ। ਅੱਗੇ 2020 'ਚ ਚੀਫ਼ ਜਸਟਿਸ ਐੱਸ.ਏ. ਬੋਬੜੇ ਦੇ ਕਾਰਜਕਾਲ ਸਮੇਂ ਕੋਵਿਡ ਆ ਗਿਆ, ਜੋ ਆਪਣੇ ਨਾਲ ਇੱਕ ਹੋਰ ਵੱਡਾ ਸੰਕਟ ਲੈ ਆਇਆ। ਲੰਬੇ ਸਮੇਂ ਤੱਕ ਸਰਬਉੱਚ ਅਦਾਲਤ ਤੇ ਬਾਕੀ ਅਦਾਲਤਾਂ ਦੇ ਕੰਮ ਠੱਪ ਹੋ ਗਏ। ਉਸ ਸਮੇਂ ਕੇਸਾਂ ਦੀ ਗਿਣਤੀ ਵਧ ਕੇ 65,000 ਤੱਕ ਪਹੁੰਚ ਗਈ। ਫ਼ਿਰ ਇਹ ਵਾਧਾ ਨਹੀਂ ਰੁੱਕਿਆ 2021 'ਚ ਇਹ ਅੰਕੜਾ 70,000 ਤੇ 2022 ਦੇ ਅੰਤ ਤੱਕ ਸੀ.ਜੇ.ਆਈ. ਵੀ.ਵੀ. ਲਲਿਤ ਸਮੇਂ 79,000 ਤੱਕ ਪੁੱਜ ਗਿਆ। ਫ਼ਿਰ 2022 'ਚ ਨਵੇਂ ਮੌਜੂਦਾ ਚੀਫ਼ ਜਸਟੀਸ ਡੀ.ਵਾਈ. ਚੰਦਰਚੂੜ ਆਏ। ਉਨ੍ਹਾਂ ਦੇ ਸਮੇਂ 'ਚ ਪਿਛਲੇ 2 ਸਾਲਾਂ 'ਚ ਇਹ ਅੰਕੜਾ 83,000 ਤੱਕ ਪੁੱਜ ਗਿਆ, ਜੋ ਕਿ ਹੁਣ ਤੱਕ ਦਾ ਸਰਬਉੱਚ ਹੈ। ਹਾਲਾਂਕਿ ਡੀ.ਵਾਈ. ਚੰਦਰਚੂੜ ਇਸ ਮਸਲੇ ਪ੍ਰਤੀ ਬੜੇ ਚਿੰਤਤ ਵੀ ਹਨ। ਉਨ੍ਹਾਂ ਨੇ ਅਦਾਲਤ ਦੇ ਕੰਮਕਾਜ 'ਚ ਨਵੀਂ ਤਕਨਾਲੋਜੀ 'ਤੇ ਬਹੁਤ ਜ਼ੋਰ ਦਿੱਤਾ ਅਤੇ ਕਈ ਨਵੀਆਂ ਚੀਜ਼ਾਂ ਲਾਗੂ ਕੀਤੀਆਂ, ਕੇਸਾਂ ਦੇ ਵਰਗੀਕਰਣ ਕੀਤੇ ਤੇ ਕੇਸਾਂ 'ਤੇ ਵੱਖੋ-ਵੱਖਰੇ ਗਰੁੱਪ ਵੀ ਬਣਾਏ ਪਰ ਇਸ ਦੇ ਬਾਵਜੂਦ ਸਥਿਤੀ ਸੁਧਰਨ ਦੀ ਬਜਾਇ ਹੋਰ ਵਿਗੜ ਰਹੀ ਹੈ। ਹੇਠਲੀਆਂ ਅਦਾਲਤਾਂ ਦੀ ਸਥਿਤੀ ਤਾਂ ਹੋਰ ਵੀ ਖਰਾਬ ਹੈ। ਦੇਸ਼ ਭਰ ਦੀਆਂ ਹਾਈ ਕੋਰਟਾਂ 'ਚ ਲਟਕਦੇ ਕੇਸਾਂ ਦੀ ਗਿਣਤੀ 2014 ਵਿੱਚ 41 ਲੱਖ ਸੀ, ਜੋ 2024 ਤੱਕ 59 ਲੱਖ ਤੱਕ ਆ ਗਈ। ਇਸ ਤੋਂ ਹੇਠਾਂ ਜ਼ਿਲ੍ਹਾ ਅਦਾਲਤਾਂ ਜਾਂ ਟਰਾਇਲ ਕੋਰਟਾਂ 'ਚ ਤਾਂ ਲਟਕਦੇ ਕੇਸਾਂ ਦੀ ਗਿਣਤੀ, ਜੋ 2014 'ਚ 2.6 ਕਰੋੜ ਸੀ, ਹੁਣ 2024 'ਚ ਵਧ ਕੇ 4.5 ਕਰੋੜ ਹੋ ਚੁੱਕੀ ਹੈ। ਆਖਿਰ ਲਟਕਦੇ ਕੇਸਾਂ ਦੀ ਸਥਿਤੀ ਐਨੀ ਕਿਉਂ ਵਿਗੜ ਰਹੀ ਹੈ, ਇਹ ਇੱਕ ਗੰਭੀਰ ਸਵਾਲ ਹੈ ? ਅਤੇ ਇਸ ਨੂੰ ਸਮਝਣ ਲਈ ਇਸ ਸਮੱਸਿਆ ਦੇ ਅੰਦਰ ਡੂੰਘੀ ਝਾਤ ਮਾਰਨ ਦੀ ਲੋੜ ਹੈ। ਸਰਬਉੱਚ ਅਦਾਲਤ 'ਚ ਲਟਕਦੇ 82,831 ਕੇਸਾਂ 'ਚੋਂ ਲਗਭਗ 33 ਫ਼ੀਸਦੀ ਭਾਵ 27604 ਕੇਸ ਸਿਰਫ਼ ਇੱਕ ਸਾਲ ਪੁਰਾਣੇ ਹਨ। ਦਰਅਸਲ ਅਦਾਲਤ 'ਚ ਕੇਸਾਂ ਦਾ ਇੱਕ ਅਜੀਬ ਚੱਕਰ ਜਿਹਾ ਬਣ ਗਿਆ ਹੈ। 2024 'ਚ ਹੁਣ ਤੱਕ ਲਗਭਗ 37158 ਪੁਰਾਣੇ ਕੇਸਾਂ ਦਾ ਨਿਬੇੜਾ ਹੋ ਚੁੱਕਿਆ ਹੈ, ਪਰ ਨਾਲ ਹੀ ਉਸ ਤੋਂ ਥੋੜ੍ਹੇ ਵੱਧ 38,995 ਨਵੇਂ ਕੇਸ ਆ ਗਏ, ਭਾਵ ਜਿਸ ਅਨੁਪਾਤ ਨਾਲ ਪੁਰਾਣੇ ਕੇਸ ਨਿਬੜ ਰਹੇ ਹਨ, ਲਗਭਗ ਉਸੇ ਅਨੁਪਾਤ ਨਾਲ ਨਵੇਂ ਕੇਸ ਜੁੜ ਵੀ ਰਹੇ ਹਨ, ਜਦਕਿ ਪ੍ਰਭਾਵਸ਼ਾਲੀ ਨਤੀਜੇ ਤਦ ਆਉਣਗੇ, ਜੇ ਪੁਰਾਣੇ ਕੇਸਾਂ ਦੇ ਨਿਬੇੜੇ ਦਾ ਅਨੁਪਾਤ ਨਵੇਂ ਆ ਰਹੇ ਕੇਸਾਂ ਦੇ ਅਨੁਪਾਤ ਤੋਂ ਘੱਟੋ-ਘੱਟ ਦੋ ਗੁਣਾ ਜ਼ਿਆਦਾ ਹੋਵੇ। ਲਗਭਗ ਇਹੀ ਹਾਲ ਹੇਠਲੀਆਂ ਅਦਾਲਤਾਂ ਦਾ ਹੈ। ਇੱਕ ਸਮੱਸਿਆ ਇਹ ਵੀ ਹੈ ਕਿ ਸਰਬਉੱਚ ਅਦਾਲਤ 'ਚ ਜੱਜਾਂ ਦੀ ਗਿਣਤੀ ਬਹੁਤ ਜ਼ਿਆਦਾ ਵੀ ਨਹੀਂ ਕੀਤੀ ਜਾ ਸਕਦੀ, ਜਿਸ ਦੇ ਕਈ ਕਾਰਨ ਹਨ। ਇਸ ਸਮੇਂ 34 ਜੱਜ ਹਨ ਅਤੇ ਕੋਈ ਅਸਾਮੀ ਖਾਲੀ ਨਹੀਂ ਭਾਵ ਕੰਮ ਪੂਰੇ ਜ਼ੋਰ ਨਾਲ ਚੱਲ ਰਿਹਾ ਹੈ ਅਤੇ ਜੱਜਾਂ 'ਤੇ ਕੰਮ ਦਾ ਬੋਝ ਵੀ ਬਹੁਤ ਜ਼ਿਆਦਾ ਹੈ ਪਰ ਫ਼ਿਰ ਵੀ ਹਾਲਾਤ ਸੁਧਰ ਨਹੀਂ ਰਹੇ। ਅਸਲ 'ਚ ਸਿਖਰਲੀ ਅਦਾਲਤ 'ਚ ਬਹੁਤ ਸਾਰੇ ਕੇਸ ਹੇਠਾਂ ਤੋਂ ਹੜ੍ਹ ਵਾਂਗ ਆ ਰਹੇ ਹਨ। ਅਜਿਹਾ ਰੁਝਾਨ ਬਣ ਗਿਆ ਹੈ ਕਿ ਜ਼ਿਲ੍ਹਾ ਅਦਾਲਤਾਂ ਤੋਂ ਹਾਈ ਕੋਰਟ ਹੁੰਦੇ ਹੋਏ ਮਾਮੂਲੀ ਕੇਸ ਵੀ ਅੰਤ ਸਿਖਰਲੀ ਅਦਾਲਤ ਤੱਕ ਜਾ ਪਹੁੰਚਦੇ ਹਨ, ਇਨ੍ਹਾਂ 'ਚ ਜ਼ਮਾਨਤਾਂ ਤੱਕ ਦੇ ਕੇਸ ਵੀ ਸ਼ਾਮਿਲ ਹਨ ਅਤੇ ਆਮ ਦੇਖਣ ਨੂੰ ਮਿਲ ਜਾਂਦਾ ਹੈ ਕਿ ਸਰਬਉੱਚ ਅਦਾਲਤ ਦੇ ਫ਼ੈਸਲੇ ਹੇਠਲੀਆਂ ਅਦਾਲਤਾਂ ਤੋਂ ਵੱਖ ਆ ਜਾਂਦੇ ਹਨ। ਇਕ ਵਾਰ ਇਸੇ ਮਸਲੇ 'ਤੇ ਭਾਰਤ ਦੇ ਮੌਜੂਦਾ ਚੀਫ਼ ਜਸਟਿਸ ਡੀ.ਵਾਈ. ਚੰਦਰਚੂੜ ਨੇ ਇੱਕ ਸਮਾਗਮ 'ਚ ਬੋਲਦਿਆਂ ਕਿਹਾ ਸੀ ਕਿ ਹੇਠਲੀਆਂ ਅਦਾਲਤਾਂ ਕਿਸੇ ਪੱਖੋਂ ਵੀ ਆਪਣੇ-ਆਪ ਨੂੰ ਛੋਟਾ ਨਾ ਸਮਝਣ ਅਤੇ ਫ਼ੈਸਲੇ ਦੇਣ ਵੇਲੇ ਕਿਸੇ ਦਬਾਅ ਨੂੰ ਨਾ ਮੰਨਣ, ਉਹ ਹੌਸਲੇ ਭਰੇ ਫ਼ੈਸਲੇ ਕਾਨੂੰਨ ਮੁਤਾਬਿਕ ਬੇਝਿਜਕ ਹੋ ਕੇ ਦੇਣ ਨਾ ਕਿ ਸਮਾਜਿਕ ਨਿੰਦਾ ਜਾਂ ਵੱਡੀਆਂ ਅਦਾਲਤਾਂ ਦੇ ਮੁਕਾਬਲੇ ਖ਼ੁਦ ਨੂੰ ਹੀਣਾ ਸਮਝ ਕੇ ਸਿਰਫ਼ ਕੰਮਚਲਾਊ ਜਿਹੇ ਫ਼ੈਸਲੇ ਦੇ ਕੇ ਸੁਰੱਖਿਅਤ ਜਿਹੇ ਹੋ ਕੇ ਪਾਸੇ ਹੋ ਜਾਣ। ਹੇਠਲੀਆਂ ਅਦਾਲਤਾਂ ਦੇ ਫ਼ੈਸਲੇ ਜੇਕਰ ਠੋਸ ਹੋਣ ਤੇ ਉੱਪਰ ਤੱਕ ਕਾਇਮ ਰਹਿਣ ਦਾ ਦਮ ਰੱਖਦੇ ਹੋਣ ਤਾਂ ਆਮ ਕੇਸਾਂ ਦੇ ਉੱਪਰਲੀਆਂ ਅਦਾਲਤਾਂ ਵੱਲ ਰੁਖ ਕਰਨ ਦੇ ਰੁਝਾਨ ਨੂੰ ਠੱਲ੍ਹ ਪੈ ਸਕਦੀ ਹੈ। ਕਈ ਮਾਹਿਰ ਇਸ ਸਮੱਸਿਆ ਦਾ ਕਾਰਨ ਸਰਬਉੱਚ ਅਦਾਲਤ ਦੇ ਢਾਂਚੇ 'ਚ ਹੀ ਵੇਖਦੇ ਹਨ। ਦਰਅਸਲ ਭਾਰਤ ਦੀ ਸਰਬਉੱਚ ਅਦਾਲਤ ਸੰਵਿਧਾਨਕ ਅਦਾਲਤ ਤੇ ਕੋਰਟ ਆਫ਼ ਅਪੀਲ ਦੋਹਾਂ ਦੀ ਤਰ੍ਹਾਂ ਕੰਮ ਕਰਦੀ ਹੈ, ਭਾਵ ਜੇ ਸੰਵਿਧਾਨ ਨਾਲ ਸੰਬੰਧਿਤ ਕੋਈ ਮਸਲਾ ਹੈ ਜਾਂ ਸੰਵਿਧਾਨ ਦੀ ਸਹੀ ਵਿਆਖਿਆ ਕਰਨੀ ਹੈ ਤਾਂ ਆਰਟੀਕਲ 145(3) ਅਨੁਸਾਰ ਸਰਬਉੱਚ ਅਦਾਲਤ ਦੇ ਘੱਟੋ-ਘੱਟ 5 ਜਾਂ 6 ਜੱਜ ਬੈਠਦੇ ਹਨ, ਜੋ ਅੱਗੇ ਫ਼ਿਰ 7 ਜਾਂ 9 ਵੀ ਹੋ ਸਕਦੇ ਹਨ।

**(ਬਾਕੀ ਸਫ਼ਾ 31 'ਤੇ)**

# ਪਰਾਲ਼ੀ ਦੀ ਸੰਭਾਲ ਲਈ ਵਿਸ਼ੇਸ਼ ਯਤਨਾਂ ਦੀ ਲੋੜ

**ਡਾ. ਰਣਜੀਤ ਸਿੰਘ**

ਪੰਜਾਬ ਦੀ ਖੇਤੀ ਦਾ ਮੁਕੰਮਲ ਮਸ਼ੀਨੀਕਰਨ ਹੋ ਚੁੱਕਾ ਹੈ। ਇਸ ਕਰਕੇ ਪਿੰਡਾਂ ਵਿੱਚ ਡੰਗਰਾਂ ਦੀ ਗਿਣਤੀ ਘੱਟ ਗਈ ਹੈ। ਪੰਜਾਬੀਆਂ ਦੇ ਘਰ ਲਵੇਰਾ ਹੋਣਾ ਜ਼ਰੂਰੀ ਸਮਝਿਆ ਜਾਂਦਾ ਸੀ ਪਰ ਦੁੱਧ ਘਿਉ ਵਿਰੁੱਧ ਹੋਏ ਕੂੜ ਪ੍ਰਚਾਰ ਨੇ ਪੰਜਾਬੀਆਂ ਨੂੰ ਦੁੱਧ, ਲੱਸੀ, ਘੀ ਤੋਂ ਦੂਰ ਕਰ ਦਿੱਤਾ ਹੈ। ਮਸ਼ੀਨੀ ਖੇਤੀ ਹੋਣ ਨਾਲ ਕਿਸਾਨਾਂ ਨੂੰ ਸੁੱਖ ਜਾਨ ਦੀ ਆਦਤ ਪੈ ਗਈ ਹੈ। ਹੁਣ ਪਿੰਡਾਂ ਵਿੱਚ ਬਹੁਤੇ ਘਰਾਂ ਨੇ ਲਵੇਰੇ ਰੱਖਣੇ ਵੀ ਬੰਦ ਕਰ ਦਿੱਤੇ ਹਨ। ਚਾਹ ਲਈ ਦੁੱਧ ਮੁੱਲ ਹੀ ਲੈ ਲਿਆ ਜਾਂਦਾ ਹੈ। ਇੰਝ ਪੱਠਿਆਂ ਦੀ ਲੋੜ ਘੱਟ ਗਈ ਹੈ। ਕਣਕ ਦੀ ਤੂੜੀ ਤੇ ਮੱਕੀ ਦੇ ਟਾਂਡੇ ਤਾਂ ਸਾਰਾ ਸਿਆਲ ਹਰੇ ਚਾਰੇ ਨਾਲ ਰਲਾ ਕੇ ਡੰਗਰਾਂ ਨੂੰ ਪਾਏ ਜਾਂਦੇ ਸਨ। ਪਰਾਲ਼ੀ ਦੀ ਵੀ ਵਰਤੋਂ ਕੀਤੀ ਜਾਂਦੀ ਸੀ। ਹੁਣ ਫ਼ਸਲਾਂ ਦੇ ਨਾੜ ਦੀ ਪਸ਼ੂ ਚਾਰੇ ਲਈ ਲੋੜ ਬਹੁਤ ਘੱਟ ਗਈ ਹੈ। ਹੁਣ ਕਣਕ-ਝੋਨੇ ਦੀ ਸਾਰੀ ਵਾਢੀ ਮਸ਼ੀਨਾਂ ਨਾਲ ਹੁੰਦੀ ਹੈ, ਮੱਕੀ ਦੀ ਵਾਢੀ ਲਈ ਵੀ ਮਸ਼ੀਨਾਂ ਆ ਗਈਆਂ ਹਨ। ਇਹ ਮਸ਼ੀਨਾਂ ਫ਼ਸਲ ਨੂੰ ਧਰਤੀ ਤੋਂ ਚੋਖਾ ਉੱਚਾ ਵੱਢਦੀਆਂ ਹਨ। ਕੰਬਾਈਨ ਗਹਾਈ ਕਰਕੇ ਬਾਕੀ ਫ਼ੂਸ ਵੀ ਖੇਤ ਵਿੱਚ ਹੀ ਖਲਾਰ ਦਿੰਦਾ ਹੈ। ਇਸ ਕਰਕੇ ਪੰਜਾਬ ਵਿੱਚ ਫ਼ਸਲਾਂ ਦੇ ਨਾੜ ਤੇ ਪਰਾਲ਼ੀ ਦੀ ਸਾਂਭ ਸੰਭਾਲ ਮੁੱਖ ਸਮੱਸਿਆ ਬਣੀ ਹੋਈ ਹੈ।



ਅਕਤੂਬਰ ਦਾ ਸਾਰਾ ਮਹੀਨਾ ਪੰਜਾਬ ਦੇ ਖੇਤਾਂ 'ਚ ਅੱਗ ਦੀਆਂ ਲਪਟਾਂ ਉੱਠਦੀਆਂ ਵੇਖੀਆਂ ਜਾ ਸਕਦੀਆਂ ਹਨ। ਹਰ ਪਾਸੇ ਧੂੰਆਂ ਹੀ ਧੂੰਆਂ ਨਜ਼ਰ ਆਉਂਦਾ ਹੈ। ਉਹ ਧਰਤੀ, ਜਿਹੜੀ ਸਾਡੀਆਂ ਲੋੜਾਂ ਪੂਰੀਆਂ ਕਰਦੀ ਹੈ, ਉਸ ਵਿਚੋਂ ਨਿਕਲਦੀਆਂ ਅੱਗ ਦੀਆਂ ਲਪਟਾਂ ਨੂੰ ਵੇਖ ਕੇ ਦੁੱਖ ਹੁੰਦਾ ਹੈ। ਕਿਸਾਨ ਨੂੰ ਪਤਾ ਹੈ ਪਰਾਲ਼ੀ ਨੂੰ ਸਾੜਨਾ ਜਿੱਥੇ ਕਾਨੂੰਨੀ ਜੁਰਮ ਹੈ, ਉਥੇ ਸਮਾਜ ਪ੍ਰਤੀ ਗ਼ੈਰ-ਜ਼ਿੰਮੇਵਾਰੀ ਵਾਲਾ ਰਵੱਈਆ ਹੈ ਪਰ ਉਹ ਆਪਣੀ ਮਜਬੂਰੀ ਦੱਸਦਾ ਹੈ। ਇਸ ਲਈ ਚੋਖਾ ਨੁਕਸਾਨ ਹੁੰਦਾ ਹੈ। ਜਦੋਂ ਅੱਗ ਬਲਦੀ ਹੈ ਤਾਂ ਵਾਤਾਵਰਣ ਦੇ ਤਾਪਮਾਨ 'ਚ ਵਾਧਾ ਹੁੰਦਾ ਹੈ। ਤਾਪਮਾਨ 'ਚ ਹੋ ਰਿਹਾ ਵਾਧਾ ਸਾਰੇ ਸੰਸਾਰ ਲਈ ਵੱਡੀ ਸਮੱਸਿਆ ਤੇ ਚੁਣੌਤੀ ਬਣਿਆ ਹੋਇਆ ਹੈ। ਅੱਗ ਲਗਾਉਣ ਨਾਲ ਜਿੱਥੇ ਮਿੱਤਰ ਕੀੜੇ ਤੇ ਜੀਵ-ਵੰਤੂ ਸੜ ਜਾਂਦੇ ਹਨ, ਉੱਥੇ ਧਰਤੀ ਵਿਚਲੇ ਪੌਸ਼ਟਿਕ ਖ਼ੁਰਾਕੀ ਤੱਤ ਵੀ ਨਸ਼ਟ ਹੋ ਜਾਂਦੇ ਹਨ। ਹਰ ਪਾਸੇ ਫ਼ੈਲੇ ਧੂੰਏਂ ਨਾਲ ਬਹੁਤ ਸਾਰੇ ਸੜਕ ਹਾਦਸੇ ਹੁੰਦੇ ਹਨ ਅਤੇ ਜ਼ਹਿਰੀਲੀਆਂ ਗੈਸਾਂ ਕਈ ਬਿਮਾਰੀਆਂ ਦਾ ਕਾਰਨ ਬਣਦੀਆਂ ਹਨ। ਇਨ੍ਹਾਂ ਸਾਰੇ ਨੁਕਸਾਨਾਂ ਬਾਰੇ ਜਾਣਦਿਆਂ ਹੋਇਆਂ ਵੀ ਕਿਸਾਨ ਇਸ ਵਰਤਾਰੇ ਨੂੰ ਜਾਰੀ ਰੱਖਣ ਲਈ ਹੁਣ ਤੱਕ ਮਜਬੂਰ ਰਿਹਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਇੱਕ ਅੰਦਾਜ਼ੇ ਅਨੁਸਾਰ ਧਰਤੀ 'ਚੋਂ ਝੋਨੇ ਦੁਆਰਾ ਲਈ ਗਈ 26 ਫ਼ੀਸਦੀ ਨਾਈਟ੍ਰੋਜਨ ਅਤੇ ਫ਼ਾਸਫ਼ੋਰਸ, 50 ਫ਼ੀਸਦੀ ਗੰਧਕ ਅਤੇ 75 ਫ਼ੀਸਦੀ ਪੋਟਾਸ਼ ਪਰਾਲ਼ੀ 'ਚ ਹੀ ਰਹਿ ਜਾਂਦੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ 10 ਕੁਇੰਟਲ ਪਰਾਲ਼ੀ ਸਾੜਨ ਨਾਲ 400 ਕਿੱਲੋ ਜੈਵਿਕ ਕਾਰਬਨ, 5.5 ਕਿੱਲੋ ਨਾਈਟ੍ਰੋਜਨ, 2.3 ਕਿੱਲੋ ਫ਼ਾਸਫ਼ੋਰਸ, 2.5 ਕਿੱਲੋ ਪੋਟਾਸ਼ੀਅਮ ਅਤੇ 1.2 ਕਿੱਲੋ ਗੰਧਕ ਦਾ ਨੁਕਸਾਨ ਹੁੰਦਾ ਹੈ। ਜੇਕਰ ਪਰਾਲ਼ੀ ਨੂੰ ਖੇਤ 'ਚ ਹੀ ਵਾਹ ਦਿੱਤਾ ਜਾਵੇ ਤਾਂ ਇਹ ਸਾਰੇ ਤੱਤ ਧਰਤੀ 'ਚ ਰਲ ਕੇ ਜ਼ਮੀਨ ਦੀ ਸਿਹਤ 'ਚ ਸੁਧਾਰ ਲਿਆਉਂਦੇ ਹਨ ਪਰ ਵੇਖਣਾ ਇਹ ਹੈ ਕਿ ਕਿਸਾਨ ਇਹ ਜਾਣਕਾਰੀ ਹੁੰਦਿਆਂ ਹੋਇਆਂ ਵੀ ਫ਼ਸਲ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਲਈ ਮਜਬੂਰ ਕਿਉਂ ਹਨ ? ਜਿਹੜੇ ਕਿਸਾਨ ਪਿਛਲੇ ਕਈ ਸਾਲਾਂ ਤੋਂ ਪਰਾਲ਼ੀ ਨੂੰ ਧਰਤੀ 'ਚ ਵਾਹ ਜਾਂ ਖਪਾ ਰਹੇ ਹਨ, ਉਨ੍ਹਾਂ ਦਾ ਮੰਨਣਾ ਹੈ ਇਸ ਨਾਲ ਧਰਤੀ ਦੀ ਉਪਜਾਊ ਸ਼ਕਤੀ 'ਚ ਵਾਧਾ ਹੋਇਆ ਹੈ। ਫ਼ਿਰ ਸਾਰੇ ਕਿਸਾਨ ਅਜਿਹਾ ਕਿਉਂ ਨਹੀਂ ਕਰਦੇ ? ਇਸ ਹਕੀਕਤ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਅਸੀਂ ਜਾਣਦੇ ਹੋਏ ਵੀ ਅਣਜਾਣ ਬਣੇ ਹੋਏ ਹਾਂ ਅਤੇ ਫ਼ਸਲੀ ਰਹਿੰਦ-ਖੂੰਹਦ ਦਾ ਸਹੀ ਲਾਹਾ ਨਹੀਂ ਲੈ ਰਹੇ। ਝੋਨੇ ਦੀ ਕਟਾਈ ਦਾ ਸੀਜ਼ਨ ਸ਼ੁਰੂ ਹੋ ਚੁੱਕਾ ਹੈ ਅਤੇ ਪਰਾਲ਼ੀ ਦੀ ਸਮੱਸਿਆ ਮੁੜ ਸਾਹਮਣੇ ਆ ਗਈ ਹੈ। ਇਸ ਦੇ ਹੱਲ ਲਈ ਜਿੱਥੇ ਕਿਸਾਨਾਂ ਨੂੰ ਜਾਗਰੂਕ ਹੋਣ ਦੀ ਲੋੜ ਹੈ, ਉੱਥੇ ਸਰਕਾਰੀ ਅਤੇ ਗ਼ੈਰ-ਸਰਕਾਰੀ ਸੰਸਥਾਵਾਂ ਨੂੰ ਵੀ ਕੁਝ ਅਮਲੀ ਕਦਮ ਚੁੱਕਣੇ ਚਾਹੀਦੇ ਹਨ। ਇਸ 'ਚ ਕੋਈ ਸ਼ੱਕ ਨਹੀਂ ਕਿ ਕਿਸਾਨਾਂ ਨੂੰ ਸਿੱਖਿਅਤ ਕਰਨਾ ਅਤੇ ਕਾਨੂੰਨ ਦੀ ਸਹਾਇਤਾ ਲੈਣੀ ਵੀ ਜ਼ਰੂਰੀ ਹੈ ਪਰ ਇਹ ਵੀ ਜ਼ਰੂਰੀ ਹੈ ਕਿ ਪਰਾਲ਼ੀ ਦੀ ਸਾਂਭ-ਸੰਭਾਲ ਦੇ ਸਾਰਥਿਕ, ਸੌਖੇ ਅਤੇ ਸਸਤੇ ਹੱਲ ਲੱਭੇ ਜਾਣ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਕੁਝ ਖੋਜ ਕੀਤੀ ਗਈ ਹੈ। ਪਰਾਲ਼ੀ ਨੂੰ ਖੇਤ ਵਿੱਚ ਹੀ ਵਾਹ ਦੇਣ ਲਈ ਸਮਾਰਟ ਸੀਡਰ, ਹੈਪੀ ਸੀਡਰ, ਸਟਰਾ ਮੈਨੇਜਮੈਂਟ ਸਿਸਟਮ, ਸੁਪਰ ਸੀਡਰ, ਜ਼ੀਰੋ ਟਿਲ ਡਰਿੱਲ, ਸ਼ਰੈਡਰ ਆਦਿ ਮਸ਼ੀਨਾਂ ਤਿਆਰ ਕੀਤੀਆਂ ਹਨ ਪਰ ਇਹ ਮਸ਼ੀਨਾਂ ਦੀ ਵਰਤੋਂ ਨਹੀਂ ਹੋ ਰਹੀ। ਇਸ ਦਾ ਕਾਰਨ ਮਹਿੰਗੀਆਂ ਮਸ਼ੀਨਾਂ ਤੇ ਇਨ੍ਹਾਂ ਨੂੰ ਚਲਾਉਣ ਦੀ ਮੁਹਾਰਤ ਦਾ ਨਾ ਹੋਣਾ ਵੀ ਹੈ। ਕਣਕ ਦੀ ਬਿਜਾਈ ਲਈ ਘੱਟ ਲਾਗਤ ਵਾਲੀ ਮਸ਼ੀਨ ਸਰਫ਼ੇਸ ਸੀਡਰ ਵੀ ਤਿਆਰ ਕੀਤੀ ਗਈ ਹੈ। ਸਰਕਾਰ ਵੱਲੋਂ ਮਸ਼ੀਨਾਂ ਦੀ ਖ਼ਰੀਦ ਉੱਤੇ ਰਿਆਇਤ ਵੀ ਦਿੱਤੀ ਜਾ ਰਹੀ ਹੈ। ਪੰਜਾਬ 'ਚ ਬਹੁਗਿਣਤੀ ਛੋਟੇ ਕਿਸਾਨਾਂ ਦੀ ਹੈ ਇਨ੍ਹਾਂ ਮਸ਼ੀਨਾਂ ਦੀ ਵਰਤੋਂ ਕੁਝ ਦਿਨਾਂ ਲਈ ਹੀ ਹੋਵੇਗੀ। ਇੰਝ ਬਹੁਤੇ ਕਿਸਾਨ ਖਰੀਦਣ ਲਈ ਅੱਗੇ ਨਹੀਂ ਆ ਰਹੇ। ਕਿਸਾਨਾਂ ਨੂੰ ਸਸਤੇ ਭਾਅ ਮਸ਼ੀਨਾਂ ਦੇਣ ਦੀ ਥਾਂ ਪਿੰਡਾਂ ਦੀ ਸਹਿਕਾਰੀ ਸਭਾਵਾਂ ਨੂੰ ਦੇਣੀਆਂ ਚਾਹੀਦੀਆਂ ਹਨ ਤਾਂ ਜੋ ਕਿਸਾਨ ਕਿਰਾਏ ਉਤੇ ਲੈਕੇ ਇਨ੍ਹਾਂ ਦਾ ਲਾਭ ਪ੍ਰਾਪਤ ਕਰ ਸਕੇ। ਜੇਕਰ ਪਿੰਡ ਪੱਧਰ ਉੱਤੇ ਪੰਚਾਇਤ ਕੋਈ ਸਾਂਝਾ ਉਪਰਾਲਾ ਕਰੇ ਤਾਂ ਕਿਸੇ ਹੱਦ ਤੱਕ ਇਸ ਮਸਲੇ ਨੂੰ ਹੱਲ ਕੀਤਾ ਜਾ ਸਕਦਾ ਹੈ। ਇਹ ਗੰਭੀਰ ਸਮੱਸਿਆ ਹੈ ਪਰ ਕਿਸੇ ਵੀ ਸਰਕਾਰ ਵੱਲੋਂ ਪਰਾਲ਼ੀ ਦੀ ਸਨਅੱਤੀ ਵਰਤੋਂ ਸਬੰਧੀ ਖੋਜ ਨਹੀਂ ਕਰਵਾਈ। ਭਾਰਤ ਵਿੱਚ ਖੇਤੀ ਖੋਜ ਦਾ ਢਾਂਚਾ ਸਾਰੇ ਦੇਸ਼ਾਂ ਤੋਂ ਵੱਡਾ ਹੈ। ਇਸ ਪਾਸੇ ਪਹਿਲ ਦੇ ਅਧਾਰ ਉੱਤੇ ਖੋਜ ਹੋਣੀ ਚਾਹੀਦੀ ਹੈ। ਪਰਾਲ਼ੀ ਤੋਂ ਗੱਤਾ ਬਣਾਉਣ ਦੇ ਸਫ਼ਲ ਤਜ਼ਰਬੇ ਹੋਏ ਹਨ। ਜੇਕਰ ਸਰਕਾਰ ਇਸ ਪਾਸੇ ਯਤਨ ਕਰੇ ਤਾਂ ਕੇਵਲ ਪਰਾਲ਼ੀ ਦੀ ਸਮੱਸਿਆ ਹੀ ਹੱਲ ਨਹੀਂ ਹੋ ਜਾਵੇਗੀ ਸਗੋਂ ਗੱਤਾ ਬਣਾਉਣ ਲਈ ਕੀਤੀ ਜਾ ਰਹੀ ਰੁੱਖਾਂ ਦੀ ਕਟਾਈ ਵੀ ਘੱਟ ਹੋ ਜਾਵੇਗੀ।

# ਰੋਬੋਟ ਕ੍ਰਾਂਤੀ ਵਿੱਚ ਭਾਰਤ ਦੇ ਵਧਦੇ ਕਦਮ

ਸੰਜੈ ਸ੍ਰੀ ਵਾਸਤਵ

ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਨੇ ਪਿਛਲੇ ਸਾਲ ਸਤੰਬਰ ਵਿੱਚ ਰਾਸ਼ਟਰੀ ਰੋਬੋਟਿਕਸ ਰਣਨੀਤੀ ਦਾ ਖਰੜਾ ਜਾਰੀ ਕੀਤਾ ਸੀ। ਜਿਸ ਦਾ ਉਦੇਸ਼, ਰੋਬੋਟਿਕ ਉਦਯੋਗ ਨੂੰ ਪ੍ਰਫ਼ੁੱਲਿਤ ਕਰਕੇ 2030 ਤੱਕ ਦੇਸ਼ ਨੂੰ ਰੋਬੋਟਿਕਸ ਦੀ ਹੱਬ ਬਣਾਉਣਾ ਸੀ। ਰੋਬੋਟਿਕਸ ਪ੍ਰਤੀ ਸਰਕਾਰ ਦੀ ਇਹ ਪਹਿਲ ਸਫ਼ਲ ਰਹੀ ਹੈ । ਕੌਮਾਂਤਰੀ ਰੋਬੋਟਿਕਸ ਮਹਾਂਸੰਘ ਦੀ ਰਿਪੋਰਟ ਦੱਸਦੀ ਹੈ ਕਿ ਆਟੋਮੇਸ਼ਨ ਜਾਂ ਸਵੈਚਾਲਨ ਦੀ ਤਕਨੀਕ ਅਪਨਾ ਚੁੱਕੇ ਸਾਡੇ ਕਾਰਖਾਨਿਆਂ ਵਿਚ 8551 ਰੋਬੋਟ ਕੰਮ ਕਰ ਰਹੇ ਹਨ । ਦੁਨੀਆਂ ਭਰ ਦੇ ਕਾਰਖਾਨਿਆਂ ਵਿੱਚ ਕੰਮ ਕਰਦੇ 43 ਲੱਖ ਰੋਬੋਟਾਂ ਦੀ ਗਿਣਤੀ ਅਤੇ ਬੀਤੇ ਤਿੰਨ ਸਾਲ ਤੋਂ ਹਰ ਸਾਲ ਉਨ੍ਹਾਂ ਵਿਚ 5 ਲੱਖ ਤੋਂ ਜ਼ਿਆਦਾ ਦੇ ਵਾਧੇ ਨੂੰ ਦੇਖੀਏ ਤਾਂ ਇਹ ਗਿਣਤੀ ਮਾਮੂਲੀ ਹੈ। ਦੇਸ਼ ਵਿੱਚ ਚੱਲਣ ਵਾਲੇ ਕਾਰਖਾਨਿਆਂ ਦੀ ਗਿਣਤੀ ਵੱਲ ਦੇਖੀਏ ਤਾਂ ਕੰਮ ਕਰਨ ਵਾਲੇ ਰੋਬੋਟਾਂ ਦੀ ਇਹ ਗਿਣਤੀ ਨਿਗੁਣੀ ਹੋ ਜਾਂਦੀ ਹੈ। ਪਰ ਵਰਣਨਯੋਗ ਹੈ ਕਿ ਕਾਰਖਾਨਿਆਂ ਵਿੱਚ ਰੋਬੋਟ ਦੇ ਕੰਮ ਦੇ ਮਾਮਲੇ ਵਿੱਚ ਭਾਰਤ ਸੰਸਾਰ ਦੇ ਦੇਸ਼ਾਂ ਵਿੱਚ ਹੁਣ ਸੱਤਵੇਂ ਨੰਬਰ ’ਤੇ ਪਹੁੰਚ ਗਿਆ ਹੈ । ਇਹ ਥਾਂ ਅਸੀਂ ਬਹੁਤ ਤੇਜ਼ੀ ਨਾਲ ਚੱਲ ਕੇ ਹਾਸਿਲ ਕੀਤੀ ਹੈ। ਦੋ ਸਾਲ ਪਹਿਲਾਂ ਇਸ ਮਾਮਲੇ ਵਿੱਚ ਭਾਰਤ ਸੰਸਾਰ ਵਿੱਚ 10ਵੇਂ ਥਾਂ ’ਤੇ ਸੀ । ਪਿਛਲੇ ਪੰਜ ਸਾਲਾਂ ਵਿੱਚ ਦੇਸ਼ ਵਿੱਚ ਸਨਅਤੀ ਖੇਤਰ ਵਿਚਲੇ ਰੋਬੋਟਾਂ ਦੀ ਗਿਣਤੀ ਦੁੱਗਣੀ ਹੋ ਗਈ ਹੈ। 2016 ’ਚ ਇਸ ਖੇਤਰ ਵਿੱਚ ਅਸੀਂ ਰਫ਼ਤਾਰ ਫ਼ੜੀ ਤਾਂ 2023 ਤੱਕ 44,958 ਰੋਬੋਟਾਂ ਦੀ ਗਿਣਤੀ ਤੱਕ ਪਹੁੰਚ ਗਏ ਹਾਂ । 2023 ਵਿੱਚ 8510 ਨਵੇਂ ਰੋਬੋਟ ਕੰਮ ’ਤੇ ਲੱਗੇ ਤਾਂ ਜ਼ਾਹਿਰ ਹੈ ਇਸ ਖੇਤਰ ਵਿੱਚ ਬੀਤੇ ਇੱਕ ਸਾਲ ਵਿੱਚ 54 ਫ਼ੀਸਦੀ ਦਾ ਵਾਧਾ ਹੋਇਆ। ਸਰਕਾਰ ਇਸ ਦਿਸ਼ਾ ਵਿੱਚ ਆਪਣੀਆਂ ਕੋਸ਼ਿਸ਼ਾਂ ’ਤੇ ਖ਼ੁਸ਼ ਹੋ ਸਕਦੀ ਹੈ।

ਇਸ ਨਾਲ ਦੇਸ਼ ਦੇ ਉਦਯੋਗਾਂ ਵਿੱਚ ਆਟੋਮੇਸ਼ਨ ਵਧਣ ਦੇ ਅਨੁਪਾਤ ਵਿੱਚ ਹੀ ਰੋਬੋਟ ਕਾਮਿਆਂ ਦੀ ਗਿਣਤੀ ਵੀ ਵਧਦੀ ਜਾ ਰਹੀ ਹੈ। ਆਟੋਮੋਟਿਵ ਅਤੇ ਨਿਰਮਾਣ ਖੇਤਰ ਵਰਗੇ ਮੁੱਖ ਖੇਤਰਾਂ ਵਿੱਚ ਰੋਬੋਟਿਕਸ ਦੀ ਮੰਗ ਨੇ ਇਸ ਦੀ ਗਿਣਤੀ ਵਿੱਚ ਚੋਖਾ ਵਾਧਾ ਕੀਤਾ ਹੈ। ਆਟੋਮੋਟਿਵ ਖੇਤਰ ਵਿੱਚ ਤਾਂ ਰੋਬੋਟ ਦੀ ਵਰਤੋਂ ਕਰਨ ਵਿੱਚ ਰਿਕਾਰਡ 139 ਫ਼ੀਸਦੀ ਦਾ ਵਾਧਾ ਹੋਇਆ ਹੈ। ਕਾਰ ਨਿਰਮਾਤਾ ਅਤੇ ਪੁਰਜ਼ੇ ਬਣਾਉਣ ਵਾਲੇ ਦੋਵੇਂ ਰੋਬੋਟਾਂ ਦੀ ਵਰਤੋਂ ਕਰ ਰਹੇ ਹਨ । ਦੇਸ਼ ਵਿੱਚ ਉਦਯੋਗਾਂ ਤੋਂ ਇਲਾਵਾ ਦੂਜੇ ਖੇਤਰਾਂ, ਆਮ ਜਨਜੀਵਨ ਵਿੱਚ ਵੀ ਰੋਬੋਟ ਦੀ ਵਰਤੋਂ ਨੂੰ ਵਧਦਾ ਦੇਖ ਕੇ ਅੱਜ 60 ਤੋਂ ਜ਼ਿਆਦਾ ਨਵੀਆਂ ਛੋਟੀਆਂ ਸਨਅਤਾਂ ਰੋਬੋਟ ਬਣਾ ਰਹੀਆਂ ਹਨ । ਕਈ ਕੰਪਨੀਆਂ ਮਨੁੱਖੀ ਕੰਮ ਕਰਨ ਵਾਲੇ ਰੋਬੋਟ ਬਣਾ ਰਹੀਆਂ ਹਨ। ਅਨੁਸ਼ਕਾ, ਮਾਨਵ, ਮਿੱਤਰਾ, ਸ਼ਾਲੂ ਵਗੈਰਾ ਇਸ ਦੀਆਂ ਉਦਾਹਰਣਾਂ ਹਨ। ਇਨ੍ਹਾਂ ਵਿਚੋਂ ਕੋਈ ਸਰਜਨ ਹੈ, ਕੋਈ ਅਧਿਆਪਕ, ਕੋਈ ਰਿਸਪੈਸ਼ਨਿਸਟ। ਇਸਰੋ ਪੁਲਾੜ ਵਿੱਚ ਭੇਜਣ ਲਈ ਵਿਓਮਮਿੱਤਰ ਰੋਬੋਟ ਵਿਕਸਿਤ ਕਰ ਰਿਹਾ ਹੈ ਤੇ ਫ਼ੌਜ ਨੇ ਨਿਗਰਾਨੀ ਅਤੇ ਯੁੱਧ ਖੇਤਰਾਂ ਵਿੱਚ ਸਹਾਇਤਾ ਲਈ ਕੁੱਤਾਨੁਮਾ ਰੋਬੋਟਿਕ ਖੱਚਰ ਵਿਕਸਿਤ ਕੀਤੇ ਹਨ । ਆਈ.ਆਈ.ਟੀ. ਕਾਨਪੁਰ ਨੇ ਸੀਵਰੇਜ ਦੀ ਸਫ਼ਾਈ ਕਰਦਿਆਂ ਸਫ਼ਾਈ ਕਰਮਚਾਰੀ ਦੀ ਜਾਨ ਨਾ ਜਾਵੇ ਇਸ ਵਾਸਤੇ ਰੋਬੋਟ ਬਣਾਇਆ ਹੈ। ਐਡਵਰਬ ਕੰਪਨੀ ਨੇ ਰੱਖਿਆ, ਸਿਹਤ ਆਦਿ ਦੇ ਖੇਤਰਾਂ ਵਿੱਚ ਕੰਮ ਕਰਨ ਵਾਲੇ ਬੇਹੱਦ ਕਾਰਗਰ ਰੋਬੋਟ ਬਣਾਏ ਹਨ। ਸਵਦੇਸ਼ੀ ਸਰਜੀਕਲ ਰੋਬੋਟ ਮੰਤਰਾ ਨੇ ਸਫ਼ਲ ਰੋਬੋਟਿਕ ਕਾਰਡੀਅਕ ਸਰਜਰੀ ਦਾ ਦਹਾਕਾ ਪੂਰਾ ਕੀਤਾ, ਤਾਂ ਕੁਝ ਕੰਪਨੀਆਂ ਕੈਂਸਰ, ਮੂਤਰ ਅਤੇ ਔਰਤ ਰੋਗ ਸੰਬੰਧੀ ਆਪ੍ਰੇਸ਼ਨ, ਕੀਟਾਣੂਨਾਸ਼ਕ ਅਤੇ ਸਫ਼ਾਈ, ਰੋਗੀ ਸਕ੍ਰੀਨਿੰਗ, ਦੂਰ ਥਾਂ ’ਤੇ ਇਲਾਜ, ਭੋਜਨ ਅਤੇ ਦਵਾਈਆਂ ਦੀ ਪੂਰਤੀ ਵਰਗੇ ਪ੍ਰਯੋਗਾਂ ਲਈ ਕਈ ਰੋਬੋਟਿਕ ਹੱਲ ਲੈ ਕੇ ਆਈਆਂ ਹਨ ।





ਇਸ ਉਮੀਦ ਨਾਲ ਕਿ ਭਾਰਤ ਵੀ ਰੋਬੋਟਿਕਸ ਦੇ ਖੇਤਰ ਵਿੱਚ ਜਾਪਾਨ, ਦੱਖਣੀ ਕੋਰੀਆ, ਜਰਮਨੀ ਅਤੇ ਸਿੰਗਾਪੁਰ ਦੀ ਬਰਾਬਰੀ ਵਿੱਚ ਛੇਤੀ ਹੀ ਖੜ੍ਹਾ ਹੋ ਜਾਵੇਗਾ। ਆਈ.ਆਈ.ਟੀ. ਪ੍ਰਯਾਗਰਾਜ, ਦਿੱਲੀ, ਹੈਦਰਾਬਾਦ ਇਕੱਠੇ ਮਿਲ ਕੇ ਉਦਯੋਗ, ਖੇਤੀ, ਸਿੱਖਿਆ, ਸੁਰੱਖਿਆ ਅਤੇ ਘਰਾਂ ’ਚ ਵਰਤੇ ਜਾਣ ਵਾਲੀ ਰੋਬੋਟਿਕਸ ਤਕਨੀਕ ਬਣਾਉਣ ਵਿੱਚ ਲੱਗੇ ਹੋਏ ਹਨ। ਪਹਿਲਾਂ ਸਿਖਲਾਈ, ਫ਼ਿਰ ਖੋਜ ਅਤੇ ਇਸ ਤੋਂ ਅੱਗੇ ਅਗਲੇ ਪੜਾਅ ਵੱਲ ਵਧਿਆ ਜਾਏਗਾ। ਸਰਕਾਰ ਨੇ ਰੋਬੋਟਿਕਸ ਲਈ ਰਾਸ਼ਟਰੀ ਰਣਨੀਤੀ ਤਹਿਤ ਰੋਬੋਟ ਬਣਾਉਣ ਤੋਂ ਲੈ ਕੇ ਰੋਬੋਟਿਕਸ ਅਪਣਾਉਣ ਲਈ ਵਿੱਤੀ ਸਹਾਇਤਾ ਦੇਣ ਦਾ ਜੋ ਐਲਾਨ ਕੀਤਾ ਹੈ, ਉਸ ਦਾ ਸਾਕਾਰਾਤਮਿਕ ਪ੍ਰਭਾਵ ਪਿਆ ਹੈ। ਰੋਬੋਟ ਬਾਜ਼ਾਰ ’ਤੇ ਨਜ਼ਰ ਰੱਖਣ ਵਾਲੀਆਂ ਸੰਸਥਾਵਾਂ ਕਹਿੰਦੀਆਂ ਹਨ ਕਿ 2027 ਤੱਕ ਸੰਸਾਰ ਭਰ ਵਿੱਚ ਜਿੰਨੇ ਉਦਯੋਗਿਕ ਰੋਬੋਟ ਸਥਾਪਿਤ ਹੋਣਗੇ, ਉਸ ਦਾ ਸਭ ਤੋਂ ਵੱਡਾ ਹਿੱਸਾ ਦੱਖਣੀ ਏਸ਼ਿਆਈ ਦੇਸ਼ਾਂ ਵਿੱਚ ਹੋਵੇਗਾ। ਦੇਸ਼ ਬਣਾਈ ਮਸਨੂਈ ਸਿਆਣਪ ਜਾਂ ਆਰਟੀਫ਼ਿਸ਼ੀਅਲ ਇੰਟੈਲੀਜੈਂਸ ਦੇ ਖੇਤਰ ਵਿੱਚ ਵਰਣਨਯੋਗ ਢੰਗ ਨਾਲ ਅੱਗੇ ਵਧਦਾ ਜਾ ਰਿਹਾ ਹੈ ਅਤੇ ਪ੍ਰਾਪਤੀਆਂ ਹਾਸਿਲ ਕਰਦਾ ਜਾ ਰਿਹਾ ਹੈ। ਸਰਕਾਰ ਵਲੋਂ ਰੋਬੋਟਿਕਸ ਦੇ ਖੇਤਰ ਵਿੱਚ ਖੋਜ ਅਤੇ ਨਿਰਮਾਣ ਅਤੇ ਉਸ ਦੀ ਵਿਆਪਕ ਵਰਤੋਂ ਲਈ ਵਿਸ਼ੇਸ਼ ਕੋਸ਼ਿਸ਼ਾਂ ਕਰਨਾ ਇਸ ਖੇਤਰ ਨੂੰ ਹੋਰ ਸਫ਼ਲਤਾ ਦੇ ਰਿਹਾ ਹੈ । ਦੇਸ਼ ਵਿੱਚ ਸਟੇਮ ਸੈੱਲ ਭਾਵ ਸਾਇੰਸ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਹਿਸਾਬ ਦੇ ਖੇਤਰ ਵਿੱਚ ਵਿਆਪਕ ਪ੍ਰਯੋਗਿਕ ਤਜਰਬਾ ਰੱਖਣ ਵਾਲੇ ਵਿਗਿਆਨੀਆਂ, ਤਕਨੀਕੀ ਮਾਹਿਰਾਂ ਦਾ ਇੱਕ ਵੱਡਾ ਸਮੂਹ ਮੌਜੂਦ ਹੈ, ਜੋ ਦੇਸ਼ ਨੂੰ ਮਸਨੂਈ ਸਿਆਣਪ ਅਤੇ ਰੋਬੋਟਿਕਸ ਇਕਾਈਆਂ ਦੇ ਖੇਤਰ ਵਿੱਚ ਮੋਹਰੀ ਬਣਾਏਗਾ।

ਸਰਕਾਰੀ ਹੁਲਾਰੇ ਅਤੇ ਸੰਸਾਰਕ ਰੁਝਾਨ ਦੇ ਚਲਦਿਆਂ ਭਾਰਤੀ ਰੋਬੋਟਿਕਸ ਦੇ ਵਿਕਾਸ ਅਤੇ ਪ੍ਰਸਾਰ ਲਈ ਬਣਦੀਆਂ ਲੰਮੇ ਸਮੇਂ ਦੀਆਂ ਸੰਭਾਵਨਾਵਾਂ ਇਹ ਉਮੀਦ ਜਗਾਉਂਦੀਆਂ ਹਨ ਕਿ ਦੇਸ਼ 2030 ਤੱਕ ਰੋਬੋਟ ਹੱਬ ਦੇ ਰੂਪ ਵਿੱਚ ਸਥਾਪਿਤ ਹੋ ਜਾਵੇਗਾ ਅਤੇ ਸੰਸਾਰ ਵਿੱਚ ਰੋਬੋਟ ਬਣਾਉਣ ਦੇ ਮਾਮਲੇ ਵਿੱਚ ਅਸੀਂ ਪੰਜਵੇਂ ਥਾਂ ਦੇ ਨੇੜੇ ਪਹੁੰਚ ਜਾਵਾਂਗੇ। ਸੂਚੀ ਵਿੱਚ ਉੱਪਰ ਚੜ੍ਹਨਾ ਅਤੇ ਕੰਮਕਾਜੀ ਰੋਬੋਟ ਜਾਂ ਖੇਤੀ, ਸਿੱਖਿਆ, ਮਨੋਰੰਜਨ ਵਰਗੇ ਦੂਜਿਆਂ ਖੇਤਰਾਂ ਵਿੱਚ ਕੰਮ ਆਉਣ ਵਾਲੇ ਰੋਬੋਟਾਂ ਦੀ ਗਿਣਤੀ ਦੇ ਵਾਧੇ ਨੂੰ ਮਹਿਜ਼ ਅੰਕੜੇ ਸਮਝਣਾ ਇਨ੍ਹਾਂ ਦੇ ਮਹੱਤਵ ਨੂੰ ਘੱਟ ਕਰਕੇ ਅਤੇ ਇਨ੍ਹਾਂ ਦੇ ਦੂਰਗਾਮੀ ਨਤੀਜਿਆਂ ਨੂੰ ਅਣਡਿੱਠ ਕਰਨਾ ਹੋਵੇਗਾ। ਸੱਚ ਤਾਂ ਇਹ ਹੈ ਕਿ ਰੋਬੋਟ ਕਰਮੀਆਂ ਅਤੇ ਜੀਵਨ ਦੇ ਸਾਰੇ ਖੇਤਰਾਂ ਵਿੱਚ ਮਸਨੂਈ ਸਿਆਣਪ (ਏ.ਆਈ.) ਦੇ ਸਹਿਯੋਗੀ ਰੋਬੋਟ ਜਾਂ ਕੋਬੋਟਸ ਦਾ ਸ਼ਾਮਿਲ ਹੋਣਾ ਉਦਯੋਗ, ਉਦਯੋਗ ਹੀ ਨਹੀਂ, ਦੇਸ਼ ਦੇ ਸਿਹਤ, ਸਿੱਖਿਆ, ਨਿਰਮਾਣ ਵਰਗੇ ਸਾਰੇ ਖੇਤਰਾਂ ਦੀ ਤਸਵੀਰ ਬਦਲ ਦੇਣ ਵਾਲਾ ਹੈ । ਇਹ ਸੰਸਾਰਕ ਅਰਥਵਿਵਸਥਾ ਵਿੱਚ ਸਾਨੂੰ ਉੱਪਰਲੀ ਪੌੜੀ ’ਤੇ ਜਾਣ ਵਿੱਚ ਮਦਦ ਕਰੇਗਾ। ਰੋਬੋਟ ਦੀ ਅਰਥਵਿਵਸਥਾ ਅਤੇ ਸਮਾਜ ਵਿੱਚ ਬਦਲਾਅ ਲਿਆਉਣ ਦੀ ਤਾਕਤ ਸਮਝ ਰਹੇ ਲੋਕਾਂ ਦਾ ਰੋਬੋਟਿਕਸ ਵੱਲ ਆਕਰਸ਼ਨ ਵਧ ਰਿਹਾ ਹੈ। ਰੋਬੋਟ ਦੇ ਵਧਣ ਨਾਲ ਸਰਕਾਰ ਅਤੇ ਵੱਖ-ਵੱਖ ਖੇਤਰਾਂ ਦੀਆਂ ਵਿਵਸਥਾਵਾਂ ਦਾ ਭਾਰ ਕੁਝ ਘੱਟ ਹੋਵੇਗਾ। ਮੁਸ਼ਕਿਲ ਹਾਲਤਾਂ ਵਿੱਚ ਕੀਤੀ ਜਾਣ ਵਾਲੀ ਮਨੁੱਖੀ ਮਿਹਨਤ ਨੂੰ ਰਾਹਤ ਮਿਲੇਗੀ ਤੇ ਰੋਬੋਟ ਉਤਪਾਦਕਤਾ ਵਧਾਉਣ ਦੇ ਕੰਮ ਆਵੇਗਾ ।

ਭਾਵੇਂ ਕੁਝ ਨੌਕਰੀਆਂ ਵਿੱਚ ਕਟੌਤੀ ਹੋਵੇਗੀ ਪਰ ਇਨ੍ਹਾਂ ਦੇ ਆਉਣ ’ਤੇ ਕੁਝ ਨਵੇਂ ਕੰਮ ਅਤੇ ਨੌਕਰੀਆਂ ਪੈਦਾ ਵੀ ਹੋਣਗੀਆਂ। ਇਹ ਨਹੀਂ ਭੁੱਲਣਾ ਚਾਹੀਦਾ ਕਿ ਇਹ ਖੇਤਰ ਬਹੁਤ ਵਿਆਪਕ ਹੈ, ਢੇਰਾਂ ਸੰਭਾਵਨਾਵਾਂ ਨਾਲ ਭਰਿਆ ਹੋਇਆ ਹੈ । ਸਾਲ 2023 ਵਿੱਚ ਰੋਬੋਟਿਕਸ ਦਾ ਸੰਸਾਰ ਪੱਧਰ ’ਤੇ ਬਾਜ਼ਾਰ 51 ਅਰਬ ਡਾਲਰ ਦਾ ਸੀ ਜੋ ਸਾਲ 2030 ਤੱਕ 23 ਫ਼ੀਸਦੀ ਦੀ ਦਰ ਨਾਲ ਵਧ ਕੇ 215 ਅਰਬ ਡਾਲਰ ਤੱਕ ਪਹੁੰਚ ਜਾਵੇਗਾ। ਆਪਣੇ ਦੇਸ਼ ਵਿੱਚ ਵੀ ਇਸ ਦਾ ਬਹੁਤ ਵੱਡਾ ਬਾਜ਼ਾਰ ਦੱਸਦੇ ਹਨ। ਮਾਹਿਰ ਦੱਸਦੇ ਹਨ ਕਿ ਸਾਲ 2030 ਤੱਕ ਭਾਰਤੀ ਰੋਬੋਟਿਕਸ ਦਾ ਸਾਲਾਨਾ ਬਾਜ਼ਾਰ ਸਾਢੇ 4 ਅਰਬ ਡਾਲਰ ਤੱਕ ਪਹੁੰਚ ਸਕਦਾ ਹੈ । ਇਸ ਵਧਦੇ ਬਾਜ਼ਾਰ, ਵਿਕਾਸ ਅਤੇ ਇਸ ਦੀ ਵਿਆਪਕਤਾ ਨੂੰ ਦੇਖਦੇ ਹੋਏ ਸਰਕਾਰ ਅਤੇ ਉਦਯੋਗ ਜਗਤ ਨੂੰ ਇਹ ਧਿਆਨ ਵਿੱਚ ਰੱਖਣਾ ਹੋਵੇਗਾ ਕਿ ਮਸਨੂਈ ਸਿਆਣਪ ਅਤੇ ਰੋਬੋਟਿਕਸ ਸਿਸਟਮ ਅਕਸਰ ਵੱਡੀ ਮਾਤਰਾ ਵਿੱਚ ਡਾਟੇ ’ਤੇ ਕੰਮ ਕਰਦੇ ਹਨ । ਇਸ ਵਿੱਚ ਆਏ ਦਿਨ ਸੰਨ੍ਹ ਲਗ ਰਹੀ ਹੈ। ਇਸ ਡਾਟਾ ਦੀ ਗੋਪਨੀਅਤਾ ਅਤੇ ਸੁਰੱਖਿਆ ਬਹੁਤ ਮਹਤੱਵਪੂਰਨ ਹੈ। ਡਾਟੇ ਵਿੱਚ ਗੜਬੜੀ ਅਤੇ ਹੇਰਾਫ਼ੇਰੀ ਅਸੁਰੱਖਿਅਤ ਹੱਥਾਂ ਵਿੱਚ ਪੈਣ ਨਾਲ ਭਾਰੀ ਵਿਨਾਸ਼ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਰੋਬੋਟਿਕਸ ਨਾਲ ਸੰਬੰਧਿਤ ਮੁੱਖ ਖੇਤਰਾਂ ਅਤੇ ਮਸਨੂਈ ਸਿਆਣਪ, ਮਸ਼ੀਨ ਸਿੱਖਿਆ ਅਤੇ ਕੰਪਿਊਟਰ ਵਿਜ਼ਨ ਆਦਿ ਵਿੱਚ ਖੋਜਾਂ ਲਈ ਹੋਰ ਧਨ ਲਗਾਉਣਾ ਹੋਵੇਗਾ।

(ਬਾਕੀ ਸਫ਼ਾ 31 ’ਤੇ)

# ਪੂੰਜੀਵਾਦੀ ਵਿਕਾਸ ਬਨਾਮ ਧਰਤੀ ਦੀ ਤਬਾਹੀ

ਗੁਰਚਰਨ ਸਿੰਘ ਨੂਰਪੁਰ

ਸਾਨੂੰ ਦੱਸਿਆ ਜਾ ਰਿਹਾ ਹੈ ਕਿ ਦੁਨੀਆ ਵਿਕਾਸ ਕਰ ਰਹੀ ਹੈ ਪਰ ਧਰਤੀ ਦੀ ਤਬਾਹੀ ਨੂੰ ਵਿਕਾਸ ਸਮਝਣਾ ਸਾਡਾ ਭਰਮ ਹੈ। ਹਕੀਕਤ ਵਿੱਚ ਇਹ ਵਿਕਾਸ ਪੂੰਜੀਵਾਦ ਦੀ ਹਵਸ ਲਈ ਹੈ।

ਇਸ ਅਖੌਤੀ ਵਿਕਾਸ ਵਿੱਚ ਬਹੁਤ ਕੁਝ ਤਬਾਹ ਹੋ ਰਿਹਾ ਹੈ। ਇਸ ਤਬਾਹੀ ਵਿਚੋਂ ਮਨੁੱਖ ਆਪਣੇ ਸੁਨਿਹਰੀ ਭਵਿੱਖ ਦੇ ਸੁਫਨੇ ਵੇਖ ਰਿਹਾ ਹੈ ਜਦਕਿ ਇਹ ਉਸਦੀ ਭੁੱਲ ਹੈ। ਅਸੀਂ ਕਿਹੋ ਜਿਹੀ ਦੁਨੀਆ ਦੀ ਸਿਰਜਣਾ ਵੱਲ ਵਧ ਰਹੇ ਹਾਂ ਇਸ ਲਈ ਵੱਡੇ ਚਿੰਤਨ ਦੀ ਲੋੜ ਹੈ। ਜਿਸ ਸੰਸਾਰ ਦੀ ਅਸੀਂ ਸਿਰਜਣਾ ਕਰਨ ਜਾ ਰਹੇ ਹਾਂ ਉਸ ਵਿੱਚ ਧਰਤੀ ਦੇ ਜੰਗਲਾਂ ਦੀ ਤਬਾਹੀ, ਪਾਣੀਆਂ ਦੀ ਬਰਬਾਦੀ, ਪਹਾੜਾਂ ਦਾ ਸਫਾਇਆ, ਖਾਣਾਂ ਪੁੱਟ ਪੁੱਟ ਕੇ ਧਰਤੀ ਦੇ ਬਹੁਮੁੱਲੇ ਖਣਿਜਾਂ ਦੀ ਖੋਹਾ-ਖੋਹੀ ਹੈ। ਤੇਲ ਦੇ ਭੰਡਾਰਾਂ ’ਤੇ ਕਬਜ਼ੇ, ਪਰਮਾਣੂ, ਹਾਈਡ੍ਰੋਜਨ ਹਥਿਆਰਾਂ ਦੇ ਜ਼ਖੀਰੇ, ਨਸ਼ਿਆਂ ਦਾ ਕਾਰੋਬਾਰ ਤੇ ਧਰਤੀ ਦੇ ਜੈਵ ਚੱਕਰ ਨੂੰ ਤਬਾਹ ਕਰਨ ਲਈ ਜ਼ਹਿਰਾਂ ਸਪਰੇਆਂ ਹਨ। ਧਰਤੀ, ਹਵਾ ਤੇ ਪਾਣੀ ਦਾ ਪ੍ਰਦੂਸ਼ਣ ਹੈ ਜਿਸ ਨੇ ਧਰਤੀ ਦੇ ਸੁਹੱਪਣ ਨੂੰ ਦਾਗ਼ਦਾਰ ਕਰ ਦਿੱਤਾ ਹੈ। ਇਸ ਨਾਲ ਜੀਵਨ ਲਈ ਵੱਡੇ ਖਤਰੇ ਪੈਦਾ ਹੋ ਗਏ ਹਨ। ਇੱਥੇ ਸਵਾਲ ਪੈਦਾ ਹੁੰਦਾ ਹੈ ਇਹ ਸਭ ਕੁਝ ਕਿਸ ਨੇ ਪੈਦਾ ਕੀਤਾ ? ਇਸਦਾ ਜਵਾਬ ਹੈ ਮਨੁੱਖੀ ਹਵਸ ਨੇ। ਅਸੀਂ ਇਸ ਭਰਮ ਵਿੱਚ ਹਾਂ ਕਿ ਸੰਸਾਰ ਭਰ ਦੀਆਂ ਸਰਕਾਰਾਂ ਨੂੰ ਲੋਕਾਂ ਵੱਲੋਂ ਚੁਣੇ ਹੋਏ ਨੁਮਾਇੰਦੇ ਚਲਾਉਂਦੇਹਨ ਅਤੇ ਸਰਕਾਰਾਂ ਇਸ ਸੰਸਾਰ ਨੂੰ ਚਲਾਉਂਦੀਆਂ ਹਨ ਪਰ ਹਕੀਕਤ ਇਹ ਹੈ ਇਸ ਦੁਨੀਆ ਨੂੰ ਕਾਰਪੋਰੇਟ ਜਗਤ ਚਲਾ ਰਿਹਾ ਹੈ। ਮੁੱਠੀ ਭਰ ਪੂੰਜੀਪਤੀ ਜਮਾਤਾਂ ਸੰਸਾਰ ਨੂੰ ਚਲਾ ਰਹੀਆਂ ਹਨ ਜੋ ਪੂਰੀ ਦੁਨੀਆ ਲਈ ਨੀਤੀਆਂ ਘੜਦੀਆਂ ਹਨ।

ਪੂੰਜੀਵਾਦੀ ਕਾਰਪੋਰੇਸ਼ਨਾਂ ਦੇ ਉਜਾੜੇ ਨਾਲ ਦੁਨੀਆ ਵਿੱਚ ਅਜਿਹੀਆਂ ਅਲਾਮਤਾਂ ਪੈਦਾ ਹੋ ਰਹੀਆਂ ਹਨ ਜੋ ਧਰਤੀ ਦੀ ਤਬਾਹੀ ਦਾ ਕਾਰਨ ਬਣ ਰਹੀਆਂ ਹਨ। ਇਨ੍ਹਾਂ ਨੀਤੀਆਂ ਨੇ ਜਿੱਥੇ ਦੁਨੀਆ ਭਰ ਵਿੱਚ ਜਨਤਕ ਅਦਾਰਿਆਂ ਦਾ ਖਾਤਮਾ ਕਰ ਦਿੱਤਾ ਹੈ ਉੱਥੇ ਅਜਿਹੇ ਕਰੂਰ ਹਾਲਾਤ ਪੈਦਾ ਕਰ ਦਿੱਤੇ ਹਨ ਕਿ ਇੱਕੀਵੀਂ ਸਦੀ ਵਿੱਚ ਵੀ ਧਰਤੀ ਦੇ ਕਰੋੜਾਂ ਲੋਕ ਭੁੱਖ ਨਾਲ ਮਰ ਰਹੇ ਹਨ। ਕਰੋੜਾਂ ਲੋਕ ਹਨ ਜਿਨ੍ਹਾਂ ਕੋਲ ਪੀਣ ਵਾਲਾ ਪਾਣੀ ਨਹੀਂ। ਇਹ ਲੋਕ ਨਾਲਿਆਂ-ਟੋਭਿਆਂ ਦਾ ਪਾਣੀ ਪੀਣ ਲਈ ਮਜਬੂਰ ਹਨ। ਲੱਖਾਂ ਲੋਕ ਬਿਮਾਰੀਆਂ ਦੁਸ਼ਵਾਰੀਆਂ ਨਾਲ ਘੁਲਦੇ ਨਰਕ ਭਰਿਆ ਜੀਵਨ ਬਤੀਤ ਕਰਨ ਲਈ ਮਜਬੂਰ ਹਨ। ਇਨ੍ਹਾਂ ਵਿੱਚ ਕਾਰਪੋਰੇਟ ਹਸਪਤਾਲਾਂ ਵਿੱਚ ਜਾ ਕੇ ਆਪਣਾ ਇਲਾਜ ਕਰਾਉਣ ਦੀ ਆਰਥਿਕ ਸੱਤਿਆ ਨਹੀਂ ਪੂਰੀ ਦੁਨੀਆ ਵਿੱਚ ਜੇਕਰ ਅੱਜ ਵਾਤਾਵਰਣ ਦੀ ਤਬਾਹੀ ਦੀ ਹਾਲ ਪਾਹਰਿਆ ਹੋ ਰਹੀ ਹੈ ਤਾਂ ਇਸ ਲਈ ਜ਼ਿੰਮੇਵਾਰ ਪੂੰਜੀਵਾਦੀ ਨੀਤੀਆਂ ਹਨ ਜਿਨ੍ਹਾਂ ’ਤੇ ਚੱਲਦਿਆਂ ਜੰਗਲ ਤਬਾਹ ਕੀਤੇ ਜਾ ਰਹੇ ਹਨ। ਧਰਤੀ ’ਤੇ ਕੂੜੇ ਦੇ ਢੇਰ ਹਰ ਦਿਨ ਵਧ ਰਹੇ ਹਨ। ਕੂੜਾ ਸਮੇਟਣ ਦੀ ਸਮੱਸਿਆ ਪੂਰੀ ਦੁਨੀਆ ਵਿੱਚ ਹੈ। ਇਸੇ ਤਰ੍ਹਾਂ ਸਮੁੰਦਰ ਦੇ ਪਾਣੀਆਂ ਵਿੱਚ ਪਲਾਸਟਿਕ ਕਚਰੇ ਦੇ ਟਾਪੂ ਬਣ ਰਹੇ ਹਨ। ਇਹ ਕਚਰਾ ਜਿੱਥੇ ਸਮੁੰਦਰੀ ਜੀਵਾਂ ਦੀ ਜਾਨ ਦਾ ਖੌਅ ਬਣ ਰਿਹਾ ਹੈ ਉੱਥੇ ਇਸ ਨਾਲ ਸਮੁੰਦਰੀ ਜੀਵਾਂ ’ਤੇ ਨਿਰਭਰ ਲੱਖਾਂ ਲੋਕਾਂ ਦੀ ਸਿਹਤ ਲਈ ਵੱਡੀਆਂ ਸਮੱਸਿਆਵਾਂ ਖੜੀਆਂ ਕਰ ਰਿਹਾ ਹੈ। ਕਿਸੇ ਸਰਕਾਰ ਕੋਲ ਇੰਨੀ ਸੱਤਿਆ ਨਹੀਂ ਕਿ ਇਸ ਕਾਰਪੋਰੇਟ ਵਿਕਾਸ ਮਾਡਲ ’ਤੇ ਉਂਗਲ ਚੁੱਕ ਸਕੇ।

ਭਵਿੱਖ ਵਿੱਚ ਤੇਲ ਦੀ ਆਰਥਿਕ ਸਰਦਾਰੀ ਖੁੱਸਣ ਜਾ ਰਹੀ ਹੈ, ਜਿਸ ਨਾਲ ਦੁਨੀਆ ਵਿੱਚ ਬਹੁਤ ਵੱਡੀਆਂ ਤਬਦੀਲੀਆਂ ਵਾਪਰਨ ਵਾਲੀਆਂ ਹਨ। ਤੇਲ ’ਤੇ ਨਿਰਭਰਤਾ ਖਤਮ ਹੋਣ ਨਾਲ ਦੁਨੀਆ ਇੱਕ ਨਵੇਂ ਦੌਰ ਵਿੱਚ ਪ੍ਰਵੇਸ਼ ਕਰਨ ਜਾ ਰਹੀ ਹੈ ਜਿਸ ਲਈ ਕਾਰਪੋਰੇਟ ਲਾਬੀ ਹੁਣ ਤੋਂ ਹੀ ਸਰਗਰਮ ਹੋ ਰਹੀ ਹੈ। ਭਵਿੱਖ ਵਿੱਚ ਮੋਬਾਈਲ ਨੈੱਟਵਰਕ, ਸੰਚਾਰ ਸਾਧਨ, ਇੰਟਰਨੈੱਟ ਦੀ ਦੁਨੀਆ, ਸਾਡਾ ਖਾਣ ਪੀਣ, ਦਫ਼ਤਰੀ ਕੰਮਕਾਜ ਆਦਿ ਸਭ ਕੁਝ ਤੇਜ਼ੀ ਨਾਲ ਤਬਦੀਲ ਹੋਣ ਜਾ ਰਿਹਾ ਹੈ। ਇਸ ਨੂੰ ਪੂੰਜੀਪਤੀ ਕੰਪਨੀਆਂ ਨੇ ਬਹੁਤ ਚੰਗੀ ਤਰ੍ਹਾਂ ਭਾਂਪ ਲਿਆ ਹੈ। ਇੰਟਰਨੈੱਟ, ਦੂਰਸੰਚਾਰ, ਆਟੋਮੋਬਾਈਲ, ਅਤੇ ਤੇਲ ਦੇ ਕਾਰੋਬਾਰ ਤੋਂ ਮੋਟੀਆਂ ਕਮਾਈਆਂ ਹੁੰਦੀਆਂ ਸਨ। ਉਹ ਜਾਣ ਗਈਆਂ ਹਨ ਕਿ ਭਵਿੱਖ ਵਿੱਚ ਸਪੇਸਐਕਸ, ਸਟਾਰਲਿੰਕ ਅਤੇ ਟੈਸਲਾ ਮੋਟਰ ਜਿਹੀਆਂ ਕੰਪਨੀਆਂ ਦੀ ਸਰਦਾਰੀ ਕਰ ਕੇ ਉਨ੍ਹਾਂ ਦੇ ਇਹ ਕਾਰੋਬਾਰ ਖੁੱਸਣ ਜਾ ਰਹੇ ਹਨ। ਇਸ ਲਈ ਇਨ੍ਹਾਂ ਖੇਤਰਾਂ ਵਿੱਚ ਕੰਮ ਕਰਦੀਆਂ ਕੰਪਨੀਆਂ ਦਾ ਸਾਰਾ ਜ਼ੋਰ ਵੱਧ ਤੋਂ ਵੱਧ ਜ਼ਮੀਨਾਂ ਹਥਿਆਉਣ, ਬੀਜਾਂ, ਦਵਾਈਆਂ, ਅਨਾਜ ਅਤੇ ਮੰਡੀਆਂ, ਰੇਲਾਂ, ਅਨਾਜ ਦੀ ਢੋਆ-ਢੋਆਈ ਲਈ ਸੜਕਾਂ ਦੇ ਜਾਲ ’ਤੇ ਗਲਬਾ ਪਾਉਣ ਲੱਗਾ ਹੋਇਆ ਹੈ। ਦੁਨੀਆ ਦੇ ਵੱਖ ਵੱਖ ਖੇਤਰਾਂ ਵਿੱਚ ਕਾਰਪੋਰੇਟ ਕਿਸੇ ਵੀ ਢੰਗ ਨਾਲ ਜ਼ਮੀਨਾਂ ’ਤੇ ਕਾਬਜ਼ ਹੋਣ ਲਈ ਯਤਨਸ਼ੀਲ ਹਨ।

ਸਾਨੂੰ ਇਹ ਸਮਝਣਾ ਪਵੇਗਾ ਕਿ ਕਾਰਪੋਰੇਟ ਪੂੰਜੀਪਤੀਆਂ ਦੀ ਵੀ ਆਪਸੀ ਮੁਕਾਬਲੇਬਾਜ਼ੀ ਚੱਲਦੀ ਰਹਿੰਦੀ ਹੈ। ਜਿੱਥੇ ਕੁਝ ਪੂੰਜੀਪਤੀ ਦੁਨੀਆ ਦੇ ਪੁਲਾੜ ਖੇਤਰ ਇੰਟਰਨੈੱਟ ਅਤੇ ਆਟੋਮੋਬਾਈਲ ਖੇਤਰ ਵਿੱਚ ਕਾਬਜ਼ ਹੋ ਰਹੇ ਹਨ ਉੱਥੇ ਇਨ੍ਹਾਂ ਖੇਤਰਾਂ ਤੋਂ ਬਾਹਰ ਹੋ ਰਹੀਆਂ ਕੰਪਨੀਆਂ ਦਾ ਅਗਲਾ ਮਿਸ਼ਨ ਮਨੁੱਖ ਦੀ ਭੁੱਖ ਤੋਂ ਮੋਟੀਆਂ ਕਮਾਈਆਂ ਕਰਨਾ ਹੈ। ਇਸ ਸਬੰਧੀ ਖੋਜਾਂ ਹੋ ਰਹੀਆਂ ਹਨ ਕਿ ਮਨੁੱਖ ਦੇ ਖਾਣੇ ਦੇ ਸਵਾਦ ਨੂੰ ਸਮਝਿਆ ਜਾਵੇ। ਪੂਰੀ ਦੁਨੀਆ ਵਿੱਚ ਖਾਣੇ ਦਾ ਰਵਾਇਤੀ ਢੰਗ ਬਦਲ ਰਿਹਾ ਹੈ। ਛੋਟੇ ਵੱਡੇ ਸ਼ਹਿਰਾਂ ਵਿੱਚ ਮੈਕਡੌਨਲ, ਸਬਵੇਅ, ਬਰਿਸਟਾ, ਕੇਐਫਸੀ ਵਰਗੀਆਂ ਕੰਪਨੀਆਂ ਕਰੋੜਾਂ ਰੁਪਏ ਖਰਚ ਕੇ ਆਪਣੇ ਸੈਂਟਰ ਸਥਾਪਤ ਕਰ ਰਹੀਆਂ ਹਨ। ਆਨਲਾਈਨ ਆਰਡਰ ਕਰਨ ਨਾਲ ਖਾਣਾ ਮੰਗਵਾਉਣ ਅਤੇ ਖਾਣ ਦਾ ਰੁਝਾਨ ਵਧ ਜਾਵੇਗਾ। ਦੁਨੀਆਂ ਭਰ ਵਿੱਚ ਰੋਟੀ ਇੱਕ ਵੱਡੀ ਸਨਅਤ ਬਣ ਰਹੀ ਹੈ। ਸਾਡੀ ਰਸੋਈ ਸਾਡੇ ਦੇਖਦਿਆਂ ਦੇਖਦਿਆਂ ਹੀ ਸਾਡੇ ਘਰਾਂ ’ਚੋਂ ਗਾਇਬ ਹੋ ਜਾਵੇਗੀ। ਭਵਿੱਖ ਵਿੱਚ ਅਜਿਹੀ ਵਿਵਸਥਾ ਬਣਾ ਦਿੱਤੀ ਜਾਵੇਗੀ ਕਿ ਸਾਨੂੰ ਇਹ ਲੱਗਣ ਲੱਗੇਗਾ ਕਿ ਘਰ ਖਾਣਾ ਬਣਾਉਣ ਨਾਲੋਂ ਬਾਹਰ ਦਾ ਖਾਣਾ ਸਸਤਾ ਪੈਂਦਾ ਹੈ। ਸਮਾਜ ਦੀ ਬਹੁਗਿਣਤੀ ਪੂਰੀ ਤਰ੍ਹਾਂ ਇਸ ’ਤੇ ਨਿਰਭਰ ਹੋ ਜਾਵੇਗੀ। ਸਾਡੀਆਂ ਖਾਣ-ਪੀਣ ਦੀਆਂ ਆਦਤਾਂ ਤਬਦੀਲ ਹੋ ਜਾਣਗੀਆਂ। ਜਿੱਥੇ ਇਸ ਨਾਲ ਸਿਹਤ ਸਮੱਸਿਆਵਾਂ ਗੰਭੀਰ ਹੋਣਗੀਆਂ ਉਥੇ ਸਾਡਾ ਤੰਦਰੁਸਤ ਰਹਿਣ ਲਗਭਗ ਅਸੰਭਵ ਹੋ ਜਾਵੇਗਾ ਤੇ ਵਾਤਾਵਰਣ ਸੰਕਟ ਹੋਰ ਭਿਆਨਕ ਬਣੇਗਾ। ਚਾਹੇ ਸਾਡੀਆਂ ਲੋੜਾਂ ਹੋਣ ਜਾਂ ਸਾਡੇ ਸੰਕਟ ਹੋਣ, ਕਾਰਪੋਰੇਟ ਜਗਤ ਦੋਹਾਂ ਹਾਲਤਾਂ ਵਿੱਚ ਹੀ ਲੋਕਾਂ ਤੋਂ ਕਮਾਈ ਕਰਨੀ ਜਾਣਦਾ ਹੈ। ਮਾੜਾ ਖਾਣਾ ਅਤੇ ਗੰਦੇ ਵਾਤਾਵਰਣ ਨਾਲ ਜੇਕਰ ਸਾਡੇ ਲਈ ਸਿਹਤ ਦਾ ਸੰਕਟ ਪੈਦਾ ਹੁੰਦਾ ਹੈ ਤਾਂ ਕਾਰਪੋਰੇਟ ਦਵਾਈ ਕੰਪਨੀਆਂ ਲਈ ਕੰਮ ਕਰਨ ਦਾ ਇਹ ਬੜਾ ਸ਼ੁਭ ਅਵਸਰ ਹੁੰਦਾ ਹੈ। ਘਰਾਂ ਵਿੱਚ ਬਣਦੇ ਖਾਣੇ ਦੀ ਰਹਿੰਦ-ਖੂੰਹਦ ਖੇਤਾਂ ਜਾਂ ਪਸ਼ੂਆਂ ਦੇ ਕੰਮ ਆਉਂਦੀ ਹੈ ਪਰ ਕੰਪਨੀਆਂ ਖਾਣੇ ਦੀ ਪੈਕਿੰਗ ਲਈ ਜੋ ਸਾਮਾਨ ਵਰਤਦੀਆਂ ਹਨ ਉਹ ਭਵਿੱਖ ਵਿੱਚ ਵਾਤਾਵਰਣ ਲਈ ਹੋਰ ਵੱਡੇ ਸੰਕਟ ਖੜੇ ਕਰ ਦੇਵੇਗਾ ਅਤੇ ਇਨ੍ਹਾਂ ਖਾਣਿਆਂ ਦੀ ਪੈਕਿੰਗ ਦਾ ਕੂੜਾ ਵਧਦਾ ਜਾਵੇਗਾ।

ਉਪਜਾਊ ਅਤੇ ਖਣਿਜ ਪਦਾਰਥ ਪੈਦਾ ਕਰਨ ਵਾਲੀਆਂ ਜ਼ਮੀਨਾਂ ’ਤੇ ਕਬਜ਼ੇ ਕਰਨ ਲਈ ਕਾਰਪੋਰੇਟ ਲਾਬੀ ਪਿਛਲੇ ਅਰਸੇ ਤੋਂ ਸਰਗਰਮੀ ਨਾਲ ਕੰਮ ਕਰ ਰਹੀ ਹੈ। ਦੁਨੀਆਂ ਦੇ ਵੱਖ ਵੱਖ ਖਿੱਤਿਆਂ ਵਿੱਚ ਜ਼ਮੀਨਾਂ ਹਥਿਆਉਣ ਲਈ ਵਾਤਾਵਰਣ ਤਬਾਹ ਕੀਤਾ ਜਾ ਰਿਹਾ ਹੈ।

(ਬਾਕੀ ਸਫ਼ਾ 31 ’ਤੇ)



# ਕੱਤਕ ਮਹੀਨੇ ਆਵਣ ਕੂੰਜਾਂ

## ਘਰਾਂ ਨੂੰ ਪਰਤਣ ਦਾ ਮਹੀਨਾ ਕੱਤਕ






ਵਿਸ਼ਵ ਦੇ ਸਭ ਤੋਂ ਠੰਡੇ ਇਲਾਕੇ ਸਾਈਬੇਰੀਆ, ਯੂਰੇਸ਼ੀਆ, ਮੰਗੋਲੀਆ, ਕਾਲਾ ਸਾਗਰ ਅਤੇ ਚੀਨ ਦੇ ਠੰਡੇ ਇਲਾਕਿਆਂ ਦੀਆਂ ਜੱਦੀ ਵਸਨੀਕ ਕੂੰਜਾਂ ਅਤੇ ਵੱਖ- ਵੱਖ ਕਿਸਮਾਂ ਦੇ ਰੰਗ ਬਿਰੰਗੇ, ਸੋਹਣੇ ਮਨਮੋਹਣੇ ਪਰਵਾਸੀ ਪੰਛੀ ਹਜ਼ਾਰਾਂ ਦੀ ਗਿਣਤੀ ਵਿੱਚ ਲੰਬੀਆਂ ਡਾਰਾਂ ਬੰਨ ਕੇ ਹਿਮਾਲਿਆ ਪਰਬਤ ਦੇ 26 ਹਜ਼ਾਰ ਫ਼ੁੱਟ ਉੱਚੇ ਵਿਸ਼ਾਲ ਪਰਬਤਾਂ ਨੂੰ ਪਾਰ ਕਰਕੇ ਅਤੇ ਲੰਬੇਰੇ ਰਾਹ ਵਿੱਚ ਆਈਆਂ ਅਨੇਕਾਂ ਔਕੜਾਂ ਨੂੰ ਪਾਰ ਕਰਕੇ ਹਜ਼ਾਰਾਂ ਮੀਲਾਂ ਦਾ ਲੰਬਾ ਬਿਖੜਾ ਪੈਂਡਾ ਤੈਅ ਕਰਕੇ ਪੰਜਾਬ ਵਿੱਚ ਆ ਕੇ ਹਰ ਪਾਸੇ ਉਡਾਰੀਆਂ ਮਾਰਦੇ, ਵੰਨ ਸੁਵੰਨੀਆਂ ਅਤੇ ਸੁਰੀਲੀਆਂ ਆਵਾਜ਼ਾਂ ਨਾਲ ਵਾਤਾਵਰਣ ਵਿੱਚ ਸੰਗੀਤ ਘੋਲਦੇ ਨਜ਼ਰ ਆਉਣ ਲੱਗਦੇ ਨੇ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਕੱਤਕ ਮਹੀਨੇ ਦੀ ਸ਼ੁਰੂਆਤ ਹੋ ਗਈ ਹੈ। ਜਦੋਂ ਪੰਜਾਬ ਦੇ ਹਰ ਇਲਾਕੇ ਵਿੱਚ ਭਰ ਜਵਾਨ ਹੋਇਆ ਝੋਨਾ, ਮਾਲਵਾ ਇਲਾਕੇ ਵਿੱਚ ਕਪਾਹ ਅਤੇ ਨਰਮੇ ਨੂੰ ਖਿੜੇ ਦੁੱਧ ਚਿੱਟੇ ਫ਼ੁੱਲ ਅਤੇ ਇਹਨਾਂ ਚਿੱਟੇ ਦੁੱਧ ਵਰਗੇ ਫ਼ੁੱਲਾਂ 'ਤੇ ਪਈ ਤ੍ਰੇਲ ਦੀਆਂ ਬੂੰਦਾਂ, ਕਪਾਹ ਅਤੇ ਨਰਮਾ ਚੁਗਦੀਆਂ ਹੋਈਆਂ ਮੁਟਿਆਰਾਂ, ਗਵਾਰ ਅਤੇ ਮੂੰਗੀ ਦੀਆਂ ਫ਼ਸਲਾਂ ਭਰ ਜੋਬਨ 'ਤੇ ਆ ਕੇ ਪੈਲਾਂ ਪਾਉਣ ਲੱਗ ਪੈਣ ਤਾਂ ਹਰ ਆਮ ਤੇ ਖਾਸ ਨੂੰ ਪਤਾ ਚਲ ਜਾਂਦਾ ਹੈ ਕਿ ਕੱਤਕ ਮਹੀਨੇ ਨੇ ਸਾਡੇ ਬੂਹਿਆਂ 'ਤੇ ਦਸਤਕ ਦੇ ਦਿੱਤੀ ਹੈ।

ਕੱਤਕ ਮਹੀਨੇ ਨੂੰ ਕੱਤਾ ਅਤੇ ਕੱਤੇ ਵੀ ਕਹਿ ਲਿਆ ਜਾਂਦਾ ਹੈ। ਕੱਤਕ ਮਹੀਨੇ ਨੂੰ ਹਿੰਦੀ ਅਤੇ ਹੋਰਨਾਂ ਭਾਸ਼ਾਵਾਂ ਵਿੱਚ 'ਕਾਰਤਿਕ' ਵੀ ਕਿਹਾ ਜਾਂਦਾ ਹੈ। ਕੱਤਕ ਮਹੀਨੇ ਨੂੰ ਇੰਗਲਿਸ਼ ਵਿੱਚ 'ਪਲੀਅਡੀਜ' ਕਹਿੰਦੇ ਹਨ, ਇਸੇ ਤਰਾਂ ਫ਼ਾਰਸੀ ਵਿੱਚ ਕੱਤਕ ਮਹੀਨੇ ਨੂੰ 'ਪਰਵੀਨ' ਅਤੇ ਅਰਬੀ ਭਾਸ਼ਾ ਵਿਚ 'ਸੋਰਯਾ' ਕਹਿੰਦੇ ਹਨ।

ਕੱਤਕ ਮਹੀਨੇ ਮਾਲਵਾ ਇਲਾਕੇ ਦੇ ਅਬੋਹਰ ਅਤੇ ਹੋਰ ਇਲਾਕਿਆਂ ਵਿੱਚ ਮੌਸਮੀ (ਮੁਸੱਮੀ) ਦੇ ਪੌਦਿਆਂ ਨੂੰ ਭਰਪੂਰ ਫ਼ਲ ਲੱਗਿਆ ਹੁੰਦਾ ਹੈ, ਇਸਦੇ ਨਾਲ ਕਿੰਨੂ ਦੇ ਪੌਦਿਆਂ ਨੂੰ ਕੱਤਕ ਮਹੀਨੇ ਫ਼ਲ ਪੈਣਾ ਸ਼ੁਰੂ ਹੋ ਜਾਂਦਾ ਹੈ, ਜੋ ਕਿ ਅਗਲੇ ਮਹੀਨਿਆਂ ਦੌਰਾਨ ਵੱਡਾ ਹੁੰਦਾ ਜਾਂਦਾ ਹੈ। ਕੱਤਕ ਮਹੀਨੇ ਗੰਨੇ ਦੀ ਫ਼ਸਲ ਵੀ ਪੈਲਾਂ ਪਾਉਂਦੀ ਆਪਣੀ ਜਵਾਨੀ ਦਾ ਜਲਵਾ ਦਿਖਾਉਂਦੀ ਪ੍ਰਤੀਤ ਹੁੰਦੀ ਹੈ। ਕੁਝ ਸਾਲ ਪਹਿਲਾਂ ਤੱਕ ਪੰਜਾਬ ਵਿੱਚ ਗੰਨਾ ਬਹੁਤ ਵੱਡੇ ਪੱਧਰ ਉਪਰ ਬੀਜਿਆ ਜਾਂਦਾ ਸੀ ਪਰ ਹੁਣ ਗੰਨੇ ਦੀ ਫ਼ਸਲ ਹੇਠ ਰਕਬਾ ਬਹੁਤ ਹੀ ਘੱਟ ਗਿਆ ਹੈ। ਗੰਨੇ ਦੀ ਫ਼ਸਲ ਨੂੰ ਕਮਾਦ ਵੀ ਕਿਹਾ ਜਾਂਦਾ ਹੈ। ਗੰਨੇ ਤੋਂ ਹੀ ਗੁੜ ਅਤੇ ਸ਼ੱਕਰ ਬਣਾਏ ਜਾਂਦੇ ਹਨ। ਇਹੀ ਕਾਰਨ ਹੈ ਕਿ ਕੱਤਕ ਮਹੀਨੇ ਵਿਚ ਅਨੇਕਾਂ ਹੀ ਥਾਂਵਾਂ ਉਪਰ ਗੁੜ ਤੇ ਸ਼ੱਕਰ ਬਣਾਉਣ ਵਾਲੇ ਵੇਲਣੇ ਅਤੇ ਘੁਲਾੜੀਆਂ ਨਜ਼ਰ ਆਉਂਦੇ ਹਨ।

ਅੱਧੇ ਕੱਤੇ ਤੋਂ ਭਾਵ ਕੱਤਕ ਮਹੀਨੇ ਦੇ ਅੱਧ ਵਿਚਕਾਰ ਜਾ ਕੇ ਪੰਜਾਬ ਦੇ ਖੇਤਾਂ ਵਿੱਚ ਹਾੜੀ ਦੀ ਫ਼ਸਲ ਕਣਕ ਅਤੇ ਸਰ੍ਹੋਂ ਦੀ ਬਿਜਾਈ ਸ਼ੁਰੂ ਹੋ ਜਾਂਦੀ ਹੈ। ਕੱਤਕ ਮਹੀਨੇ ਕਈ ਵਾਰ ਮੀਂਹ ਵੀ ਪੈ ਜਾਂਦਾ ਹੈ, ਇਸ ਮਹੀਨੇ ਕਣਕ ਦੀ ਬਿਜਾਈ ਹੋਣ ਨਾਲ ਮੀਂਹ ਪੈਣ ਨੂੰ ਬਹੁਤ ਚੰਗਾ ਸਮਝਿਆ ਜਾਂਦਾ ਹੈ। ਕੱਤਕ ਮਹੀਨੇ ਵਿੱਚ ਮੀਂਹ ਪੈਣ ਕਾਰਨ ਸਾਰੇ ਰੁੱਖ, ਪੌਦੇ ਨ੍ਹਾਤੇ ਧੋਤੇ ਲੱਗਦੇ ਹਨ ਅਤੇ ਆਲਾ ਦੁਆਲਾ ਸਾਨੂੰ ਸਾਫ਼ ਸੁਥਰਾ ਲੱਗਦਾ ਹੈ। ਕੱਤਕ ਮਹੀਨੇ ਅਸਮਾਨ ਵੀ ਪੂਰਾ ਸਾਫ਼ ਹੁੰਦਾ ਹੈ। ਦਿਨ ਵੇਲੇ ਅਸਮਾਨੀ ਅੰਬਰ ਝਾਤੀਆਂ ਮਾਰ ਰਿਹਾ ਹੁੰਦਾ ਹੈ, ਕੱਤਕ ਮਹੀਨੇ ਦੀਆਂ ਰਾਤਾਂ ਨੂੰ ਤਾਰੇ ਵੀ ਇਕੱਠੇ ਹੋ ਕੇ ਕੋਈ ਮੀਟਿੰਗ ਕਰਦੇ ਪ੍ਰਤੀਤ ਹੁੰਦੇ ਹਨ ਅਤੇ ਇਸ ਤਰ੍ਹਾਂ ਲੱਗਦਾ ਹੈ, ਕਿ ਜਿਵੇਂ ਉਹ ਧਰਤੀ ਵੱਲ ਹੀ ਵੇਖ ਰਹੇ ਹੋਣ। ਕੱਤਕ ਮਹੀਨੇ ਦੀਆਂ ਰਾਤਾਂ ਵੀ ਸਾਫ਼ ਸੁਥਰੀਆਂ ਹੁੰਦੀਆਂ ਹਨ ਅਤੇ ਰਾਤ ਨੂੰ ਅਸਮਾਨ ਸਾਫ਼ ਹੋਣ ਕਰਕੇ ਤਾਰੇ ਪੂਰੇ ਜੋਬਨ ਉੱਪਰ ਚਮਕਦੇ ਰੌਸ਼ਨੀਆਂ ਵਿਖੇਰਦੇ ਹਨ। ਕੱਤਕ ਤੋਂ ਪਹਿਲੇ ਮਹੀਨੇ ਅੱਸੂ ਵਿੱਚ ਜੰਮਿਆ ਪਾਲਾ ਕੱਤਕ ਮਹੀਨੇ ਵੱਡਾ ਹੋ ਜਾਂਦਾ ਹੈ ਅਤੇ ਇਸ ਮਹੀਨੇ ਗਰਮ ਕੱਪੜਿਆਂ ਦੀ ਲੋੜ ਪੈਂਦੀ ਹੈ। ਕੱਤਕ ਮਹੀਨੇ ਸਭ ਨੂੰ ਸੂਰਜ ਦੀ ਧੁੱਪ ਵੀ ਨਿੱਘੀ ਨਿੱਘੀ ਲੱਗਣ ਲੱਗ ਪੈਂਦੀ ਹੈ। ਬਜ਼ੁਰਗ ਅਕਸਰ ਹੀ ਕੱਤਕ ਦੀ ਨਿੱਘੀ ਨਿੱਘੀ ਧੁੱਪ ਦਾ ਆਨੰਦ ਮਾਣਦੇ ਨਜ਼ਰ ਆ ਜਾਂਦੇ ਹਨ। ਕੱਤਕ ਮਹੀਨੇ ਧੁੰਦਾਂ ਵੀ ਪੈਣ ਲੱਗਦੀਆਂ ਹਨ। ਦਿਨ ਛੋਟੇ ਤੇ ਰਾਤਾਂ ਲੰਬੀਆਂ ਹੋ ਜਾਂਦੀਆਂ ਹਨ । ਕੱਤਕ ਮਹੀਨੇ ਨੂੰ ਬਸੰਤ ਮਹੀਨੇ ਵਰਗਾ ਹੀ ਸੋਹਣਾ, ਮਨਮੋਹਣਾ ਅਤੇ ਸੁਹਾਵਣਾ ਮੰਨਿਆ ਜਾਂਦਾ ਹੈ। ਕੱਤਕ ਮਹੀਨੇ ਰੁੱਖਾਂ ਤੋਂ ਪੱਤੇ ਝੜਨੇ ਸ਼ੁਰੂ ਹੋ ਜਾਂਦੇ ਹਨ ਅਤੇ ਰੁੱਖਾਂ ਉਪਰ ਪਤਝੜ ਆ ਜਾਂਦੀ ਹੈ, ਜੋ ਕਿ ਜਲਦੀ ਹੀ ਬਹਾਰ ਆਉਣ ਦੀ ਸੂਚਕ ਹੁੰਦੀ ਹੈ। ਕੱਤਕ ਵਿੱਚ ਰਾਤਾਂ ਲੰਬੀਆਂ ਤੇ ਠੰਡੀਆਂ ਹੋ ਜਾਂਦੀਆਂ ਹਨ। ਪਾਲੇ ਕਾਰਨ ਰੁੱਖ ਤੇ ਬੂਟੇ ਮੁਰਝਾਉਣ ਜਿਹੇ ਲੱਗਦੇ ਹਨ।



ਕੱਤਕ ਮਹੀਨੇ ਨੂੰ ਖਾਣ ਪੀਣ ਦਾ ਮਹੀਨਾ ਵੀ ਕਿਹਾ ਜਾਂਦਾ ਹੈ। ਕੱਤਕ ਮਹੀਨੇ ਦੀ ਮੱਸਿਆ ਨੂੰ ਰੌਸ਼ਨੀਆਂ ਦਾ ਪ੍ਰਸਿੱਧ ਤਿਉਹਾਰ ਦਿਵਾਲੀ ਮਨਾਇਆ ਜਾਂਦਾ ਹੈ। ਕੱਤਕ ਦੀ ਪੂਰਨਮਾਸੀ ਨੂੰ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਜਾਂਦਾ ਹੈ। ਆਮ ਤੌਰ 'ਤੇ ਸਿੱਖ ਭਾਈਚਾਰੇ ਦੇ ਘਰਾਂ ਵਿੱਚ ਦਿਵਾਲੀ ਮੌਕੇ ਲਗਾਈਆਂ ਗਈਆਂ ਰੰਗ ਬਿਰੰਗੇ ਬਲਬਾਂ ਦੀ ਲੜੀਆਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਤੱਕ ਚਲਦੀਆਂ ਰਹਿੰਦੀਆਂ ਹਨ। ਇਸ ਤੋਂ ਇਲਾਵਾ ਕਰਵਾ ਚੌਥ, ਚੱਕਰੀਆਂ (ਹੋਈ ਮਾਤਾ ਦਾ ਵਰਤ ) ਵਰਗੇ ਤਿਉਹਾਰ ਵੀ ਇਸੇ ਕੱਤਕ ਮਹੀਨੇ ਵਿੱਚ ਆਉਂਦੇ ਹਨ। ਇਹਨਾਂ ਤਿਉਹਾਰਾਂ ਮੌਕੇ ਔਰਤਾਂ ਵਲੋਂ ਵਰਤ ਵੀ ਰੱਖੇ ਜਾਂਦੇ ਹਨ ।

ਕੱਤਕ ਮਹੀਨੇ ਹੀ ਬੰਦੀ ਛੋੜ ਦਿਵਸ ਮਨਾਇਆ ਜਾਂਦਾ ਹੈ, ਜੋ ਕਿ ਦਿਵਾਲੀ ਵਾਲੇ ਦਿਨ ਹੀ ਹੁੰਦਾ ਹੈ। ਦਿਵਾਲੀ ਦੇ ਦਿਨ ਹੀ ਸਿੱਖਾਂ ਦੇ ਛੇਵੇਂ ਗੁਰੂ , ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲੇ ਵਿਚੋਂ ਆਪਣੇ ਨਾਲ 52 ਰਾਜਿਆਂ ਨੂੰ ਛੁੱਡਵਾ ਕੇ ਅੰਮ੍ਰਿਤਸਰ ਪਹੁੰਚੇ ਸਨ, ਇਹ ਹੀ ਕਾਰਨ ਹੈ ਕਿ ਦਿਵਾਲੀ ਨੂੰ ਘਰਾਂ ਨੂੰ ਪਰਤਣ ਦਾ ਤਿਉਹਾਰ ਵੀ ਕਿਹਾ ਜਾਂਦਾ ਹੈ ਅਤੇ ਕੱਤਕ ਨੂੰ ਘਰਾਂ ਨੂੰ ਪਰਤਣ ਦਾ ਮਹੀਨਾ। ਇਸੇ ਕਾਰਨ ਦੁਨੀਆਂ ਦੇ ਵੱਖ- ਵੱਖ ਮੁਲਕਾਂ ਵਿੱਚ ਵਸੇ ਹੋਏ ਪਰਵਾਸੀ ਪੰਜਾਬੀ ਦਿਵਾਲੀ ਮੌਕੇ ਆਪਣੇ ਪਿੰਡ ਵਾਲੇ ਜੱਦੀ ਘਰ ਗੇੜਾ ਮਾਰਦੇ ਹਨ।

ਕੱਤਕ ਮਹੀਨੇ ਲੋੜ ਤਾਂ ਇਸ ਗੱਲ ਦੀ ਹੈ ਕਿ ਸਾਰੇ ਪੰਜਾਬੀ ਕੱਤਕ ਮਹੀਨੇ ਤੋਂ ਸ਼ੁਰੂ ਹੋਈ ਹਲਕੀ ਤੇ ਗੁਲਾਬੀ ਠੰਡ ਤੋਂ ਨਵੇਂ ਯੁੱਗ ਦਾ ਆਗਾਜ਼ ਕਰਨ ਅਤੇ ਆਪਣੇ ਬੱਚਿਆਂ ਨੂੰ ਕੱਤਕ ਮਹੀਨੇ ਸਮੇਤ ਸਾਰੇ ਦੇਸੀ ਮਹੀਨਿਆਂ, ਦੇਸੀ ਸਾਲ ਅਤੇ ਪੰਜਾਬ ਦੇ ਮੂਲ ਜੱਦੀ ਤਿਉਹਾਰਾਂ ਬਾਰੇ ਜਾਣਕਾਰੀ ਦੇ ਕੇ ਆਪਣੇ ਵਿਰਸੇ ਅਤੇ ਸੱਭਿਆਚਾਰ ਨਾਲ ਜੋੜਨ। ਕੱਤਕ ਮਹੀਨੇ ਦੂਰ ਦੇ ਦੇਸ਼ਾਂ ਦੇਸਾਂਤਰਾਂ ਤੋਂ ਆਉਂਦੀਆਂ ਕੂੰਜਾਂ ਵਾਂਗ ਪੰਜਾਬੀਆਂ ਦੇ ਸੱਤ ਸਮੁੰਦਰ ਪਾਰ ਗਏ ਬੱਚਿਆਂ ਨੂੰ ਵੀ ਚਾਹੀਦਾ ਹੈ ਕਿ ਉਹ ਕੱਤਕ ਮਹੀਨੇ ਆਪਣੇ ਵਤਨਾਂ ਨੂੰ ਗੇੜਾ ਮਾਰਨ ਤਾਂ ਕਿ ਪੰਜਾਬ ਦੇ ਪਿੰਡਾਂ -ਸ਼ਹਿਰਾਂ ਵਿੱਚ ਉਹਨਾਂ ਬਿਨਾਂ ਸੁੰਨੇ ਪਏ ਉਹਨਾਂ ਦੇ ਮਹੱਲ ਮੁਨਾਰਿਆਂ ਅਤੇ ਜੱਦੀ ਘਰਾਂ ਵਿੱਚ ਮੁੜ ਰੌਣਕਾਂ ਲੱਗਣ।

**ਕੱਤਕ ਮਹੀਨੇ ਕੂੰਜਾਂ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਹੋਰ ਪਰਵਾਸੀ ਪੰਛੀਆਂ ਦੇ ਆਉਣ ਦੇ ਨਾਲ ਹੀ ਓਹਨਾਂ ਵਿਆਹੁਤਾ ਮੁਟਿਆਰਾਂ ਨੂੰ ਆਪਣੇ 'ਕੰਤ' ਦੇ ਆਉਣ ਦੀ ਉਡੀਕ ਵੀ ਸ਼ੁਰੂ ਹੋ ਜਾਂਦੀ ਹੈ, ਜਿਨ੍ਹਾਂ ਦੇ 'ਕੰਤ' ਰੋਜ਼ੀ ਰੋਟੀ ਦੇ ਜੁਗਾੜ ਲਈ 'ਸੱਤ ਸਮੁੰਦਰ ਪਾਰ' ਪਰਦੇਸ ਉਡਾਰੀ ਮਾਰ ਗਏ ਹੁੰਦੇ ਹਨ। ਅਕਸਰ ਹੀ ਵੱਡੀ ਗਿਣਤੀ ਪਰਵਾਸੀ ਪੰਜਾਬੀ 'ਦਿਵਾਲੀ' ਮੌਕੇ ਆਪਣੇ ਵਤਨ 'ਪੰਜਾਬ' ਗੇੜਾ ਮਾਰਦੇ ਹਨ। ਬਿਰਹੋਂ ਦੀ ਅਗਨੀ ਵਿੱਚ ਤੜਫ਼ਦੀਆਂ ਜੋਬਨਵੰਤੀਆਂ ਮੁਟਿਆਰਾਂ ਦੇ ਕੰਤ ਜਦੋਂ ਕੱਤਕ ਮਹੀਨੇ ਉਨ੍ਹਾਂ ਦੇ ਕੋਲ ਆ ਜਾਂਦੇ ਹਨ ਤਾਂ ਉਨ੍ਹਾਂ ਨੂੰ ਇਸ ਤਰ੍ਹਾਂ ਜਾਪਦਾ ਹੈ ਕਿ ਜਿਵੇਂ ਉਨ੍ਹਾਂ ਦੀ ਜ਼ਿੰਦਗੀ ਵਿੱਚ ਇਕਦਮ ਹੀ ਲੱਖਾਂ ਬਲਬਾਂ ਤੇ ਕਰੋੜਾਂ ਟਿਊਬ ਲਾਈਟਾਂ ਦੀ ਰੌਸ਼ਣੀ ਹੋ ਗਈ ਹੋਵੇ।**













# ਡਾ. ਜਸਬੀਰ ਸਿੰਘ ਸਾਬਰ ਨੂੰ ਚੇਤੇ ਕਰਦਿਆਂ



ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਡਾ. ਜਸਬੀਰ ਸਿੰਘ ਸਾਬਰ ਸਿੱਖ ਧਰਮ ਦੇ ਵਿਦਵਾਨ, ਖੋਜੀ, ਅਧਿਆਪਕ, ਪ੍ਰਚਾਰਕ ਅਤੇ ਅਕਾਦਮਿਕ ਕਾਰਜਾਂ ਵਿੱਚ ਨਿਰੰਤਰ ਜੁਟੇ ਰਹਿਣ ਵਾਲੀ ਸ਼ਖ਼ਸੀਅਤ ਸਨ। ਆਪਣੇ ਤੋਂ ਵਡੇਰਿਆਂ ਅਤੇ ਛੋਟਿਆਂ ਨੂੰ ਇਕੋ ਜਿਹਾ ਸਤਿਕਾਰ ਦੇਣ ਵਾਲੇ ਸਾਬਰ ਸਾਹਿਬ ਦੀ ਨਿਮਰ ਅਤੇ ਗੁਣੀ ਸ਼ਖ਼ਸੀਅਤ ਸਭ ਨੂੰ ਪ੍ਰਭਾਵਿਤ ਕਰਨ ਵਾਲੀ ਸੀ। ਯੂਨੀਵਰਸਿਟੀ ਵਿਖੇ ਜਦੋਂ ਕੋਈ ਅਕਾਦਮਿਕ ਕਾਰਜ ਕਰਨਾ ਹੋਵੇ ਜਾਂ ਕਿਸੇ ਸਿੱਖ ਵਿਦਵਾਨ ਨੂੰ ਮੀਟਿੰਗ ਜਾਂ ਸੈਮੀਨਾਰ ਵਿੱਚ ਬੁਲਾਉਣ ਦੀ ਗੱਲ ਹੁੰਦੀ ਤਾਂ ਸਾਬਰ ਸਾਹਿਬ ਦਾ ਨਾਂ ਸਾਰਿਆਂ ਦੀ ਜੁਬਾਨ ਆ ਜਾਂਦਾ ਸੀ। ਇਸ ਦਾ ਇਕ ਵੱਡਾ ਕਾਰਨ ਇਹ ਸੀ ਕਿ ਇਹ ਜਦੋਂ ਵੀ ਯੂਨੀਵਰਸਿਟੀ ਵਿਖੇ ਕਿਸੇ ਇੰਟਰਵਿਊ ਜਾਂ ਵਾਈਵੇ ਲਈ ਆਉਂਦੇ ਤਾਂ ਕਿਸੇ ਨੂੰ ਤੰਗ ਜਾਂ ਪ੍ਰੇਸ਼ਾਨ ਕਰਨ ਦੀ ਬਜਾਏ ਸਹਿਜ ਨਾਲ ਸਵਾਲ ਪੁੱਛਦੇ ਅਤੇ ਜਦੋਂ ਕੋਈ ਵਿਦਿਆਰਥੀ ਉਸ ਦਾ ਜਵਾਬ ਨਾ ਦੇ ਸਕਦਾ ਤਾਂ ਸਹਿਜ ਨਾਲ ਉਸ ਨੂੰ ਅਜਿਹਾ ਮਾਰਗ ਦਰਸ਼ਨ ਪ੍ਰਦਾਨ ਕਰ ਜਾਂਦੇ ਜਿਹੜਾ ਕਿ ਉਸ ਦੇ ਚੇਤਿਆਂ ਦਾ ਸਦੀਵੀ ਹਿੱਸਾ ਬਣ ਜਾਂਦਾ ਸੀ।

ਵੱਡੀਆਂ ਅਕਾਦਮਿਕ ਸਭਾਵਾਂ ਅਤੇ ਪੰਥਕ ਮਟਿੰਗਾਂ ਵਿੱਚ ਨਿਰੰਤਰ ਹਿੱਸਾ ਲੈਣ

ਸਮੇਂ ਇਹ ਖ਼ੁਸ਼ੀ ਮਹਿਸੂਸ ਕਰਦੇ ਅਤੇ ਭਾਵਪੂਰਤ ਢੰਗ ਨਾਲ ਆਪਣੀ ਗੱਲ ਸ੍ਰੋਤਿਆਂ ਦੇ ਸਨਮੁਖ ਪੇਸ਼ ਕਰਦੇ ਸਨ। ਸਿੱਖ ਧਰਮ ਅਤੇ ਇਤਿਹਾਸ ਦੀਆਂ ਬਹੁਤ ਸਾਰੀਆਂ ਘਟਨਾਵਾਂ ਇਹਨਾਂ ਦੇ ਚੇਤਿਆਂ ਦਾ ਹਿੱਸਾ ਸਨ। ਇਸ ਕਰਕੇ ਇਸੇ ਮਹੀਨੇ 2 ਅਕਤੂਬਰ ਨੂੰ ਭਾਈ ਵੀਰ ਸਿੰਘ ਜੀ ਦੇ ਛੋਟੇ ਭਰਾ ਡਾ. ਬਲਬੀਰ ਸਿੰਘ ਜੀ ਦਾ 50 ਸਾਲਾ ਬਰਸੀ ਸਮਾਗਮ ਆਇਆ ਜਿਹੜਾ ਕਿ ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ ਵਿਖੇ ਆਯੋਜਿਤ ਕੀਤਾ ਗਿਆ ਸੀ। ਸਮਾਗਮ ਆਯੋਜਿਤ ਕਰਨ ਤੋਂ ਪਹਿਲਾਂ ਮੇਰਾ ਸਹਿਯੋਗੀ ਡਾ. ਕੁਲਵਿੰਦਰ ਸਿੰਘ ਕਹਿਣ ਲੱਗਾ ਕਿ ਇਸ ਵਾਰੀ ਉਹਨਾਂ ਸ਼ਖ਼ਸੀਅਤਾਂ ਨੂੰ ਬੁਲਾਉਣਾ ਚਾਹੀਦਾ ਹੈ ਜਿਨ੍ਹਾਂ ਨੇ ਡਾ. ਬਲਬੀਰ ਸਿੰਘ ਜੀ ਦੀ ਸੰਗਤ ਦਾ ਅਨੰਦ ਮਾਣਿਆ ਹੋਵੇ।

ਪਹਿਲੀ ਨਜ਼ਰੇ ਦੋ ਵਿਦਵਾਨਾਂ ਦਾ ਚੇਤਾ ਆਇਆ। ਇਹਨਾਂ ਵਿਚੋਂ ਇਕ ਡਾ. ਬਲਕਾਰ ਸਿੰਘ ਅਤੇ ਦੂਜੇ ਡਾ. ਜਸਬੀਰ ਸਿੰਘ ਸਾਬਰ ਸਨ। ਦੋਵੇਂ ਵਿਦਵਾਨਾਂ ਨੂੰ ਜਦੋਂ ਸਮਾਗਮ ਵਿੱਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਤਾਂ ਇਹਨਾਂ ਨੇ ਹਾਂ-ਪੱਖੀ ਹੁੰਗਾਰਾ ਹੀ ਨਹੀਂ ਭਰਿਆ ਬਲਕਿ ਇਸ ਗੱਲ ’ਤੇ ਖ਼ੁਸ਼ੀ ਜਾਹਰ ਕੀਤੀ ਕਿ ਡਾ. ਬਲਬੀਰ ਸਿੰਘ ਨੂੰ ਉਹਨਾਂ ਦੀ 50 ਸਾਲਾ ਬਰਸੀ ਮੌਕੇ ਯਾਦ ਕਰਨਾ ਮਾਣ ਵਾਲੀ ਗੱਲ ਹੈ। ਇਹਨਾਂ ਤੋਂ ਇਲਾਵਾ ਅੰਮ੍ਰਿਤਸਰ ਤੋਂ ਡਾ. ਧਰਮ ਸਿੰਘ ਵੀ ਇਸ ਸਮਾਗਮ ਵਿਚ ਸ਼ਾਮਲ ਹੋਏ ਸਨ।




ਸਮਾਗਮ ਤੋਂ ਇੱਕ ਦਿਨ ਪਹਿਲਾਂ ਡਾ. ਬਲਕਾਰ ਸਿੰਘ ਦਾ ਫੋਨ ਆਇਆ ਅਤੇ ਕਹਿਣ ਲੱਗੇ ਕਿ ਜਿਹੜੇ ਵਿਦਵਾਨਾਂ ਨੂੰ ਤੁਸੀਂ ਬੁਲਾਇਆ ਹੈ ਉਹਨਾਂ ਵਿਚੋਂ ਮੈਂ ਅਤੇ ਸਾਬਰ ਸਾਹਿਬ ਦੋਵੇਂ ਉਮਰ ਦੇ ਇਸ ਪੜਾਅ ’ਤੇ ਪਹੁੰਚ ਚੁੱਕੇ ਹਾਂ ਕਿ ਸ਼ਾਇਦ ਦੁਬਾਰਾ ਮੁਲਾਕਾਤ ਨਾ ਹੋ ਸਕੇ। ਯੋਗ ਹੋਵੇਗਾ ਕਿ ਇਸ ਸਮਾਗਮ ਵਿੱਚ ਸ਼ਾਮਲ ਵਿਦਵਾਨਾਂ ਦੇ ਭਾਸ਼ਣ ਰਿਕਾਰਡ ਕਰ ਲਏ ਜਾਣ ਤਾਂ ਕਿ ਇੱਕ ਯਾਦਗਾਰ ਬਣੀ ਰਹੇ। ਇਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਡਾ. ਜਸਬੀਰ ਸਿੰਘ ਸਾਬਰ, ਡਾ. ਧਰਮ ਸਿੰਘ ਅਤੇ ਕੁੱਝ ਹੋਰ ਵਿਦਵਾਨ ਰੇਲ ਦਾ ਸਫ਼ਰ ਕਰਕੇ ਅੰਮ੍ਰਿਤਸਰ ਤੋਂ ਦੇਹਰਾਦੂਨ ਪੁੱਜੇ ਸਨ। ਸਮਾਗਮ ਵਿੱਚ ਕੁੰਜੀਵਤ ਭਾਸ਼ਣ ਦੌਰਾਨ ਇਹਨਾਂ ਕਿਹਾ ਕਿ ਡਾ. ਬਲਬੀਰ ਸਿੰਘ ਜੀ ਤੋਂ ਇਹ ਸਿੱਖਿਆ ਗ੍ਰਹਿਣ ਕਰਨ ਦੀ ਲੋੜ ਹੈ ਕਿ ‘ਖੋਜ ਭਾਵੇਂ ਕਿਸੇ ਵੀ ਖੇਤਰ ਵਿੱਚ ਹੋਵੇ ਉਸ ਦਾ ਟੀਚਾ ਕੇਵਲ ਡਿਗਰੀ ਪ੍ਰਾਪਤ ਕਰਨਾ ਨਹੀਂ ਬਲਕਿ ਗਿਆਨ ਪ੍ਰਾਪਤ ਕਰਨਾ ਹੋਣਾ ਚਾਹੀਦਾ ਹੈ।’ ਇਹਨਾਂ ਦੇ ਆਪਣੇ ਜੀਵਨ ਵਿੱਚ ਇਹ ਵਿਚਾਰ ਆਖਰੀ ਸਮੇਂ ਤੱਕ ਕਾਇਮ ਰਿਹਾ। ਅਕਾਲ ਚਾਲਣੇ ਤੋਂ ਇੱਕ ਦਿਨ ਪਹਿਲਾਂ ਇਹ ਆਪਣੇ ਦਫ਼ਤਰ ਵਿੱਚ ਕਾਰਜਸ਼ੀਲ ਸਨ ਅਤੇ ਟੈਲੀਫੋਨ ’ਤੇ ਗੱਲ ਕਰਦੇ ਹੋਏ ਇਹਨਾਂ ਕਿਹਾ ਕਿ ਸਮਾਗਮ ਦੌਰਾਨ ਜਿਹੜੀਆਂ ਤੁਹਾਡੀਆਂ ਕਿਤਾਬਾਂ ਸਨਮਾਨ ਰੂਪ ਵਿੱਚ ਪ੍ਰਾਪਤ ਹੋਈਆਂ ਹਨ ਇਹਨਾਂ ਦੇ ਰਿਵੀਊ ਕਰਕੇ ਆਪਣੇ ਮੈਗ਼ਜ਼ੀਨ ਵਿੱਚ ਛਾਪਾਂਗਾ।



ਡਾ. ਜਸਬੀਰ ਸਿੰਘ ਸਾਬਰ ਦਾ ਜਨਮ 19 ਨਵੰਬਰ 1942 ਨੂੰ ਮੌਜੂਦਾ ਪਾਕਿਸਤਾਨ ਵਿੱਚ ਪੈਂਦੇ ਕੈਂਬਲਪੁਰ ਦੇ ਇਲਾਕੇ ਵਿੱਚ ਬੀਬੀ ਮਹਿੰਦਰ ਕੌਰ ਅਤੇ ਸ. ਸ਼ੇਰ ਸਿੰਘ ਦੇ ਘਰ ਹੋਇਆ ਸੀ। ਐਮ.ਏ. ਕਰਨ ਉਪਰੰਤ ਪੰਥ ਦੀਆਂ ਪ੍ਰਮੁੱਖ ਸਿੱਖ ਸਖ਼ਸ਼ੀਅਤਾਂ ਸੰਤ ਚੰਨਣ ਸਿੰਘ ਅਤੇ ਸੰਤ ਬਾਬਾ ਫਤਹ ਸਿੰਘ ਦੀ ਸੰਗਤ ਵਿੱਚ ਇਹਨਾਂ ਨੂੰ ਸਿੱਖ ਧਰਮ, ਪਰੰਪਰਾ ਅਤੇ ਰਾਜਨੀਤਿਕ ਪਹਿਲੂਆਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਮੌਕਾ ਮਿਲਿਆ। ਸੰਤ ਫਤਹਿ ਸਿੰਘ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣੇ ਤਾਂ ਉਹਨਾਂ ਨੇ ਇਹਨਾਂ ਨੂੰ ਆਪਣਾ ਪੀ.ਏ. ਨਿਯੁਕਤ ਕਰ ਲਿਆ ਜਿਸ ਤੋਂ ਇਹਨਾਂ ਨੂੰ ਸਿੱਖ ਧਰਮ ਅਤੇ ਰਾਜਨੀਤੀ ਨੂੰ ਸਮਝਣ ਦਾ ਯੋਗ ਮੌਕਾ ਪ੍ਰਾਪਤ ਹੋਇਆ। ਇਹਨਾਂ ਅਕਾਲੀ ਆਗੂਆਂ ਦੇ ਸਮੇਂ ਇਹ ‘ਰੋਜ਼ਾਨਾ ਕੌਮੀ ਦਰਦ’ ਅਖ਼ਬਾਰ ਵਿਖੇ ਵੀ ਕਾਰਜ ਕਰਦੇ ਰਹੇ ਸਨ।

ਸਾਬਰ ਸਾਹਿਬ ਨੇ 1973 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪਬਲੀਕੇਸ਼ਨ ਵਿਭਾਗ ਵਿਖੇ ਸੇਵਾ ਅਰੰਭ ਕੀਤੀ ਅਤੇ ਫਿਰ ਗੁਰੂ ਨਾਨਕ ਅਧਿਐਨ ਵਿਭਾਗ ਵਿਖੇ ਰਿਸਰਚ ਅਸਿਸਟੈਂਟ ਵਜੋਂ ਨਿਯੁਕਤ ਕਰ ਦਿਤੇ ਗਏ। ਇਸ ਵਿਭਾਗ ਵਿਖੇ ਹੀ ਇਹ ਮੁਖੀ ਅਤੇ ਸੀਨੀਅਰ ਪ੍ਰੋਫ਼ੈਸਰ ਵਜੋਂ ਕਾਰਜਸ਼ੀਲ ਰਹੇ। ਇਹਨਾਂ ਨੇ ਆਪਣਾ ਸਮੁੱਚਾ ਜੀਵਨ ਸਿੱਖ ਧਰਮ ਅਧਿਐਨ ਅਤੇ ਖੋਜ ਨੂੰ ਸਮਰਪਿਤ ਕਰ ਦਿੱਤਾ ਸੀ। ਗੁਰਮੁਖੀ, ਬ੍ਰਜ, ਸੰਸਕ੍ਰਿਤ, ਫ਼ਾਰਸੀ, ਅੰਗਰੇਜ਼ੀ ਆਦਿ ਭਾਸ਼ਾਵਾਂ ਦੇ ਗਿਆਨ ਨੇ ਇਹਨਾਂ ਨੂੰ ਖੋਜ ਦੇ ਪ੍ਰਮਾਣਿਕ ਕਾਰਜ ਕਰਨ ਲਈ ਬਲ ਪ੍ਰਦਾਨ ਕੀਤਾ ਸੀ। ਆਪਣੇ ਅਕਾਦਮਿਕ ਸਫ਼ਰ ਦੌਰਾਨ ਇਹਨਾਂ ਨੇ ਤਿੰਨ ਦਰਜਨ ਤੋਂ ਵਧੇਰੇ ਪੁਸਤਕਾਂ ਦੀ ਰਚਨਾ ਅਤੇ ਸੰਪਾਦਨਾ ਕੀਤੀ ਹੈ ਜਿਨਾਂ ਵਿਚ ਗਿਆਨ ਰਤਨਾਵਲੀ, ਰਵਿਦਾਸ-ਬਾਣੀ : ਬਹੁਪੱਖੀ ਅਧਿਐਨ, ਬਾਣੀ ਬਾਬਾ ਰਾਮਦਾਸ, ਪਾਵਨ ਗਾਥਾ ਗੁਰੂ ਰਵਿਦਾਸ, ਭਗਤ ਰਵਿਦਾਸ : ਸ੍ਰੋਤ ਪੁਸਤਕ, ਗੁਰਮਤਿ ਵਿੱਚ ਬਹੁਪੱਖੀ ਸੇਵਾ ਦਾ ਸੰਕਲਪ, ਵਾਰ ਮਾਝ : ਬਹੁਪੱਖੀ ਅਧਿਐਨ, ਭਾਈ ਵੀਰ ਸਿੰਘ - ਸਾਹਿਤ ਦਰਸ਼ਨ, ਅਕਾਲ ਤੋਂ ਖ਼ਾਲਸਾ ਤੱਕ, ਸਿਧ ਗੋਸਟਿ - ਸਰੂਪ ਤੇ ਸੰਦਰਭ, ਰੂਹਾਨੀ ਰਹਿਤ - ਗੁਰਮਤਿ ਪਰਿਪੇਖ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਭਗਤ ਕਬੀਰ ਜੀ, ਦੋ ਮਹਾਂਪੁਰਖ (ਸੰਤ ਬਾਬਾ ਫਤਹਿ ਸਿੰਘ ਤੇ ਸੰਤ ਚੰਨਣ ਸਿੰਘ ਜੀ) ਆਦਿ ਪੁਸਤਕਾਂ ਸ਼ਾਮਲ ਹਨ।

1995 ਵਿੱਚ ਭਾਰਤੀ ਸਾਹਿਤ ਅਕਾਦਮੀ, ਦਿੱਲੀ ਨੇ ਅੰਤਰ-ਰਾਸ਼ਟਰੀ ਗੁਰੂ ਰਵਿਦਾਸ ਆਵਰਡ ਨਾਲ ਇਹਨਾਂ ਨੂੰ ਸਨਮਾਨਿਤ ਕੀਤਾ ਸੀ ਅਤੇ 2003 ਵਿੱਚ ਇਹਨਾਂ ਨੂੰ ਗੁਰੂ ਰਵਿਦਾਸ ਚੇਅਰ ਦੇ ਮੁਖੀ ਵਜੋਂ ਨਿਯੁਕਤੀ ਪ੍ਰਾਪਤ ਹੋਈ। ਇਸ ਸੇਵਾ ਤੋਂ ਮੁਕਤ ਹੋਣ ਉਪਰੰਤ ਇਹਨਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਖੇ ‘ਦੋ ਸਾਲਾ

ਸਿੱਖ ਧਰਮ ਅਧਿਐਨ ਕੋਰਸ’ ਵਿਖੇ ਡਾਇਰੈਕਟਰ ਵਜੋਂ ਸੇਵਾ ਕਰਨ ਦਾ ਮੌਕਾ ਮਿਲਿਆ। 2007 ਵਿੱਚ ਅਰੰਭ ਹੋਏ ਇਸ ਕੋਰਸ ਦਾ ਉਦੇਸ਼ ਦੇਸ਼ ਦੇ ਕਿਸੇ ਵੀ ਕੋਣੇ ਵਿੱਚ ਬੈਠੇ ਹੋਏ ਕਿਸੇ ਵੀ ਉਮਰ ਦੇ ਵਿਅਕਤੀ ਨੂੰ ਅਕਾਦਿਮਕ ਢੰਗ ਨਾਲ ਗੁਰਬਾਣੀ, ਗੁਰ ਇਤਿਹਾਸ, ਭਗਤ ਸਾਹਿਬਾਨ, ਸਿੱਖ ਰਹਿਤ ਮਰਯਾਦਾ, ਸਿੱਖ ਸੰਸਥਾਵਾਂ, ਸਿੱਖ ਪਰੰਪਰਾਵਾਂ, ਸਿੱਖ ਸਰੋਤਾਂ, ਸਿੱਖ ਤਿਉਹਾਰਾਂ, ਸਿੱਖ ਸੰਪ੍ਰਦਾਵਾਂ, ਪੰਜਾਬ ਦੀਆਂ ਲਹਿਰਾਂ ਅਤੇ ਵਿਭਿੰਨ ਧਰਮਾਂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਸੀ। ਇਸ ਕੋਰਸ ਵਿੱਚ ਦਾਖ਼ਲਾ ਲੈਣ ਵਾਲੇ ਹਰ ਇੱਕ ਵਿਦਿਆਰਥੀ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਸਨ। ਸਾਬਰ ਸਾਹਿਬ ਨੇ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਪੰਜਾਬ ਅਤੇ ਪੰਜਾਬ ਤੋਂ ਬਾਹਰ ਗੁਰਧਾਮਾਂ ਵਿਖੇ ਨਿਜੀ ਸੰਪਰਕ ਪ੍ਰੋਗਰਾਮ ਲਾਉਣੇ ਸ਼ੁਰੂ ਕਰ ਦਿੱਤੇ ਸਨ। ਜਿਸ ਵੀ ਸ਼ਹਿਰ ਵਿੱਚ ਜਾਂਦੇ, ਉਸ ਦੇ ਨੇੜੇ ਰਹਿਣ ਵਾਲੇ ਵਿਦਵਾਨਾਂ ਨੂੰ ਵਿਦਿਆਰਥੀਆਂ ਦੇ ਸਨਮੁਖ ਪੇਸ਼ ਕੀਤਾ ਜਾਂਦਾ ਸੀ। ਸਾਬਰ ਸਾਹਿਬ ਦੇ ਇਸ ਯਤਨ ਨਾਲ ਵਿਭਿੰਨ ਨਗਰਾਂ ਵਿਖੇ ਰਹਿਣ ਵਾਲੇ ਵਿਦਵਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਜੁੜਨ ਲੱਗੇ ਸਨ।

ਕੋਰਸ ਵਿੱਚ ਦਾਖ਼ਲ ਹੋਣ ਵਾਲੇ ਵਿਭਿੰਨ ਉਮਰ ਦੇ ਵਿਦਿਆਰਥੀਆਂ ਵਿਚ ਅਜਿਹੇ ਸ਼ਖ਼ਸ ਵੀ ਸ਼ਾਮਲ ਹੁੰਦੇ ਸਨ ਜਿਹੜੇ ਪਹਿਲਾਂ ਵਿਭਿੰਨ ਵਿਦਿਆਲਿਆਂ, ਟਕਸਾਲਾਂ, ਮਿਸ਼ਨਰੀ ਕਾਲਜਾਂ ਤੋਂ ਸਿੱਖਿਆ ਪ੍ਰਾਪਤ ਕਰ ਚੁੱਕੇ ਹੁੰਦੇ ਸਨ। ਅਜਿਹੇ ਵਿਦਿਆਰਥੀਆਂ ਨੂੰ ਸੰਤੁਸ਼ਟ ਕਰਨਾ ਕੋਈ ਸੌਖੀ ਗੱਲ ਨਹੀਂ ਸੀ। ਇੱਕ ਘਟਨਾ ਯਾਦ ਆ ਰਹੀ ਹੈ ਜਦੋਂ ਮੈਂ ਆਪਣਾ ਭਾਸ਼ਣ ਸਮਾਪਤ ਕੀਤਾ ਤਾਂ ਇੱਕ ਵਿਦਿਆਰਥੀ ਖੜਾ ਹੋ ਕੇ ਸਾਬਰ ਸਾਹਿਬ ਨੂੰ ਕਹਿਣ ਲੱਗਾ ਕਿ ਤੁਹਾਡੇ ਵੱਲੋਂ ਭੇਜੀ ਗਈ ਪਾਠ ਸਮੱਗਰੀ ਵਿੱਚ ਇੱਕ ਗਲਤੀ ਹੈ। ਸਾਬਰ ਸਾਹਿਬ ਕਹਿਣ ਲੱਗੇ ਕਿ ਤੁਸੀਂ ਬਹੁਤ ਸੂਝਵਾਨ ਲੱਗਦੇ ਹੋ ਪਰ ਇਸ ਗੱਲ ਦੀ ਹੈਰਾਨੀ ਹੈ ਕਿ ਤੁਹਾਨੂੰ

ਕੇਵਲ ਇਕੋ ਗਲਤੀ ਲੱਭੀ ਹੈ। ਇਸ ਦਾ ਭਾਵ ਹੈ ਕਿ ਤੁਸੀਂ ਸਾਰੀ ਪਾਠ ਸਮੱਗਰੀ ਧਿਆਨ ਨਾਲ ਨਹੀਂ ਪੜ੍ਹੀ। ਸਮੁੱਚੀ ਪਾਠ ਸਮੱਗਰੀ ਵਿੱਚ ਪੰਜ ਗਲਤੀਆਂ ਹਨ ਅਤੇ ਜਿਹੜਾ ਵਿਦਿਆਰਥੀ ਧਿਆਨ ਨਾਲ ਪਾਠ ਸਮੱਗਰੀ ਨੂੰ ਪੜੇਗਾ, ਉਹ ਉਹਨਾਂ ਨੂੰ ਲੱਭ ਸਕੇਗਾ। ਇਸ ਤਰ੍ਹਾਂ ਸਹਿਜ ਢੰਗ ਨਾਲ ਵਿਦਿਆਰਥੀਆਂ ਨੂੰ ਸਮਝਾਉਣਾ ਅਤੇ ਉਹਨਾਂ ਦੇ ਮਨ ਵਿੱਚ ਪੜਨ ਦੀ ਰੁਚੀ ਪੈਦਾ ਕਰਨ ਦੀ ਵਿਧੀ ਸਾਬਰ ਸਾਹਿਬ ਦੀ ਸੂਝ ਦਾ ਪ੍ਰਗਟਾਵਾ ਕਰਦੀ ਹੈ। ਪੱਤਰ-ਵਿਹਾਰ ਰਾਹੀਂ ਵਿਦਿਆਰਥੀਆਂ ਨੂੰ ਸਹੀ ਜਾਣਕਾਰੀ ਪ੍ਰਦਾਨ ਕਰਨ ਲਈ ਇਹਨਾਂ ਨੇ ਦੋ ਪੁਸਤਕਾਂ ਦੀ ਸੰਪਾਦਨਾ ਵੀ ਕਰ ਦਿੱਤੀ ਸੀ ਜਿਨ੍ਹਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪ੍ਰਕਾਸ਼ਿਤ ਕੀਤਾ ਹੈ।

ਡਾ. ਜਸਬੀਰ ਸਿੰਘ ਸਾਬਰ ਨੇ ਯੂਨੀਵਰਸਿਟੀ ਤੋਂ ਸੇਵਾ-ਮੁਕਤ ਹੋਣ ਉਪਰੰਤ

ਆਪਣਾ ਸਮੁੱਚਾ ਜੀਵਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਚੀਫ਼ ਖ਼ਾਲਸਾ ਦੀਵਾਨ ਨੂੰ ਸਮਰਪਿਤ ਕਰ ਦਿੱਤਾ ਸੀ। ਇਸ ਦੇ ਨਾਲ ਉਹ ਟੀ.ਵੀ., ਰੇਡੀਓ ਆਦਿ ਮਾਧਿਅਮਾਂ ਰਾਹੀਂ ਗੁਰਬਾਣੀ, ਗੁਰਮਤਿ ਸੱਭਿਆਚਾਰ, ਪੰਜਾਬੀ ਸੱਭਿਆਚਾਰ ਆਦਿ ਬਾਰੇ ਆਮ ਲੋਕਾਂ ਨੂੰ ਜਾਣਕਾਰੀ ਪ੍ਰਦਾਨ ਕਰਦੇ ਅਤੇ ਸਿੱਖ ਮਸਲਿਆਂ ਸੰਬੰਧੀ ਆਪਣੀ ਰਾਇ ਦੇਣ ਲਈ ਨਿਰੰਤਰ ਮੀਟਿੰਗਾਂ ਵਿੱਚ ਹਿੱਸਾ ਲੈਂਦੇ ਰਹੇ। ਜਦੋਂ ਇਹਨਾਂ ਨੂੰ ਸਿੱਖ ਪੰਥ ਦੀ ਵਿਲੱਖਣਤਾ ਬਾਰੇ ਕੋਈ ਸਵਾਲ ਕਰਦਾ ਤਾਂ ਅਕਸਰ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖ਼ਾਲਸਾ ਪੰਥ ਦੀ ਸਿਰਜਣਾ ਦਾ ਹਵਾਲਾ ਦਿੰਦੇ ਹੋਏ ਕਹਿੰਦੇ ਕਿ ਗੁਰੂ ਜੀ ਨੇ ਅੰਮ੍ਰਿਤ ਦੀ ਦਾਤ ਪ੍ਰਦਾਨ ਕਰਕੇ ਸਿੱਖਾਂ ਵਿਚੋਂ ਕੁਲ ਨਾਸ਼, ਕਰਮ ਨਾਸ਼, ਧਰਮ ਨਾਸ਼ ਆਦਿ ਦਾ ਸਿਧਾਂਤ ਸਾਹਮਣੇ ਲਿਆਂਦਾ ਹੈ। ਖ਼ਾਲਸਾ ਪੰਥ ਦੀ ਸਿਰਜਣਾ ਹੀ ਗੁਰੂ ਨਾਨਕ ਦੇਵ ਜੀ ਦੁਆਰਾ ਪ੍ਰਗਟ ਕੀਤੇ ਗਏ ਵਿਲੱਖਣ ਅਤੇ ਨਿਆਰੇ ਸਿਧਾਂਤਾਂ ਦਾ ਬਾਹਰੀ ਪ੍ਰਗਟਾਵਾ ਹੈ। ਗੁਰਬਾਣੀ ਅਧਿਐਨ, ਗੁਰਮਤਿ ਸੰਗੀਤ, ਪੰਜਾਬੀ ਭਾਸ਼ਾ ਅਤੇ ਪੰਜਾਬੀ ਬੋਲੀ ਦੀ ਸੇਵਾ ਕਰਨ ਵਾਲੀ ਇਹ ਸ਼ਖ਼ਸੀਅਤ ਸਾਥੋਂ ਹਮੇਸ਼ਾਂ ਲਈ ਵਿਛੜ ਗਈ ਹੈ ਪਰ ਇਹਨਾਂ ਦੁਆਰਾ ਕੀਤੇ ਗਏ ਕਾਰਜ ਵਿਦਿਆਰਥੀਆਂ ਅਤੇ ਖੋਜਾਰਥੀਆਂ ਲਈ ਹਮੇਸ਼ਾਂ ਪ੍ਰੇਰਨਾ ਸ੍ਰੋਤ ਬਣੇ ਰਹਿਣਗੇ।

# ਗੱਡੇ ਗੱਡੀਰੇ ਵਾਲਿਆ, ਗੱਡਾ ਹੌਲੀ-ਹੌਲੀ ਤੋਰ . . .

## ਕਦੇ ਪੇਂਡੂ ਜ਼ਿੰਦਗੀ ਦਾ ਅਹਿਮ ਹਿੱਸਾ ਹੁੰਦਾ ਸੀ ਗੱਡਾ

ਜੈਕਬ ਮਸੀਹ ਤੇਜਾ



ਪੁਰਾਣੇ ਸਮਿਆਂ ਵਿੱਚ ਪਿੰਡ 'ਚ ਟਾਂਗਾ ਤੇ ਗੱਡਾ ਕਿਸੇ ਰੱਜੇ-ਪੁੱਜੇ ਘਰ ਵਿੱਚ ਹੀ ਹੁੰਦਾ ਸੀ। ਜਿਸ ਕੋਲ ਗੱਡਾ ਹੁੰਦਾ ਉਸ ਦੀ ਠਾਠ ਹੀ ਨਿਵੇਕਲੀ ਹੁੰਦੀ ਸੀ। ਖੇਤੀਬਾੜੀ ਦੇ ਸੰਦਾਂ ਵਿਚੋਂ ਗੱਡਾ ਜ਼ਿਆਦਾ ਕੀਮਤ ਵਾਲਾ ਹੁੰਦਾ ਸੀ। ਆਮ ਕਿਸਾਨ ਕੋਲ ਗੱਡਾ ਨਹੀਂ ਹੁੰਦਾ ਸੀ। ਪਿੰਡ ਦੇ ਦੋ ਤਿੰਨ ਕਹਿੰਦੇ-ਕਹਾਉਂਦੇ ਕਿਸਾਨਾਂ ਦੇ ਘਰਾਂ ਕੋਲ ਹੀ ਹੁੰਦਾ ਸੀ। ਗੱਡਾ ਬਾਕੀ ਪਿੰਡ ਦੇ ਲੋਕ ਇੱਕ ਦੂਜੇ ਕੋਲੋਂ ਗੱਡਾ ਮੰਗ ਕੇ ਹੀ ਬੁੱਤਾ/ਗੁਜ਼ਾਰਾ ਕਰਦੇ ਸਨ। ਕਈ ਪਿੰਡਾਂ ਵਿੱਚ ਤਿੰਨ ਚਾਰ ਭਾਈਵਾਲ 'ਕੱਠੇ ਹੋ ਕੇ ਇੱਕ ਗੱਡਾ ਬਣਵਾ ਲੈਂਦੇ ਸਨ। ਖੇਤੀਬਾੜੀ ਦੇ ਕੰਮਾਂ ਵਿੱਚ ਇੱਕ ਦੂਸਰੇ ਦੀ ਬਹੁਤ ਮਦਦ ਕਰਦੇ ਸਨ। ਸੂਰਜ ਚੜ੍ਹਨ ਤੋਂ ਪਹਿਲਾਂ-ਪਹਿਲਾਂ ਹੀ ਲੋਕੀਂ ਪੱਠਾ-ਦੱਥਾ ਦਾਣਾ-ਫ਼ੱਕਾ, ਘਰ ਲੈ ਕੇ ਆਉਂਦੇ ਸਨ।

ਮੰਡੀ ਵਿੱਚ ਵੇਚਣ ਲਈ ਕਣਕ, ਝੋਨਾ, ਕਪਾਹ, ਗੁੜ, ਸਰ੍ਹੋਂ, ਜਵਾਰ, ਚੱਕੀ ਤੇ ਆਟਾ ਪਿਸਾਉਣ ਲਈ, ਖੇਤਾਂ ਲਈ ਰੂੜੀ ਲੈ ਜਾਣ ਵਾਸਤੇ ਇੱਥੋਂ ਤੱਕ ਕਿ ਨਵੀਆਂ-ਨਵੀਆਂ ਖੰਡ ਮਿੱਲਾਂ ਖੁੱਲ੍ਹਣ ਤੇ ਗੰਨਾ ਵੀ ਗੱਡੇ 'ਤੇ ਹੀ ਲੈ ਕੇ ਜਾਣਾ ਪੈਂਦਾ ਸੀ।

'ਗੱਡੇ ਗੱਡੀਰੇ ਵਾਲਿਆ,
ਗੱਡਾ ਹੌਲੀ-ਹੌਲੀ ਤੋਰ।
ਮੇਰੇ ਦੁੱਖਣ ਕੰਨਾਂ ਦੀਆਂ ਵਾਲੀਆਂ
ਤੇ ਦਿਲ ਨੂੰ ਪੈਂਦੇ ਹੌਲ।
ਮੇਰਾ ਮਾਹੀ ਗੜਵਾ,
ਮੈਂ ਗੜਵੇ ਦੀ ਡੋਰ।'

**ਗੱਡੇ ਨਾਲ ਕਿਸਾਨ ਦਾ ਬਹੁਤ ਗੂੜ੍ਹਾ ਰਿਸ਼ਤਾ**

ਸੰਤਾਲੀ ਦੀ ਵੰਡ ਮੌਕੇ ਉਜੜੇ ਬਹੁਤੇ ਪੀੜਤ ਲੱਖਾਂ ਪੰਜਾਬੀ ਇੱਧਰੋਂ-ਉੱਧਰੋਂ ਗੱਡੀਆਂ ਉੱਤੇ ਹੀ ਆਏ ਸਨ। ਪੁਰਾਣੇ ਦਿਨਾਂ ਨੂੰ ਯਾਦ ਕਰ ਕੇ ਦੇਖੀਏ ਤਾਂ ਵੱਢੀ ਕਣਕ ਦੇ (ਸੱਥਰ) ਦੀਆਂ ਭਰੀਆਂ ਬੇੜਾਂ ਨਾਲ ਬੰਨ੍ਹਦੇ ਸਨ। ਸਾਰੀਆਂ ਪੈਲੀਆਂ ਦੀਆਂ ਭਰੀਆਂ ਨੂੰ ਕਿਸੇ ਇੱਕ ਥਾਂ/ਜਗ੍ਹਾ ਇਕੱਠੀਆਂ ਕਰਦੇ ਸਨ। ਜੋ ਕਿ ਗੱਡੇ ਉੱਤੇ ਲੱਦ/ ਰੱਖ ਕੇ ਲਿਆਉਣੀਆਂ ਪੈਂਦੀਆਂ ਸਨ। ਉਹ ਥਾਂ ਜਿੱਥੇ ਵੱਢੀ ਹੋਈ ਕਣਕ ਗਾਹੁਣ ਲਈ ਇਕੱਠੀ ਕੀਤੀ ਜਾਂਦੀ ਸੀ। ਉਸ ਨੂੰ ਖਲਵਾੜਾ ਆਖਦੇ ਸਨ। ਗੱਡੇ ਉੱਤੇ ਕਣਕ ਦੀਆਂ ਭਰੀਆਂ ਬੋਰੀਆਂ ਖਾਣ ਲਈ ਅਤੇ ਅਗਲੇ ਸਾਲ ਵਾਸਤੇ ਬੀਜ ਘਰ ਲੈ ਆਉਂਦੇ ਅਤੇ ਬਾਕੀ ਵੇਚਣ ਲਈ ਮੰਡੀ ਲੈ ਜਾਂਦੇ ਸਨ। ਗੱਡੇ ਨਾਲ ਬਹੁਤ ਗੂੜ੍ਹਾ ਰਿਸ਼ਤਾ ਕਿਸਾਨ ਦਾ ਹੁੰਦਾ ਸੀ।

**ਗੱਡਾ ਬਣਾਉਣ 'ਤੇ ਲੱਗ ਜਾਂਦੇ ਸੀ ਮਹੀਨੇ**

ਗੱਡਾ ਅੱਜ ਦਾ ਕਾਰੀਗਰ ਨਹੀਂ ਬਣਾ ਸਕਦਾ। ਪਹਿਲੇ ਤਰਖਾਣ ਹੀ ਗੱਡਾ ਬਣਾ ਸਕਦੇ ਸਨ। ਕਈ-ਕਈ ਮਹੀਨੇ ਲੱਗ ਜਾਂਦੇ ਸਨ। ਗੱਡਾ ਬਣਾਉਣ ਤੇ ਗੱਡੇ ਲਈ ਬਹੁਤ ਪੱਕੀ ਤੇ ਸੁੱਕੀ ਲੱਕੜ ਕਾਰੀਗਰ ਨੂੰ ਲੱਭਣੀ ਪੈਂਦੀ ਸੀ। ਖ਼ਾਸ ਕਰਕੇ ਟਾਹਲੀ, ਕਿੱਕਰ, ਸਾਹਲ ਦੀ ਲੱਕੜ ਨੂੰ ਹੀ ਕਈ-ਕਈ ਵਰ੍ਹੇ ਛੱਪੜ-ਟੋਭਿਆਂ ਤੇ ਪਾਣੀ ਵਿੱਚ ਵੱਢ ਕੇ ਸੁੱਟ ਛੁੱਟਦੇ ਸਨ ਤਾਂ ਕਿ ਲੱਕੜ ਠੋਸ/ਮਜ਼ਬੂਤ ਹੋ ਸਕੇ।

**ਗੱਡਾ ਬਣਾਉਣ ਦੀ ਕਾਰੀਗਰੀ**

ਗੱਡੇ ਦੇ ਬਹੁਤ ਸਾਰੇ ਹਿੱਸੇ/ਭਾਗ ਹੁੰਦੇ ਸਨ। ਗੱਡਾ ਜਿਸ ਢਾਂਚੇ ਉੱਪਰ ਬਣਾਇਆ ਜਾਂਦਾ ਸੀ। ਉਸ ਦੀਆਂ ਦੋ ਚੌਦਾਂ ਫ਼ੁੱਟ ਦੀਆਂ ਲਰਾਂ/ ਬੱਲੀਆਂ ਹੁੰਦੀਆਂ ਸਨ। ਜਿਨ੍ਹਾਂ ਨੂੰ ਵੀ ਜੋੜਾ/ਪੌੜੀਆ ਕਹਿੰਦੇ ਸਨ। ਇਹ ਜੋੜਾ ਲੰਬੇ ਰੁਖ਼ ਲਈਆਂ ਜਾਂਦੀਆਂ ਸਨ ਜੋ ਕਿ ਅੰਗਰੇਜ਼ੀ ਦੇ ਖ ਅੱਖਰ ਵਰਗੀਆਂ ਬਣਾ ਕੇ ਲਾਉਂਦੇ ਸਨ। ਇਨ੍ਹਾਂ ਜੋੜੀਆਂ ਹੇਠ ਦੋ ਮੋਟੇ ਡੰਡੇ ਹੁੰਦੇ ਸਨ। ਪੂਰਾ ਗੱਡਾ ਚੌਦਾਂ ਫ਼ੁੱਟ ਲੰਬਾ ਹੁੰਦਾ ਸੀ। ਇਨ੍ਹਾਂ ਜੋੜੀ ਉੱਪਰ ਫ਼ੱਟੇ ਜੋੜੇ ਜਾਂਦੇ ਸਨ, ਜਿਸ ਨੂੰ ਛੱਤ ਆਖਦੇ ਸੀ। ਗੱਡੇ ਦੇ ਪਿਛਲੇ ਪਾਸੇ ਦੀ ਚੌੜਾਈ ਸਾਢੇ ਪੰਜ ਫ਼ੁੱਟ ਹੁੰਦੀ ਤੇ ਅੱਗੋਂ ਜਾ ਕੇ ਘੱਟ ਜਾਂਦੀ ਸੀ। ਜਿਸ ਥਾਂ/ ਜਗ੍ਹਾ ਤੇ ਚਲਾਵਾਂ/ਚਲਾਉਣ ਵਾਲਾ ਬੈਠਦਾ ਉਸ ਥਾਂ ਨੂੰ ਚੌਂਕੀ ਆਖਦੇ ਸਨ। ਉਹ ਢਾਈ ਫ਼ੁੱਟ ਦੀ ਹੁੰਦੀ ਸੀ। ਗੱਡੇ ਦੇ ਅਗਲੇ ਸਿਰੇ ਤੋਂ ਥੋੜ੍ਹਾ ਪਿੱਛੇ ਕਰ ਕੇ ਰੱਸੇ ਨਾਲ ਲੱਕੜ ਦੀ ਬੱਲੀ/ਲੜ ਬੰਨ੍ਹੀ ਹੁੰਦੀ ਸੀ। ਜਿਸ ਨੂੰ ਜੂਲਾ ਆਖਦੇ ਸਨ।

ਜੂਲੇ ਦੀ ਲੰਬਾਈ ਸਾਢੇ ਪੰਜ ਫ਼ੁੱਟ ਹੁੰਦੀ ਸੀ ਅਤੇ ਮੋਟਾਈ 10 ਇੰਚ ਹੁੰਦੀ ਸੀ। ਜੂਲ੍ਹੇ ਨਾਲ ਹੀ ਢੱਗੇ /ਝੋਟੇ ਜੋਏ ਜਾਂਦੇ ਸਨ। ਇਨ੍ਹਾਂ ਪਸ਼ੂਆਂ ਨੂੰ ਜੋੜਨ ਲਈ ਜੂਲੇ ਦੇ ਆਸੇ-ਪਾਸੇ ਦੋ ਮੋਰੀਆਂ ਕੱਢ ਕੇ ਲੱਕੜ ਦੀਆਂ ਕਿੱਲੀਆਂ ਲਾਈਆਂ ਹੁੰਦੀਆਂ ਸਨ। ਜਿਨ੍ਹਾਂ ਨੂੰ ਅਰਲੀਆਂ/ਸੌਲ ਆਖਦੇ ਸਨ। ਇਨ੍ਹਾਂ ਦੀ ਲੰਬਾਈ ਇਕ ਫ਼ੁੱਟ ਹੁੰਦੀ ਸੀ। ਜੂਲੇ ਦੀਆਂ ਅਰਲੀਆਂ ਨਾਲ ਦੋ ਪਟੇਦਾਰ ਰੱਸੀਆਂ ਬੰਨੀਆਂ ਹੁੰਦੀਆਂ ਉਨ੍ਹਾਂ ਨੂੰ ਜੋਤਾਂ ਆਖਦੇ ਸਨ। ਜੋ ਪਸ਼ੂਆਂ ਦੀਆਂ ਧੌਣਾਂ ਦੇ ਥੱਲਿਓਂ ਦੀ ਲੰਘਾ ਕੇ ਅਰਲੀਆਂ ਦੀਆਂ ਚਿੜੀਆਂ ਨਾਲ ਬੰਨ੍ਹੀਆਂ ਜਾਂਦੀਆਂ, ਇਹ ਪਸ਼ੂਆਂ ਨੂੰ ਬਾਹਰ ਨਿਕਲਣ ਤੋਂ ਬਚਾਉਂਦੀਆਂ ਸਨ।

ਜੂਲ੍ਹੇ ਦੇ ਵਿਚਕਾਰ ਥੱਲੜੇ ਪਾਸੇ ਇਕ ਲੱਕੜ ਦੀ ਮੁੜੀ ਹੋਈ ਥੰਮ੍ਹੀ/ਠੁਮਣਾ ਬਣਾ ਕੇ ਜੋੜਿਆ ਜਾਂਦਾ ਸੀ। ਜਿਸ ਨੂੰ ਉੱਠਣਾ ਆਖਦੇ ਸਨ। ਇਸ ਦੀ ਲੰਬਾਈ ਢਾਈ ਫ਼ੁੱਟ ਹੁੰਦੀ ਸੀ। ਗੱਡੀ ਤੇ ਚੜ੍ਹਨ ਲਈ ਉਠਣੇ ਦੇ ਹੇਠਲੇ ਪਾਸੇ ਥੋੜ੍ਹਾ ਘੱਟ ਕਰ ਕੇ ਪੈਰ ਰੱਖ ਕੇ ਗੱਡੇ 'ਤੇ ਚੜ੍ਹਨ ਲਈ ਕੱਟੇ ਹੋਏ ਹਿੱਸੇ ਨੂੰ ਠੋਡ ਆਖਦੇ ਸਨ। ਗੱਡੀ ਦੀ ਛੱਤ ਦੇ ਚਾਰ ਸੱਜੇ ਅਤੇ ਚਾਰ ਖੱਬੇ ਪਾਸੇ ਤਿੰਨ-ਤਿੰਨ ਫ਼ੁੱਟ ਦੀ ਵਿੱਥ/ਵਿਰਲ ਨਾਲ ਢਾਈ-ਢਾਈ ਫ਼ੁੱਟ ਦੇ ਡੰਡੇ ਅੜਾਏ ਹੁੰਦੇ ਹਨ। ਜਿਨ੍ਹਾਂ ਨੂੰ ਮੋਹਲੀਆਂ/ ਮੁੰਨੀਆਂ/ਹੌਰੇ ਕਹਿੰਦੇ ਸਨ। ਜੋ ਗੱਡੇ ਦੀ ਛੱਤ ਦੀਆਂ ਮੋਰੀਆਂ/ਸੁਰਾਖ਼ ਕੱਢ ਕੇ ਫ਼ਸਾਈਆਂ ਜਾਂਦੀਆਂ ਸਨ। ਇਹ ਗੱਡੇ 'ਤੇ ਲੱਦੇ ਸਾਮਾਨ ਨੂੰ ਡਿੱਗਣ ਤੋਂ ਬਚਾਉਣ ਲਈ ਢਾਲ ਹੁੰਦੀਆਂ ਸਨ। ਮਾਲਵੇ ਦੇ ਇਲਾਕੇ ਵਿਚ ਇਨ੍ਹਾਂ ਮੋਹਲੀਆਂ ਨੂੰ ਗੱਡੇ ਉੱਪਰ ਪੱਕਾ ਫ਼ਿੱਟ ਕੀਤਾ ਜਾਂਦਾ, ਉਸ ਗੱਡੇ ਨੂੰ ਪੱਕਾ ਗੱਡਾ ਆਖਦੇ ਸਨ। ਮੋਹਲੀਆਂ ਵਿਚ ਲੋਹੇ ਦੇ ਪਤਲੇ ਸਰੀਏ ਲੰਬੇ ਰੋਕ ਲਾਏ ਜਾਂਦੇ ਸਨ।

**ਛੇ ਗੁਲਾਈਆਂ ਨੂੰ ਕਹਿੰਦੇ ਨੇ ਪੁੱਠੀਆਂ**

ਗੱਡੇ ਦੇ ਪਹੀਏ ਦੇ ਛੇ ਗੁਲਾਈਆਂ ਨੂੰ ਪੁੱਠੀਆਂ ਕਹਿੰਦੇ ਸਨ। ਪੁੱਠੀਆਂ ਦੀ ਚੌੜਾਈ ਦੱਸ ਇੰਚ, ਲੰਬਾਈ ਦੋ ਤੋਂ ਸਵਾ ਦੋ ਫ਼ੁੱਟ, ਦੇ ਨੇੜੇ-ਤੇੜੇ ਇਕ ਪੀਸ, ਮੋਟਾਈ ਸਾਢੇ ਚਾਰ ਇੰਚ, ਪੂਰੇ ਪਹੀਏ ਦੀ ਲੰਬਾਈ ਸਾਢੇ ਚਾਰ ਫ਼ੁੱਟ ਸੀ। ਪਹੀਏ ਵਿਚ ਛੇ ਜੋੜੀਆਂ ਚੌਰਸ ਡੰਡੇ ਹੁੰਦੇ ਸਨ। ਜਿਨ੍ਹਾਂ ਨੂੰ ਗਜ਼ ਆਖਦੇ ਸਨ। ਇਨ੍ਹਾਂ ਗਜ਼ਾਂ ਦੀ ਲੰਬਾਈ ਸਾਢੇ ਚਾਰ ਫ਼ੁੱਟ ਪੁੱਠੀਆਂ ਉੱਪਰ ਤੱਕ ਸੁਰਾਖ਼ ਕੱਢ ਕੇ ਫ਼ਿੱਟ ਕੀਤੇ ਹੁੰਦੀਆਂ ਸਨ। ਛੇ ਪੁੱਠੀਆਂ ਦੇ ਕੱਟਾਂ ਨਾਲ ਲੋਹੇ ਦੀਆਂ ਪੱਤੀਆਂ ਜੜ੍ਹੀਆਂ ਹੁੰਦੀਆਂ ਸਨ। ਗਜ਼ਾਂ ਨਾਲ ਇਕ ਮੋਟੀ ਗੋਲ ਲੱਕੜ ਲੱਗੀ ਹੁੰਦੀ ਸੀ। ਜਿਸ ਨੂੰ ਨਾਭ ਕਹਿੰਦੇ ਸੀ। ਜਿਸ ਨਾਲ ਗੱਡੇ ਦੇ ਪਹੀਏ ਜੋੜੇ ਜਾਂਦੇ, ਉਸ ਨੂੰ ਧੁਰਾ/ਲੱਠ ਕਹਿੰਦੇ ਸਨ। ਇਹ ਲੋਹੇ ਅਤੇ ਲੱਕੜ ਦਾ ਹੁੰਦਾ ਸੀ। ਇਹ ਚੌਰਸ ਤੇ ਇਸ ਦੀ ਲੰਬਾਈ ਪੌਣੇ ਛੇ ਫ਼ੁੱਟ ਹੁੰਦੀ ਸੀ, ਧੁਰੇ ਉੱਪਰ ਹੀ ਪਹੀਏ ਘੁੰਮਦੇ ਸਨ। ਇਸ ਦੇ ਦੋਨੋਂ ਪਾਸਿਆਂ ਦੇ ਸਿਰੇ ਗੋਲ ਹੁੰਦੇ ਸਨ। ਇਨ੍ਹਾਂ ਸਿਰਿਆਂ ਨੂੰ ਹੀ ਪਹੀਏ ਦੀ ਨਾਭ ਦੇ ਪੱਥੇ ਵਿੱਚ ਆੜਾ ਦਿੱਤਾ ਜਾਂਦਾ ਸੀ। ਧੁਰੇ ਦੇ ਦੋਵੇਂ ਮੁੱਢਲੇ ਪਾਸਿਆਂ ਤੇ ਮੋਹਰੀਆਂ/ਸੁਰਾਖ਼ ਹੁੰਦੇ ਸਨ। ਜਿਨ੍ਹਾਂ ਨੂੰ ਪਿੰਜਣੀ ਵਿਚ ਦੀ ਲੰਘਾ ਕੇ ਕੁੰਡੀਆਂ/ਮੁੱਢਲਾ ਠੋਕ/ਗੱਡ ਦਿੱਤੀ ਜਾਂਦੀਆਂ। ਪਿੰਜਣੀ (ਤੀਰ ਨੂੰ ਚਲਾਉਣ ਵਰਗੇ ਕਮਾਨ) ਵਰਗੀ ਹੁੰਦੀ ਸੀ। ਜੋ ਕਿ ਪਹੀਏ ਬਾਹਰ ਨਿਕਲਣ ਤੋਂ ਰੋਕਦੀ ਸੀ। ਜਿਨ੍ਹਾਂ ਨੂੰ ਗੱਡੇ ਦੀ ਛੱਤ ਦੇ ਫ਼ੱਟਿਆਂ ਵਿਚਲੇ ਤੀਰਾਂ ਨਾਲ ਜੋੜਿਆ ਜਾਂਦਾ ਸੀ। ਧੁਰੇ ਦੇ ਲਾਗੇ ਹੀ ਇੱਕ ਲੱਕੜ ਦਾ ਛੋਟਾ ਬਕਸਾ ਲੱਗਾ ਹੁੰਦਾ, ਜਿਸ ਵਿੱਚ ਖੇਤੀਬਾੜੀ ਦੇ ਛੋਟੇ-ਛੋਟੇ ਸੰਦ ਰੰਬਿਆਂ, ਦਾਤਰੀਆਂ ਰੱਖੀਆਂ ਜਾਂਦੀਆਂ ਸਨ। ਪਿਛਲੇ ਪਾਸੇ ਇੱਕ ਲੱਕੜ ਦਾ ਪਾਵਾ ਲਾਇਆ ਹੁੰਦਾ ਸੀ। ਜਿਸ ਨੂੰ ਠੂਣੀ/ਲਾਰੂਆ/ ਉਲਾਲੂਆ ਕਹਿੰਦੇ ਸਨ। ਇਹ ਲੱਕੜ ਗੱਡੇ ਨੂੰ ਪਿੱਛੋਂ ਉਲਰਨ ਤੋਂ ਰੋਕਦੀ ਸੀ।

**ਪੰਜਾਬੀ ਗੀਤਾਂ ਵਿੱਚ ਵੀ ਗੱਡੇ ਦੀ ਤੂਤੀ ਬੋਲਦੀ**

ਪੰਜਾਬੀ ਦੇ ਪ੍ਰਸਿੱਧ ਲੇਖਕ ਸਵਰਗੀ ਨੰਦ ਲਾਲ ਨੂਰਪੁਰੀ ਦੇ ਇਸ ਗੀਤ ਨੇ ਦੁਨੀਆ ਭਰ ਵਿੱਚ ਆਪਣੀ ਥਾਂ ਬਣਾ ਲਈ ਸੀ।

'ਗੱਡੇ ਉੱਤੇ ਆ ਗਿਆ
ਸੰਦੂਕ ਮੁਟਿਆਰ ਦਾ'
*****
'ਬਲਦਾਂ ਵਾਲੀ ਗੱਡੀ ਜੋੜ ਕੇ।
ਖ਼ੂਹ ਤੋਂ ਲੈ ਆ ਘਰ ਨੂੰ ਮੋੜ ਕੇ,
ਕੁੜ੍ਹਤਾ ਚਾਦਰਾ ਪਾ ਕੇ।
ਛੇਤੀ ਖਾਣਾ ਖਾ ਲਾ ਵੇ,
ਜੱਟਾ ਖਿੱਚ ਤਿਆਰੀ
ਮੇਲਾ ਵੇਖਣ ਜਾਣਾ ਵੇ।'
*****

'ਗੱਡੀਏ ਨੀ ਦੇਰ ਨਾ ਕਰੀਂ ਸਾਡੀ ਜ਼ਿੰਦਗੀ ਉਡੀਕੇ ਤੈਨੂੰ।'
ਸਾਉਣ 'ਚ ਗੱਡੇ 'ਤੇ ਆਉਂਦਾ ਸੀ ਘਰ ਵਾਲਾ

ਸਾਉਣ ਮਹੀਨੇ ਜਦ ਮੁਟਿਆਰ ਪੇਕੇ ਘਰ ਤੀਆਂ ਮਨਾਉਣ ਲਈ ਆਉਂਦੀ ਸੀ ਤਾਂ ਫ਼ਿਰ ਸਹੇਲੀਆਂ ਦੀ ਸੱਥ ਵਿਚੋਂ ਸਹੁਰੇ ਜਾਣ ਨੂੰ ਮਨ ਨਹੀਂ ਕਰਦਾ। ਘਰ ਵਾਲਾ ਜਦ ਗੱਡੇ 'ਤੇ ਲੈਣ ਲਈ ਆਉਂਦਾ ਸੀ ਤਾਂ ਅੱਗੋਂ ਮੁਟਿਆਰ ਆਖਦੀ : 'ਸਾਉਣ ਦਾ ਮਹੀਨਾ ਵੇ ਤੂੰ ਆਇਆ ਗੱਡਾ ਜੋੜ ਕੇ ਜਾਂ ਮੈਂ ਨਈਂ ਸੁਹਰੇ ਜਾਣਾ ਲੈ ਜਾ ਖ਼ਾਲੀ ਗੱਡਾ ਮੋੜ ਕੇ....।' ਵਿਆਹ ਦਾ ਸੌਦਾ ਵੀ ਸ਼ਹਿਰੋਂ ਗੱਡਾ ਭਰ ਕੇ ਹੀ ਲਿਆਉਣਾ ਪੈਂਦਾ ਸੀ। ਨਾਨਕਾ ਮੇਲ ਤਾਂ ਪੂਰਾ ਗੱਡੇ ਨੂੰ ਸ਼ਿੰਗਾਰ ਕੇ ਲਿਆਉਂਦੇ ਸਨ। ਬਲਦਾਂ ਉੱਪਰ ਸੂਹੇ ਲਾਲ ਰੰਗ ਦੀ ਫ਼ੁਲਕਾਰੀ ਅਤੇ ਉਨ੍ਹਾਂ ਦੇ ਸਿੰਗਾਂ 'ਤੇ ਚਾਂਦੀ ਜਾਂ ਪਿੱਤਲ ਦੀਆਂ ਟੋਪੀਆਂ ਪਾਈਆਂ ਜਾਂਦੀਆਂ। ਪੂਰਾ ਪਿੰਡ ਨਾਨਕਾ ਛੱਕ ਅਤੇ ਗੱਡੇ ਨੂੰ ਦੇਖਣ ਲਈ ਢੁੱਕਦਾ ਸੀ। ਲੋਕ ਦੇਖ ਹੀ ਰਹਿ ਜਾਂਦੇ ਸਨ। ਜੰਞ/ਬਰਾਤਾਂ ਵੀ ਗੱਡੇ ਉੱਤੇ ਹੀ ਆਉਂਦੀਆਂ ਸਨ। ਦਾਜ-ਦਹੇਜ ਦਾ ਸਾਜ਼ੋ-ਸਾਮਾਨ ਖ਼ਾਸ ਕਰਕੇ ਸੰਦੂਕ ਵੀ ਗੱਡੇ 'ਤੇ ਹੀ ਭੇਜਿਆ ਜਾਂਦਾ ਸੀ। ਕਹਿੰਦੇ-ਕਹਾਉਂਦੇ ਪਰਿਵਾਰ ਕੁੜੀਆਂ ਦੇ ਦਾਜ ਵਿੱਚ ਸੱਤ ਪਸ਼ੂ ਦੇਂਦੇ ਹਨ। ਜਿਨ੍ਹਾਂ ਵਿੱਚ ਮੱਝ, ਗਾਂ, ਬੱਕਰੀ, ਘੋੜੀ, ਊਠ, ਦੋ ਬਲਦ ਅਤੇ ਗੱਡਾ ਵਿਸ਼ੇਸ਼ ਤੌਰ 'ਤੇ ਦਿੱਤਾ ਜਾਂਦਾ ਸੀ। ਗੱਡੀ ਦੀ ਮਾੜੀ-ਮੋਟੀ ਮੁਰੰਮਤ ਤਾਂ ਚਲਾਵਾ ਕਿਸਾਨ ਆਪ ਹੀ ਕਰ ਲੈਂਦਾ ਸੀ। ਜ਼ਿਆਦਾ ਵੱਡਾ ਕੰਮ ਮਿਸਤਰੀ/ਤਰਖਾਣ ਕੋਲੋਂ ਹੀ ਕਰਵਾਉਣਾ ਪੈਂਦਾ ਸੀ। ਗੱਡੇ ਦੀ ਯਾਦ ਸਾਡੇ ਦਿਲਾਂ ਵਿੱਚ ਵੱਸੀ ਹੋਈ ਹੈ। ਹੁਣ ਤਾਂ ਪੰਜਾਬ ਦੇ ਦੋ ਚਾਰ ਘਰਾਂ ਵਿੱਚ ਹੀ ਗੱਡਾ ਪੁਰਾਣੀ ਯਾਦਗਾਰੀ ਨਿਸ਼ਾਨੀ ਵਜੋਂ ਸਾਂਭ ਕੇ ਰੱਖੇ ਹੋਣਗੇ।



# ਵਿਆਹ ਦੀਆਂ ਅਲੋਪ ਹੋ ਚੁੱਕੀਆਂ ਰਸਮਾਂ-ਸਿਹਰਾ ਅਤੇ ਸਿੱਖਿਆ

**ਗੁਰਮੁੱਖ ਸਿੰਘ ਲਾਲੀ**

ਪੁਰਾਤਨ ਸਮੇਂ ਪੰਜਾਬ ਵਿੱਚ ਵਿਆਹ ਦੀਆਂ ਅਨੇਕਾਂ ਰਸਮਾਂ ਹੁੰਦੀਆਂ ਸਨ, ਜਿਨ੍ਹਾਂ ਵਿਚੋਂ ਵਿਆਹ ਤੋਂ ਪਹਿਲਾਂ ਆਂਢਣਾਂ-ਗੁਆਂਢਣਾਂ ਵਲੋਂ ਵਿਆਂਹਦੜ ਮੁੰਡੇ ਦੇ ਘਰ ਜਾ ਕੇ ਗੀਤ ਗਾਉਣੇ, ਮਾਈਆਂ ਦੇਣੀਆਂ, ਮੌਲੀ ਬੰਨ੍ਹਣੀ, ਸਾਹਿ-ਚਿੱਠੀ, ਵਿਆਹ ਬੰਨ੍ਹਣਾ, ਵਿਆਂਹਦੜ (ਮੁੰਡਾ ਜਾਂ ਕੁੜੀ) ਦੀ ਨਹਾਈ-ਧੋਈ, ਬਟਨਾ ਮਲਣਾ, ਸਿਹਰਾ ਬੰਨ੍ਹਣਾ, ਜੰਨ ਬੰਨ੍ਹਣੀ, ਜੰਨ ਛਡਾਉਣੀ, ਲਾੜੇ ਦਾ ਵਾਰ ਰੋਕਣਾ, ਲਾੜੇ ਦੀ ਜੁੱਤੀ ਚੁੱਕਣੀ, ਸਿਹਰਾ ਪੜ੍ਹਨਾ, ਸਿੱਖਿਆ ਪੜ੍ਹਨੀ, ਆਟੇ ਪਾਣੀ ਪਾਉਣਾ, ਫ਼ੇਰੇ ਜਾਂ ਆਨੰਦ ਕਾਰਜ, ਜੰਡੀ ਵੱਢਣੀ, ਜੋੜੀ ਉਤੋਂ ਪਾਣੀ ਵਾਰ ਕੇ ਪੀਣਾ ਆਦਿ ਪ੍ਰਮੁੱਖ ਸਨ। ਅੱਜ ਅਸੀਂ ਉਨ੍ਹਾਂ ਦੋ ਰਸਮਾਂ ਦਾ ਜ਼ਿਕਰ ਕਰ ਰਹੇ ਹਾਂ, ਜੋ ਵਿਆਹ ਸਮਾਗਮਾਂ ਵਿਚੋਂ ਮਨਫ਼ੀ ਹੋ ਚੁੱਕੀਆਂ ਹਨ। ਉਹ ਹਨ ਪਹਿਲੀ ਸਿੱਖਿਆ ਅਤੇ ਦੂਸਰਾ ਸਿਹਰਾ।







ਲੈ ਮੇਰੀ ਮਾਲਣ ਬੰਨ੍ਹ ਨੀ ਸਿਹਰਾ,
ਬੰਨ੍ਹ ਨੀ ਲਾਲ ਜੀ ਦੇ ਮੱਥੇ।
ਹਰਿਆ ਨੀ ਮਾਲਣ, ਭਰਿਆ ਨੀ ਮਾਲਣ,
ਹਰਿਆ ਤੇ ਭਾਗੀਂ ਭਰਿਆ ਜੀ।

ਪੰਜਾਬ ਦੇ ਕੁਝ ਕੁ ਲੋਕ ਜੋ ਪੰਜਾਬ ਦੇ ਪੁਰਾਤਨ ਵਿਰਸੇ ਨੂੰ ਪਿਆਰ ਕਰਦੇ ਹਨ, ਉਨ੍ਹਾਂ ਦੇ ਘਰਾਂ ਦੀਆਂ ਬੈਠਕਾਂ ਜਾਂ ਅਜੋਕੇ ਡਰਾਇੰਗ ਰੂਮਾਂ ਵਿੱਚ ਪੁਰਾਤਨ ਸਿਹਰੇ ਸ਼ੀਸ਼ਿਆਂ ਵਿੱਚ ਜੜਾ ਕੇ ਰੱਖੇ ਹੋਏ ਹਨ।

ਸਿੱਖਿਆ : ਸਿੱਖਿਆ ਸਿਹਰੇ ਦੀ ਸਕੀ ਭੈਣ ਸੀ। ਇਸ ਦਾ ਜਨਮ ਸਮਾਜਿਕ ਮਜਬੂਰੀ ਵਿਚੋਂ ਹੋਇਆ। ਪੁਰਾਣੇ ਸਮਿਆਂ ਵਿੱਚ ਧੀਆਂ ਨੂੰ ਪਰਾਇਆ ਧਨ ਜਾਂਦਾ ਸੀ। ਬੱਚਿਆਂ ਦੀ ਬਹੁਤਾਤ ਹੋਣ ਕਰਕੇ ਬੇਟੀਆਂ ਦਾ ਵਿਆਹ ਛੋਟੀ ਉਮਰ ਵਿੱਚ ਕਰਕੇ ਮਾਪੇ ਆਪਣੇ-ਆਪ ਨੂੰ ਫ਼ਾਰਗ ਸਮਝਦੇ ਸਨ। ਸੂਝਵਾਨ ਲੋਕਾਂ ਨੇ ਸਿੱਖਿਆ ਦੀ ਸਿਰਜਣਾ ਕੀਤੀ, ਤਾਂ ਜੋ ਬਾਲ ਵਰੇਸ ਦੀ ਉਮਰੇ ਬੇਗਾਨੇ ਘਰੇ ਜਾ ਰਹੀ ਧੀ ਨੂੰ ਆਪਣੀਆਂ ਜ਼ਿੰਮੇਵਾਰੀਆਂ, ਅਧਿਕਾਰਾਂ, ਫ਼ਰਜ਼ਾਂ ਦੀ ਜਾਣਕਾਰੀ ਸਿੱਖਿਆ ਰਾਹੀਂ ਦਿੱਤੀ ਜਾ ਸਕੇ। ਫ਼ੇਰਿਆਂ ਜਾਂ ਅਨੰਦ ਕਾਰਜ ਤੋਂ ਬਾਅਦ ਇੱਕ ਆਤਮ-ਵਿਸ਼ਵਾਸ ਨਾਲ ਭਰੀ ਲੜਕੀ ਸਿੱਖਿਆ ਪੜ੍ਹਦੀ ਸੀ। ਬਰਨਾਲੇ ਦੀ ਅਧਿਆਪਕਾ ਮਨਰਾਜ ਕੌਰ ਧਾਲੀਵਾਲ ਸਿੱਖਿਆ ਪੜ੍ਹਨ ਵਿੱਚ ਮਾਹਿਰ ਸੀ। ਉਸ ਨੇ ਕਰੀਬ ਦੋ ਦਰਜਨ ਧੀਆਂ ਦੇ ਅਨੰਦ ਕਾਰਜਾਂ 'ਤੇ ਸਿੱਖਿਆ ਪੜ੍ਹੀ ਸੀ। ਉਸ ਕੋਲ ਆਪਣੀ ਨਿੱਜੀ ਡਾਇਰੀ ਵਿੱਚ 15 ਦੇ ਕਰੀਬ ਵੱਖ-ਵੱਖ ਤਰ੍ਹਾਂ ਦੀਆਂ ਸਿੱਖਿਆਵਾਂ ਮੌਜੂਦ ਹਨ। ਸਿੱਖਿਆ ਵਿੱਚ ਧੀ ਆਪਣੀ ਮਾਂ ਨੂੰ ਆਪਣੇ ਘਰ ਰੱਖਣ ਦੀ ਜੋਦੜੀ ਕਰਦੀ ਹੈ:

ਧੀ ਆਖਦੀ ਅੰਮੜੀਏ ਤਰਸ ਕਰ ਨੀ,
ਕਾਹਤੋਂ ਨੌਹਾਂ ਤੋਂ ਮਾਸ ਵਿਛੋੜਨੀ ਏਂ।
ਪਾਲ ਪੋਸ ਕੇ ਪਹਿਲਾਂ ਜੁਆਨ ਕੀਤਾ,
ਹੁਣ ਕਿਉਂ ਡੋਰ ਮਮਤਾ ਦੀ ਤੋੜਨੀ ਏਂ।
ਮੇਰਾ ਦਸ ਖਾਂ ਕੋਈ ਕਸੂਰ ਮਾਏ,
ਕਾਹਤੋਂ ਨਦੀ ਵਿਯੋਗ ਦੀ ਰੋਹੜਨੀ ਏਂ।
ਕਦੀ ਪਲ ਨਾ ਅੱਖਾਂ ਤੋਂ ਪਰੇ ਕੀਤਾ,
ਹੁਣ ਕਿਉਂ ਲਾਡਲੀ ਤੋਂ ਮੁੱਖ ਮੋੜਨੀ ਏਂ।

ਬਰਨਾਲਾ ਸ਼ਹਿਰ ਲਾਗਲੇ ਘੁੱਗ ਵਸਦੇ ਪਿੰਡ ਸ਼ੇਰ ਸਿੰਘ ਪੁਰਾ ਵਿੱਚ ਜਥੇਦਾਰ ਪ੍ਰਗਟ ਸਿੰਘ ਯਾਦਗਾਰੀ ਸੰਗੀਤਕ ਲਾਇਬਰੇਰੀ ਹੈ। ਉਸ ਵਿੱਚ ਸਿਹਰੇ ਅਤੇ ਸਿੱਖਿਆ ਨਾਲ ਸੰਬੰਧਿਤ ਪੁਰਾਤਨ ਤਵੇ ਸਾਂਭੇ ਹੋਏ ਹਨ। ਜਿਨ੍ਹਾਂ ਤੋਂ ਸਾਨੂੰ ਵਿਆਹ ਦੀਆਂ ਅਲੋਪ ਹੋ ਚੁੱਕੀਆਂ ਇਹ ਦੋ ਉਪਰੋਕਤ ਰਸਮਾਂ ਸੰਬੰਧੀ ਦੋ ਸ਼ਬਦ ਲਿਖਣ ਦੀ ਪ੍ਰੇਰਨਾ ਮਿਲੀ ਹੈ। ਸੰਨ 1965 ਵਿੱਚ ਆਸਾ ਸਿੰਘ ਮਸਤਾਨਾ ਦੀ ਆਵਾਜ਼ ਵਿੱਚ ਕੋਲੰਬੀਆ ਕੰਪਨੀ ਵਿੱਚ ਰਿਕਾਰਡ ਹੋਈ ਇੱਕ ਸਿੱਖਿਆ ਮਿਲਦੀ ਹੈ, ਜਿਸ ਦੇ ਬੋਲ ਸਨ, 'ਲਾਡਾਂ ਪਾਲੀਏ ਚੰਬੇ ਦੀਏ ਡਾਲੀਏ, ਦੇਵਾਂ ਸਿੱਖਿਆ ਨਾਲ ਪਿਆਰ ਤੈਨੂੰ', ਇਹ ਸਿੱਖਿਆ ਪ੍ਰਸਿੱਧ ਪੰਜਾਬੀ ਸਾਹਿਤਕਾਰ ਨਾਨਕ ਸਿੰਘ ਨੇ ਲਿਖੀ ਸੀ। ਪ੍ਰਸਿੱਧ ਗਾਇਕ ਅਤੇ ਮਿਆਰੀ ਗੀਤ ਸਰੋਤਿਆਂ ਦੇ ਕੰਨੀਂ ਪਾਉਣ ਵਾਲੇ ਸਾਈਂ ਦੀਵਾਨਾ ਜੀ ਦੀ ਐਚ.ਐਮ.ਵੀ. ਦਾ ਟਵਿਨ ਮਾਰਕਾ ਕੰਪਨੀ ਵਿੱਚ ਸਿੱਖਿਆ ਮਿਲਦੀ ਹੈ, ਜਿਸ ਦੀ ਭੂਮਿਕਾ ਵਿੱਚ ਦੀਵਾਨਾ ਜੀ ਆਖਦੇ ਹਨ ਕਿ 'ਇਹ ਪਿਆਰ ਭਰੀ ਸਿੱਖਿਆ, ਸਹੁਰੇ ਤੁਰਦੀ ਬੀਬੀ ਨੂੰ ਮਾਤਾ-ਪਿਤਾ ਅਤੇ ਭੈਣ-ਭਰਾਵਾਂ ਵਲੋਂ ਦਿੱਤੀ ਜਾਂਦੀ ਹੈ, ਬੋਲ ਹਨ, 'ਲਾਡਾਂ ਪਾਲੀਏ ਚੰਬੇ ਦੀਏ ਡਾਲੀਏ ਨੀ, ਦੇਵਾਂ ਸਿੱਖਿਆ ਨਾਲ ਪਿਆਰ ਧੀਏ, ਘੜੀ ਇੱਕ ਨਾ ਅੱਖੀਓਂ ਦੂਰ ਹੋਈਓਂ ਤੱਕ ਜੀਂਵਦਾ ਰਿਹਾ ਪਰਿਵਾਰ ਧੀਏ'

ਇਥੇ ਇੱਕ ਹੋਰ ਗੱਲ ਧਿਆਨ ਗੋਚਰੇ ਹੈ। ਕਈ ਵਾਰ ਲੜਕੀ ਵਾਲਿਆਂ ਕੋਲ ਕੋਈ ਐਸੀ ਕੁੜੀ ਮੌਜੂਦ ਨਹੀਂ ਹੁੰਦੀ ਸੀ, ਜਿਹੜੀ ਸਿੱਖਿਆ ਪੜ੍ਹ ਸਕੇ। ਉਸ ਜ਼ਮਾਨੇ 'ਚ ਧੀਆਂ ਸ਼ਰਮਾਕਲ ਸੁਭਾਅ ਦੀਆਂ ਹੁੰਦੀਆਂ ਸਨ, ਮਾਈਕ ਮੂਹਰੇ ਖੜ੍ਹ ਜ਼ਰੂਰ ਜਾਂਦੀਆਂ ਸਨ ਪਰ ਇਕ ਦੋ ਫ਼ਿਕਰੇ ਪੜ੍ਹ ਕੇ ਸੰਗਦੀਆਂ ਬੈਠ ਜਾਂਦੀਆਂ ਸਨ। ਮੁੰਡੇ ਵਾਲਿਆਂ ਦਾ ਇੱਕ ਵਿਅਕਤੀ ਸਿਹਰਾ ਪੜ੍ਹ ਦਿੰਦਾ। ਇਸ ਦੇ ਜਵਾਬ ਵਲੋਂ ਲੜਕੀ ਵਾਲੇ ਸਪੀਕਰ 'ਤੇ ਤਵਾ ਵਜਾ ਦਿੰਦੇ। ਅਕਸਰ ਇਹ ਤਵਾ ਨਰਿੰਦਰ ਬੀਬਾ ਦੀ ਆਵਾਜ਼ 'ਚ ਹੁੰਦਾ ਗੀਤ 'ਆਹ ਲੈ ਮਾਏ ਸਾਂਭ ਕੁੰਜੀਆਂ, ਧੀਆਂ ਕਰ ਚੱਲੀਆਂ ਸਰਦਾਰੀ', ਦੂਜਾ ਗੀਤ ਗਾਇਕ ਸਿਰੀ ਰਾਮ ਦਰਦ ਦੀ ਆਵਾਜ਼ ਵਿੱਚ 'ਧੀਆਂ ਹੁੰਦੀਆਂ ਨੇ ਦੌਲਤਾਂ, ਬੇਗਾਨੀਆਂ ਵੇ, ਹੱਸ ਹੱਸ ਤੋਰੀਂ ਬਾਬਲਾ' ਹੁੰਦਾ। ਤੀਜੇ ਗੀਤ 'ਛੱਡ ਕੇ ਪੇਕੇ ਸਹੁਰੇ ਚੱਲੀ, ਗਲੀਆਂ ਹੋਣ ਪਰਾਈਆਂ' ਗਾਇਕਾ ਨਰਿੰਦਰ ਬੀਬਾ ਹੁੰਦੀ। 'ਨਾਨਕ ਦੁਖੀਆ ਸਭ ਸੰਸਾਰ' (1971) ਦੇ ਇੱਕ ਵਿਦਾਈ ਗੀਤ ਜਿਸ ਦੇ ਬੋਲ 'ਜਾਹ ਵੀਰਾਂ ਦੀਏ ਲਾਡਲੀਏ' ਵੀ ਵਜਾ ਦਿੱਤਾ ਜਾਂਦਾ। ਇੱਕ ਫ਼ਿਲਮ 1962 ਵਿੱਚ 'ਚੌਧਰੀ ਕਰਨੈਲ ਸਿੰਘ' ਬਣੀ ਸੀ, ਉਸ ਵਿੱਚ ਪ੍ਰਸਿੱਧ ਗਾਇਕ ਮੁਹੰਮਦ ਰਫ਼ੀ ਦਾ ਗਾਇਆ ਗੀਤ 'ਘਰ ਬਾਬਲ ਦਾ ਛੱਡ ਕੇ ਧੀਏ, ਹੋਈ ਐਂ ਅੱਜ ਪਰਾਈ' ਵੀ ਸਪੀਕਰ ਵਾਲੇ ਚਲਾ ਕੇ ਮਾਹੌਲ ਨੂੰ ਵੈਰਾਗਮਈ ਬਣਾ ਦਿੰਦੇ ਅਤੇ ਸਿਹਰੇ ਵਾਲੀ ਭਾਜੀ ਵੀ ਮੋੜ ਦਿੰਦੇ ਸਨ।

ਪੁਰਾਤਨ ਸਮਾਂ ਘਰੇਲੂ ਰੁਝੇਵਿਆਂ, ਪੈਸੇ ਦੀ ਘਾਟ, ਸਾਧਨਾਂ ਦੀ ਅਣਹੋਂਦ ਦਾ ਸਮਾਂ ਸੀ। ਕਈ ਵਾਰ ਜੋ ਰਿਸ਼ਤੇਦਾਰ ਲਾੜੇ-ਲਾੜੀ ਦੇ ਵਿਆਹ ਵਿੱਚ ਪਹੁੰਚਦੇ ਉਨ੍ਹਾਂ ਕਦੇ ਉਸ ਲੜਕੇ-ਲੜਕੀ ਨੂੰ ਤੱਕਿਆ ਨਹੀਂ ਸੀ ਹੁੰਦਾ। ਸਿਹਰੇ ਦੇ ਬੋਲ ਉਸ ਲੜਕੇ ਦੀ ਦੂਰ ਦੇ ਰਿਸ਼ਤੇਦਾਰਾਂ ਨਾਲ ਜਾਣ-ਪਹਿਚਾਣ ਕਰਵਾਉਂਦੇ ਸਨ। ਇਸ ਵਿੱਚ ਮਾਮਿਆਂ-ਮਾਮੀਆਂ, ਮਾਸੜ-ਮਾਸੀਆਂ, ਭੂਆ-ਫੁੱਫੜਾਂ ਅਤੇ ਹੋਰ ਰਿਸ਼ਤੇਦਾਰਾਂ ਦੇ ਨਾਂਅ ਤੁੱਕਬੰਦੀ ਕਰਕੇ ਜੋੜੇ ਹੁੰਦੇ। ਇਥੇ ਇਹ ਵੀ ਦੱਸਣਯੋਗ ਹੈ ਕਿ ਸਿਹਰੇ ਦੇ ਨਾਲ ਕਈ ਵਾਰ ਲਾੜੇ ਦੇ ਕਲਗੀ ਵੀ ਲਗਾ ਦਿੱਤੀ ਜਾਂਦੀ ਸੀ। ਕਲਗੀ ਉਸ ਨੂੰ ਦਸਮੇਸ਼ ਪਿਤਾ ਦਾ ਪੁੱਤਰ ਹੋਣ ਦਾ ਅਹਿਸਾਸ ਕਰਵਾਉਂਦੀ ਸੀ। ਆਪਣੀ ਵਹੁਟੀ ਅਤੇ ਕਬੀਲਦਾਰੀ ਨੂੰ ਜ਼ਿੰਮੇਵਾਰੀ ਨਾਲ ਨਿਭਾਉਣ ਦੀ ਹੱਲਾਸ਼ੇਰੀ ਵੀ ਦਿੰਦੀ ਸੀ। ਸਿਹਰਾ ਪੰਜਾਬ ਦੇ ਵੱਖ-ਵੱਖ ਖ਼ੇਤਰਾਂ ਵਿੱਚ ਵੱਖ-ਵੱਖ ਸਮੇਂ ਪੜ੍ਹਿਆ ਜਾਂਦਾ। ਕਿਤੇ ਜੰਨ (ਜੰਞ) ਚੜ੍ਹਨ ਤੋਂ ਪਹਿਲਾਂ, ਕਿਸੇ ਖਿੱਤੇ ਵਿੱਚ ਫ਼ੇਰਿਆਂ ਜਾਂ ਅਨੰਦ ਕਾਰਜ ਤੋਂ ਬਾਅਦ।

ਸਿਹਰਾ ਪੜ੍ਹਨ ਵਾਲਾ ਵਿਅਕਤੀ ਆਮ ਤੌਰ 'ਤੇ ਸਧਾਰਨ ਵਿਅਕਤੀ ਨਹੀਂ ਹੁੰਦਾ ਸੀ। ਉਹ ਪੂਰੇ ਆਤਮ-ਵਿਸ਼ਵਾਸ ਵਾਲਾ ਮਾਈਕ 'ਤੇ ਖੜ੍ਹ ਕੇ ਬੇਝਿਜਕ ਹੋ ਕੇ ਸਿਹਰਾ ਪੜ੍ਹਨ ਵਿੱਚ ਮਾਹਿਰ ਹੁੰਦਾ ਸੀ। ਕਈ ਧਨਾਢ ਵਿਅਕਤੀ ਕਿੱਸੇ ਗਵੱਈਏ ਜਾਂ ਪ੍ਰਸਿੱਧ ਵਿਅਕਤੀ ਨੂੰ ਸਿਹਰਾ ਪੜ੍ਹਨ ਲਈ ਵਿਸ਼ੇਸ਼ ਤੌਰ 'ਤੇ ਬਰਾਤ ਵਿੱਚ ਲੈ ਕੇ ਜਾਂਦੇ। ਪ੍ਰਸਿੱਧ ਕਾਲਮਨਵੀਸ ਗੁਲਜ਼ਾਰ ਸਿੰਘ ਸੰਧੂ ਦੇ ਅਨੰਦ ਕਾਰਜ ਮੌਕੇ ਸ਼ਿਵ ਕੁਮਾਰ ਬਟਾਲਵੀ ਨੇ ਸਿਹਰੇ ਦੀ ਥਾਂ ਕਵਿਤਾ ਪੜ੍ਹ ਕੇ ਔਰਤਾਂ ਨੂੰ ਰੋਣ ਲਾ ਦਿੱਤਾ ਸੀ। ਪੱਤਰਕਾਰ ਅਵਤਾਰ ਸਿੰਘ ਅਣਖੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਪਰਮਜੀਤ ਸਿੰਘ ਖ਼ਾਲਸਾ ਦੇ ਵਿਆਹ ਮੌਕੇ ਪ੍ਰਸਿੱਧ ਇਨਕਲਾਬੀ ਸ਼ਾਇਰ ਸੰਤ ਰਾਮ ਉਦਾਸੀ ਨੇ ਸਿਹਰਾ ਪੜ੍ਹ ਕੇ ਵਾਹ-ਵਾਹ ਖੱਟੀ ਸੀ।

ਸਿਹਰੇ ਦੇ ਦੋ ਬੋਲ ਪਾਠਕਾਂ ਦੇ ਸਨਮੁੱਖ ਹਨ:

ਵਕਤ ਵਿਆਹ ਦੇ ਸਿਹਰੇ ਦੀ ਪਵੇ ਕੀਮਤ,
ਹੁੰਦਾ ਵਿਆਹ ਵਿੱਚ ਸ਼ਗਨਾਂ ਦੀ ਗੀਤ ਸਿਹਰਾ।
ਪਿਆਰ, ਮੁਹੱਬਤ ਦੇ ਖਿੜ ਪਏ ਫ਼ੁੱਲ ਸੋਹਣੇ,
ਬੰਨ੍ਹਿਆ ਲਾੜੇ ਦੇ ਜਦੋਂ ਪ੍ਰੀਤ ਸਿਹਰਾ।

-0-

# ਪੁਰਾਣੇ ਵਿਆਹਾਂ ਦੀ ਸਾਦਗੀ ਤੇ ਸਾਂਝ

**ਬਹਾਦਰ ਸਿੰਘ ਗੋਸਲ**

ਪੰਜਾਬੀ ਸੱਭਿਆਚਾਰ ਦੇ ਰੰਗ ਬੜੇ ਨਿਆਰੇ ਹਨ। ਪੰਜਾਬ ਦੇ ਪਿੰਡਾਂ ਵਿੱਚ ਪੁਰਾਣੇ ਸਮੇਂ 'ਤੇ ਝਾਤ ਮਾਰਦਿਆਂ ਮਨ ਨੂੰ ਸਕੂਨ ਮਿਲਦਾ ਹੈ। ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਕੁਝ ਸਮਾਂ ਪਹਿਲਾਂ ਪੰਜਾਬ ਦੇ ਪਿੰਡਾਂ ਵਿੱਚ ਜੋ ਵੀ ਹੁੰਦਾ ਸੀ, ਉਹ ਪੰਜਾਬੀ ਸੱਭਿਆਚਾਰ ਦਾ ਮਨਮੋਹਕ ਹਿੱਸਾ ਬਣ ਜਾਂਦਾ ਸੀ। ਜਿਨ੍ਹਾਂ ਵਿੱਚ ਔਰਤਾਂ ਵੱਲੋਂ ਕੱਚੇ ਕੋਠਿਆਂ ਨੂੰ ਲਿੱਪਣਾ, ਵਿਆਹਾਂ ਵਿੱਚ ਮਹੀਨਾ ਪਹਿਲਾਂ ਹੀ ਗੀਤ ਗਾਉਣਾ ਸ਼ੁਰੂ ਕਰ ਦੇਣਾ, ਇਕੱਠੀਆਂ ਹੋ ਕੇ ਤ੍ਰਿੰਝਣਾਂ ਵਿੱਚ ਚਰਖਿਆਂ ਦਾ ਘੂਕ ਬੰਨ੍ਹਣਾ, ਰੰਗੀਨ ਦਰੀਆਂ ਬੁਣਨਾ, ਗਿੱਧਿਆਂ ਦੇ ਪਿੜ ਜਮਾਉਣਾ, ਇਕੱਠੀਆਂ ਹੋ ਕੇ ਵੰਗਾਂ ਚੜ੍ਹਾਉਣਾ, ਸਾਂਝੇ ਚੁੱਲ੍ਹੇ ਤੇ ਤੰਦੂਰ 'ਤੇ ਰੋਟੀਆਂ ਬਣਾਉਣਾ, ਵੱਡੇ ਪਿੱਪਲਾਂ-ਬੋਹੜਾਂ ਹੇਠਾਂ ਤੀਆਂ ਦੇ ਰੰਗ ਬੰਨ੍ਹਣਾ ਆਦਿ ਸ਼ਾਮਲ ਹੁੰਦੇ ਸਨ। ਇੱਥੋਂ ਤੱਕ ਕਿ ਔਰਤਾਂ ਵੱਲੋਂ ਘਰੇਲੂ ਕੰਮਾਂ ਨੂੰ ਵੀ ਸਾਂਝੇ ਤੌਰ 'ਤੇ ਕਰਕੇ ਭਾਈਚਾਰਕ ਸਾਂਝ ਦਾ ਸੱਦਾ ਦਿੱਤਾ ਜਾਂਦਾ ਸੀ।

ਪੁਰਾਣੇ ਸਮੇਂ ਵਿੱਚ ਪਿੰਡਾਂ ਵਿੱਚ ਵਿਆਹ ਤਾਂ ਭਾਵੇਂ ਇੱਕ ਘਰ ਹੁੰਦਾ ਸੀ, ਪਰ ਇਹ ਪੂਰੇ ਪਿੰਡ ਦਾ ਹੀ ਸਾਂਝਾ ਕਾਰਜ ਬਣ ਜਾਂਦਾ ਸੀ। ਔਰਤਾਂ ਲਈ ਸਮਾਜਿਕ ਮਿਲਵਰਤਣ ਅਤੇ ਖ਼ੁਸ਼ੀ ਦਾ ਮਾਹੌਲ ਬਣ ਜਾਂਦਾ ਸੀ। ਉਹ ਵਿਆਹ ਵਾਲੇ ਘਰ ਇਕੱਠੀਆਂ ਹੋ ਕੇ ਜਾਂਦੀਆਂ, ਕਦੇ ਕਣਕ ਸਾਫ਼ ਕਰਦੀਆਂ, ਕਦੇ ਦਾਲਾਂ ਚੁਗਦੀਆਂ ਅਤੇ ਕਦੇ ਇਕੱਠੀਆਂ ਬੈਠ ਵਿਆਹ ਵਿੱਚ ਸੁਹਾਗ ਦੇ ਗੀਤ ਗਾਉਂਦੀਆਂ। ਉਨ੍ਹਾਂ ਦਾ ਹਰ ਕਾਰਜ ਅਜਿਹਾ ਹੁੰਦਾ ਸੀ ਕਿ ਵਿਆਹ ਦੀ ਰੀਤ ਯਾਦਗਾਰੀ ਬਣ ਜਾਵੇ ਅਤੇ ਵਿਆਹ ਵਾਲੇ ਘਰਦਿਆਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ।

ਜਦੋਂ ਕਦੇ ਪਿੰਡ ਵਿੱਚ ਕਿਸੇ ਕੁੜੀ ਦਾ ਵਿਆਹ ਹੁੰਦਾ ਸੀ ਤਾਂ ਸਾਰਾ ਪਿੰਡ ਹੀ ਬਰਾਤ ਦੇ ਸਵਾਗਤ ਦੀਆਂ ਤਿਆਰੀਆਂ ਵਿੱਚ ਰੁੱਝ ਜਾਂਦਾ ਸੀ। ਔਰਤਾਂ ਖ਼ਾਸ ਕਰਕੇ ਬਰਾਤੀਆਂ ਨੂੰ ਨਵੀਆਂ-ਨਵੀਆਂ ਸਿੱਠਣੀਆਂ ਦੇਣ ਦੀਆਂ ਤਿਆਰੀਆਂ ਕਰਨ ਲੱਗਦੀਆਂ। ਉਨ੍ਹਾਂ ਦਿਨਾਂ ਵਿੱਚ ਬਰਾਤ ਦੀ ਆਓ-ਭਗਤ ਨੂੰ ਵਿਸ਼ੇਸ਼ ਤਰਜੀਹ ਦਿੱਤੀ ਜਾਂਦੀ ਸੀ। ਬਰਾਤ ਵੀ ਦੋ-ਤਿੰਨ ਦਿਨ ਠਹਿਰਦੀ ਸੀ ਅਤੇ ਸਾਰਾ ਪਿੰਡ ਹੀ ਬਰਾਤ ਦੀ ਸੇਵਾ ਵਿੱਚ ਲੱਗਿਆ ਰਹਿੰਦਾ ਸੀ। ਕੋਈ ਮੰਜੇ-ਬਿਸਤਰਿਆਂ ਦੀ ਸੇਵਾ ਕਰਦਾ, ਕੋਈ ਬਰਾਤ ਦੇ ਇਸ਼ਨਾਨ-ਪਾਣੀ ਦਾ ਬੰਦੋਬਸਤ ਕਰਦਾ, ਕੋਈ ਹਲਵਾਈ ਨਾਲ ਮਿਲ ਕੇ ਬਰਾਤ ਲਈ ਭਾਂਤ-ਭਾਂਤ ਦੀ ਮਠਿਆਈ ਬਣਵਾਉਣ ਵਿੱਚ ਲੱਗਿਆ ਰਹਿੰਦਾ। ਔਰਤਾਂ ਇਕੱਠੀਆਂ ਹੋ ਕੇ ਤਵੀ 'ਤੇ ਰੋਟੀਆਂ ਜਾਂ ਪੁਰਾਣੇ ਸਮੇਂ ਦੀਆਂ ਪੋਲੀਆਂ ਬਣਾਉਣ ਵਿੱਚ ਖ਼ੁਸ਼ ਰਹਿੰਦੀਆਂ ਹੋਈਆਂ, ਗੀਤਾਂ ਦੀਆਂ ਬਹਾਰਾਂ ਲਗਾ ਰੱਖਦੀਆਂ। ਇੰਝ ਲੱਗਦਾ ਹੁੰਦਾ ਕਿ ਜਿਵੇਂ ਇੱਕ ਕੁੜੀ ਦੇ ਵਿਆਹ ਨੇ ਸਾਰੇ ਪਿੰਡ ਨੂੰ ਹੀ ਕੰਮ ਲਗਾ ਦਿੱਤਾ ਹੋਵੇ।

ਜੰਞ ਆਉਣ ਵਾਲੇ ਵਿਅਕਤੀਆਂ ਵਿੱਚ ਵੀ ਜੰਞ ਚੜ੍ਹਨ ਦਾ ਚਾਅ ਹੁੰਦਾ ਸੀ। ਜਿਸ ਪਿੰਡ ਵਿੱਚ ਕਿਸੇ ਮੁੰਡੇ ਦੀ ਜੰਞ ਚੜ੍ਹਦੀ ਤਾਂ ਉਸ ਦੇ ਰਿਸ਼ਤੇਦਾਰ, ਮੇਲੀ ਅਤੇ ਪਿੰਡ ਦੇ ਖ਼ਾਸ ਵਿਅਕਤੀ ਜੰਞ ਜਾਣ ਲਈ ਨਵੇਂ ਕੱਪੜੇ ਬਣਵਾਉਣ ਅਤੇ ਪੂਰੀ ਠਾਠ ਨਾਲ ਜੰਞ ਚੜ੍ਹਨ ਦੀ ਤਿਆਰੀ ਕਰਦੇ। ਕਿਸੇ ਵੀ ਪਿੰਡ ਵਿੱਚ ਗਾਜਿਆਂ-ਬਾਜਿਆਂ ਨਾਲ ਜੰਞ ਚੜ੍ਹਨ ਦਾ ਨਜ਼ਾਰਾ ਦੇਖਣ ਯੋਗ ਹੁੰਦਾ ਸੀ। ਉਨ੍ਹਾਂ ਦਿਨਾਂ ਵਿੱਚ ਜੰਞ ਵੀ ਰਥਾਂ, ਘੋੜਿਆਂ, ਗੱਡਿਆਂ ਜਾਂ ਊਠਾਂ ਉੱਤੇ ਜਾਇਆ ਕਰਦੀ ਸੀ। ਮੋਟਰ ਕਾਰਾਂ ਦਾ ਜ਼ਮਾਨਾ ਅਜੇ ਨਹੀਂ ਸੀ ਆਇਆ। ਜੰਞ ਚੜ੍ਹਦੀ ਨੂੰ ਸਾਰਾ ਪਿੰਡ ਹੀ ਦੇਖਣ ਆਇਆ ਕਰਦਾ ਸੀ ਤਾਂ ਹੀ ਤਾਂ ਕਿਹਾ ਜਾਂਦਾ ਸੀ;

ਵਿਆਂਦੜ ਗੱਭਰੂ ਰਥ ਵਿੱਚ ਬਹਿ ਗਿਆ
ਉੱਪਰ ਛੱਤਰੀ ਲਾ ਕੇ
ਵੀਰ ਉਸ ਦੇ ਚੜ੍ਹ ਗਏ ਊਠਾਂ 'ਤੇ
ਪੈਰੀਂ ਝਾਂਜਰਾਂ ਪਾ ਕੇ
ਚਾਚੇ, ਤਾਏ, ਮਾਮੇ, ਦੋਸਤ
ਜੰਞ ਚੜ੍ਹਗੇ ਹੁੰਮ ਹੁੰਮਾ ਕੇ
ਭੰਗੜਾ ਖ਼ੂਬ ਪਿਆ
ਜਦ ਜੰਞ ਢੁੱਕੀ ਦਰਵਾਜ਼ੇ।

ਇਸ ਤਰ੍ਹਾਂ ਇਹ ਸਮਾਂ ਬਹੁਤ ਸੁਹਾਵਣਾ ਅਤੇ ਸਾਰੇ ਪਿੰਡ ਲਈ ਖ਼ੁਸ਼ੀਆਂ ਭਰਿਆ ਹੁੰਦਾ ਸੀ। ਜਾਂਝੀ ਇੱਕ ਦੂਜੇ ਦੀ ਟੌਹਰ ਦੇਖ ਕੇ ਮਸ਼ਕਰੀਆਂ ਕਰਦੇ ਸਨ। ਇਸੇ ਤਰ੍ਹਾਂ ਜਦੋਂ ਫਿਰ ਜੰਞ ਕਿਸੇ ਦੂਜੇ ਪਿੰਡ ਕੁੜੀ ਵਾਲਿਆਂ ਦੇ ਪਿੰਡ ਪਹੁੰਚਦੀ ਤਾਂ ਜਾਂਝੀਆਂ ਵੱਲੋਂ ਖ਼ੂਬ ਭੰਗੜਾ ਪਾਇਆ ਜਾਂਦਾ ਅਤੇ ਹਰ ਇੱਕ ਬਰਾਤੀ ਆਪਣੇ ਆਪ ਨੂੰ ਵਿਸ਼ੇਸ਼ ਮਹਿਮਾਨ ਸਮਝਦਾ ਹੋਇਆ ਧਰਤੀ 'ਤੇ ਪੈਰ ਨਾ ਲਗਾਉਂਦਾ। ਉੱਧਰ ਕੁੜੀ ਵਾਲੇ ਵੀ ਭੰਗੜੇ ਦਾ ਦੌਰ ਬੰਦ ਹੋਣ 'ਤੇ ਬਰਾਤੀਆਂ ਨੂੰ ਵੱਡੇ ਪਿੱਪਲ ਜਾਂ ਵਿਰਾਸਤੀ ਬੋਹੜ ਹੇਠ ਦਰਵਾਜ਼ੇ ਦੇ ਬਾਹਰ ਵੱਲ ਹੀ ਨਵੇਂ ਵਿਛਾਏ ਚਿੱਟੇ ਕੋਰਿਆਂ 'ਤੇ ਬੈਠਣ ਲਈ ਕਹਿੰਦੇ। ਬਰਾਤੀ ਮੜ੍ਹਕ ਨਾਲ ਪੈਰ ਪੁੱਟਦੇ ਹੋਏ ਆਪਣੇ ਤੰਬਿਆਂ ਨੂੰ ਸੰਭਾਲਦੇ ਹੋਏ ਉਨ੍ਹਾਂ ਕੋਰਿਆਂ 'ਤੇ ਜਾ ਬੈਠਦੇ।

ਇਹ ਮੌਕਾ ਬਰਾਤ ਦੇ ਸਵਾਗਤ ਦਾ ਹੁੰਦਾ ਸੀ। ਇਸ ਲਈ ਪਿੰਡ ਦੀਆਂ ਔਰਤਾਂ ਜਿਨ੍ਹਾਂ ਨੇ ਪਹਿਲਾਂ ਹੀ ਨੇੜੇ ਦੇ ਕੋਠਿਆਂ 'ਤੇ ਬਨੇਰੇ ਮੱਲੇ ਹੁੰਦੇ ਸਨ, ਗੀਤਾਂ ਦਾ ਮੀਂਹ ਵਰਸਾਉਣਾ ਸ਼ੁਰੂ ਕਰ ਦਿੰਦੀਆਂ। ਸ਼ੁਰੂ-ਸ਼ੁਰੂ ਵਿੱਚ ਤਾਂ ਉਹ ਸਤਿਕਾਰ ਵਜੋਂ ਸਵਾਗਤੀ ਗੀਤ ਗਾਉਂਦੀਆਂ ਅਤੇ ਕਹਿੰਦੀਆਂ ਸੁਣੀਆਂ ਜਾਂਦੀਆਂ;

ਸਾਡੇ ਨਵੇਂ ਨੀਂ ਸੱਜਣ ਘਰ ਆਏ
ਸਲਾਮੀ ਦੇ ਨੈਣ ਭਰੇ।

(ਬਾਕੀ ਸਫ਼ਾ 30 'ਤੇ)

# ਖੇਤੀ ਦੀ ਸਿੱਖਿਆ ਵਿੱਚ ਸੁਧਾਰ ਦੀ ਜ਼ਰੂਰਤ

ਦਵਿੰਦਰ ਸ਼ਰਮਾ

ਕਦੇ-ਕਦੇ ਮੈਨੂੰ ਹੈਰਾਨੀ ਹੁੰਦੀ ਹੈ ਕਿ ਅਜਿਹਾ ਕਿਉਂ ਹੈ ਕਿ ਜਦੋਂ ਖੇਤੀ ਗਹਿਰੇ ਸੰਕਟ ਵਿੱਚ ਹੈ ਪਰ ਖੇਤੀ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਪਾਠਕ੍ਰਮ ਵਿੱਚ ਗਹਿਰੇ ਖੇਤੀ ਸੰਕਟ ਦਾ ਕੋਈ ਵਰਨਣ ਹੀ ਨਹੀਂ ਹੈ। ਅਜਿਹਾ ਲਗਦਾ ਹੈ ਕਿ ਖੇਤੀ ਦੇ ਮੋਰਚੇ 'ਤੇ ਸਭ ਕੁਝ ਠੀਕ-ਠਾਕ ਹੈ ਅਤੇ ਪਾਸ ਹੋਣ ਵਾਲੇ ਵਿਦਿਆਰਥੀਆਂ ਦੀ ਮੁੱਖ ਭੂਮਿਕਾ ਉਨ੍ਹਾਂ ਤਕਨੀਕਾਂ ਅਤੇ ਖੇਤੀ ਉਪਕਰਨਾਂ ਦਾ ਪ੍ਰਯੋਗ ਕਰਨਾ ਹੈ, ਜਿਨ੍ਹਾਂ ਰਾਹੀਂ ਉਤਪਾਦਨ ਵਧਾਉਣ ਲਈ ਉਨ੍ਹਾਂ ਨੇ ਅਧਿਐਨ ਕੀਤਾ ਹੈ, ਤਾਂ ਕਿ ਖ਼ੁਰਾਕ ਅਤੇ ਸਿਹਤਮੰਦ ਭੋਜਨ ਦੀਆਂ ਲੋੜਾਂ ਨੂੰ ਪੂਰਾ ਕੀਤਾ ਜਾ ਸਕੇ ।

ਇਸ ਸੰਬੰਧ ਵਿੱਚ ਹੀ ਮੇਰਾ ਧਿਆਨ ਅਰਥ-ਸ਼ਾਸਤਰੀ ਅਤੇ ਲੇਖਕ ਕ੍ਰਿਸਟੋਫ਼ਰ ਬਲਾਟਮੈਨ ਦੁਆਰਾ ਸ਼ਿਕਾਗੋ ਯੂਨੀਵਰਸਿਟੀ ਵਿੱਚ ਪਬਲਿਕ ਪਾਲਿਸੀ 'ਚ ਮਾਸਟਰ ਡਿਗਰੀ ਲਈ ਪ੍ਰਸਤਾਵਿਤ ਸਮਾਜ ਸ਼ਾਸਤਰ ਦੇ ਪਾਠਕ੍ਰਮ ਸੰਬੰਧੀ ਕੀਤੇ ਗਏ ਇਸ ਐਲਾਨ ਵੱਲ ਗਿਆ, 'ਅੰਤਰਰਾਸ਼ਟਰੀ ਵਿਕਾਸ ਵਿੱਚ ਨੀਤੀ ਨਿਰਮਾਣ ਦਾ ਸਮਾਜਿਕ ਵਿਗਿਆਨ-ਵਿਸ਼ਵ ਨੂੰ ਕਿਸ ਤਰ੍ਹਾਂ ਬਦਲਿਆ ਜਾਵੇ ।' ਇਸ ਤੋਂ ਪਹਿਲਾਂ ਕਿ ਤੁਸੀਂ ਇਹ ਕਹੋ ਕਿ ਇਸ ਵਿੱਚ ਨਵਾਂ ਕੀ ਹੈ, ਇਸ ਪਾਠਕ੍ਰਮ ਦਾ ਵੇਰਵਾ ਦੇਖੋ, 'ਤੁਸੀਂ ਦੁਨੀਆ ਨੂੰ ਇੱਕ ਬਿਹਤਰ ਥਾਂ ਬਣਾਉਣਾ ਚਾਹੁੰਦੇ ਹੋ, ਪਰ ਕਿਸ ਤਰ੍ਹਾਂ ? ਬਹੁਤ ਸਾਰੀਆਂ ਨੀਤੀਆਂ ਅਸਫ਼ਲ ਹੋ ਜਾਂਦੀਆਂ ਹਨ, ਬਹੁਤ ਸਾਰੇ ਚੰਗੇ ਇਰਾਦੇ ਗ਼ਲਤ ਹੋ ਜਾਂਦੇ ਹਨ, ਅਜਿਹਾ ਕਿਉਂ ?' ਕਿਹੜੀ ਚੀਜ਼ ਕਿਸੇ ਨੀਤੀ ਨੂੰ ਚੰਗਾ ਬਣਾਉਂਦੀ ਹੈ ? ਕਿਹੜੀ ਚੀਜ਼ ਇਸ ਨੂੰ ਖ਼ਰਾਬ ਬਣਾਉਂਦੀ ਹੈ ? ਇਹ ਪਾਠਕ੍ਰਮ ਨੀਤੀ ਨਿਰਮਾਣ ਦੇ ਸਮਾਜਿਕ ਵਿਗਿਆਨ ਸੰਬੰਧੀ ਇੱਕ ਕਲਾਸ ਲਈ ਹੈ, ਜਿਸ ਵਿੱਚ ਅਰਥ-ਸ਼ਾਸਤਰ, ਰਾਜਨੀਤਕ ਵਿਗਿਆਨ, ਸਮਾਜ ਸ਼ਾਸਤਰ ਅਤੇ ਨਵ-ਵਿਗਿਆਨ ਆਦਿ ਵਿਸ਼ੇ ਵੀ ਅਧਿਐਨ ਦਾ ਹਿੱਸਾ ਹੋਣਗੇ ਅਤੇ ਇਸ ਤੋਂ ਇਲਾਵਾ ਖੋਜਾਰਥੀਆਂ ਦੇ ਨਿੱਜੀ ਅਨੁਭਵਾਂ ਨੂੰ ਵੀ ਇਸ ਕਲਾਸ ਦੇ ਅਧਿਐਨ ਕਾਰਜ ਦਾ ਹਿੱਸਾ ਬਣਾਇਆ ਜਾਵੇਗਾ। ਇਸ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਪਾਠਕ੍ਰਮ ਵਿਸ਼ਵ ਸੰਦਰਭ ਵਿੱਚ ਨੀਤੀ ਨਿਰਮਾਣ, ਖ਼ਾਸ ਕਰਕੇ ਅੰਤਰਰਾਸ਼ਟਰੀ ਨੀਤੀ ਅਤੇ ਵਿਕਾਸ ਵੱਲ ਧਿਆਨ ਕੇਂਦਰਿਤ ਕਰੇਗਾ ।



ਮੇਰੇ ਦਿਮਾਗ਼ ਵਿੱਚ ਤੁਰੰਤ ਇਹ ਵਿਚਾਰ ਆਇਆ ਕਿ ਮੈਂ ਵੀ ਇਹ ਕੋਰਸ ਕਰਨਾ ਚਾਹਾਂਗਾ। ਨੌਜਵਾਨ ਵਿਦਿਆਰਥੀਆਂ ਨੂੰ ਮੌਜੂਦਾ ਜ਼ਮੀਨੀ ਹਕੀਕਤਾਂ ਦੇ ਆਧਾਰ 'ਤੇ ਨੀਤੀਆਂ ਬਣਾਉਣ ਲਈ ਤਿਆਰ ਕਰਨਾ ਨਿਸਚਿਤ ਰੂਪ ਵਿੱਚ ਇੱਕ ਵੱਡੀ ਚੁਣੌਤੀ ਹੋਵੇਗੀ। ਜੇਕਰ ਮੈਂ ਇਸ ਨੂੰ ਹੋਰ ਅੱਗੇ ਲੈ ਕੇ ਜਾਵਾਂ ਤਾਂ ਭਾਰਤੀ ਰਾਜਨੀਤਕ ਅਰਥ-ਸ਼ਾਸਤਰੀ, ਸਮਾਜ ਸ਼ਾਸਤਰੀ ਅਤੇ ਮਾਨਵ ਵਿਗਿਆਨੀਆਂ ਅਤੇ ਇਥੋਂ ਤੱਕ ਖੇਤੀ ਵਿਗਿਆਨਕਾਂ ਤੋਂ ਲੈ ਕੇ ਬਨਸਪਤੀ ਵਿਗਿਆਨਕਾਂ ਦੁਆਰਾ ਇਸ ਤਰ੍ਹਾਂ ਦੇ ਡਿਜ਼ਾਈਨ ਕੀਤੇ ਗਏ ਪਾਠਕ੍ਰਮ ਨੌਜਵਾਨ ਵਿਗਿਆਨਕਾਂ ਦੀ ਇੱਕ ਬਹੁਤ ਹੀ ਵਿਚਾਰ ਉਤੇਜਿਕ ਅਤੇ ਵਧੇਰੇ ਜ਼ਮੀਨ ਨਾਲ ਜੁੜੀ ਹੋਈ ਪੀੜ੍ਹੀ ਨੂੰ ਜਨਮ ਦੇ ਸਕਦੇ ਹਨ। ਨੌਜਵਾਨ ਵਿਗਿਆਨਕਾਂ ਦੇ ਦਿਮਾਗ਼ ਵਿੱਚ ਤਬਦੀਲੀ ਦੇ ਬੀਜ ਬੀਜਣ ਨਾਲ ਇੱਕ ਟਿਕਾਊ ਅਤੇ ਲਾਭਦਾਇਕ ਖੇਤੀ ਭਵਿੱਖ ਦਾ ਨਿਰਮਾਣ ਕਰਨ ਵਿੱਚ ਮਦਦ ਮਿਲੇਗੀ। ਇਹ ਨੌਜਵਾਨ ਦਿਮਾਗ਼ ਨਾ ਕੇਵਲ ਖੇਤੀ ਦੇ ਪੱਖ ਵਿੱਚ ਇੱਕ ਆਰਥਿਕ ਡਿਜ਼ਾਈਨ 'ਤੇ ਮੁੜ ਵਿਚਾਰ ਕਰਨਗੇ, ਸਗੋਂ ਇਹ ਸੁਨਿਸ਼ਚਿਤ ਕਰਨ ਲਈ ਇੱਕ ਨੀਤੀਗਤ ਢਾਂਚੇ ਨੂੰ ਵੀ ਅੱਗੇ ਵਧਾਉਣਗੇ ਕਿ ਕੋਈ ਵੀ ਕਿਸਾਨ ਪਿਛੇ ਨਾ ਰਹਿ ਜਾਵੇ। ਸਭ ਤੋਂ ਪਹਿਲਾਂ ਮੈਨੂੰ ਅਜਿਹਾ ਕੋਈ ਕਾਰਨ ਨਹੀਂ ਦਿੱਸਦਾ ਕਿ ਪੰਜਾਬ ਦੇ ਕਈ ਖ਼ੁਦਮੁਖਤਿਆਰ ਕਾਲਜ ਇਸ ਤਰ੍ਹਾਂ ਦੇ ਸਾਰਥਿਕ ਪਾਠਕ੍ਰਮ ਨੂੰ ਕਿਉਂ ਨਹੀਂ ਸ਼ੁਰੂ ਕਰ ਸਕਦੇ ।

ਕੀ ਖੇਤੀ ਸੰਕਟ ਵਿਚ ਹੈ ? ਕੀ ਖੇਤੀ ਦਾ ਇਹ ਸੰਕਟ ਘੱਟ ਉਤਪਾਦਨ ਦੇ ਕਾਰਨ ਹੈ ? ਜਾਂ ਉਸ ਦੇ ਕੰਟਰੋਲ ਤੋਂ ਬਾਹਰਲੇ ਕਾਰਨਾਂ ਕਰਕੇ ? ਕੀ ਇਹ ਉੱਨਤ ਤਕਨੀਕ ਦੀ ਗ਼ੈਰ-ਮੌਜੂਦਗੀ ਜਾਂ ਉਸ ਦੀ ਘੱਟ ਵਰਤੋਂ ਕਰਕੇ ਹੈ, ਜੋ ਕਿ ਕਿਸਾਨਾਂ ਨੂੰ ਮਾਰ ਰਹੀ ਹੈ ? ਜਾਂ ਉਨ੍ਹਾਂ ਆਰਥਿਕ ਨੀਤੀਆਂ ਕਾਰਨ ਹੈ ਜੋ ਕਿਸਾਨਾਂ ਦੇ ਕੰਟਰੋਲ ਤੋਂ ਬਾਹਰ ਹਨ ? ਇਹ ਕੁਝ ਅਜਿਹੇ ਪ੍ਰਸ਼ਨ ਹਨ ਜੋ ਨੌਜਵਾਨ ਦਿਮਾਗ਼ਾਂ ਨੂੰ ਸੋਚਣ ਲਈ ਮਜਬੂਰ ਕਰ ਸਕਦੇ ਹਨ ਅਤੇ ਉਨ੍ਹਾਂ ਨੂੰ ਅਜਿਹੇ ਸਪੱਸ਼ਟੀਕਰਨ ਦੇ ਸਕਦੇ ਹਨ ਜੋ ਸਹੀ ਨੀਤੀਆਂ ਤਿਆਰ ਕਰਨ ਵਿੱਚ ਉਨ੍ਹਾਂ ਦੀ ਮਦਦ ਕਰਨ । 1995 ਤੋਂ ਲੈ ਕੇ ਹੁਣ ਤੱਕ ਲਗਭਗ 4 ਲੱਖ ਕਿਸਾਨ ਕਰਜ਼ੇ ਤੋਂ ਬਚਣ ਲਈ ਆਪਣੀਆਂ ਜਾਨਾਂ ਦੇ ਚੁੱਕੇ ਹਨ ਅਤੇ ਸ਼ਾਇਦ ਹੀ ਹੁਣ ਵੀ ਕੋਈ ਅਜਿਹਾ ਦਿਨ ਹੋਵੇ ਜਿਸ ਦਿਨ ਕਿ ਅਖ਼ਬਾਰਾਂ ਵਿੱਚ ਕਿਸਾਨਾਂ ਦੀ ਆਤਮ-ਹੱਤਿਆ ਦੀਆਂ ਖ਼ਬਰਾਂ ਨਾ ਛਪੀਆਂ ਹੋਣ। ਇਹ ਖ਼ਬਰਾਂ ਖੇਤੀ ਸੰਬੰਧੀ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਦੀਆਂ ਕਲਾਸਾਂ ਵਿੱਚ ਇੱਕ ਖ਼ਾਮੋਸ਼ੀ ਅਤੇ ਖਾਲੀਪਨ ਛੱਡ ਜਾਂਦੀਆਂ ਹਨ। ਇਹ ਖ਼ਾਮੋਸ਼ੀ ਖੋਜ ਵਿਕਾਸ ਅਤੇ ਇਥੋਂ ਤੱਕ ਕਿ ਨੀਤੀ ਨਿਰਮਾਣ ਦੀ ਪੱਧਰ 'ਤੇ ਵੀ ਸਪੱਸ਼ਟ ਰੂਪ ਵਿੱਚ ਦਿਖਾਈ ਦਿੰਦੀ ਹੈ। ਇਹ ਅਜਿਹੇ ਮੁੱਦੇ ਹਨ, ਜਿਨ੍ਹਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨਾ ਚਾਹੀਦਾ ਹੈ। ਇਹ ਹੈਰਾਨੀਜਨਕ ਹੈ ਕਿ, ਕੀ ਕਿਸੇ ਖੇਤੀ ਯੂਨੀਵਰਸਿਟੀ ਵਿੱਚ ਸਮਾਜ ਸ਼ਾਸਤਰ ਅਤੇ ਰਾਜਨੀਤਕ ਅਰਥ-ਵਿਵਸਥਾ ਦੀਆਂ ਕੋਈ ਅਜਿਹੀਆਂ ਕਲਾਸਾਂ ਹਨ, ਜੋ ਵਿਦਿਆਰਥੀਆਂ ਨੂੰ ਛੋਟੇ ਕਿਸਾਨਾਂ ਨੂੰ ਪੇਸ਼ ਆਉਣ ਵਾਲੀਆਂ ਜਟਲਤਾਵਾਂ ਨੂੰ ਸਮਝਣ ਅਤੇ ਉਨ੍ਹਾਂ ਦੇ ਹੱਲ ਸੁਲਝਾਉਣ ਲਈ ਡਿਜ਼ਾਈਨ ਕੀਤੀਆਂ ਗਈਆਂ ਹੋਣ। ਇਹ ਅਜਿਹਾ ਕੰਮ ਨਹੀਂ ਹੈ, ਜਿਸ ਨੂੰ ਇਕੱਲੇ ਨੀਤੀ ਨਿਰਮਾਣ ਕਰਨ ਵਾਲਿਆਂ 'ਤੇ ਛੱਡਿਆ ਜਾ ਸਕੇ। ਖੇਤੀ ਦੀ ਪੜ੍ਹਾਈ ਕਰ ਰਹੇ ਵਿਦਿਆਰਥੀ ਇਸ ਜਟਿਲ ਸੰਕਟ ਸੰਬੰਧੀ ਨਿਰਣੇ ਲੈਣ ਲਈ ਪੂਰੀ ਤਰ੍ਹਾਂ ਯੋਗ ਹਨ। ਅੰਤਿਮ ਰੂਪ ਵਿੱਚ ਜਿਹੜੀ ਕਲਾਸ ਗਰੈਜੂਏਸ਼ਨ ਪੱਧਰ ਦੀ ਸਿੱਖਿਆ ਹਾਸਲ ਕਰੇਗੀ, ਉਸ ਕੋਲ ਇਸ ਸੰਬੰਧੀ ਵਧੇਰੇ ਜਾਣਕਾਰੀ ਹੋਵੇਗੀ।

ਦੇਸ਼ ਨੂੰ ਖੇਤੀ ਵਿਗਿਆਨਕਾਂ ਅਤੇ ਅਰਥ-ਸ਼ਾਸਤਰੀਆਂ ਦੀ ਅਗਲੀ ਪੀੜ੍ਹੀ ਦੀ ਜ਼ਰੂਰਤ ਹੈ, ਜੋ ਨਾ ਕੇਵਲ ਚੰਗੀ ਤਰ੍ਹਾਂ ਗਿਆਨਵਾਨ ਹੋਵੇ ਸਗੋਂ ਸਥਾਨਿਕ ਹਕੀਕਤਾਂ ਦੇ ਸੰਦਰਭ ਵਿੱਚ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਨੀਤੀਆਂ ਦਾ ਵਿਸ਼ਲੇਸ਼ਣ ਕਰਨ ਦੀ ਸਮਰੱਥਾ ਵੀ ਰੱਖਦੀ ਹੋਵੇ। ਇਸ ਨਾਲ ਉਨ੍ਹਾਂ ਸੰਸਥਾਵਾਂ ਨੂੰ ਮਦਦ ਮਿਲਦੀ ਹੈ, ਜਿਥੇ ਇਨ੍ਹਾਂ ਵਿਦਿਆਰਥੀਆਂ ਨੂੰ ਬਾਅਦ ਵਿੱਚ ਕੰਮ 'ਤੇ ਰੱਖਿਆ ਜਾਂਦਾ ਹੈ, ਤਾਂ ਕਿ ਉਹ ਦ੍ਰਿਸ਼ਟੀਕੋਣ ਅਤੇ ਰਣਨੀਤੀਆਂ ਦੇ ਨਾਂਅ 'ਤੇ ਕੀਤੀ ਜਾਣ ਵਾਲੀ ਬਿਆਨਬਾਜ਼ੀ ਤੋਂ ਬਚ ਕੇ ਸਹੀ ਅਤੇ ਸਾਧਾਰਤਮਿਕ ਕਦਮ ਉਠਾ ਸਕਣ। ਪੁਰਾਣੀਆਂ ਤੇ ਗ਼ੈਰ-ਪ੍ਰਭਾਵੀ ਹੋਣ ਦੇ ਕਾਰਨ ਪਹਿਲੀਆਂ ਰਣਨੀਤੀਆਂ ਵਿਚੋਂ ਕਈਆਂ ਵਿੱਚ ਸੁਧਾਰ ਦੀ ਜ਼ਰੂਰਤ ਹੈ। ਅਸਲ ਵਿੱਚ ਕਈ ਨੀਤੀਆਂ ਪੁਰਾਣੀਆਂ ਹੋ ਚੁੱਕੀਆਂ ਹਨ। ਕੇਵਲ ਉਹ ਵਿਦਿਆਰਥੀ ਜਿਨ੍ਹਾਂ ਨੂੰ ਪਾਠ-ਪੁਸਤਕਾਂ ਤੋਂ ਪਰ੍ਹੇ ਦੇਖਣ ਦਾ ਅਵਸਰ ਮਿਲਿਆ ਹੈ, ਉਹ ਕਈ ਰਣਨੀਤੀਆਂ, ਨਵੇਂ ਦ੍ਰਿਸ਼ਟੀਕੋਣਾਂ ਤੋਂ ਨੀਤੀਆਂ 'ਤੇ ਪੁਨਰ ਵਿਚਾਰ ਕਰ ਸਕਦੇ ਹਨ, ਜਿਨ੍ਹਾਂ ਨੂੰ ਅਪਨਾਉਣ ਦੀ ਜ਼ਰੂਰਤ ਹੈ।

ਖੇਤੀ ਦਾ ਮਤਲਬ ਸਿਰਫ਼ ਨਵੀਆਂ ਫ਼ਸਲਾਂ ਦੀਆਂ ਕਿਸਮਾਂ ਜਾਂ ਕੀੜੇ-ਮਕੌੜਿਆਂ ਅਤੇ ਫ਼ਸਲਾਂ ਦੀਆਂ ਬਿਮਾਰੀਆਂ ਨੂੰ ਕੰਟਰੋਲ ਕਰਨ ਦੇ ਬਿਹਤਰ ਢੰਗ-ਤਰੀਕੇ ਹੀ ਨਹੀਂ ਹਨ, ਇਹ ਉਨ੍ਹਾਂ ਸਮਾਜਿਕ ਆਰਥਿਕ ਨੀਤੀਆਂ ਨਾਲ ਵੀ ਜੁੜੀ ਹੋਈ ਹੈ, ਜਿਨ੍ਹਾਂ ਦਾ ਖੇਤੀ ਕਰਨ ਵਾਲੀ ਆਬਾਦੀ 'ਤੇ ਵਿਆਪਕ ਪ੍ਰਭਾਵ ਪੈਂਦਾ ਹੈ। ਦਰਅਸਲ, ਖੇਤੀ ਸੰਬੰਧੀ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਨੂੰ ਇਹ ਦੱਸਿਆ ਜਾਣਾ ਚਾਹੀਦਾ ਹੈ ਕਿ ਕਿਸਾਨਾਂ ਦੀਆਂ ਜ਼ਿਆਦਾਤਰ ਸਮੱਸਿਆਵਾਂ ਫ਼ਸਲਾਂ ਦੇ ਉਤਪਾਦਨ ਦੇ ਖੇਤਰ ਵਿੱਚ ਤਕਨੀਕੀ ਖਾਮੀਆਂ ਦੀ ਵਜ੍ਹਾ ਕਾਰਨ ਹੀ ਨਹੀਂ ਹਨ। ਕਿਸਾਨਾਂ 'ਤੇ ਕਰਜ਼ੇ ਉਦੋਂ ਵਧਦੇ ਹਨ ਜਦੋਂ ਉਤਪਾਦਨ ਦੀ ਲਾਗਤ ਵਧ ਜਾਂਦੀ ਹੈ ਅਤੇ ਉਤਪਾਦਨ ਦੀਆਂ ਕੀਮਤਾਂ ਕਿਸਾਨਾਂ ਨੂੰ ਵਾਜ੍ਹਬ ਢੰਗ ਨਾਲ ਮੁਆਵਜ਼ਾ ਜਾਂ ਉਚਿਤ ਮੁਨਾਫ਼ਾ ਦੇਣ ਵਿੱਚ ਅਸਫ਼ਲ ਰਹਿੰਦੀਆਂ ਹਨ। ਦੂਜੇ ਅਰਥਾਂ ਵਿੱਚ ਜਦੋਂ ਖੇਤੀ ਉਤਪਾਦਨ ਦੀਆਂ ਕੀਮਤਾਂ ਉਨ੍ਹਾਂ ਦੇ ਕੰਟਰੋਲ ਵਿੱਚ ਨਹੀਂ ਹੁੰਦੀਆਂ ਤਾਂ ਖੇਤੀ ਸੰਕਟ ਦਾ ਜ਼ਿਆਦਾ ਹਿੱਸਾ ਵੀ ਉਨ੍ਹਾਂ ਦੇ ਕੰਟਰੋਲ ਤੋਂ ਬਾਹਰ ਹੋ ਜਾਂਦਾ ਹੈ। ਭਾਰਤੀ ਕਿਸਾਨਾਂ ਦੀਆਂ ਖ਼ੁਦਕਸ਼ੀਆਂ ਦਾ ਹੜ੍ਹ ਖੇਤੀ ਸੰਕਟ ਦੇ ਕਾਰਨ ਹੀ ਆਉਂਦਾ ਹੈ, ਜਿਨ੍ਹਾਂ ਵਿੱਚ ਮੌਸਮ ਦੀ ਗੈਰ ਅਨੁਕੂਲਤਾ, ਕੀਟਾਂ ਅਤੇ ਫ਼ਸਲਾਂ 'ਤੇ ਬਿਮਾਰੀਆਂ ਦੇ ਹਮਲੇ ਵੀ ਸ਼ਾਮਿਲ ਹੋ ਸਕਦੇ ਹਨ। ਪਰ ਜ਼ਿਆਦਾਤਰ ਮੌਜੂਦਾ ਆਰਥਿਕ ਡਿਜ਼ਾਈਨ ਦੀ ਵਜ੍ਹਾ ਨਾਲ ਹੀ ਖ਼ੁਦਕੁਸ਼ੀਆਂ ਹੁੰਦੀਆਂ ਹਨ। ਇਸ ਪੜ੍ਹਾਅ 'ਤੇ ਅੰਤਰਰਾਸ਼ਟਰੀ ਨੀਤੀਆਂ ਸਪਲਾਈ ਲੜੀਆਂ ਅਤੇ ਖੇਤੀ ਦੇ ਕਿੱਤੇ ਦੀ ਭੂਮਿਕਾ ਦਾ ਵਿਸ਼ਲੇਸ਼ਣ ਸਾਹਮਣੇ ਆਉਂਦਾ ਹੈ।

ਖੇਤੀ ਦੇ ਖੇਤਰ ਵਿੱਚ ਹੋ ਰਹੀਆਂ ਖ਼ੁਦਕੁਸ਼ੀਆਂ ਦੇ ਬਾਰੇ ਵਿੱਚ ਹੀ ਨਹੀਂ ਸਗੋਂ ਖੇਤੀ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੂੰ ਘਰੇਲੂ ਖੇਤੀ ਅਤੇ ਖੇਤੀ ਨੂੰ ਪ੍ਰਭਾਵਿਤ ਕਰਨ ਵਾਲੇ ਕੁਝ ਨਵੇਂ ਅੰਤਰਰਾਸ਼ਟਰੀ ਘਟਨਾਕ੍ਰਮਾਂ ਬਾਰੇ ਵੀ ਜਾਣਕਾਰੀ ਨਹੀਂ ਹੁੰਦੀ।

(ਬਾਕੀ ਸਫ਼ਾ 31 'ਤੇ)


DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ 209.487.3699

ਹਰਨੇਕ ਸਿੰਘ ਅਟਵਾਲ 209.351.5965

2850 Loomis Rd, Stockton, CA 95205

# ਭਾਈ ਮੇਵਾ ਸਿੰਘ ਲੋਪੋਕੇ ਦੀ ਸ਼ਹਾਦਤ ਤੇ ਹਾਪਕਿਨਸਨ ਦਾ ਕਤਲ



ਡਾ. ਗੁਰਵਿੰਦਰ ਸਿੰਘ
ਕੋਆਰਡੀਨੇਟਰ ਪੰਜਾਬੀ ਸਾਹਿਤ ਸਭਾ ਮੁਢਲੀ
ਐਬਟਸਫੋਰਡ ਬੀ.ਸੀ. ਕੈਨੇਡਾ

ਕੈਨੇਡਾ ਦੀ ਧਰਤੀ 'ਤੇ ਮਹਾਨ ਯੋਧੇ ਭਾਈ ਮੇਵਾ ਸਿੰਘ ਲੋਪੋਕੇ ਨੇ ਐਂਗਲੋ ਇੰਡੀਅਨ ਏਜੰਟ ਤੇ ਨਸਲਵਾਦੀ ਹਾਪਕਿਨਸਨ ਨੂੰ ਸੋਧ ਕੇ, ਕੈਨੇਡਾ 'ਚ ਬਹੁ- ਸੱਭਿਆਚਾਰਕ ਢਾਂਚੇ ਦਾ ਸ਼ਾਨਾਮੱਤਾ ਇਤਿਹਾਸ ਸਿਰਜਿਆ ਸੀ। ਗੁਲਾਮ ਹਿੰਦੁਸਤਾਨ ਦੀ ਬ੍ਰਿਟਿਸ਼ ਸਰਕਾਰ ਦੇ ਏਜੰਟ ਐਂਗਲੋ -ਇੰਡੀਅਨ ਵਿਲੀਅਮ ਹਾਪਕਿਨਸਨ ਨੇ 1914 ਵਿੱਚ ਕੈਨੇਡਾ ਦੇ ਪਹਿਲੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਭਾਗ ਸਿੰਘ ਭਿਖੀਵਿੰਡ ਅਤੇ ਭਾਈ ਬਤਨ ਸਿੰਘ ਦਲੇਲ ਸਿੰਘ ਵਾਲਾ ਨੂੰ ਸ਼ਹੀਦ ਕਰਵਾਇਆ ਸੀ। ਸਰਕਾਰੀ ਸ਼ਹਿ 'ਤੇ ਏਜੰਟ ਵੱਲੋਂ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਗੁਰਦੁਆਰਾ ਸਾਹਿਬ ਉੱਪਰ ਕੀਤੇ ਹਮਲੇ ਅਤੇ ਗੁਰੂ ਦੀ ਹਜ਼ੂਰੀ ਵਿੱਚ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਨੂੰ ਸ਼ਹੀਦ ਕਰਾਉਣ ਦੇ ਦੋਸ਼ ਕਾਰਨ, ਜੁਝਾਰੂ ਸਿੱਖ ਭਾਈ ਮੇਵਾ ਸਿੰਘ ਲੋਪੋਕੇ ਨੇ, ਦੁਸ਼ਟ ਸੂਹੀਏ ਵਿਲੀਅਮ ਹਾਪਕਿਨਸਨ ਨੂੰ 21 ਅਕਤੂਬਰ 1914 ਨੂੰ ਸੋਧਿਆ ਸੀ।

### ਚਿੱਟੇ ਕੈਨੇਡਾ ਦੇ ਕਾਲੇ ਇਤਿਹਾਸ ਦੇ ਪੰਨੇ

ਇਹ ਇਤਿਹਾਸਕ ਸੱਚਾਈ ਹੈ ਕਿ ਕੈਨੇਡਾ ਦੀ ਧਰਤੀ 'ਤੇ ਕਿਸੇ ਸਮੇਂ ਚਿੱਟੇ ਨਸਲਵਾਦ ਦਾ ਖੁੱਲ੍ਹੇਆਮ ਬੋਲਬਾਲਾ ਸੀ, ਭਾਵੇਂ ਅੱਜ ਵੀ ਇਹ ਲੁਕਵੇਂ ਰੂਪ ਵਿੱਚ ਕਿਤੇ ਨਾ ਕਿਤੇ ਮੌਜੂਦ ਹੈ। ਮਹਾਨ ਯੋਧੇ ਭਾਈ ਮੇਵਾ ਸਿੰਘ ਲੋਪੋਕੇ ਨੇ ਕੈਨੇਡਾ ਨੂੰ 'ਚਿੱਟੀ ਚਮੜੀ ਵਾਲਿਆਂ ਦਾ ਦੇਸ਼' ਸਾਬਤ ਕਰਨ ਦੀ ਕੋਸ਼ਿਸ਼ 'ਚ ਲੱਗੇ ਵਿਲੀਅਮ ਚਾਰਲਸ ਹਾਪਕਿਨਸਨ ਨੂੰ ਸਬਕ ਸਿਖਾਇਆ ਸੀ। ਭਾਈ ਮੇਵਾ ਸਿੰਘ ਵਲੋਂ ਚੁੱਕੇ ਇਨਕਲਾਬੀ ਕਦਮ ਤੋਂ ਬਾਅਦ ਸਹੀ ਅਰਥਾਂ ਵਿੱਚ ਕੈਨੇਡਾ ਦੇ ਬਹੁ-ਸੱਭਿਆਚਾਰਕ ਢਾਂਚੇ ਦਾ ਪਹਿਲਾ ਅਧਿਆਇ ਲਿਖਿਆ ਗਿਆ ਸੀ। ਦੁੱਖ ਇਸ ਗੱਲ ਦਾ ਹੈ ਕਿ ਸ਼ਹੀਦ ਭਾਈ ਮੇਵਾ ਸਿੰਘ ਦੀ ਮਹਾਨ ਕੁਰਬਾਨੀ ਦਾ, ਭਾਰਤ ਦੀ ਆਜ਼ਾਦੀ ਦੇ ਸੰਘਰਸ਼ 'ਚ ਜ਼ਿਕਰ ਨਾਮਾਤਰ ਹੀ ਮਿਲਦਾ ਹੈ। ਕੈਨੇਡਾ ਦੀ ਮੋਢੀ ਜੁਝਾਰੂ ਸਿੱਖਾਂ 'ਚ ਗਿਣੇ ਜਾਂਦੇ ਭਾਈ ਮੇਵਾ ਸਿੰਘ ਕੈਨੇਡਾ 'ਚ ਫ਼ਾਂਸੀ ਦਾ ਰੱਸਾ ਚੁੰਮਣ ਵਾਲੇ ਪਹਿਲੇ ਸ਼ਹੀਦ ਸਨ। ਭਾਈ ਮੇਵਾ ਸਿੰਘ ਦਾ ਇਤਿਹਾਸ ਜਾਨਣਾ ਇਸ ਕਰਕੇ ਵੀ ਜ਼ਰੂਰੀ ਹੈ, ਕਿਉਂਕਿ ਇਹਨਾਂ ਦੀ ਕੁਰਬਾਨੀ ਹੀ ਅੱਗਿਓ ਅਨੇਕਾਂ ਗਦਰੀ ਯੋਧਿਆਂ ਤੇ ਆਜ਼ਾਦੀ ਘੁਲਾਟੀਆਂ ਲਈ ਪ੍ਰੇਰਨਾ ਦਾ ਕਾਰਨ ਬਣੀ। ਹਿੰਦੁਸਤਾਨੀ ਬ੍ਰਿਟਿਸ਼ ਏਜੰਟ ਵਿਲੀਅਮ ਹਾਪਕਿਨਸਨ ਨੂੰ ਸੋਧਣ ਕਾਰਨ ਭਾਈ ਸਾਹਿਬ ਨੂੰ ਫ਼ਾਂਸੀ ਹੋਈ ਸੀ।

### ਵਿਲੀਅਮ ਹਾਪਕਿਨਸਨ ਕੌਣ ਸੀ ?

ਹਾਪਕਿਨਸਨ ਦਾ ਜਨਮ ਭਾਰਤ ਦੇ ਇਲਾਹਾਬਾਦ ਸ਼ਹਿਰ ਵਿੱਚ 16 ਜੂਨ 1880 ਵਿੱਚ ਹੋਇਆ ਸੀ। ਵਿਲੀਅਮ ਹਾਪਕਿਨਸਨ ਦਾ ਬਾਪ ਵਿਲੀਅਮ ਅੰਗਰੇਜ਼ ਸੀ ਅਤੇ ਮਾਂ ਜਲੰਧਰ ਛਾਉਣੀ ਵਿੱਚ ਰਹਿੰਦੇ ਹਿੰਦੂ ਬ੍ਰਾਹਮਣ ਪਰਿਵਾਰ ਵਿੱਚੋਂ ਸੀ, ਪਰ ਉਸ ਨੇ ਮਗਰੋਂ ਆਪਣਾ ਨਾਮ ਬਦਲ ਕੇ ਐਗਨਿਸ ਰੱਖ ਲਿਆ ਸੀ, ਇਸੇ ਕਾਰਨ ਹਾਪਕਿਨਸਨ ਦੇ ਯੂਰੇਸ਼ੀਅਨ ਐਂਗਲੋ ਇੰਡੀਅਨ ਵੰਸ਼ ਵਿੱਚ ਹੋਣ ਦਾ ਪਿਛੋਕੜ ਮਿਲਦਾ ਹੈ। ਉਹ 16 ਸਾਲ ਦੀ ਉਮਰ ਤੋਂ ਪੰਜਾਬ ਪੁਲਿਸ ਵਿੱਚ ਵੀ ਕੁਝ ਸਮਾਂ ਭਰਤੀ ਰਿਹਾ ਅਤੇ ਮਗਰੋਂ ਕੋਲਕਤਾ ਚਲਿਆ ਗਿਆ ਤੇ 21 ਸਾਲ ਦੀ ਉਮਰ ਵਿੱਚ ਕਲਕੱਤਾ ਪੁਲਿਸ ਵਿੱਚ ਭਰਤੀ ਹੋ ਗਿਆ। ਵਿਲੀਅਮ ਹਾਪਕਿਨਸਨ ਜਿੱਥੇ ਅੰਗਰੇਜ਼ੀ ਅਤੇ ਹਿੰਦੀ ਬੋਲ ਸਕਦਾ ਸੀ, ਉੱਥੇ ਕੁਝ ਸਮਾਂ ਪੰਜਾਬ 'ਚ ਰਹਿਣ ਕਾਰਨ ਉਸ ਨੂੰ ਪੰਜਾਬੀ ਵੀ ਸਮਝ ਆਉਂਦੀ ਸੀ। ਉਸਦੇ ਅੰਦਰ ਇਸ ਗੱਲ ਦੀ ਤੀਬਰ ਇੱਛਾ ਸੀ ਕਿ ਉਹ ਜਲਦੀ ਤੋਂ ਜਲਦੀ ਅੰਗਰੇਜ਼ ਸਰਕਾਰ ਖ਼ਿਲਾਫ਼ ਲੜ ਰਹੇ 'ਬਾਗੀਆਂ ਦਾ ਖਾਤਮਾ' ਕਰ ਅਤੇ 'ਚਿੱਟੀ ਚਮੜੀ ਦੀ ਰਾਜ ਸੱਤਾ ਅਤੇ ਉੱਤਮਤਾ' ਦੇ ਹੱਕ ਵਿੱਚ ਭੁਗਤੇ।

ਵਿਲੀਅਮ ਚਾਰਲਸ ਹਾਪਕਿਨਸਨ 1908 ਵਿੱਚ ਕੈਨੇਡਾ ਪਹੁੰਚਿਆ, ਜਿੱਥੇ ਉਸ ਨੇ ਇੱਕ ਦੁਕਾਨਦਾਰ ਵਜੋਂ ਆਪਣਾ ਸਫ਼ਰ ਸ਼ੁਰੂ ਕੀਤਾ। ਕੁਝ ਸਮੇਂ ਬਾਅਦ ਹੀ ਹਾਪਕਿਨਸਨ ਨੇ ਕੈਨੇਡਾ ਦੇ ਕਿਰਤ ਉਪ ਮੰਤਰੀ ਮਕੈਂਜ਼ੀ ਕਿੰਗ ਨਾਲ ਮੁਲਾਕਾਤ ਕੀਤੀ। ਉਸ ਨੇ 'ਟਾਈਮਜ਼ ਆਫ਼ ਲੰਡਨ' ਦੇ ਪੱਤਰਕਾਰ ਐਲ ਡਬਲਯੂ ਕਰੈਪਿਨ ਵੱਲੋਂ 1908 ਵਿੱਚ ਭਾਰਤੀ ਬ੍ਰਿਟਿਸ਼ ਹਕੂਮਤ ਦੇ ਬਾਗੀਆਂ ਦੀਆਂ ਗਤੀਵਿਧੀਆਂ ਬਾਰੇ ਪ੍ਰਕਾਸ਼ਤ ਇੱਕ ਰਿਪੋਰਟ ਲਈ ਵੱਧ ਤੋਂ ਵੱਧ ਖੁਫ਼ੀਆ ਜਾਣਕਾਰੀ ਮੁਹਈਆ ਕੀਤੀ। ਛੇਤੀ ਹੀ ਹਾਪਕਿਨਸਨ ਕੈਨੇਡਾ ਵਿੱਚ ਬ੍ਰਿਟਿਸ਼ ਭਾਰਤ ਦੇ ਏਜੰਟ, ਲੰਡਨ ਦੇ ਏਜੰਟ ਅਤੇ ਡੋਮੀਨੀਅਨ ਕੈਨੇਡਾ ਦੇ ਕਰਿੰਦੇ ਵਜੋਂ ਇਮੀਗ੍ਰੇਸ਼ਨ ਅਧਿਕਾਰੀ ਅਤੇ ਸੂਹੀਏ ਦੇ ਕੰਮ ਕਰਨ ਲੱਗਾ। ਕੈਨੇਡਾ ਦੇ ਗਵਰਨਰ ਜਨਰਲ ਲਾਰਡ ਗ੍ਰੇ ਅਤੇ ਇਸ ਤੋਂ ਇਲਾਵਾ ਕੇਂਦਰੀ ਅਮਰੀਕਾ ਵਿੱਚ ਅੰਗਰੇਜ਼ਾਂ ਦੀ ਬਸਤੀ ਬ੍ਰਿਟਿਸ਼ ਹੌਂਡੂਰਸ ਦੇ ਗਵਰਨਰ ਕਰਨਲ ਕਿੰਗ, ਕੈਨੇਡੀਅਨ ਸਰਕਾਰ ਲਈ ਕੰਮ ਕਰਦੇ ਈਜੀ ਸਵੈਨ ਸਮੇਤ ਸਾਰਿਆਂ ਨਾਲ ਸੰਪਰਕ ਕਾਇਮ ਕਰ ਲਿਆ।



ਹਾਪਕਿਨਸਨ ਤੇ ਉਸ ਦੀ ਜੁੰਡਲੀ ਦੀ ਗੁਰੂ ਨਾਨਕ ਜਹਾਜ਼ 'ਤੇ ਤਸਵੀਰ।

### ਹਾਪਕਿਨਸਨ ਦੀ ਪਾੜੋ ਤੇ ਰਾਜ ਕਰੋ ਦੀ ਨੀਤੀ

ਅੰਗਰੇਜ਼ੀ, ਹਿੰਦੀ ਤੋਂ ਇਲਾਵਾ ਪੰਜਾਬੀ ਰਾਹੀਂ ਹਾਪਕਿਨਸਨ ਨੇ ਇਥੋਂ ਦੀ ਖਾਲਸਾ ਦੀਵਾਨ ਸੁਸਾਇਟੀ ਗੁਰਦੁਆਰਾ ਸਾਹਿਬ ਸੰਸਥਾ ਅੰਦਰ 'ਪੇਡ ਏਜੰਟਾਂ' ਦੀ ਇਮੀਗ੍ਰੇਸ਼ਨ ਧੜੇ ਰਾਹੀਂ ਘੁਸਪੈਠ ਕਰ ਲਿਆ। ਉਸਨੇ ਬੇਲਾ ਝੁੱਟੀ, ਪਿੰਡ ਜਿਆਣ, ਬਾਬੂ ਹੇਅਰ ਪਿੰਡ ਲਿਤਰਾਂ ਅਤੇ ਗੰਗਾ ਰਾਮ ਸਹੋਤਾ ਪਿੰਡ ਬੜੀਆਂ ਬਾੜੀਆਂ ਮਾਹਲਪੁਰ ਵਰਗੇ ਲਾਲਚੀ, ਵਿਕਾਊ ਅਤੇ ਗੱਦਾਰ ਅਤੇ ਝੋਲੀਚੁੱਕ ਲੱਭੇ ਅਤੇ ਹਿੰਦੁਸਤਾਨੀ ਬ੍ਰਿਟਿਸ਼ ਹਕੂਮਤ ਖਿਲਾਫ਼ ਲੜਨ ਵਾਲੇ ਗਦਰੀ ਬਾਬਿਆਂ ਅਤੇ ਸਿੱਖ ਜੁਝਾਰੂਆਂ ਨੂੰ ਖਤਮ ਕਰਨ ਦਾ ਨਿਸ਼ਚਾ ਕਰ ਲਿਆ। ਹਾਪਕਿਨਸਨ ਦੀਆਂ ਨਸਲਵਾਦੀ ਅਤੇ ਭ੍ਰਿਸ਼ਟ ਕਾਰਵਾਈਆਂ ਜਾਹਰ ਹੋਣ ਲੱਗੀਆਂ, ਪਰ ਹਕੂਮਤ ਨੇ ਆਪਣੇ ਪਾਲੇ ਹੋਏ ਝੋਲੀ ਚੁੱਕਾਂ ਦਾ ਹਰ ਤਰ੍ਹਾਂ ਬਚਾਓ ਕੀਤਾ। 'ਪਾੜੋ ਤੇ ਰਾਜ ਕਰੋ' ਦੀ ਨੀਤੀ ਅਧੀਨ ਐਂਗਲੋ-ਇੰਡੀਅਨ ਹਾਪਕਿਨਸਨ ਨੇ ਕੈਨੇਡਾ ਵਸਦੇ ਭਾਰਤੀਆਂ ਨੂੰ ਦੋ ਧਿਰਾਂ ਵਿੱਚ ਵੰਡ ਦਿੱਤਾ। ਉਸ ਨੇ ਕੈਨੇਡਾ ਵਸਦੇ ਸਿੱਖਾਂ ਅਤੇ ਭਾਰਤੀਆਂ ਨੂੰ ਇਥੋਂ ਕੱਢਣ ਲਈ ਬ੍ਰਿਟਿਸ਼ ਹੌਂਡੂਰਸ ਦੀ ਸਾਜ਼ਿਸ਼ ਰਚੀ, ਭਾਰਤੀਆਂ ਖ਼ਿਲਾਫ਼ ਨਸਲੀ ਕਾਲੇ ਕਾਨੂੰਨਾਂ ਲਈ ਸਰਗਰਮੀ ਦਿਖਾਈ ਤੇ ਗੁਰੂ ਨਾਨਕ ਜਹਾਜ਼ ਵਾਪਸ ਮੋੜੇ ਜਾਣ ਦੀ ਸਾਜਿਸ਼ ਦਾ ਮੁੱਖ ਭਾਗੀ ਬਣਿਆ। ਕਹਿਣ ਦਾ ਭਾਵ, ਕੋਈ ਵੀ ਅਜਿਹੀ ਨਫ਼ਰਤੀ ਅਤੇ ਨਸਲੀ ਗਤੀਵਿਧੀ ਨਹੀਂ ਸੀ, ਜਿਸ ਵਿੱਚ ਹਾਪਕਿਨਸਨ ਨੇ ਕੋਈ ਸਾਜਿਸ਼ ਨਾ ਰਚੀ ਹੋਵੇ। ਉਸ ਦੀ ਸਭ ਤੋਂ ਵੱਡੀ ਜ਼ਾਲਮਾਨਾ ਕਾਰਵਾਈ ਆਪਣੇ ਏਜੰਟਾਂ ਰਾਹੀਂ ਗੁਰਦੁਆਰਾ ਸਾਹਿਬ ਦੇ ਅੰਦਰ ਆਗੂ ਸਿੱਖਾਂ ਭਾਈ ਭਾਗ ਸਿੰਘ ਭਿਖੀਵਿੰਡ ਅਤੇ ਭਾਈ ਬਤਨ ਸਿੰਘ ਦਲੇਲ ਸਿੰਘ ਵਾਲਾ ਨੂੰ ਸ਼ਹੀਦ ਕਰਵਾਉਣ ਦੀ ਸੀ।

ਗੁਰਦੁਆਰਾ ਸਾਹਿਬ ਵਿਖੇ ਗੋਲੀਆਂ ਚਲਾ ਕੇ ਦੋ ਸਿੱਖਾਂ ਦੀ ਹੱਤਿਆ ਕਰਵਾਉਣ ਕਰ ਕੇ ਵੈਨਕੂਵਰ ਸ਼ਹਿਰ ਦੀ ਬ੍ਰਿਟਿਸ਼ ਕੋਲੰਬਿਆਂ ਪ੍ਰੋਵਿੰਸ਼ਿਅਲ ਕੋਰਟ ਵਿੱਚ, ਭਾਈ ਮੇਵਾ ਸਿੰਘ ਨੇ ਵਿਲੀਅਮ ਚਾਰਲਸ ਹਾਪਕਿਨਸਨ ਨੂੰ ਸੋਧਿਆ ਤੇ ਮਗਰੋਂ ਖ਼ੁਦ ਨੂੰ ਪੁਲਿਸ ਹਵਾਲੇ ਕਰ ਦਿੱਤਾ। ਇਹ ਕਹਾਣੀ ਊਧਮ ਸਿੰਘ ਵਲੋਂ ਲੰਡਨ 'ਚ ਪੰਜਾਬ ਦੇ ਸਾਬਕਾ ਗਵਰਨਰ, ਮਾਈਕਲ ਉਡਵਾਇਰ ਨੂੰ ਸੰਨ 1940 ਵਿੱਚ ਮਾਰਨ ਨਾਲ ਕਾਫ਼ੀ ਮਿਲਦੀ ਹੈ, ਫ਼ਰਕ ਸਿਰਫ਼ ਏਨਾ ਹੈ ਕਿ ਸ਼ਹੀਦ ਮੇਵਾ ਸਿੰਘ ਨੇ ਇਹ ਕਾਰਨਾਮਾ 26 ਸਾਲ ਪਹਿਲਾਂ ਕੀਤਾ ਸੀ, ਜਿਹੜਾ ਇਤਿਹਾਸ ਦੀਆਂ ਕਿਤਾਬਾਂ ਦੇ ਅਣਗੌਲੇ ਪੰਨਿਆਂ ਦੀ ਧੂੜ 'ਚ ਹੀ ਗੁਆਚ ਗਿਆ। ਕਿੰਨਾ ਚੰਗਾ ਹੋਵੇ ਕਿ ਸਕੂਲਾਂ ਦੀਆਂ ਕਿਤਾਬਾਂ ਵਿੱਚ ਸ਼ਹੀਦ ਮੇਵਾ ਸਿੰਘ ਦੀ ਕੁਰਬਾਨੀ ਬਾਰੇ ਪੜ੍ਹਾਇਆ ਜਾਵੇ ਤੇ ਉਨ੍ਹਾਂ ਦੀ ਯਾਦਗਾਰ ਸਥਾਪਤ ਕਰਕੇ, ਆਉਣ ਵਾਲੀਆਂ ਪੀੜ੍ਹੀਆਂ ਲਈ ਸੇਧ ਲਈ ਜਾਵੇ। ਦੂਜੇ ਪਾਸੇ ਬੀਸੀ ਅਸੰਬਲੀ ਬਿਲਡਿੰਗ ਵਿਕਟੋਰੀਆ ਦੇ ਪਿਛਲੇ ਪਾਸੇ ਦੀ ਪਾਰਕ 'ਚ ਅਜੇ ਵੀ ਹਾਪਕਿਨਸਨ ਦਾ ਨਾਂ ਸ਼ਿਲਾਲੇਖ ਉਪਰ ਅੰਕਿਤ ਹੈ, ਉਸ ਨੂੰ ਤੁਰੰਤ ਹਟਾਇਆ ਜਾਵੇ ਅਤੇ ਬੀਸੀ ਵਿਧਾਨ ਸਭਾ ਦੇ ਅੱਗੇ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਦਾ ਬੁੱਤ ਲਗਾਇਆ ਜਾਵੇ।

### ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਕੌਣ ਸਨ ?

ਸ਼ਹੀਦ ਭਾਈ ਮੇਵਾ ਸਿੰਘ ਦਾ ਜਨਮ ਪੰਜਾਬ ਦੇ ਅੰਮ੍ਰਿਤਸਰ ਜਿਲ੍ਹੇ 'ਚ ਪੈਂਦੇ ਪਿੰਡ ਲੋਪੋਕੇ, ਤਹਿਸੀਲ ਅਜਨਾਲਾ ਵਿਖੇ ਸੰਨ 1880 ਨੂੰ ਸ. ਨੰਦ ਸਿੰਘ ਔਲਖ ਦੇ ਘਰ ਹੋਇਆ। ਪਰਿਵਾਰ ਵਿੱਚ ਭਾਈ ਮੇਵਾ ਸਿੰਘ ਅਤੇ ਦੇਵਾ ਸਿੰਘ ਦੋ ਭਰਾ ਸਨ। ਸਿੱਖੀ ਪਿਛੋਕੜ ਨਾਲ ਸਬੰਧਤ ਪਰਿਵਾਰ ਵਾਲੇ ਮੇਵਾ ਸਿੰਘ ਨੇ 20ਵੀਂ ਸਦੀ ਦੇ ਸ਼ੁਰੂ 'ਚ ਹੋਰਨਾਂ ਪੰਜਾਬੀਆਂ ਵਾਂਗ ਸੁਨਹਿਰੀ ਭਵਿੱਖ ਸਿਰਜਣ ਲਈ ਕੈਨੇਡਾ ਆਉਣ ਦਾ ਫ਼ੈਸਲਾ ਕੀਤਾ। ਉਹਨਾਂ ਵੇਲਿਆਂ 'ਚ ਪਾਸਪੋਰਟ ਨਹੀਂ ਸਨ ਹੁੰਦੇ ਅਤੇ ਭਾਈ ਮੇਵਾ ਸਿੰਘ ਨੇ ਕਲਕੱਤੇ ਤੋਂ ਹਾਂਗਕਾਂਗ ਅਤੇ ਉਥੋਂ ਵੈਨਕੂਵਰ ਦੀ ਟਿਕਟ ਲਈ ਅਤੇ 1906 ਈਂ ਵਿੱਚ ਜਾਰਡੀਨ ਸਮੁੰਦਰੀ ਜਹਾਜ਼ ਰਾਹੀਂ ਵੈਨਕੂਵਰ ਆ ਵਸੇ।

### ਬੀਸੀ ਕੰਜ਼ਰਵਟਿਵ ਸਰਕਾਰ ਦਾ ਭਾਰਤੀਆਂ ਤੋਂ ਵੋਟ ਦਾ ਹੱਕ ਖੋਹਣ ਦਾ ਨਸਲਵਾਦੀ ਫ਼ੈਸਲਾ

ਕੈਨੇਡਾ ਦੀ ਨਸਲਵਾਦੀ ਸਰਕਾਰ ਏਸ਼ੀਆਈ ਲੋਕਾਂ ਖ਼ਿਲਾਫ਼ ਕਾਲੇ ਕਾਨੂੰਨ ਬਣਾ ਰਹੀ ਸੀ, ਜਿਸ ਦੀ ਸਭ ਤੋਂ ਘਿਨਾਉਣੀ ਮਿਸਾਲ, 27 ਮਾਰਚ 1907 ਵਿੱਚ, ਬੀਸੀ ਕੰਜ਼ਰਵਟਿਵ ਸਰਕਾਰ ਵੱਲੋਂ ਭਾਰਤੀਆਂ ਤੋਂ ਵੋਟ ਦਾ ਹੱਕ ਵਾਪਸ ਲੈਣਾ ਵੀ ਸ਼ਾਮਿਲ ਸੀ। ਭਾਈ ਮੇਵਾ ਭਾਵੇਂ ਕਿਰਤੀ ਵਜੋਂ ਨਿਊ ਵੈਸਟਮਿਨਿਸਟਰ ਦੀ ਫ਼ਰੇਜ਼ਰ ਮਿੱਲ 'ਚ ਕੰਮ ਕਰਦੇ ਸਨ। ਇੱਥੇ ਦੇ ਮਿਲ ਮੈਨੇਜਰ ਵੱਲੋਂ ਭਾਈ ਮੇਵਾ ਸਿੰਘ ਸਮੇਤ ਸਮੂਹ ਸਿੱਖ ਕਾਮਿਆਂ ਨੂੰ ਸਿਰਾਂ ਤੇ ਲੋਹ ਟੋਪ (ਹਾਰਡ ਹੈਟ) ਪਾਉਣ ਦਾ ਫ਼ੈਸਲਾ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਗਈ, ਜਿਸ ਦਾ ਵਿਰੋਧ ਕਰਨ ਲਈ ਫ਼ਰੇਜ਼ਰ ਮਿਲ ਸਥਿਤ ਗੁਰਦੁਆਰਾ ਸਾਹਿਬ ਵਿਖੇ ਸਿੱਖ ਸੰਸਥਾਵਾਂ ਦੇ ਨੁਮਾਇੰਦੇ ਇਕੱਠੇ ਹੋਏ ਅਤੇ ਸਮੂਹ ਜਥਿਆਂ ਨੇ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿੱਚ ਇਸ ਦੇ ਖ਼ਿਲਾਫ਼ ਮਤਾ ਪਾਸ ਕੀਤਾ। ਇਸ ਦੇ ਵਿਰੋਧ ਵਿੱਚ ਸਿੱਖ ਕਾਮਿਆਂ ਨੇ ਮੈਨੇਜਰ ਦੇ ਘਰ ਦਾ ਘਿਰਾਓ ਕੀਤਾ ਅਤੇ ਆਖਰਕਾਰ ਮਿਲ ਵਾਲਿਆਂ ਨੂੰ ਲੋਹਟੋਪ ਦਾ ਫ਼ੈਸਲਾ ਵਾਪਸ ਲੈਣਾ ਪਿਆ। ਇਹ ਕੈਨੇਡਾ ਦੀ ਧਰਤੀ 'ਤੇ ਸਿੱਖਾਂ ਦੀ ਧਾਰਮਿਕ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੀ ਇਤਿਹਾਸਿਕ ਜਿੱਤ ਸੀ। ਭਾਈ ਮੇਵਾ ਸਿੰਘ ਦਾ ਸੰਪਰਕ ਆਜ਼ਾਦੀ ਲਈ ਜੂਝਣ ਵਾਲੇ ਸਿੱਖ ਆਗੂਆਂ ਨਾਲ ਲਗਾਤਾਰ ਬਣਿਆ ਰਹਿੰਦਾ ਸੀ। ਇੱਥੇ ਇਹ ਵੀ ਸਮਝਣਾ ਜ਼ਰੂਰੀ ਹੈ ਕਿ ਅਜਿਹੇ ਸੱਚੇ -ਸੁੱਚੇ ਮਨੁੱਖਾਂ ਅੰਦਰ ਆਜ਼ਾਦੀ ਦੀ ਚਿਣਗ ਕਿਤੇ ਨਾ ਕਿਤੇ ਅਵਚੇਤਨ ਮਨ ਅਤੇ ਪਰੋਖ ਰੂਪ ਵਿੱਚ ਪਹਿਲਾਂ ਹੀ ਮੌਜੂਦ ਸੀ। ਕੈਨੇਡਾ ਆ ਕੇ ਉਸ ਨੂੰ ਨਸਲਵਾਦ ਅਤੇ ਵਿਤਕਰਿਆਂ ਦੇ ਮਾਹੌਲ ਨੇ ਹੋਰ ਹਵਾ ਦਿੱਤੀ। ਜੋ ਲੇਖਕ ਇਹ ਸਾਬਤ ਕਰ ਦੀ ਕੋਸ਼ਿਸ਼ ਕਰਦੇ ਹਨ ਕਿ ਗਦਰੀ ਯੋਧਿਆਂ ਅੰਦਰ ਜਾਗ੍ਰਿਤੀ ਕੇਵਲ ਬਾਹਰਲੇ ਮੁਲਕਾਂ ਜਾਂ ਬਾਹਰੀ ਫ਼ਲਸਫ਼ਿਆਂ ਕਰਕੇ ਆਈ ਸੀ, ਉਹ ਭੁਲੇਖੇ ਪੈਦਾ ਕਰਦੇ ਹਨ।

ਕੈਨੇਡਾ ਦੀ ਪਹਿਲੀ ਸੰਸਥਾ ਖ਼ਾਲਸਾ ਦੀਵਾਨ ਸੁਸਾਇਟੀ, ਵੈਨਕੂਵਰ ਦੇ ਪਹਿਲੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਵਿੱਚ ਭਾਈ ਮੇਵਾ ਸਿੰਘ ਦੀ ਵਿਸ਼ੇਸ਼ ਭੂਮਿਕਾ ਸੀ। ਇਹਨਾਂ ਮੋਢੀ ਸਿੱਖਾਂ ਨੇ ਮਿਲ ਕੇ 1907 ਵਿੱਚ ਵੈਨਕੂਵਰ ਵਿਖੇ ਗੁਰਦੁਆਰੇ ਲਈ ਜ਼ਮੀਨ ਖਰੀਦੀ ਅਤੇ 19 ਜਨਵਰੀ 1908 ਨੂੰ ਗੁਰਦੁਆਰਾ ਸਾਹਿਬ ਦੀ ਇਮਾਰਤ ਬਣਾਈ, ਜਿੱਥੇ 21 ਜੂਨ 1908 ਨੂੰ ਭਾਈ ਸਾਹਿਬ ਮੇਵਾ ਸਿੰਘ ਨੇ ਅੰਮ੍ਰਿਤ ਛਕਿਆ ਅਤੇ ਆਪਣਾ ਜੀਵਨ ਜ਼ੁਲਮ ਖਿਲਾਫ਼ ਲੜਨ ਅਤੇ ਸੱਚ 'ਤੇ ਪਹਿਰਾ ਦੇਣ ਨੂੰ ਸਮਰਪਿਤ ਕੀਤਾ। ਹੱਕ, ਸੱਚ ਅਤੇ ਇਨਸਾਫ਼ ਲਈ ਮਰ-ਮਿੱਟਣ ਦੀ ਭਾਈ ਸਾਹਿਬ ਦੀ ਭਾਵਨਾ ਇਸ ਗੱਲ ਤੋਂ ਹੋਰ ਵੀ ਸਪੱਸ਼ਟ ਹੁੰਦੀ ਹੈ ਕਿ ਅਜੇ ਵਿਆਹੇ ਨਹੀਂ ਸਨ, ਜਦੋਂ ਉਹ ਭਰ ਜੁਆਨੀ 'ਚ ਸ਼ਹੀਦੀ ਪਾ ਗਏ।

### ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਦੀ ਧੱਕੇਸ਼ਾਹੀ ਦਾ ਭਾਈ ਮੇਵਾ ਸਿੰਘ 'ਤੇ ਅਸਰ

ਭਾਈ ਮੇਵਾ ਸਿੰਘ ਦੇ ਜੀਵਨ 'ਤੇ 'ਗੁਰੂ ਨਾਨਕ ਜਹਾਜ਼' ਨੂੰ ਕੈਨੇਡਾ ਤੋਂ ਵਾਪਿਸ ਮੋੜਨ ਦੀ ਘਟਨਾ ਦਾ ਡੂੰਘਾ ਅਸਰ ਪਿਆ ਸੀ। 23 ਮਈ 1914 ਨੂੰ ਬਾਬਾ ਗੁਰਦਿੱਤ ਸਿੰਘ ਸਰਹਾਲੀ ਦੀ ਅਗਵਾਈ 'ਚ 'ਗੁਰੂ ਨਾਨਕ ਜਹਾਜ਼', ਜਿਸਨੂੰ ਸਮੁੰਦਰੀ ਬੇੜੇ ਕਾਮਾਗਾਟਾਮਾਰੂ ਵਜੋਂ ਜਾਣਿਆ ਜਾਂਦਾ ਹੈ, ਦੇ ਵੈਨਕੂਵਰ ਪੁੱਜਣ ਤੇ ਕੈਨੇਡਾ ਸਰਕਾਰ ਨੇ ਉਸ ਦੇ ਮੁਸਾਫ਼ਿਰਾਂ ਨੂੰ ਕੈਨੇਡਾ ਦਾਖਿਲ ਹੋਣ ਤੋਂ ਰੋਕ ਦਿੱਤਾ। ਭਾਈ ਮੇਵਾ ਸਿੰਘ ਸਮੇਤ ਉੱਤਰੀ ਅਮਰੀਕਾ 'ਚ ਵਸਦੇ ਸਾਰੇ ਗਦਰੀ ਯੋਧਿਆਂ ਅੰਦਰ, ਇਸ ਘਟਨਾ ਨੇ ਰੋਸ ਦੀ ਲਹਿਰ ਪੈਦਾ ਕਰ ਦਿੱਤੀ। 6 ਜੁਲਾਈ,1914 ਨੂੰ ਬੀ.ਸੀ. ਅਪੀਲ ਕੋਰਟ ਨੇ ਜਹਾਜ਼ ਦੇ ਸਵਾਰਾਂ ਖ਼ਿਲਾਫ਼ ਫ਼ੈਸਲਾ ਸੁਣਾ ਕੇ, ਉਨ੍ਹਾਂ ਨੂੰ ਵਾਪਿਸ ਮੋੜਨ ਦਾ ਰਾਹ ਪੱਧਰਾ ਕਰ ਦਿੱਤਾ। ਅਜਿਹੀ ਸਥਿਤੀ ਵਿੱਚ ਇਹਨਾਂ ਯੋਧਿਆਂ ਨੇ ਫ਼ੈਸਲਾ ਕੀਤਾ ਕਿ 'ਗੁਰੂ ਨਾਨਕ ਜਹਾਜ਼' ਦੇ ਵਾਪਿਸ ਜਾਣ ਤੋਂ ਪਹਿਲਾਂ, ਇਸ ਦੇ ਸਵਾਰਾਂ ਰਾਹੀਂ, ਭਾਰਤ ਅੰਦਰ ਗਦਰ ਲਹਿਰ ਦੇ ਸਾਹਿਤ ਤੋਂ ਇਲਾਵਾ ਹਥਿਆਰ ਵੀ ਭੇਜੇ ਜਾਣ ਦਾ ਯਤਨ ਕੀਤਾ ਜਾਵੇ। ਇਸ ਮਕਸਦ ਲਈ ਵੈਨਕੂਵਰ ਦੇ ਆਗੂ ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ, ਭਾਈ ਹਰਨਾਮ ਸਿੰਘ ਕਾਹਰੀ ਸਾਹਰੀ ਸਮੇਤ ਭਾਈ ਮੇਵਾ ਸਿੰਘ ਕੈਨੇਡਾ ਦੀ ਸਰਹੱਦ ਪਾਰ ਕਰਕੇ ਅਮਰੀਕਾ 'ਚ ਦਾਖਿਲ ਹੋਏ, ਜਿਥੋਂ ਹਥਿਆਰ ਖਰੀਦ ਕੇ ਅਗਲੇ ਦਿਨ ਵਾਪਿਸ ਪਰਤੇ।

ਕੈਨੇਡਾ ਦੇ ਸ਼ਹਿਰ ਐਬਸਫ਼ੋਰਡ 'ਚ ਸੂਮਸ ਬਾਰਡਰ ਨੇੜਲੀਆਂ ਝਾੜੀਆਂ ਰਾਹੀਂ ਦਾਖਿਲ ਹੁੰਦਿਆਂ, ਭਾਈ ਮੇਵਾ ਸਿੰਘ ਵੀ ਬਾਕੀ ਗਦਰੀ ਆਗੂਆਂ ਸਮੇਤ ਹਥਿਆਰਾਂ ਸਣੇ ਗ੍ਰਿਫ਼ਤਾਰ ਕਰ ਲਏ ਗਏ। ਬ੍ਰਿਟਿਸ਼ ਹਿੰਦੁਸਤਾਨੀ ਸਰਕਾਰ ਦੇ ਸੂਹੀਏ ਵਿਲੀਅਮ ਹਾਪਕਿਨਸਨ ਅਤੇ ਇੰਮੀਗ੍ਰੇਸ਼ਨ ਅਧਿਕਾਰੀ ਮੈਕਲਮ ਹੀਡ ਨੇ, ਭਾਈ ਮੇਵਾ ਸਿੰਘ ਲੋਪੋਕੇ ਨੂੰ ਕਈ ਤਰ੍ਹਾਂ ਦੀ ਸਜ਼ਾ ਦੇ ਡਰਾਵੇ ਤੇ ਰਿਹਾਈ ਦੇ ਲਾਲਚ ਦੇ ਕੇ ਹੋਰਨਾਂ ਗਦਰੀ ਯੋਧਿਆਂ ਖ਼ਿਲਾਫ਼ ਬਿਆਨ ਦੇਣ ਲਈ ਧਮਕਾਇਆ, ਪਰੰਤੂ ਭਾਈ ਮੇਵਾ ਸਿੰਘ ਨੇ ਝੂਠੀ ਗਵਾਹੀ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਮਗਰੋਂ 7 ਅਗਸਤ 1914 ਨੂੰ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ। ਇਸ ਦੌਰਾਨ ਹੀ 23 ਜੁਲਾਈ ਨੂੰ 'ਗੁਰੂ ਨਾਨਕ ਜਹਾਜ਼' ਵੈਨਕੂਵਰ ਦੀ ਬੰਦਰਗਾਹ ਤੋਂ ਮੋੜ ਦਿੱਤਾ ਗਿਆ ਸੀ, ਜਿਸ ਕਰਕੇ ਗਦਰੀ ਯੋਧਿਆਂ ਅੰਦਰ ਬ੍ਰਿਟਿਸ਼ ਸਾਮਰਾਜ ਖਿਲਾਫ਼ ਵਿਰੋਧ ਸਿਖਰਾਂ 'ਤੇ ਸੀ।

### ਹਾਪਕਿਨਸਨ ਦੇ ਇਸ਼ਾਰੇ 'ਤੇ ਭਾਈ ਭਾਗ ਸਿੰਘ ਅਤੇ ਭਾਈ ਬਤਨ ਸਿੰਘ ਦੇ ਕਤਲ


4 ਅਗਸਤ 1914 ਨੂੰ ਪਹਿਲਾ ਵਿਸ਼ਵ ਯੁੱਧ ਸ਼ੁਰੂ ਹੁੰਦਿਆਂ ਸਾਰ ਕੈਨੇਡਾ ਤੇ ਅਮਰੀਕਾ ਦੇ ਬਹੁਤ ਸਾਰੇ ਗਦਰੀ ਬਾਬੇ, ਭਾਰਤ ਨੂੰ ਆਜ਼ਾਦ ਕਰਾਉਣ ਲਈ ਰਵਾਨਾ ਹੋਣ ਲੱਗੇ, ਤਾਂ ਸਰਕਾਰੀ ਪਿੱਠੂ ਤੇ ਕੌਮੀ ਗੱਦਾਰ ਬੇਲੇ ਜਿਆਣ ਨੇ ਹਿੰਦੁਸਤਾਨੀ ਬ੍ਰਿਟਿਸ਼ ਸਰਕਾਰ ਦੀ ਏਜੰਟ ਹਾਪਕਿਨਸਨ ਦੀ ਸ਼ਹਿ 'ਤੇ ਵਹਿਸ਼ੀਆਨਾ ਕਾਰਵਾਈ ਕਰਦਿਆਂ, 5 ਸਤੰਬਰ 1914 ਨੂੰ ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਗੋਲੀਆਂ ਚਲਾ ਦਿੱਤੀਆਂ। ਦੀਵਾਨ ਹਾਲ ਅੰਦਰ ਸੁਸਾਇਟੀ ਦੇ ਪ੍ਰਧਾਨ ਭਾਈ ਭਾਗ ਸਿੰਘ ਅਤੇ ਉਨ੍ਹਾਂ ਨੂੰ ਬਚਾਉਂਦਿਆਂ ਭਾਈ ਬਤਨ ਸਿੰਘ ਸ਼ਹੀਦੀਆਂ ਪਾ ਗਏ। ਗੁਰਦੁਆਰੇ ਅੰਦਰ ਮੌਜੂਦ ਸੰਗਤ ਵਿਚੋਂ ਕਈ ਹੋਰ ਵਿਅਕਤੀ ਜ਼ਖਮੀ ਵੀ ਹੋਏ, ਜਿੰਨਾਂ ਵਿੱਚ ਭਾਈ ਦਲੀਪ ਸਿੰਘ ਫ਼ਾਲਾ, ਭਾਈ ਉੱਤਮ ਸਿੰਘ ਨੂਰਪੁਰੀ, ਭਾਈ ਲਾਭ ਸਿੰਘ ਤੇ ਭਾਈ ਜਵਾਲਾ ਸਿੰਘ ਸ਼ੇਖ ਦੌਲਤ ਆਦਿ ਦਰਜਨ ਤੋਂ ਵੱਧ ਸਿੱਖ ਸ਼ਾਮਿਲ ਸਨ। ਇਹ ਘਟਨਾ ਕੈਨੇਡਾ ਦੇ ਸਿੱਖ ਇਤਿਹਾਸ ਦਾ ਸਭ ਤੋਂ ਦਰਦਨਾਕ ਪੰਨਾ ਸੀ, ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਿੱਖ ਆਗੂਆਂ ਨੂੰ ਸ਼ਹੀਦ ਕੀਤਾ ਗਿਆ ਹੋਵੇ। ਨੌਜਵਾਨ ਭਾਈ ਮੇਵਾ ਸਿੰਘ ਉਸ ਵੇਲੇ ਸੰਗਤਾਂ ਵਿੱਚ ਮੌਜੂਦ ਸਨ, ਜਿਨ੍ਹਾਂ ਦੇ ਹਿਰਦੇ ਨੂੰ ਇਸ ਘਟਨਾ ਨੇ ਵਲੂੰਧਰ ਦਿੱਤਾ।

### ਭਾਈ ਮੇਵਾ ਸਿੰਘ ਵੱਲੋਂ ਹਾਪਕਿਨਸਨ ਦਾ ਕਤਲ

ਭਾਈ ਮੇਵਾ ਸਿੰਘ ਲੋਪੋਕੇ ਦੀ ਨਜ਼ਰ 'ਚ ਇਸ ਦੁਖਾਂਤ ਲਈ ਹਾਪਕਿਨਸਨ ਤੇ ਮੈਲਕਮ ਰੀਡ ਮੁੱਖ ਦੋਸ਼ੀ ਸਨ, ਜਿਨ੍ਹਾਂ ਵਲੋਂ ਇਹ ਸਾਰਾ ਕਾਰਾ ਕਰਵਾਇਆ ਗਿਆ ਸੀ। ਜਿਵੇਂ ਕੁਝ ਵਰ੍ਹਿਆਂ ਬਾਅਦ ਸੰਨ 1919 'ਚ ਅੰਮ੍ਰਿਤਸਰ ਦੇ ਜਲ੍ਹਿਆਂ ਵਾਲਾ ਬਾਗ਼ 'ਚ ਸ਼ਾਂਤਮਈ ਇਕੱਠ 'ਤੇ ਗੋਲ਼ੀਆਂ ਚਲਦਿਆਂ ਬੇਕਸੂਰ ਸੈਂਕੜੇ ਲੋਕਾਂ ਦੀ ਸ਼ਹੀਦੀ ਮਗਰੋਂ ਊਧਮ ਸਿੰਘ ਦਾ ਖ਼ੂਨ ਖੌਲ ਉਠਿਆ ਸੀ ਤੇ ਉਸਨੇ ਖ਼ੂਨੀ ਸਾਕੇ ਲਈ ਜਨਰਲ ਡਾਇਰ ਤੇ ਮਾਈਕਲ ਉਡਵਾਇਰ ਨੂੰ ਦੋਸ਼ੀ ਮੰਨਦਿਆਂ ਸੋਧਣ ਦੀ ਸਹੁੰ ਖਾਈ ਸੀ।

(ਚਲਦਾ)

ਕਿਸ਼ਤ ਪਹਿਲੀ




ਭਾਈ ਮੇਵਾ ਸਿੰਘ ਲੋਪੋਕੇ ਦੀ ਸ਼ਹਾਦਤ, ਕਿਤਾਬ।

# ਭਗਤੀ ਤੇ ਸ਼ਕਤੀ ਦਾ ਸੁਮੇਲ ਸ੍ਰੀ ਅਕਾਲ ਤਖ਼ਤ ਸਾਹਿਬ

ਧਰਮਿੰਦਰ ਸਿੰਘ ਚੱਬਾ

ਗੁਰੂ ਅਰਜਨ ਦੇਵ ਸਾਹਿਬ ਪਾਤਸ਼ਾਹ ਜੀ ਦੀ ਸ਼ਹਾਦਤ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਿੱਖ ਸੰਗਤਾਂ ਨੂੰ ਅਲੱਗ ਹੀ ਰੂਪ ਵੇਖਣ ਨੂੰ ਮਿਲਿਆ। ਉਸ ਵਕਤ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਉਮਰ ਗਿਆਰਾਂ ਸਾਲਾਂ ਦੀ ਸੀ। ਗੁਰੂ ਜੀ ਨੇ ਮੀਰੀ ਅਤੇ ਪੀਰੀ ਨਾਂਅ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਸੇਲੀ ਟੋਪੀ ਦੀ ਜਗ੍ਹਾ ਸੋਹਣੀ ਸ਼ਾਹੀ ਠਾਠ ਵਾਲੀ ਦਸਤਾਰ ਧਾਰਨ ਕੀਤੀ, ਉੱਪਰ ਕਲਗੀ ਸਜਾਈ। ਸਿੱਖ ਸੰਗਤਾਂ ਪਾਤਸ਼ਾਹ ਜੀ ਦਾ ਇਹ ਰੂਪ ਵੇਖ ਕੇ ਹੈਰਾਨ ਸਨ। 'ਮੀਰੀ' ਅਤੇ 'ਪੀਰੀ' ਦੋਵੇਂ ਫ਼ਾਰਸੀ ਦੇ ਸ਼ਬਦ ਹਨ। ਇਸਦੇ ਅਰਥ ਵਿਦਵਾਨਾਂ ਨੇ ਇਉਂ ਕੀਤੇ ਹਨ। 'ਮੀਰੀ' ਦਾ ਅਰਥ 'ਮੀਰ' ਤੇ 'ਮੀਰ' ਦਾ ਅਰਥ 'ਅਮੀਰ' ਦਾ ਸੰਕੇਤ ਹੈ। 'ਪੀਰੀ' ਦਾ ਅਰਥ 'ਪੀਰ' ਤੇ 'ਪੀਰ' ਦਾ ਅਰਥ ਭਾਵ 'ਧਾਰਮਿਕ ਆਗੂ' ਤੋਂ ਹੈ। ਜਦੋਂ ਸਿੱਖਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸਵਾਲ ਕੀਤਾ ਕਿ ਪਹਿਲੇ ਗੁਰੂ ਸਹਿਬਾਨ ਤੋਂ ਅਲੱਗ ਇਹ ਤਲਵਾਰਾਂ, ਉਹ ਵੀ ਦੋ ਕਿਉਂ ਧਾਰਨ ਕੀਤੀਆਂ ਹਨ ਤਾਂ ਗੁਰੂ ਸਾਹਿਬ ਜੀ ਨੇ ਸੰਗਤਾਂ ਨੂੰ ਜਵਾਬ ਦਿੱਤਾ ਜੋ ਭਾਈ ਸੰਤੋਖ ਜੀ ਇਸ ਤਰ੍ਹਾਂ ਲਿਖਦੇ ਹਨ ਕਿ:

ਧਰੇ ਤੇਜ ਸਤਿਗੁਰੂ ਬਚ ਕਹੇ। ਹਮ ਨੇ ਇਸ ਹਿਤ ਜੁਗ ਅਸਿ ਗਹੇ।
ਇਕ ਤੇ ਲੇਂ ਮੀਰਨਿ ਕੀ ਮੀਰੀ। ਦੂਸਰ ਤੇ ਪੀਰਨਿ ਕੀ ਪੀਰੀ।

ਗੁਰੂ ਜੀ ਨੇ ਗੁਰਗੱਦੀ 'ਤੇ ਬਿਰਾਜਮਾਨ ਹੁੰਦਿਆਂ ਹੀ ਸਭ ਸਿੱਖ ਸੰਗਤਾਂ ਨੂੰ ਹੁਕਮਨਾਮੇ ਜਾਰੀ ਕੀਤੇ ਕਿ ਅੱਜ ਤੋਂ ਸਾਨੂੰ ਵਧੀਆ ਨਸਲ ਦੇ ਘੋੜੇ, ਵਧੀਆ ਕਿਸਮ ਦੇ ਹਥਿਆਰ ਭੇਟ ਕੀਤੇ ਜਾਣ।

ਜੋ ਸਿਖ ਆਨਹਿ ਸ਼ਸਤ੍ਰ ਤੁਰੰਗਾ। ਹੋਇ ਖੁਸ਼ੀ ਗੁਰ ਕੀ ਸੁਖ ਸੰਗਾ।
ਸਭ ਆਵੈਂ ਦਰਸ਼ਨ ਹਿਤ ਕਰਿਬੇ। ਲਯਾਇ ਅਕੋਰ ਬਿਲਮ ਨਹਿੰ ਧਰਿਬੇ।

ਗੁਰੂ ਜੀ ਦੇ ਹੁਕਮ ਅਨੁਸਾਰ ਸਿੱਖ ਸੰਗਤਾਂ ਭੇਟਾਵਾਂ ਚੜ੍ਹਾਉਣ ਲੱਗੀਆਂ। ਥੋੜ੍ਹੇ ਸਮੇਂ ਅੰਦਰ ਹੀ ਗੁਰੂ ਜੀ ਕੋਲ ਸਿੱਖ ਫ਼ੌਜ ਤਿਆਰ ਹੋਣੀ ਸ਼ੁਰੂ ਹੋ ਗਈ। ਦੇਖਾ ਦੇਖੀ ਇਸ ਫ਼ੌਜ ਵਿੱਚ 500 ਜਵਾਨ ਭਰਤੀ ਹੋ ਗਏ। ਕਿਸੇ ਵੀ ਜਵਾਨ ਨੇ ਤਨਖਾਹ ਦੀ ਮੰਗ ਨਹੀਂ ਕੀਤੀ। ਸਗੋਂ ਕਹਿੰਦੇ ਸਨ ਕਿ ਹੇ ਸੱਚੇ ਪਾਤਸ਼ਾਹ ਜੀ ਦੋ ਵਕਤ ਦੀ ਰੋਟੀ ਤੇ ਛੇ ਮਹੀਨੇ ਬਾਅਦ ਇੱਕ ਸੂਟ ਦੇ ਦਿਆ ਕਰੋ। ਐਸੇ ਜਵਾਨ ਗੁਰੂ ਜੀ ਦੀ ਫ਼ੌਜ ਵਿੱਚ ਭਰਤੀ ਹੋਣੇ ਸ਼ੁਰੂ ਹੋ ਗਏ ਸਨ ਜੋ ਗੁਰੂ ਜੀ ਦੇ ਇੱਕ ਇਸ਼ਾਰੇ 'ਤੇ ਜਾਨਾਂ ਕੁਰਬਾਨ ਕਰਨ ਲਈ ਤਿਆਰ-ਬਰ-ਤਿਆਰ ਰਹਿੰਦੇ ਸਨ। ਗੁਰੂ ਜੀ ਦੀ ਚੜ੍ਹਤ ਦੇਖ ਕੇ ਵੈਰੀਆਂ ਦੇ ਦਿਲ ਕੰਬਦੇ ਸਨ। ਉਨ੍ਹਾਂ ਨੇ ਜਹਾਂਗੀਰ ਨੂੰ ਸ਼ਿਕਾਇਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਜਹਾਂਗੀਰ ਨੇ ਇੱਕ ਇਹ ਹੁਕਮ ਵੀ ਜਾਰੀ ਕਰ ਦਿੱਤਾ ਕਿ ਕੋਈ ਵੀ ਦੋ ਫੁੱਟ ਤੋਂ ਉੱਚਾ ਥੜ੍ਹਾ ਬਣਾ ਕੇ ਬੈਠ ਨਹੀਂ ਸਕਦਾ।

ਭਾਈ ਕਾਹਨ ਸਿੰਘ ਨਾਭਾ ਲਿਖਦੇ ਹਨ ਕਿ: ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੰਮਤ 1665 ਵਿੱਚ ਸ੍ਰੀ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਇੱਕ ਉੱਚਾ ਰਾਜ ਸਿੰਘਾਸਨ (ਸ਼ਾਹੀ ਤਖ਼ਤ) ਤਿਆਰ ਕਰਵਾ ਕੇ ਉਸਦਾ ਨਾਉਂ 'ਅਕਾਲ ਬੁੰਗਾ' ਰੱਖਿਆ। ਜਿਸ ਥਾਂ ਸਵੇਰੇ ਅਤੇ ਸ਼ਾਮ ਨੂੰ ਦੀਵਾਨ ਲਗਾ ਕੇ ਸੰਗਤਾਂ ਨੂੰ ਨਿਹਾਲ ਕਰਦੇ ਸਨ। ਅਕਾਲ ਬੁੰਗਾ ਪੰਥਕ ਜਥੇਬੰਦੀਆਂ ਦਾ ਕੇਂਦਰ ਬਿੰਦੂ ਹੈ। ਪੰਥ ਇਸ ਥਾਂ ਮੁੱਢ ਤੋਂ ਗੁਰਮਤੇ ਸੋਧਦਾ ਆਇਆ ਹੈ। ਇਹ ਗੁਰਦੁਆਰਾ ਸਿੱਖਾਂ ਦਾ ਪਹਿਲਾ ਤਖ਼ਤ ਹੈ। ਇਥੇ ਗੁਰੂ ਸਹਿਬਾਨ ਅਤੇ ਧਰਮਵੀਰ ਸ਼ਹੀਦਾਂ ਦੇ ਸ਼ਸਤਰ ਸੁਸ਼ੋਭਿਤ ਹਨ। ਪ੍ਰਿੰ: ਤੇਜਾ ਸਿੰਘ ਤੇ ਪ੍ਰੋ. ਗੰਡਾ ਸਿੰਘ ਆਪਣੀ ਲਿਖਤ ਵਿੱਚ ਲਿਖਦੇ ਹਨ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ 1609 ਈ: ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਥਾਪਨਾ ਕੀਤੀ।



ਢਾਡੀ ਅਬਦੁੱਲਾ ਤੇ ਨੱਥਾ ਮੱਲ ਨੇ ਤਖ਼ਤ ਨਸ਼ੀਨੀ 'ਤੇ ਵਾਰ ਪੜ੍ਹੀ।

ਸੱਚਾ ਤਖਤ ਸੁਹਾਯੋ ਸ੍ਰੀ
ਗੁਰ ਪਾਇਕੈ।
ਛਬ ਬਰਨੀ ਨਹਿ ਜਾਇ ਕਹੋ
ਕਿਆ ਗਾਇਕੈ।
ਰਾਵਿ ਸਸਿ ਭਏ ਮਲੀਨ ਸੁ
ਦਰਸ ਦਿਖਾਇਕੈ।
ਸ੍ਰੀ ਗੁਰੂ ਤਖਤ ਬਿਰਾਜੇ
ਪ੍ਰਭੂ ਧਿਆਇਕੈ।
ਮੀਰ ਅਬਦੁੱਲ ਔ ਨਥਾ ਜਸ
ਕਹੇ ਬਨਾਇਕੈ।

ਇਸ ਜਗ੍ਹਾ ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਪਹਿਲਵਾਨਾਂ ਦੀਆਂ ਕੁਸ਼ਤੀਆਂ ਕਰਵਾਉਂਦੇ ਤੇ ਨਾਲੇ ਫ਼ੌਜੀ ਜਵਾਨਾਂ ਦੇ ਕਰਤੱਬ ਦੇਖਦੇ ਸਨ। ਇਸੇ ਜਗ੍ਹਾ 'ਤੇ ਹੀ ਇੱਕ ਉੱਚਾ ਥੜ੍ਹਾ ਉਸਾਰ ਦਿੱਤਾ ਜਿਸ ਨੂੰ 'ਅਕਾਲ ਬੁੰਗਾ' ਦੇ ਨਾਂਅ ਨਾਲ ਜਾਨਿਆ ਜਾਣ ਲੱਗਾ। ਇਸ ਦੀ ਨੀਂਹ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਪਵਿੱਤਰ ਹੱਥਾਂ ਨਾਲ ਰੱਖੀ। ਇਸਦੀ ਇਤਨੀ ਸੰਭਾਲ ਰੱਖੀ ਕਿ ਇਹ ਥੜ੍ਹਾ ਕਿਸੇ ਮਿਸਤਰੀ ਕੋਲੋਂ ਨਹੀਂ ਬਣਵਾਇਆ। ਸਾਰੀ ਉਸਾਰੀ ਗੁਰੂ ਸਾਹਿਬ ਜੀ ਨੇ, ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਆਪਣੇ ਹੱਥੀਂ ਕੀਤੀ। ਗੁਰ ਬਿਲਾਸ ਪਾ: ਛੇਵੀਂ ਵਿੱਚ ਲਿਖਿਆ ਹੈ ਕਿ:

ਕਰ ਅਰਦਾਸ ਸ੍ਰੀ ਸਤਿਗੁਰੂ ਪੁੰਨ ਪ੍ਰਸਾਦਿ ਵਰਤਾਇ।
ਪ੍ਰਿਥਮ ਨੀਵ ਸਈ ਗੁਰ ਰਖੀ ਅਬਚਲ ਤਖਤ ਸਹਾਇ।
ਗੁਰਦਾਸ ਬੁੱਢੇ ਕੋ ਲੈ ਨਿਜ ਸਾਥਿ।
ਤਖਤ ਅਰੰਭ ਕਰਿ ਦੀਨਾ ਨਾਥ।
ਕਿਸੀ ਰਾਜ ਨਹਿ ਹਾਥ ਲਗਾਯੋ।
ਬੁੱਢੇ ਔ ਗੁਰਦਾਸ ਬਨਾਯੋ।

ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਪਹਿਲੇ ਜਥੇਦਾਰ ਭਾਈ ਗੁਰਦਾਸ ਜੀ ਨੂੰ ਥਾਪਿਆ ਗਿਆ। ਜਦ ਅਕਾਲ ਦਾ ਇਹ ਸੱਚਾ ਤਖ਼ਤ ਬਣ ਕੇ ਤਿਆਰ ਹੋ ਗਿਆ ਤਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਕੇਸਰੀ ਬਾਣਾ ਪਾ ਕੇ ਸੁੰਦਰ ਦਸਤਾਰ ਤੇ ਕਲਗੀ ਸਜਾ ਕੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਇਸ ਤਖ਼ਤ 'ਤੇ ਬਿਰਾਜਮਾਨ ਹੋਏ। ਗੁਰੂ ਜੀ ਦੂਰੋਂ-ਦੂਰੋਂ ਆਈ ਸੰਗਤ ਦੇ ਫ਼ੈਸਲੇ ਜਲਦੀ ਹੀ ਕਰ ਦਿਆ ਕਰਦੇ ਹਨ। ਇਹ ਸਭ ਦੇਖ ਸੁਣ ਕੇ ਮੁਗ਼ਲਾਂ ਦੀ ਨੀਂਦ ਹਰਾਮ ਹੋ ਚੁੱਕੀ ਸੀ। ਉਸ ਸਮੇਂ ਤੋਂ ਲੈ ਕੇ ਸਮੇਂ-ਸਮੇਂ ਦੀਆਂ ਸਰਕਾਰਾਂ ਇਸ ਤਖ਼ਤ ਨੂੰ ਮਿਟਾਉਣ ਦੀਆਂ ਕੋਝੀਆਂ ਚਾਲਾਂ ਚੱਲਦੀਆ ਰਹੀਆਂ ਹਨ। ਦਰਬਾਰ ਸਾਹਿਬ ਤੇ ਸਮੇਂ ਦੀਆਂ ਸਰਕਾਰਾਂ ਵੱਲੋਂ ਕਈ ਹਮਲੇ ਕੀਤੇ ਗਏ।

ਜੂਨ 1984 ਵਿੱਚ ਹੋਏ ਫ਼ੌਜੀ ਹਮਲੇ ਤੋਂ ਬਾਅਦ ਜ਼ਾਲਮਾਂ ਨੇ ਕੋਈ ਕਸਰ ਬਾਕੀ ਨਹੀਂ ਛੱਡੀ ਸੀ। ਬਹੁਤ ਜ਼ਿਆਦਾ ਨੁਕਸਾਨ ਹੋਇਆ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸੁਸ਼ੋਭਿਤ ਗੁਰੂ ਸਾਹਿਬ, ਸਾਹਿਬਜ਼ਾਦਿਆਂ ਤੇ ਸ਼ਹੀਦ ਸਿੰਘਾਂ ਦੀਆਂ ਪਾਵਨ ਪਵਿੱਤਰ ਨਿਸ਼ਾਨੀਆਂ ਨੂੰ ਵੀ ਨੁਕਸਾਨ ਪਹੁੰਚਿਆ ਸੀ।

ਫਿਰ 13 ਸਤੰਬਰ 2012 ਨੂੰ ਬਾਬਾ ਨਰਿੰਦਰ ਸਿੰਘ ਜੀ ਹਜ਼ੂਰ ਸਾਹਿਬ ਵਾਲਿਆਂ ਵੱਲੋਂ ਇਨਾਂ ਨਿਸ਼ਾਨੀਆਂ ਦੀ ਸਾਂਭ-ਸੰਭਾਲ ਦੀ ਸੇਵਾ ਸੰਭਾਲੀ ਗਈ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਜੀ 'ਤੇ ਜੋ ਪਾਵਨ ਪਵਿੱਤਰ ਸ਼ਸਤਰ ਸੁਸ਼ੋਭਿਤ ਹਨ ਉਨ੍ਹਾਂ ਵਿੱਚ: ਮੀਰੀ ਪੀਰੀ ਦੀਆਂ ਦੋਵੇਂ ਸ੍ਰੀ ਸਾਹਿਬ, ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਇੱਕ ਗੁਰਜ, ਇੱਕ ਸਫਾਜੰਗ, ਇੱਕ ਕਟਾਰ, ਇੱਕ ਪੇਚਕਬਜ਼, ਇੱਕ ਛੋਟੀ ਸ੍ਰੀ ਸਾਹਿਬ, ਗੁਰੂ ਗੋਬਿੰਦ ਸਾਹਿਬ ਜੀ ਦੀ ਪਾਵਨ ਸ੍ਰੀ ਸਾਹਿਬ, ਦੋ ਤੀਰ, ਇੱਕ ਕਟਾਰ, ਸਾਹਿਬਜ਼ਾਦਾ ਅਜੀਤ ਸਿੰਘ ਤੇ ਜੁਝਾਰ ਸਿੰਘ ਦੀ ਇੱਕ ਇੱਕ ਕਟਾਰ, ਬਾਬਾ ਬੁੱਢਾ ਸਾਹਿਬ ਜੀ ਦੀ ਸ੍ਰੀ ਸਾਹਿਬ, ਬਾਬਾ ਦੀਪ ਸਿੰਘ ਜੀ ਦਾ ਇੱਕ ਖੰਡਾ, ਇੱਕ ਪੇਚਕਬਜ਼, ਛੋਟੀ ਸ੍ਰੀ ਸਾਹਿਬ, ਇੱਕ ਪਿਸਤੋਲ, ਦੁਮਾਲੇ ਤੇ ਸਜਾਉਣ ਵਾਲੇ 4 ਛੋਟੇ ਖੰਡੇ, ਇੱਕ ਸ੍ਰੀ ਸਾਹਿਬ, ਚਾਰ ਛੋਟੇ ਚੱਕਰ ਤੇ ਗਿਆਰਾਂ ਵੱਡੇ ਚੱਕਰ, ਭਾਈ ਜੇਠਾ ਜੀ, ਭਾਈ ਬਿਧੀ ਚੰਦ ਜੀ, ਭਾਈ ਉਦੈ ਸਿੰਘ, ਭਾਈ ਕਰਮ ਸਿੰਘ ਦੀ ਸ੍ਰੀ ਸਾਹਿਬ, ਭਾਈ ਬਚਿੱਤਰ ਸਿੰਘ ਜੀ ਦਾ ਇੱਕ ਤੇਗਾ, ਅਕਾਲੀ ਫੂਲਾ ਸਿੰਘ ਜੀ ਦਾ ਇੱਕ ਤੇਗਾ, ਇੱਕ ਖੰਡਾ, ਇੱਕ ਕਟਾਰ, ਬਾਬਾ ਗੁਰਬਖਸ਼ ਸਿੰਘ ਜੀ ਦਾ ਇੱਕ ਖੰਡਾ, ਬਾਬਾ ਨੌਧ ਸਿੰਘ ਜੀ ਦਾ ਇੱਕ ਖੰਡਾ ਆਦਿ ਹਨ।

# ਜਾਗਤ ਜੋਤ 'ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ'

ਗੁਰਪ੍ਰੀਤ ਸਿੰਘ ਨਿਆਮੀਆਂ

ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਧਰਤੀ 'ਤੇ ਅਵਤਾਰ ਧਾਰਿਆ, ਉਦੋਂ ਦੁਨੀਆਂ ਦੀ ਹਾਲਤ ਬਹੁਤ ਤਰਸਮਈ ਸੀ। ਰਾਜੇ ਕਸਾਈਆਂ ਵਾਂਗ ਵਿਵਹਾਰ ਕਰਦੇ ਸਨ ਅਤੇ ਧਰਮ ਕਰਮ ਦੁਨੀਆ ਤੋਂ ਕਿਧਰੇ ਦੂਰ ਚਲਾ ਗਿਆ ਜਾਪਦਾ ਸੀ। ਇਸ ਸਮੇਂ ਦੇ ਹਾਲਾਤ ਨੂੰ ਖੁਦ ਸ੍ਰੀ ਗੁਰੂ ਨਾਨਕ ਦੇਵ ਜੀ ਬਿਆਨਦੇ ਹਨ :

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ ॥

ਅਜਿਹੇ ਸਮੇਂ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇੱਕ ਨਿਰਮਲ ਪੰਥ ਚਲਾਇਆ ਅਤੇ ਗ੍ਰਹਿਸਤ 'ਚ ਰਹਿੰਦਿਆਂ ਸਮਾਜ ਦੀ ਸੇਵਾ ਕਰਦਿਆਂ ਹੱਕ ਸੱਚ ਦੀ ਕਮਾਈ ਕਰਦੇ ਹੋਏ ਦੂਜਿਆਂ ਨਾਲ ਵੰਡ ਕੇ ਛਕਦਿਆਂ ਸੰਸਾਰ ਸਾਗਰ ਤੋਂ ਪਾਰ ਹੋਣ ਦਾ ਸੌਖਾ ਰਸਤਾ ਦੱਸਿਆ। ਵੱਡਾ ਇਨਕਲਾਬੀ ਕਦਮ ਇਹ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਵਾਗਡੋਰ ਆਪਣੇ ਖਾਨਦਾਨ ਨੂੰ ਨਹੀਂ ਦਿੱਤੀ ਤੇ ਨਾ ਹੀ ਆਪਣੇ ਰਿਸ਼ਤੇਦਾਰਾਂ ਨੂੰ। ਉਨ੍ਹਾਂ ਨੇ ਸੱਚੀ ਸੁੱਚੀ ਨਿਰਸੁਆਰਥ ਸੇਵਾ ਕਰਨ ਵਾਲੇ ਭਾਈ ਲਹਿਣਾ ਜੀ ਨੂੰ ਗੁਰੂ ਅੰਗਦ ਦੇਵ ਬਣਾਕੇ ਆਪਣੇ ਮਿਸ਼ਨ ਦੇ ਪ੍ਰਚਾਰ ਦੀ ਵੱਡੀ ਜ਼ਿੰਮੇਵਾਰੀ ਸੌਂਪੀ। ਇਤਿਹਾਸ ਦੱਸਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਵੀ ਦੇਸ਼ ਵਿਦੇਸ਼ ਜਾਂਦੇ ਤਾਂ ਜੋ ਬਾਣੀ ਅਕਾਲ ਪੁਰਖ ਤੋਂ ਉਨ੍ਹਾਂ ਦੀ ਰਸਨਾ ਰਾਹੀਂ ਉਚਾਰੀ ਜਾਂਦੀ, ਬਾਅਦ 'ਚ ਉਸਨੂੰ ਇਕ ਪੋਥੀ 'ਤੇ ਲਿਖ ਲੈਂਦੇ। ਭਾਈ ਗੁਰਦਾਸ ਜੀ ਵੀ ਆਪਣੀਆਂ ਵਾਰਾਂ 'ਚ ਇਸ ਗੱਲ ਦੀ ਪੁਸ਼ਟੀ ਕਰਦੇ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਮਗਰੋਂ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਣੀ ਦੀ ਰਚਨਾ ਕੀਤੀ ਅਤੇ ਇਸ ਨੂੰ ਸਾਂਭਿਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਾਂ ਦੇਸ਼ ਭਰ 'ਚ ਘੁੰਮ ਕੇ ਜਿਥੇ ਪਾਪੀ ਰੂਹਾਂ ਨੂੰ ਤਾਰਿਆ ਅਤੇ ਹੱਕ ਸੱਚ ਦਾ ਹੋਕਾ ਦਿੱਤਾ, ਉਥੇ ਉਨ੍ਹਾਂ ਦੇਸ਼ ਭਰ ਦੇ ਮਹਾਨ ਸੰਤਾਂ ਮਹਾਪੁਰਸ਼ਾਂ ਦੀ ਬਾਣੀ ਇਕੱਤਰ ਕਰਨ ਦਾ ਵੱਡਾ ਕਾਰਜ ਵੀ ਕੀਤਾ। ਇਹੋ ਬਾਣੀ ਅੱਗੇ ਤੋਂ ਅੱਗੇ ਅਗਲੇ ਗੁਰੂ ਸਾਹਿਬਾਨ ਨੂੰ ਵਿਰਾਸਤ 'ਚ ਮਿਲਦੀ ਗਈ। ਸ੍ਰੀ ਗੁਰੂ ਰਾਮਦਾਸ ਜੀ ਦੇ ਵੱਡੇ ਪੁੱਤਰ ਪ੍ਰਿਥੀ ਚੰਦ ਵਲੋਂ ਜਦੋਂ ਇਹ ਦਾਅਵਾ ਜਤਾਇਆ ਗਿਆ ਕਿ ਗੁਰੂਗੱਦੀ 'ਤੇ ਉਸਦਾ ਜੱਦੀ ਹੱਕ ਹੈ ਤਾਂ ਗੁਰੂ ਜੀ ਨੇ ਉਸਨੂੰ ਭਾਵੇਂ ਇਹ ਗੱਲ ਚੰਗੀ ਤਰ੍ਹਾਂ ਸਮਝਾ ਦਿੱਤੀ ਸੀ ਕਿ ਗੁਰੂਗੱਦੀ ਪਰਿਵਾਰਾਂ ਨੂੰ ਵਿਰਾਸਤ 'ਚ ਨਹੀਂ ਮਿਲ ਸਕਦੀ ਪਰ ਇਸਦੇ ਬਾਵਜੂਦ ਪ੍ਰਿਥੀ ਚੰਦ ਨੇ ਵਿਰੋਧ ਦਾ ਰਸਤਾ ਨਹੀਂ ਛੱਡਿਆ। ਉਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਨਕਲੀ ਬਾਣੀ ਵੀ ਰਚੀ ਜਾਣ ਲੱਗ ਪਈ ਸੀ। ਸ਼ਬਦ ਦੇ ਅਖੀਰ 'ਚ ਨਾਂ ਅਸਲ ਬਾਣੀ ਦੀ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੀ ਲਿਖਿਆ ਜਾਂਦਾ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਮੁੱਚੀ ਬਾਣੀ ਨੂੰ ਸ਼ੁੱਧ ਰੂਪ 'ਚ ਰੱਖਣ ਲਈ ਅਤੇ ਜਨਤਾ ਦੇ ਪਰਉਪਕਾਰ ਲਈ ਇੱਕ ਬਹੁਤ ਵੱਡਾ ਫ਼ੈਸਲਾ ਲਿਆ। ਉਹ ਫ਼ੈਸਲਾ ਸੀ ਸਮੁੱਚੀ ਬਾਣੀ ਨੂੰ ਇੱਕ ਗ੍ਰੰਥ ਸਾਹਿਬ ਜੀ 'ਚ ਇਕੱਤਰ ਕਰਨਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਉਸ ਵੇਲੇ ਪੋਥੀ ਸਾਹਿਬ ਕਿਹਾ ਜਾਂਦਾ ਸੀ। ਇਹ ਮਹਾਨ ਕਾਰਜ ਗੁਰੂ ਜੀ ਨੇ ਭਾਈ ਗੁਰਦਾਸ ਜੀ ਨੂੰ ਲਿਖਾਰੀ ਲਗਾ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਰਾਮਸਰ ਦੇ ਕਿਨਾਰੇ ਪੋਥੀ ਸਾਹਿਬ ਲਿਖਣ ਦਾ ਕਾਰਜ ਆਰੰਭਿਆ। ਸ੍ਰੀ ਗੁਰੂ ਅਰਜਨ ਦੇਵ ਜੀ ਅੱਗੇ ਇਹ ਇੱਕ ਬਹੁਤ ਵੱਡਾ ਕਾਰਜ ਸੀ, ਜਿਸ 'ਚ ਸਾਰੀ ਬਾਣੀ ਦਾ ਨਿਖੇੜਾ ਕਰਕੇ ਸ਼ੁੱਧ ਬਾਣੀ ਦੀ ਚੋਣ ਕਰਨਾ ਅਤੇ ਸੰਤਾਂ ਮਹਾਪੁਰਸ਼ਾਂ ਦੀ ਬਾਣੀ ਸ਼ੁੱਧ ਰੂਪ 'ਚ ਸੰਗ੍ਰਹਿ ਕਰਨਾ ਸੀ। ਅਖੀਰ ਕਈ ਮਹੀਨਿਆਂ ਦੀ ਮਿਹਨਤ ਸਦਕਾ 1604 ਈਂ 'ਚ ਪੋਥੀ ਸਾਹਿਬ ਦਾ ਸੰਪਾਦਨ ਮੁਕੰਮਲ ਹੋ ਗਿਆ। ਇੱਕ ਗੱਲ ਪਾਠਕਾਂ ਨਾਲ ਹੋਰ ਸਾਂਝੀ ਕਰਨਾ ਚਾਹੁੰਦੇ ਹਾਂ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਜਦੋਂ ਗੋਇੰਦਵਾਲ ਸਾਹਿਬ ਵਿਖੇ ਆਪਣੀ ਗੋਦ 'ਚ ਲੈ ਕੇ ਇਹ ਪਵਿੱਤਰ ਬਚਨ ਕੀਤੇ ਸਨ, "ਦੋਹਿਤਾ ਬਾਣੀ ਕਾ ਬੋਹਿਥਾ " ਤਾਂ ਜਾਣੀ ਜਾਣ ਸਤਿਗੁਰੂ ਨੂੰ ਇਹ ਗੱਲ ਭਲੀ ਭਾਂਤ ਪਤਾ ਸੀ ਕਿ ਉਨ੍ਹਾਂ ਦਾ ਦੋਹਤਰਾ ਬਾਣੀ ਦੀ ਬਹੁਤ ਰਚਨਾ ਕਰੇਗਾ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਨਾਨਾ ਗੁਰੂ ਜੀ ਦੇ ਵਚਨਾਂ ਨੂੰ ਪੂਰਾ ਕਰਦਿਆਂ ਬਹੁਤ ਸਾਰੀ ਬਾਣੀ ਰਚੀ। ਉਨ੍ਹਾਂ ਨੇ ਆਪਣੇ ਪਿਤਾ ਸ੍ਰੀ ਗੁਰੂ ਰਾਮਦਾਸ ਜੀ ਵਾਂਗ 30 ਰਾਗਾਂ 'ਚ ਬਾਣੀ ਦੀ ਰਚਨਾ ਕੀਤੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਰਚੇ 1345 ਸ਼ਬਦ, 62 ਅਸ਼ਟਪਦੀਆਂ, 62 ਛੰਤ, 6 ਵਾਰਾਂ (ਵਾਰਾਂ ਦੀਆਂ 110 ਪਉੜੀਆਂ ਹਨ ਅਤੇ 7 ਹੋਰ ਪੌੜੀਆਂ ਗਉੜੀ, ਸਾਰੰਗ ਤੇ ਮਲ੍ਹਾਰ ਦੀ ਵਾਰ ਵਿੱਚ ਰਚੀਆਂ), 277 ਸਲੋਕ (13 ਹੋਰ ਸਲੋਕ ਆਪ ਜੀ ਨੇ ਰਚੇ, 8 ਬਾਬਾ ਫਰੀਦ ਜੀ ਦੇ ਸਲੋਕਾਂ ਵਿਚ ਅਤੇ 5 ਭਗਤ ਕਬੀਰ ਜੀ ਦੇ ਸਲੋਕ) ਰਚੇ। ਇਸ ਤੋਂ ਇਲਾਵਾ ਪਹਿਰੇ, ਬਾਰਹਮਾਹਾ, ਦਿਨ ਰੈਣਿ, ਬਾਵਨ ਅੱਖਰੀ, ਸੁਖਮਨੀ ਸਾਹਿਬ, ਥੀਤੀ, ਬਿਰਹੜੇ, ਗੁਣਵੰਤੀ, ਰਾਗ ਮਾਰੂ 'ਚ ਅੰਜਲੀਆਂ ਤੇ ਸੋਹਲੇ, ਰਾਗਾਂ ਦੀ ਸਮਾਪਤੀ 'ਤੇ 67 ਸਹਸਕ੍ਰਿਤੀ ਸਲੋਕ, 24 ਸਲੋਕ ਗਾਥਾ, ਫੁਨਹੇ ਦੇ 24, ਚਉਬੋਲੇ ਦੇ 11 ਸ਼ਬਦ ਅਤੇ 20 ਸਵੱਈਆ ਆਦਿ ਦੀ ਰਚਨਾ ਵੀ ਕੀਤੀ। ਇੰਝ ਉਨ੍ਹਾਂ ਦੇ ਰਚੇ ਹੋਏ ਕੁੱਲ 2218 ਸ਼ਬਦ ਤੇ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ (974 ਸ਼ਬਦ ਤੇ ਸਲੋਕ), ਸ੍ਰੀ ਗੁਰੂ ਅੰਗਦ ਦੇਵ ਜੀ (62 ਸਲੋਕ), ਸ੍ਰੀ ਗੁਰੂ ਅਮਰਦਾਸ ਜੀ (907 ਪਦ ਤੇ ਸਲੋਕ), ਸ੍ਰੀ ਗੁਰੂ ਰਾਮ ਦਾਸ ਜੀ (679 ਪਦ ਤੇ ਸਲੋਕ), ਸ੍ਰੀ ਗੁਰੂ ਅਰਜਨ ਦੇਵ ਜੀ (2218 ਪਦ ਤੇ ਸਲੋਕ), ਸ੍ਰੀ ਗੁਰੂ ਤੇਗ ਬਹਾਦਰ ਜੀ (115 ਪਦ ਤੇ ਸਲੋਕ) ਦੀ ਬਾਣੀ ਸ਼ਾਮਲ ਹੈ। ਕੁੱਝ ਇਤਿਹਾਸਕਾਰ ਮੰਨਦੇ ਹਨ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ 'ਚ ਇੱਕ ਦੋਹਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਲਿਖਿਆ ਹੋਇਆ ਹੈ ਪਰ ਬਹੁਤ ਇਤਿਹਾਸਕਾਰ ਇਸ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਲਿਖਿਆ ਹੀ ਮੰਨਦੇ ਹਨ।

ਇਸ ਤੋਂ ਇਲਾਵਾ ਭਗਤ ਜੈਦੇਵ (2 ਸ਼ਬਦ), ਸ਼ੇਖ ਫਰੀਦ (112 ਸਲੋਕ, 4 ਸ਼ਬਦ), ਭਗਤ ਤਿਰਲੋਚਨ ਜੀ (4 ਸ਼ਬਦ), ਭਗਤ ਨਾਮਦੇਵ ਜੀ (60 ਸ਼ਬਦ), ਭਗਤ ਰਾਮਾਨੰਦ ਜੀ (1 ਸ਼ਬਦ), ਭਗਤ ਸਧਨਾ ਜੀ (1 ਸ਼ਬਦ), ਭਗਤ ਬੇਣੀ ਜੀ (1 ਸ਼ਬਦ), ਭਗਤ ਰਵਿਦਾਸ ਜੀ (41 ਸ਼ਬਦ), ਭਗਤ ਕਬੀਰ ਜੀ (292 ਸ਼ਬਦ, 249 ਸਲੋਕ), ਭਗਤ ਧੰਨਾ ਜੀ (4 ਸ਼ਬਦ), ਭਗਤ ਪੀਪਾ ਜੀ (1 ਸ਼ਬਦ), ਭਗਤ ਸੇਨ ਜੀ (1 ਸ਼ਬਦ), ਭਗਤ ਪਰਮਾਨੰਦ (1 ਸ਼ਬਦ), ਭਗਤ ਸੂਰਦਾਸ (1 ਸ਼ਬਦ), ਭਗਤ ਭੀਖਨ ਜੀ (2 ਸ਼ਬਦ), ਭਾਈ ਮਰਦਾਨਾ ਜੀ (3 ਸਲੋਕ), ਬਾਬਾ ਸੁੰਦਰ ਜੀ (6 ਪਉੜੀਆਂ), ਡੂਮ ਸੱਤਾ ਤੇ ਰਾਏ ਬਲਵੰਡ (8 ਪਦੇ, ਭਾਵ ਇੱਕ ਵਾਰ) ਦੀ ਬਾਣੀ ਨੂੰ ਵੀ ਗੁਰੂ ਸਾਹਿਬਾਨ ਦੀ ਬਾਣੀ ਦੇ ਬਰਾਬਰ ਸਨਮਾਨ ਤੇ ਸਤਿਕਾਰ ਦੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਾਮਲ ਕੀਤਾ ਗਿਆ। ਇਸ ਤੋਂ ਇਲਾਵਾ 11 ਭੱਟਾਂ ਕਲਸਹਾਰ, ਜਾਲਪ, ਕੀਰਤ, ਸੱਲ, ਭੱਲ, ਨੱਲ, ਮਥੁਰਾ, ਗਯੰਦ, ਭੀਖਾ, ਬੱਲ ਅਤੇ ਹਰਬੰਸ ਜੀ ਦੇ 123 ਸਵੱਈਏ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕੀਤੇ ਗਏ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ ਕਰਦੇ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਾਨ ਰਚਨਾ 'ਜਪੁ ਜੀ ਸਾਹਿਬ' ਨੂੰ ਸਥਾਨ ਦਿੱਤਾ। ਸਾਰੇ ਗੁਰੂ ਸਾਹਿਬਾਨ ਦੀ ਬਾਣੀ ਨੂੰ ਵੱਖੋ ਵੱਖ ਗੁਰੂ ਸਾਹਿਬਾਨ ਵਲੋਂ ਰਚੀ ਬਾਣੀ ਦਰਸਾਉਣ ਲਈ ਉਸ 'ਤੇ ਸਿਰਲੇਖ ਮਹਲਾ ਪਹਿਲਾ, ਦੂਜਾ, ਤੀਜਾ ਆਦਿ ਦਿੱਤਾ। ਜਿਸ ਦਾ ਭਾਵ ਸੀ ਜਿਸ ਗੁਰੂ ਦੀ ਬਾਣੀ ਉਹ ਮਹਲੇ ਦਾ ਨਾਂ। ਬਾਣੀ ਨੂੰ ਵੱਖੋ-ਵੱਖ ਰਾਗਾਂ ਵਿੱਚ ਵਿਲੱਖਣ ਤਰੀਕੇ ਨਾਲ ਵੰਡ ਕੇ ਦਰਜ ਕੀਤਾ ਗਿਆ ਹੈ। ਹਰੇਕ ਰਾਗ ਵਿੱਚ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਰਜ ਕੀਤੀ ਗਈ ਤੇ ਉਸ ਤੋਂ ਬਾਅਦ ਬਾਕੀ ਗੁਰੂ ਸਾਹਿਬਾਨ ਦੀ, ਜਿਸ ਰਾਗ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਨਹੀਂ ਰਚੀ ਗਈ, ਉਸ ਵਿੱਚ ਉਨ੍ਹਾਂ ਤੋਂ ਤਰਤੀਬ ਵਾਰ ਬਾਅਦ ਦੇ ਗੁਰੂ ਸਾਹਿਬਾਨ ਦੀ ਬਾਣੀ ਪਹਿਲੇ ਸਥਾਨ 'ਤੇ ਰੱਖੀ ਗਈ ਹੈ। ਹਰੇਕ ਰਾਗ ਵਿੱਚ ਜਿਸ ਥਾਂ 'ਤੇ ਗੁਰੂ ਸਾਹਿਬਾਨ ਦੀ ਬਾਣੀ ਸਮਾਪਤ ਹੁੰਦੀ ਹੈ।

(ਬਾਕੀ ਸਫ਼ਾ 31 'ਤੇ)



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸਾਕਾ ਪੰਜਾ ਸਾਹਿਬ (1922)

## (28 ਅਕਤੂਬਰ 'ਤੇ ਵਿਸ਼ੇਸ਼)


ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਪਿਆਰ, ਸੇਵਾ, ਸ਼ਰਧਾ ਅਤੇ ਬਰਾਬਰਤਾ ਦਾ ਸੁਨੇਹਾ ਮਨੁੱਖਤਾ ਨੂੰ ਦਿੱਤਾ ਕਿ 'ਏਕ ਪਿਤਾ ਏਕਸ ਕੇ ਹਮ ਬਾਰਿਕ ਤੂੰ ਮੇਰਾ ਗੁਰ ਹਾਈ॥' ਅੰਗ (612) ਭਾਵ: ਹੇ ਮੇਰੇ ਮਿੱਤਰ ਮੇਰੀ ਬੇਨਤੀ ਸੁਣ। ਮੈਂ ਤੇਰੇ ਚਰਨਾ ਦੀ ਧੂੜ ਤੋਂ ਕੁਰਬਾਨ ਜਾਂਦਾ ਹਾਂ। ਹੇ ਭਰਾ! ਮੈਂ ਆਪਣਾ ਇਹ ਮਨ ਤੇਰਾ ਆਗਿਆਕਾਰ ਬਣਾਉਣ ਲਈ ਤਿਆਰ ਹਾਂ। ਰਹਾਉ, ਹੇ ਮਿੱਤਰ! ਸਾਡਾ ਇੱਕੋ ਹੀ ਪ੍ਰਭੂ -ਪਿਤਾ ਹੈ। ਅਸੀਂ ਇੱਕੋ ਪ੍ਰਭੂ-ਪਿਤਾ ਦੇ ਬੱਚੇ ਹਾਂ। ਫਿਰ ਤੂੰ ਮੇਰਾ ਗੁਰ-ਭਾਈ ਭੀ ਹੈਂ।

ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਸਮਾਜ ਨੂੰ ਜਾਤ-ਪਾਤ ਤੋਂ ਉੱਪਰ ਉੱਠ ਕੇ ਜ਼ੁਲਮ ਅਤੇ ਅਨਿਆਂ ਦੇ ਵਿਰੁੱਧ ਕੁਰਬਾਨੀ ਅਤੇ ਸੇਵਾ ਭਾਵਨਾ ਦੀ ਜਾਚ ਸਿਖਾਈ। ਬਰਾਬਰਤਾ ਦਾ ਉਪਦੇਸ਼ ਸੁਣ ਕੇ ਦੂਸਰੇ ਧਰਮਾਂ ਦੇ ਲੋਕ ਵੀ ਸਿੱਖ ਧਰਮ ਵਿੱਚ ਸ਼ਾਮਲ ਹੋਣ ਲੱਗੇ। ਸਿੱਖ ਧਰਮ ਦੀ ਹਰਮਨਪਿਆਰਤਾ ਨੂੰ ਵੇਖ ਕੇ ਮੁਗ਼ਲ ਹਾਕਮਾਂ ਨੇ ਜਬਰੀ ਧਰਮ ਪ੍ਰੀਵਰਤਨ ਹੇਠ ਜ਼ੁਲਮ ਢਾਹੇ। ਸਿੱਖਾਂ ਦਾ ਖੁਰਾ ਖੋਜ ਮਿਟਾਉਣ ਦੀਆਂ ਕਸਮਾਂ ਖਾਧੀਆਂ ਜਾਂਦੀਆਂ। ਸਮੇਂ ਦੀ ਇਸ ਕਰੋਪੀ ਤੋਂ ਬਚਣ ਲਈ ਸਿੰਘ ਸੁੱਰਖਿਅਤ ਥਾਂਵਾਂ ਜਿਵੇਂ ਪਹਾੜਾਂ, ਜੰਗਲਾਂ, ਰੇਗਿਸਤਾਨਾਂ, ਬੇਲਿਆਂ ਵੱਲ ਚਲੇ ਗਏ। ਗੁਰਧਾਮਾਂ ਦੀ ਸੇਵਾ ਸੰਭਾਲ ਉਦਾਸੀਆਂ ਅਤੇ ਸਹਿਜਧਾਰੀ ਸਿੱਖਾਂ ਨੇ ਸੰਭਾਲੀ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿੱਚ ਗੁਰਦੁਆਰਿਆਂ ਦੀ ਦਿੱਖ ਸੰਭਾਰੀ ਗਈ ਅਤੇ ਜਾਇਦਾਦਾਂ ਵੀ ਮਿਲੀਆਂ।

ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਤੋਂ ਬਾਅਦ ਡੋਗਰਿਆਂ ਨੇ ਗੁਰਦੁਆਰਾ ਪ੍ਰਬੰਧ ਵਿਗਾੜ ਕੇ ਰੱਖ ਦਿੱਤਾ। ਅੰਗਰੇਜ਼ ਸਰਕਾਰ ਸਿੰਘਾਂ ਦੀ ਤਾਕਤ ਨੂੰ ਢਾਹ ਲਾ ਕੇ ਖਦੇੜਨਾ ਚਾਹੁੰਦੀ ਸੀ ਤਾਂ ਜੋ ਸਿੱਖਾਂ ਦਾ ਅਧਿਆਤਮਕ ਬਲ ਤੋੜਿਆ ਜਾਵੇ। ਉਹਨਾਂ ਨੇ ਇਸਾਈ ਧਰਮ ਨੂੰ ਮਾਨਤਾ ਦੇ ਕੇ ਵੱਡੇ ਪੱਧਰ 'ਤੇ ਇਸਾਈ ਕੇਂਦਰ ਖੋਲ੍ਹੇ ਕਿ ਲੋਕ ਇਸਾਈ ਧਰਮ ਵੱਲ ਖਿੱਚੇ ਆਉਣ ਤਾਂ ਜੋ ਅੰਗਰੇਜ਼ੀ ਹਕੂਮਤ ਵਿਰੁੱਧ ਲੋਕਾਂ ਦਾ ਵਿਦਰੋਹ ਮੁੱਕ ਜਾਵੇ। ਪ੍ਰਚਾਰ ਦੇ ਇਸ ਢੰਗ ਵੱਲ ਕੁਝ ਸਿੱਖ ਨੌਜਵਾਨ ਵੀ ਇਸਾਈ ਧਰਮ ਵਿੱਚ ਜਾਣ ਲਈ ਤਿਆਰ ਹੋ ਗਏ। ਉਨ੍ਹਾਂ ਨੂੰ ਬੜੀ ਮੁਸ਼ਕਿਲ ਨਾਲ ਰੋਕਿਆ ਗਿਆ।

ਗੁਰਦੁਆਰਿਆਂ ਵਿੱਚ ਕੁਰੀਤੀਆਂ ਦੂਰ ਕਰਨ ਤੇ ਪ੍ਰਬੰਧ ਨੂੰ ਠੀਕ ਕਰਕੇ ਪੰਥਕ ਪ੍ਰਬੰਧ ਹੇਠ ਲਿਆਉਣ ਲਈ ਆਰੰਭ ਹੋਈ। ਇਸ ਲਹਿਰ ਦਾ 1920 ਈ. ਤੋਂ 1925 ਈ. ਤੱਕ ਬੜਾ ਜੋਰ ਰਿਹਾ। ਅੰਗਰੇਜ਼ ਸਰਕਾਰ ਨੇ ਮਹੰਤਾ ਨੂੰ ਸ਼ਹਿ ਦੇ ਕੇ ਗੁਰਦੁਆਰਿਆਂ ਤੇ ਉਨ੍ਹਾਂ ਦੇ ਕਬਜ਼ੇ ਕਰਵਾ ਦਿੱਤੇ। ਉਹ ਗੁਰਦੁਆਰਿਆਂ ਨੂੰ ਆਪਣੀ ਨਿੱਜੀ ਜਾਇਦਾਦ ਸਮਝਣ ਲੱਗੇ। ਸਿਗਰਟ,ਤੰਬਾਕੂ, ਹੁੱਕਾ ਅਤੇ ਨਸ਼ਿਆਂ ਦੀ ਵਰਤੋਂ ਖੁਲਆਮ ਹੋਣ ਲੱਗੀ। ਵੇਸਵਾਵਾਂ ਦਾ ਨਾਚ ਗਾਣਾ ਚੱਲਣ ਲੱਗਿਆ। ਸ਼ਰਾਬ ਦੇ ਦੌਰ ਚੱਲਣ ਲੱਗੇ। ਔਰਤਾਂ ਦੀ ਬੇਪਤੀ ਹੁੰਦੀ ਰਹੀ। ਪ੍ਰਚਲਤ ਝੂਠੇ ਕਰਮਕਾਂਡਾ, ਕੁਰੀਤੀਆਂ ਦਾ ਬੋਲਬਾਲਾ ਹੋ ਗਿਆ। ਮੂਰਤੀਆਂ ਅਸਥਾਪਨ ਹੋਈਆਂ ਤੇ ਮੂਰਤੀ ਪੂਜਾ ਹੋਣ ਲੱਗੀ। ਗੁਰ ਮਰਯਾਦਾ ਭੰਗ ਕਰਕੇ ਠਾਕੁਰਦੁਆਰੇ ਬਣਾ ਲਏ।

ਗੁਰਦੁਆਰਾ ਸੁਧਾਰ ਲਹਿਰ ਨੇ ਸਿੱਖ ਕੌਮ ਵਿੱਚ ਮੁੜ ਜਾਗ੍ਰਿਤੀ ਪੈਦਾ ਕੀਤੀ। ਇਸ ਦੌਰਾਨ ਗੁਰਦੁਆਰਾ ਜਿਵੇਂ ਨਨਕਾਣਾ ਸਾਹਿਬ, ਗੁਰਦੁਆਰਾ ਤਰਨਤਾਰਨ ਸਾਹਿਬ, ਗੁਰਦੁਆਰਾ ਪੰਜਾ ਸਾਹਿਬ, ਗੁਰਦੁਆਰਾ ਗੰਗਸਰ ਸਾਹਿਬ, ਜੈਤੋ ਵਿੱਚ ਸ਼ਹੀਦੀ ਸਾਕੇ, ਗੁਰਦੁਆਰਾ ਗੁਰੂ ਕਾ ਬਾਗ ਜ਼ਿਲ੍ਹਾ ਅੰਮ੍ਰਿਤਸਰ, ਗੁਰਦੁਆਰਾ ਭਾਈ ਫ਼ੇਰੂ, ਸਿਆਲਕੋਟ ਵਿੱਚ ਮੋਰਚੇ ਲੱਗੇ। ਗੁਰਦੁਆਰਾ ਰਕਾਬਜੰਗ ਦਿੱਲੀ, ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ, ਦਰਬਾਰ ਸਾਹਿਬ ਅੰਮ੍ਰਿਤਸਰ, ਅਕਾਲ ਤਖ਼ਤ ਸਾਹਿਬ, ਕੁੰਜੀਆਂ ਦਾ ਮੋਰਚਾ ਆਦਿ।



ਵੀਹਵੀਂ ਸਦੀ ਵਿੱਚ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਸਮੇਂ ਖ਼ਾਲਸੇ ਨੇ ਸਿੱਖੀ ਸਿਦਕ ਨਿਭਾਇਆ ਤੇ ਸ਼ਾਂਤਮਈ ਕੁਰਬਾਨੀਆਂ ਦੀ ਮਿਸਾਲ ਕਾਇਮ ਕੀਤੀ। ਸਿੱਖ ਸੰਗਤਾਂ ਵਿੱਚ ਜੋਸ਼ ਆਇਆ। ਸ਼ਹੀਦੀ ਸਾਕਾ ਪੰਜਾ ਸਾਹਿਬ ਦੇ ਪਿਛੋਕੜ ਵਿੱਚ ਅੰਮ੍ਰਿਤਸਰ ਤੋਂ 13 ਕਿਲੋਮੀਟਰ ਤੇ ਗੁਰੂ ਅਰਜਨ ਦੇਵ ਸਾਹਿਬ ਜੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਗੁਰੂ ਕਾ ਬਾਗ ਘੁੱਕੇਵਾਲੀ ਸਥਾਪਤ ਹੈ। ਇਸ ਦੀ ਜ਼ਮੀਨ ਗੁਰੂ ਕਾ ਬਾਗ ਅਖਵਾਉਂਦੀ ਸੀ। ਕਿੱਕਰਾਂ ਦੇ ਵੱਡੇ ਦਰਖ਼ਤ ਵੀ ਸਨ। ਗੁਰਦੁਆਰੇ ਦਾ ਪ੍ਰਬੰਧ ਮਹੰਤ ਸੁੰਦਰ ਦਾਸ ਕੋਲ ਸੀ। ਅਗਸਤ 8/1922 ਨੂੰ ਸਿੰਘ ਗੁਰੂ ਕੇ ਲੰਗਰਾਂ ਵਾਸਤੇ ਗੁਰੂ ਕਾ ਬਾਗ ਲੱਕੜਾਂ ਲੈਣ ਵਾਸਤੇ ਗਏ। ਮਹੰਤ ਨੇ ਸਿੰਘਾਂ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਸਿੰਘਾਂ ਨੂੰ ਛੇ ਛੇ ਮਹੀਨੇ ਦੀ ਕੈਦ ਅਤੇ ਜੁਰਮਾਨਾ ਹੋਇਆ। ਅਗਸਤ 15/1922 ਨੂੰ ਸਿੰਘਾਂ ਦੀਆਂ ਗ੍ਰਿਫ਼ਤਾਰੀਆਂ ਸ਼ੁਰੂ ਹੋਈਆਂ। ਇੱਥੋਂ ਹੀ ਸ਼ਾਂਤਮਈ ਮੋਰਚਾ ਸ਼ੁਰੂ ਹੋਇਆ। ਜਿਸ ਵਿੱਚ ਹਜ਼ਾਰਾਂ ਸਿੰਘਾਂ ਨੇ ਸ਼ਾਂਤਮਈ ਰਹਿ ਕੇ ਬੜੀ ਦ੍ਰਿੜ੍ਹਤਾ ਨਾਲ ਅੰਗਰੇਜ਼ ਪੁਲਿਸ ਅਫ਼ਸਰ ਬੀ.ਟੀ. ਅਤੇ ਹੋਰ ਪੁਲਿਸ ਅਫ਼ਸਰਾਂ ਦੀਆਂ ਡਾਂਗਾਂ ਖਾਧੀਆਂ। ਆਪਣੀਆਂ ਹਿੱਕਾਂ 'ਤੇ ਅੰਗਰੇਜ਼ ਸਰਕਾਰ ਦੀ ਘੋੜਾ ਪੁਲਿਸ ਦੇ ਘੋੜਿਆਂ ਦੀਆਂ ਸੁੰਮਾਂ ਨੂੰ ਵੀ ਸਹਿਣ ਕੀਤਾ।

ਅਗਸਤ 26/1922 ਨੂੰ ਕਮੇਟੀ ਦੇ ਆਗੂ ਭਾਈ ਜਸਵੰਤ ਸਿੰਘ ਜਨਰਲ ਸਕੱਤਰ ਭਾਈ ਮਹਿਤਾਬ ਸਿੰਘ ਪ੍ਰਧਾਨ, ਪ੍ਰੋ. ਸਾਹਿਬ ਸਿੰਘ ਮੀਤ ਸਕੱਤਰ, ਭਾਈ ਸੁਰਮੁੱਖ ਸਿੰਘ, ਝਬਾਲ ਪ੍ਰਧਾਨ ਅਕਾਲੀ ਦਲ, ਬਾਬਾ ਕੇਹਰ ਸਿੰਘ ਪੱਟੀ, ਮਾਸਟਰ ਤਾਰਾ ਸਿੰਘ, ਭਾਈ ਰਵੇਲ ਸਿੰਘ ਆਦਿ ਨੂੰ ਗ੍ਰਿਫ਼ਤਾਰ ਕਰ ਲਿਆ। ਅਗਸਤ 30,1922 ਨੂੰ 60 ਸਿੰਘਾਂ ਦਾ ਜਥਾ ਗੁਰੂ ਕਾ ਬਾਗ ਤੁਰ ਪਿਆ। ਉਹਨਾਂ ਨੂੰ ਰਾਤ ਰਸਤੇ ਵਿੱਚ ਕੱਟਣੀ ਪਈ। ਪੁਲਿਸ ਨੇ ਸੁੱਤੇ ਪਏ ਸਿੰਘਾਂ 'ਤੇ ਡਾਂਗਾਂ ਵਰ੍ਹਾਈਆਂ। ਅਗਸਤ 31/1922 ਨੂੰ ਅਕਾਲ ਤਖ਼ਤ ਸਾਹਿਬ ਤੋਂ ਹਰ ਰੋਜ਼ 100 ਸਿੰਘਾਂ ਦਾ ਸ਼ਾਂਤਮਈ ਜਥਾ ਗ੍ਰਿਫ਼ਤਾਰੀਆਂ ਲਈ ਭੇਜਿਆ ਜਾਣ ਲੱਗਿਆ। ਅੰਗਰੇਜ਼ੀ ਸਰਕਾਰ ਵੱਲੋਂ ਸਿੰਘਾਂ ਨੂੰ ਗ੍ਰਿਫ਼ਤਾਰ ਕਰਕੇ ਅੰਮ੍ਰਿਤਸਰ ਦੇ ਗੋਬਿੰਦਗੜ੍ਹ ਕਿਲੇ ਵਿੱਚ ਰਖਿਆ ਜਾਂਦਾ। ਜਦੋਂ ਕੈਦ ਹੋਏ ਸਿੰਘਾਂ ਦੀ ਗਿਣਤੀ ਵਧਣ ਲੱਗੀ ਤਾਂ ਉਹਨਾਂ ਨੂੰ ਦੂਸਰੀਆਂ ਜੇਲ੍ਹਾਂ ਵਿੱਚ ਭੇਜ ਦਿੱਤਾ ਜਾਂਦਾ ਸੀ। ਅੰਮ੍ਰਿਤਸਰ ਤੋਂ ਸਿੰਘਾਂ ਨੂੰ ਰਾਵਲਪਿੰਡੀ , ਅਟਕ ਅਤੇ ਹੋਰ ਜੇਲ੍ਹਾਂ ਵਿੱਚ ਰੇਲਗੱਡੀ ਰਾਹੀਂ ਭੇਜਣਾ ਸ਼ੁਰੂ ਕਰ ਦਿੱਤਾ।

ਗੁਰੂ ਕਾ ਬਾਗ ਮੋਰਚੇ ਵਿੱਚ ਸਾਬਕਾ ਫ਼ੌਜੀ ਪੈਨਸ਼ਨਰੀਆਂ ਦਾ ਇੱਕ ਜਥਾ ਵੀ ਗ੍ਰਿਫ਼ਤਾਰ ਸੀ। ਜਿਸ ਦੇ ਮੁਖੀ ਸੂਬੇਦਾਰ ਅਮਰ ਸਿੰਘ ਪਿੰਡ ਧਾਲੀਵਾਲ ਰਿਆਸਤ ਕਪੂਰਥਲਾ ਅਤੇ ਮੀਤ ਜਥੇਦਾਰ ਮਾਸਟਰ ਚਤਰ ਸਿੰਘ ਹਵਾਲਦਾਰ ਪਲਟਨ ਨੰਬਰ 19 ਸਨ। ਇਸ ਜਥੇ ਨੂੰ ਨਵਾਬ, ਅਸਲਮ ਹਯਾਤ ਖਾਂ ਮੈਜਿਸਟਰੇਟ ਅੰਮ੍ਰਿਤਸਰ ਵੱਲੋਂ ਢਾਈ ਸਾਲ ਕੈਦ ਸਖ਼ਤ ਤੇ ਇੱਕ ਇੱਕ ਸੌ ਰੁਪਏ ਜੁਰਮਾਨਾ ਦੀ ਸਜਾ ਦਿੱਤੀ ਗਈ ਸੀ। ਅਕਤੂਬਰ 29/1922 ਈ. ਨੂੰ ਅੰਮ੍ਰਿਤਸਰ ਤੋਂ ਰਾਤ ਦੀ ਰੇਲ ਗੱਡੀ ਰਾਹੀਂ ਇਸ ਜਥੇ ਨੂੰ ਅਟਕ ਜੇਲ੍ਹ ਭੇਜਿਆ ਗਿਆ। ਅਕਤੂਬਰ 30/1922 ਨੂੰ ਰੇਲ ਗੱਡੀ ਗੁਜਰਾਂਵਾਲਾ ਪੁੱਜੀ।

30 ਅਕਤੂਬਰ 1922 ਈ. ਨੂੰ ਸਵੇਰੇ 10 ਵਜੇ ਦਾ ਵੇਲਾ ਸੀ। ਗੁਰਦੁਆਰਾ ਪੰਜਾ ਸਾਹਿਬ ਦੀ ਸੰਗਤ ਨੂੰ ਹਸਨ ਅਬਦਾਲ ਦੇ ਰੇਲਵੇ ਸਟੇਸ਼ਨ ਤੋਂ ਜਥੇ ਦੇ ਲੰਘਣ ਦੀ ਇਤਲਾਹ ਮਿਲੀ। ਗੁਜਰਾਂਵਾਲਾ ਸਟੇਸ਼ਨ ਤੇ ਭਾਈ ਅਮਰੀਕ ਸਿੰਘ, ਡਾ. ਮਹਾਂ ਸਿੰਘ, ਸ.ਨਰਾਇਣ ਸਿੰਘ ਵਕੀਲ, ਮਾਸਟਰ ਛਹਿਬਰ ਸਿੰਘ ਤੇ ਸੰਗਤਾਂ ਨੇ ਭਾਰੀ ਗਿਣਤੀ ਵਿੱਚ ਜਥੇ ਦਾ ਸਵਾਗਤ ਕੀਤਾ। ਫਲ, ਮਠਿਆਈ ਤੇ ਹੋਰ ਵਸਤਾਂ ਭੇਂਟ ਕੀਤੀਆਂ। ਜਿਸ ਰੇਲ ਗੱਡੀ ਵਿੱਚ ਫ਼ੌਜੀ ਸਿੰਘ ਅਟਕ ਜਾ ਰਹੇ ਸਨ, ਉਹ ਸਪੈਸ਼ਲ ਰੇਲ ਗੱਡੀ ਸੀ। ਦੁਪਹਿਰ ਵੇਲੇ ਰਾਵਲਪਿੰਡੀ ਪੁੱਜ ਗਈ ਸੀ। ਗੁਜਰਾਂਵਾਲਾ ਤੋਂ ਜਦੋਂ ਇਹ ਖ਼ਬਰ ਗੁਰਦੁਆਰਾ ਪੰਜਾ ਸਾਹਿਬ ਪੁੱਜੀ ਤਾਂ ਸੰਗਤ ਨੇ ਰੇਲ ਗੱਡੀ ਵਿੱਚ ਜਾ ਰਹੇ ਸਿੰਘਾਂ ਨੂੰ ਪ੍ਰਸ਼ਾਦ ਛਕਾਉਣ ਦੀ ਵਿਉਂਤ ਬਣਾਈ। ਸੰਗਤਾਂ ਨੇ ਤਿਆਰੀ ਸ਼ੁਰੂ ਕਰ ਦਿੱਤੀ। ਜਦ ਕੁਝ ਮੁਖੀਆਂ ਨੇ ਇਸ ਬਾਰੇ ਗੱਲ ਸਟੇਸ਼ਨ ਮਾਸਟਰ ਨਲ ਕੀਤੀ ਤਾਂ ਉਸ ਨੇ ਕਿਹਾ ਕਿ ਰੇਲ ਗੱਡੀ ਇਥੇ ਨਹੀਂ ਰੁਕੇਗੀ। ਸਿੱਧੀ ਅਟਕ ਜਾਵੇਗੀ। ਸੰਗਤ ਦੀ ਨਿਰਾਸਤਾ ਵੇਖ ਕੇ ਭਾਈ ਪ੍ਰਤਾਪ ਸਿੰਘ ਤੇ ਪਾਈ ਕਰਮ ਸਿੰਘ ਜੀ ਨੇ ਸੰਗਤਾਂ ਨੂੰ ਕਿਹਾ ਕਿ ਗੱਡੀ ਜਰੂਰ ਰੁੱਕੇਗੀ। ਅਸੀਂ ਆਪਣੇ ਵੀਰਾਂ ਨੂੰ ਪ੍ਰਸ਼ਾਦ ਛਕਾ ਕੇ ਹੀ ਰੇਲ ਗੱਡੀ ਜਾਣ ਦੇਵਾਂਗੇ। ਉਹ ਸੰਗਤ ਸਮੇਤ ਰੇਲਵੇ ਸਟੇਸ਼ਨ 'ਤੇ ਪੁੱਜ ਗਏ। ਰੇਲ ਗੱਡੀ ਰਾਵਲਪਿੰਡੀ ਤੋਂ ਚਲ ਕੇ ਹਸਨ ਅਬਦਾਲ ਸਟੇਸ਼ਨ ਨੇੜੇ ਪੁੱਜ ਚੁੱਕੀ ਸੀ। ਰੇਲ ਗੱਡੀ ਨੂੰ ਲੰਘਣ ਦਾ ਸੰਕੇਤ ਸਟੇਸ਼ਨ ਮਾਸਟਰ ਨੇ ਦੇ ਦਿੱਤਾ ਸੀ। ਹੁਣ ਰੇਲ ਗੱਡੀ ਦੇ ਰੁਕਣ ਦੀ ਆਸ ਨਹੀਂ ਸੀ। ਇਹ ਵੇਖ ਕੇ ਸੰਗਤ ਰੇਲਵੇ ਲਾਇਨ 'ਤੇ ਬੈਠ ਗਈ। ਭਾਈ ਪ੍ਰਤਾਪ ਸਿੰਘ ਤੇ ਭਾਈ ਕਰਮ ਸਿੰਘ ਜੀ ਸਭ ਤੋਂ ਅੱਗੇ ਸਨ। ਰੇਲ ਗੱਡੀ ਦੇ ਡਰਾਇਵਰ ਨੇ ਰੇਲਵੇ ਲਾਈਨ 'ਤੇ ਬੈਠੀਆਂ ਸੰਗਤਾਂ ਨੂੰ ਚਿਤਾਵਨੀ ਦੀਆਂ ਕਈ ਸੀਟੀਆਂ ਮਾਰੀਆਂ ਪਰ ਕਿਸੇ ਨੇ ਵੀ ਕੋਈ ਪ੍ਰਵਾਹ ਨਹੀਂ ਕੀਤੀ, ਉਹ ਤਾਂ ਮੌਤ ਤੋਂ ਨਿਰਭੈ ਹੋ ਚੁੱਕੇ ਸਨ।

ਭਾਈ ਪ੍ਰਤਾਪ ਸਿੰਘ ਤੇ ਭਾਈ ਕਰਮ ਸਿੰਘ ਜੀ ਨੇ ਸ਼ਹੀਦੀਆਂ ਪਾਉਣ ਦਾ ਫ਼ੈਸਲਾ ਕਰ ਲਿਆ ਸੀ। ਰੇਲ ਗੱਡੀ ਤੇਜੀ ਨਾਲ ਆ ਰਹੀ ਸੀ। ਭਾਈ ਪ੍ਰਤਾਪ ਸਿੰਘ ਅਤੇ ਭਾਈ ਕਰਮ ਸਿੰਘ ਜੀ ਦੋਵੇਂ ਸਭ ਤੋਂ ਅੱਗੇ ਲੇਟੇ ਹੋਏ ਸਨ। ਇੰਜਣ ਉਹਨਾਂ ਦੀਆਂ ਹੱਡੀਆਂ ਚੀਰਦਾ, ਉਨ੍ਹਾਂ ਦੇ ਉਪਰੋਂ ਲੰਘ ਗਿਆ। ਉਨ੍ਹਾਂ ਦੇ ਸਰੀਰ ਪਿੰਝੇ ਗਏ। ਗੱਡੀ ਰੁਕ ਕਈ। ਹੋਰ ਸਿੰਘ ਵੀ ਜ਼ਖ਼ਮੀ ਹੋਏ। ਜਦ ਉਨ੍ਹਾਂ ਦੋਹਾਂ ਨੂੰ ਗੱਡੀ ਹੇਠੋਂ ਕੱਢਿਆ ਤਾਂ ਸਿਸਕ ਰਹੇ ਸਨ। ਡਿਪਟੀ ਕਮਿਸ਼ਨਰ ਮੌਕੇ 'ਤੇ ਪੁੱਜ ਗਿਆ। ਜਦੋਂ ਸੰਗਤਾਂ ਨੇ ਦਮ ਤੋੜ ਰਹੇ ਦੋਵੇਂ ਸਿੰਘਾਂ ਦੀ ਸੰਭਾਲ ਕਰਨ ਦਾ ਯਤਨ ਕੀਤਾ ਤਾਂ ਉਹਨਾਂ ਕਿਹਾ ਕਿ ਗੱਡੀ ਵਿੱਚ ਬੈਠੇ ਵੀਰਾਂ ਦੀ ਸੇਵਾ ਕਰ ਲਉ। ਫਿਰ ਸਾਡੀ ਸੰਭਾਲ ਕਰਨੀ। ਗੱਡੀ ਵਿੱਚ ਜਾ ਰਹੇ ਸਿੰਘਾਂ ਨੂੰ ਲੰਗਰ ਵਰਤਾ ਦਿੱਤਾ ਗਿਆ। ਦੋਵਾਂ ਸਿੰਘਾਂ ਦੇ ਸਰੀਰ ਵੇਖ ਕੇ ਸਭ ਖਾਣਾ ਪੀਣਾ ਭੁੱਲ ਗਏ। ਕੈਦੀ ਸਿੰਘਾਂ ਦੀ ਗੱਡੀ ਅਟਕ ਵੱਲ ਚਲੀ ਗਈ। ਸੰਗਤਾਂ ਨੇ ਦੋਵਾਂ ਸਿੰਘਾਂ ਨੂੰ ਜ਼ਖ਼ਮੀ ਹਾਲਤ ਵਿੱਚ ਗੁਰਦੁਆਰਾ ਪੰਜਾ ਸਾਹਿਬ ਲਿਆਂਦਾ। ਜਿਥੇ ਦੋਵੇਂ ਸਿੰਘ ਸਰੀਰ ਤਿਆਗ ਕੇ ਗੁਰ ਚਰਨਾ ਵਿੱਚ ਜਾ ਬਿਰਾਜੇ। ਸੂਰਮੇ ਸਿੰਘ, ਸਿੱਖੀ, ਸਿਦਕ ਅਤੇ ਕੁਰਬਾਨੀ ਦੀ ਮਿਸਾਲ ਬਣ ਗਏ। ਇਸ ਦਰਦਨਾਕ ਘਟਣਾ ਨੂੰ ਸਿੱਖ ਇਤਿਹਾਸ ਵਿੱਚ "ਸਾਕਾ ਪੰਜਾ ਸਾਹਿਬ" ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਦੋਵੇਂ ਸਿੰਘਾਂ ਦਾ ਸਸਕਾਰ ਸੰਗਤਾਂ ਦੇ ਭਾਰੀ ਇਕੱਠ ਵਿੱਚ ਹੋਇਆ।

ਫੱਟੜ ਹੋਏ ਸਿੰਘਾਂ ਵਿੱਚ ਭਾਈ ਗੰਗਾ ਸਿੰਘ ਪਿੰਡ ਮਜਾਹ ਜ਼ਿਲ੍ਹਾ ਅਟਕ, ਭਾਈ ਚਰਨ ਸਿੰਘ ਪਿੰਡ ਮਜਾਹ ਜ਼ਿਲ੍ਹਾ ਅਟਕ, ਭਾਈ ਨਿਹਾਲ ਸਿੰਘ ਪਿੰਡ ਲਾਲਪੁਰ (ਢੋਟੀਆਂ) ਜ਼ਿਲ੍ਹਾ ਅੰਮ੍ਰਿਤਸਰ, ਸੇਵਾਦਾਰ ਗੁਰਦੁਆਰਾ ਪੰਜਾ ਸਾਹਿਬ, ਭਾਈ ਭਾਗ ਸਿੰਘ, ਪਿੰਡ ਘੜਿਆਲਾ ਜ਼ਿਲ੍ਹਾ ਕੈਮਲਪੁਰ-ਹਲਵਾਈ ਗੁਰਦੁਆਰਾ ਪੰਜਾ ਸਾਹਿਬ, ਭਾਈ ਫ਼ਕੀਰ ਸਿੰਘ, ਨਿਵਾਸੀ ਪੰਜਾ ਸਾਹਿਬ, ਭਾਈ ਕਲਿਆਣ ਸਿੰਘ , ਪਿੰਡ ਮਤਿਹਾਰੀ ਜ਼ਿਲ੍ਹਾ ਮੁਜ਼ਫ਼ਰਾਬਾਦ (ਕਸ਼ਮੀਰ) ਸ਼ਾਮਲ ਸਨ।

ਰੇਲ ਗੱਡੀ ਦਾ ਡਰਾਇਵਰ ਜ਼ਿਲ੍ਹਾ ਗੁਜਰਾਤ ਦਾ ਇੱਕ ਅਰਾਂਈ ਮੁਸਲਮਾਨ ਸੀ। ਸਰਕਾਰ ਨੇ ਹਾਈਕੋਰਟ ਦੇ ਜੱਜ ਤੋਂ ਪੜਤਾਲ ਕਰਵਾਈ ਕਿ ਉਸ ਨੇ ਰੇਲ ਗੱਡੀ ਕਿਉਂ ਖੜੀ ਕੀਤੀ। ਉਸ ਨੇ ਬਿਆਨ ਦਿੱਤਾ ਕਿ ਮੈਨੂੰ ਰੇਲ ਗੱਡੀ ਖੜੀ ਨਾ ਕਰਨ ਦਾ ਹੁਕਮ ਮਿਲਿਆ ਸੀ। ਮੈਂ ਉਸ ਹੁਕਮ ਅਨੁਸਾਰ ਰੇਲ ਗੱਡੀ ਖੜੀ ਨਹੀਂ ਕੀਤੀ। ਮੈਂ ਪੂਰੀ ਰਫ਼ਤਾਰ ਤੇ ਚਲਾ ਰਿਹਾ ਸੀ ਜਿਉਂ ਹੀ ਗੱਡੀ ਸਿੰਘਾਂ ਵਿੱਚ ਵੱਜੀ ਤਾਂ ਮੈਨੂੰ ਇਵੇਂ ਮਹਿਸੂਸ ਹੋਇਆ ਜਿਵੇਂ ਗੱਡੀ ਕਿਸੇ ਵੱਡੇ ਪਹਾੜ ਨਾਲ ਜਾ ਟਕਰਾਈ ਹੈ ਤੇ ਗੱਡੀ ਅੱਗੇ ਨਾ ਵਧੀ ਅਤੇ ਖੜੀ ਹੋ ਗਈ। ਇੰਜਣ ਦੀ ਪੜਤਾਲ ਤੋਂ ਪਤਾ ਲੱਗਿਆ ਕਿ ਇਹ ਨੂੰ ਬਰੇਕ ਨਹੀਂ ਲੱਗੀ। ਫਿਰ ਵੀ ਸਰਕਾਰ ਨੇ ਸ਼ਿੱਦਤ ਵਿੱਚ ਆ ਕੇ ਡਰਾਇਵਰ ਨੂੰ ਨੌਕਰੀ ਤੋਂ ਹਟਾ ਦਿੱਤਾ। ਗੁਰਦੁਆਰਾ ਪੰਜਾ ਸਾਹਿਬ ਵਿਖੇ ਇਹਨਾਂ ਸ਼ਹੀਦਾਂ ਦੀ ਯਾਦ ਵਿੱਚ ਹਰ ਸਾਲ 15 ਕੱਤਕ ਵਾਲੇ ਦਿਨ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਜਾਂਦੀ ਹੈ। ਜੋ ਦੋਵਾਂ ਸਿੰਘਾਂ ਦੀ ਲਾਸਾਨੀ ਕੁਰਬਾਨੀ ਨੂੰ ਦ੍ਰਿੜ੍ਹ ਕਰਵਾਉਂਦੀ ਹੈ। ਸਿੱਖ ਕੌਮ ਨੂੰ ਹਮੇਸ਼ਾ ਆਪਣੇ ਸ਼ਹੀਦਾਂ 'ਤੇ ਮਾਣ ਰਿਹਾ ਹੈ, ਜਿਨ੍ਹਾਂ ਨੇ ਗੁਰੂਆਂ ਦੀ ਸਿੱਖਿਆ ਵਿੱਚ ਬਾਣੀ ਅਤੇ ਬਾਣੇ ਦੇ ਸਤਿਕਾਰ ਵਿੱਚ ਅਤੇ ਲੋਕ ਭਲਾਈ ਹਿੱਤ ਕੁਰਬਾਨੀਆਂ ਦਿੱਤੀਆਂ ਹਨ।

ਭਾਈ ਪ੍ਰਤਾਪ ਸਿੰਘ ਤੇ ਭਾਈ ਕਰਮ ਸਿੰਘ ਜੀ ਦਾ ਸੰਖੇਪ ਜੀਵਨ :

ਭਾਈ ਪ੍ਰਤਾਪ ਸਿੰਘ : ਭਾਈ ਪ੍ਰਤਾਪ ਸਿੰਘ ਜੀ ਦਾ ਜਨਮ 26 ਮਾਰਚ 1899 ਨੂੰ ਪਿੰਡ ਅਕਾਲ ਗੜ੍ਹ ਜ਼ਿਲ੍ਹਾ ਗੁਜ਼ਰਾਂ ਵਾਲੇ ਵਿਚ ਸ੍ਰ. ਸਰੂਪ ਸਿੰਘ ਅਤੇ ਮਾਤਾ ਪ੍ਰੇਮ ਕੌਰ ਜੀ ਦੇ ਘਰ ਹੋਇਆ। ਉਹਨਾਂ ਦੇ ਪਿਤਾ ਸਰਾਫ਼ੀ ਦਾ ਕੰਮ ਕਰਦੇ ਸਨ। ਆਪ ਬਚਪਨ ਤੋਂ ਹੀ ਨਾਮ ਜਪਣ, ਸੇਵਾ ਭਾਵ ਅਤੇ ਰੱਬ ਦੀ ਰਜਾ ਵਿੱਚ ਰਹਿਣ ਵਾਲੇ ਸਨ। ਆਪ ਜੀ ਦੇ ਮਾਤਾ ਪਿਤਾ ਵੀ ਚੰਗੇ ਧਾਰਮਿਕ ਭਾਵ ਵਾਲੇ ਸਨ। ਆਪ ਜੀ ਨੇ ਨੌਂਵੀਂ ਜਮਾਤ ਤੱਕ ਵਿਦਿਆ ਅਕਾਲ ਗੜ੍ਹ ਦੇ ਸਕੂਲ ਵਿਚੋਂ ਪ੍ਰਾਪਤ ਕੀਤੀ ਸੀ। ਸੰਨ 1916 ਵਿੱਚ ਪਿੰਡ ਲਹੀਆਂ ਵਾਲਾ ਜ਼ਿਲ੍ਹਾ ਗੁਜਰਾਂਵਾਲਾ ਦੀ ਬੀਬੀ ਹਰਨਾਮ ਕੌਰ ਨਾਲ ਵਿਆਹ ਹੋ ਗਿਆ। ਕੁਝ ਸਮੇਂ ਬਾਅਦ ਆਪ ਜੀ ਨੇ ਮੰਡੀ ਭਲਵਾਨ ਜ਼ਿਲ੍ਹਾ ਸਰਗੋਧਾ ਦੇ ਇੱਕ ਸਕੂਲ ਵਿੱਚ ਅਧਿਆਪਕ ਦੀ ਨੌਕਰੀ ਕਰ ਲਈ। ਫਿਰ ਸਕੂਲ ਦੀ ਨੌਕਰੀ ਛੱਡ ਕੇ ਕਰਾਚੀ ਵਿੱਚ ਆੜ੍ਹਤ ਦੀ ਦੁਕਾਨ ਤੇ ਲੱਗ ਗਏ। ਕਰਾਚੀ ਵਿੱਚ ਸਿੰਘ ਸਭਾ ਦਾ ਬੜਾ ਪ੍ਰਭਾਵ ਸੀ। ਤਦ ਆਪ ਜੀ ਨੇ ਅੰਮ੍ਰਿਤ ਛੱਕ ਲਿਆ। ਕਰਾਚੀ ਦੀ ਨੌਕਰੀ ਛੱਡ ਕੇ ਮੁਲਤਾਨ ਛਾਉਣੀ ਵਿੱਚ ਫ਼ੌਜੀ ਕਲਰਕ ਲੱਗ ਗਏ। ਬਾਅਦ ਵਿੱਚ ਆਪ ਜੀ ਦੀ ਤਬਦੀਲੀ ਰਾਵਲਪਿੰਡੀ ਛਾਉਣੀ ਵਿੱਚ ਹੋ ਗਈ। ਫ਼ਰਵਰੀ 1921 ਵਿੱਚ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਤੋਂ ਪ੍ਰਭਾਵਿਤ ਹੋ ਕੇ ਫ਼ੌਜ ਦੀ ਨੌਕਰੀ ਛੱਡ ਦਿੱਤੀ। ਆਪ ਪੱਕੇ ਅਕਾਲੀ ਬਣ ਗਏ। ਉਹਨਾਂ ਖੱਦਰ ਦਾ ਬਾਣਾ ਧਾਰਨ ਕਰ ਲਿਆ। ਉਹਨਾਂ ਗੁਰਦੁਆਰਾ ਪੰਜਾ ਸਾਹਿਬ ਵਿਖੇ ਖ਼ਜ਼ਾਨਚੀ ਦੀ ਸੇਵਾ ਨਿਭਾਈ। ਸਿੰਘਾਂ ਨੂੰ ਲੰਗਰ ਛਕਾਉਣ ਲਈ ਰੇਲ ਗੱਡੀ ਰੋਕਣ ਵਾਸਤੇ, ਸਾਕਾ ਪੰਜਾ ਸਾਹਿਬ ਧਰਨੇ ਦੀ ਅਗਵਾਈ ਕਰਦਿਆਂ ਲਗਭਗ 24 ਸਾਲ ਦੀ ਉਮਰ ਵਿੱਚ ਸ਼ਹੀਦੀ ਪ੍ਰਾਪਤ ਕੀਤੀ।

ਭਾਈ ਕਰਮ ਸਿੰਘ: ਭਾਈ ਕਰਮ ਸਿੰਘ ਜੀ ਦੇ ਪਿਤਾ ਸ੍ਰ. ਭਗਵਾਨ ਸਿੰਘ ਜੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮਹੰਤ ਸਨ। ਭਾਈ ਭਗਵਾਨ ਸਿੰਘ ਜੀ ਅਤੇ ਮਾਤਾ ਰੂਪ ਕੌਰ ਜੀ ਦੇ ਗ੍ਰਹਿ 14 ਨਵੰਬਰ 1845 ਨੂੰ ਆਪ ਜੀ ਦਾ ਜਨਮ ਹੋਇਆ। ਨਾਮ ਸੰਤ ਸਿੰਘ ਜੀ। ਬਚਪਣ ਤੋਂ ਹੀ ਆਪ ਜੀ ਨੂੰ ਸ਼ਬਦ ਗਾਇਨ ਕਰਨ ਦਾ ਸ਼ੌਕ ਸੀ। ਉਹਨਾਂ ਨੇ ਬਕਾਇਦਾ ਕੀਰਤਨ ਦੀ ਸਿੱਖਿਆ ਪ੍ਰਾਪਤ ਕੀਤੀ। ਆਪ ਜੀ ਦੀ ਆਵਾਜ਼ ਸੁਰੀਲੀ ਸੀ। ਆਪ ਨਾਮਵਰ ਕੀਰਤਨੀਏ ਬਣ ਗਏ।

ਪਿਤਾ ਜੀ ਦੇ ਅਕਾਲ ਚਲਾਣੇ ਪਿੱਛੋਂ ਆਪ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮਹੰਤ ਥਾਪੇ ਗਏ। ਆਪ ਨੇ ਪੂਰਨ ਗੁਰਮਤਿ ਅਨੁਸਾਰ ਸੇਵਾ ਨਿਭਾਈ। ਆਪ ਨੇ ਸਮਾਜਿਕ ਕੁਰੀਤੀਆਂ ਦੀ ਨਿਖੇਧੀ ਕੀਤੀ। ਕੁਝ ਸਮਾਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਸੇਵਾ ਕਰਨ ਉਪਰੰਤ ਗੁਰ ਅਸਥਾਨਾਂ ਦੇ ਦਰਸ਼ਨ ਕਰਦਿਆਂ ਹਜ਼ੂਰ ਸਾਹਿਬ ਦੇ ਦਰਸ਼ਨ ਕੀਤੇ। ਇੱਥੋਂ ਹੀ ਆਪ ਨੇ ਅੰਮ੍ਰਿਤ ਛਕਿਆ। ਆਪ ਦਾ ਨਾਮ ਕਰਮ ਸਿੰਘ ਹੋ ਗਿਆ। ਉਪਰੰਤ ਆਪ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਆਏ। ਉਦੋਂ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਜ਼ੋਰਾਂ 'ਤੇ ਸੀ। ਗੁਰੂ ਕਾ ਬਾਗ ਮੋਰਚਾ ਲੱਗਿਆ ਹੋਇਆ ਸੀ। ਤਦ ਆਪ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਛੱਡ ਕੇ ਅੰਮ੍ਰਿਤਸਰ ਆ ਗਏ। ਗੁਰੂ ਕਾ ਬਾਗ ਮੋਰਚੇ ਵਿੱਚ ਸੇਵਾ ਬੜੀ ਲਗਨ ਨਾਲ ਕੀਤੀ। ਆਪ ਜੀ ਦੀ ਪਤਨੀ ਵੀ ਸੇਵਾ ਵਿੱਚ ਨਾਲ ਸੀ। ਇਥੇ ਆਪ ਨੇ ਕਥਾ ਅਤੇ ਕੀਰਤਨ ਦੀ ਸੇਵਾ ਨਿਭਾਈ। ਸਾਕਾ ਪੰਜਾ ਸਾਹਿਬ ਦੇ ਸਾਕੇ ਵਿੱਚ ਭਾਈ ਪ੍ਰਤਾਪ ਸਿੰਘ ਜੀ ਅਤੇ ਭਾਈ ਕਰਮ ਸਿੰਘ ਜੀ ਨੇ ਰੇਲ ਗੱਡੀ ਦੀ ਪਟੜੀ 'ਤੇ ਬੈਠ ਕੇ ਧਰਨਾ ਮਾਰਿਆ। ਇਹਨਾਂ ਦੀ ਅਗਵਾਈ ਹੇਠ ਸੰਗਤਾਂ ਵੀ ਧਰਨੇ 'ਤੇ ਬੈਠੀਆਂ। ਆਪ ਲਗਭਗ 27 ਸਾਲ ਦੀ ਉਮਰ ਵਿੱਚ ਪੰਜਾ ਸਾਹਿਬ ਧਰਨੇ ਦੀ ਅਗਵਾਈ ਕਰਦਿਆਂ ਸ਼ਹੀਦੀ ਪ੍ਰਾਪਤ ਕਰ ਗਏ।




# ਮਹਿਲਾ ਸੁਰੱਖਿਆ ਦਾ ਮੁੱਦਾ ਹੈ ਵੱਡੀ ਚਿੰਤਾ ਦਾ ਵਿਸ਼ਾ






-ਡਾ. ਰਿਤੂ ਸਾਰਸਵਤ

ਕੋਲਕਾਤਾ ਵਿੱਚ ਹੋਈ ਜਬਰ-ਜਨਾਹ ਦੀ ਘਟਨਾ ਬੇਹੱਦ ਦੁਖਦਾਈ ਹੈ। ਇਸ ਕਾਰਨ ਚਾਰੇ ਪਾਸੇ ਹਾਹਾਕਾਰ ਮਚੀ ਹੋਈ ਹੈ। ਵੱਡਾ ਸਵਾਲ ਇਹ ਹੈ ਕਿ ਕੀ ਅਜਿਹੀ ਘਟਨਾ ਪਹਿਲੀ ਵਾਰ ਵਾਪਰੀ ? ਇਸ ਦਾ ਉੱਤਰ ਸਾਡੇ ਸਾਰਿਆਂ ਕੋਲ ਹੈ।

ਕੈਂਡਲ ਮਾਰਚ, ਸੜਕਾਂ ’ਤੇ ਪ੍ਰਦਰਸ਼ਨ, ਇੰਟਰਨੈੱਟ ਮੀਡੀਆ ’ਤੇ ਕ੍ਰਾਂਤੀਕਾਰੀ ਵਿਚਾਰ ਅਤੇ ਆਪਣੇ ਫ਼ਰਜ਼ਾਂ ਤੋਂ ਮੂੰਹ ਮੋੜਨਾ। ਕੀ ਅਸੀਂ ਇਹ ਨਹੀਂ ਜਾਣਦੇ ਕਿ ਹਰ ਦਿਨ, ਹਰ ਪਲ ਦੇਸ਼ ਦੇ ਕਿਸੇ ਨਾ ਕਿਸੇ ਕੋਨੇ ਵਿਚ ਮਨੁੱਖੀ-ਜਾਮੇ ਵਿਚ ਭੇੜੀਏ ਵਾਸਨਾ ਵਿਚ ਲਿਪਤ ਹੋ ਕੇ ਆਪਣੇ ਸ਼ਿਕਾਰ ਦੀ ਤਲਾਸ਼ ਵਿਚ ਭਟਕ ਰਹੇ ਹਨ।

ਇਸ ਨਾਲ ਉਨ੍ਹਾਂ ਦਾ ਕੋਈ ਸਰੋਕਾਰ ਨਹੀਂ ਕਿ ਉਨ੍ਹਾਂ ਦੀ ਸ਼ਿਕਾਰ ਨੰਨ੍ਹੀ ਬੱਚੀ ਹੈ ਜਾਂ ਫ਼ਿਰ ਵੱਡੀ ਉਮਰ ਦੀ ਮਹਿਲਾ। ਬਲਾਤਕਾਰ ਦੀਆਂ ਘਟਨਾਵਾਂ ਚੀਕ-ਚੀਕ ਕੇ ਕਹਿ ਰਹੀਆਂ ਹਨ ਕਿ ਅਸੀਂ ਸਾਰੇ ਸੱਭਿਅਕ ਸਮਾਜ ਵਿਚ ਵਿਚਰ ਰਹੇ ਹਾਂ ਅਤੇ ਇਹ ਅਵਸਥਾ ਅਜਿਹੀ ਹੀ ਰਹੇਗੀ ਕਿਉਂਕਿ ਜਦ ਅਸੀਂ ਇਕ-ਦੂਜੇ ’ਤੇ ਦੋਸ਼ ਲਗਾਉਣ ਦੀ ਖੇਡ ਵਿੱਚ ਹਾਰ-ਜਿੱਤ ਦੀ ਲੜਾਈ ਲੜਨ ਵਿਚ ਆਪਣੀ ਸਾਰੀ ਤਾਕਤ ਝੋਕ ਬੈਠੇ ਹਾਂ ਤਾਂ ਕਿਵੇਂ ਇਹ ਵਿਚਾਰ ਕਰਾਂਗੇ ਕਿ ਇਸ ਅਣ-ਮਨੁੱਖੀ ਸਮਾਜਿਕ ਬਿਮਾਰੀ ਦਾ ਇਲਾਜ ਹੋਵੇ ? ਇਸਤਰੀ ਨੂੰ ਦੇਵੀ ਮੰਨ ਕੇ ਪੂਜਣ ਵਾਲੀ ਸੰਸਕ੍ਰਿਤੀ ਜੇ ਬਲਾਤਕਾਰ ਦੀ ਗਵਾਹ ਬਣਦੀ ਹੈ ਤਾਂ ਯਕੀਨਨ ਇਸ ਦੀ ਸੰਪੂਰਨ ਜ਼ਿੰਮੇਵਾਰੀ ਸਮਾਜਿਕ ਵਿਵਸਥਾ ਦੀ ਉਸ ਮੌਨ ਪ੍ਰਵਾਨਗੀ ਨੂੰ ਜਾਂਦੀ ਹੈ ਜਿਸ ਨੂੰ ਅਸੀਂ ਕਥਿਤ ਤੌਰ ’ਤੇ ਮਰਦਾਨਗੀ ਦੇ ਰੂਪ ’ਚ ਸਵੀਕਾਰ ਕੀਤਾ ਹੈ।

ਮਰਦਾਨਗੀ ਦੀ ਨੁਕਸਦਾਰ ਪਰਿਭਾਸ਼ਾ ਇਸਤਰੀ ਨੂੰ ‘ਭੋਗਣ’ ਦੇ ਰੂਪ ’ਚ ਸਵੀਕਾਰ ਕਰਦੀ ਹੈ ਤੇ ਇਸ ਪਰਿਭਾਸ਼ਾ ਦਾ ਪੋਸ਼ਣ ਪਰਿਵਾਰ ਤੋਂ ਆਰੰਭ ਹੁੰਦਾ ਹੈ। ਮਰਿਆਦਾ ਵਾਲੇ ਜੀਵਨ ਦੀ ਨਿਯਮਾਵਲੀ ਤੋਂ ਪੂਰੀ ਤਰ੍ਹਾਂ ਮੁਕਤ ਸਮਾਜੀਕਰਨ ਦੀ ਇਹ ਪ੍ਰਕਿਰਿਆ ਮਰਿਆਦਾਹੀਣ ਜੀਵਨ ਦੀ ਪੋਸ਼ਕ ਬਣਦੀ ਹੈ। ਪਰਿਵਾਰਾਂ ਵਿੱਚ ਜਦ ਔਰਤ ਹਾਸੇ-ਮਜ਼ਾਕ ਦੀ ਪਾਤਰ ਬਣ ਰਹੀ ਹੁੰਦੀ ਹੈ, ਉਸੇ ਪਲ ਅਜਿਹੇ ਬਾਲਕਾਂ ਦਾ ਨਿਰਮਾਣ ਹੁੰਦਾ ਹੈ ਜੋ ਇਸਤਰੀ ਨੂੰ ‘ਭੋਗਣ’ ਦੀ ਵਸਤੂ ਦੇ ਤੌਰ ’ਤੇ ਸਵੀਕਾਰ ਕਰਨ ਦੇ ਪਹਿਲੇ ਗੇੜ ਵੱਲ ਵਧ ਰਹੇ ਹੁੰਦੇ ਹਨ।

ਗਲੀਆਂ-ਕੂਚਿਆਂ ਵਿੱਚ ਅਸ਼ਲੀਲ ਟਿੱਪਣੀਆਂ ਕਰਦੀਆਂ ਜੀਭਾਂ ਕਿਸੇ ਸਥਾਪਤ ਸੰਸਕ੍ਰਿਤੀ ਦੀ ਉਪਜ ਨਹੀਂ ਹੈ ਸਗੋਂ ਉਨ੍ਹਾਂ ਮਾਪਿਆਂ ਦੀ ਛਤਰ-ਛਾਇਆ ਦਾ ਨਤੀਜਾ ਹੈ ਜਿਨ੍ਹਾਂ ਨੂੰ ਆਪਣੇ ਬਾਲਕਾਂ ਦਾ ਅਜਿਹਾ ਵਤੀਰਾ ਆਮ ਵਰਗਾ ਪ੍ਰਤੀਤ ਹੁੰਦਾ ਹੈ। ‘ਲੜਕੇ ਹਨ ਅਜਿਹਾ ਕਰਨਗੇ ਹੀ, ਲੜਕੀਆਂ ਨੂੰ ਹੀ ਧਿਆਨ ਰੱਖਣਾ ਚਾਹੀਦਾ ਹੈ’ ਇਹ ਵਾਕ ਉਸ ਪਸ਼ੂ ਬਿਰਤੀ ਨੂੰ ਜਨਮ ਦਿੰਦਾ ਹੈ ਜਿਸ ਦੀ ਉਤਪਤੀ ਦੀ ਸੰਪੂਰਨ ਜ਼ਿੰਮੇਵਾਰੀ ਮਾਪਿਆਂ ਤੇ ਸਰਪ੍ਰਸਤਾਂ ਦੀ ਹੈ।

ਬਲਾਤਕਾਰੀ ਨੂੰ ਸਮਾਜਿਕ ਵਿਵਸਥਾ ’ਚ ਸਵੀਕਾਰ ਕਰਨ ਦੀ ਬਿਰਤੀ ਉਸ ਦੀ ਪਿੱਠ ਥਾਪੜਦੀ ਹੈ ਅਤੇ ਦਿਲਾਸਾ ਦਿੰਦੀ ਹੈ ਕਿ ਜਿਸ ਤਰ੍ਹਾਂ ਕਮਜ਼ੋਰ ਨਿਆਂਇਕ ਅਤੇ ਪੁਲਿਸ ਵਿਵਸਥਾ ਉਸ ਦੀ ਹਿਫ਼ਾਜ਼ਤ ਕਰੇਗੀ, ਠੀਕ ਉਸੇ ਤਰ੍ਹਾਂ ਸਮਾਜ ਵੀ ਉਸ ਦੇ ਅਪਰਾਧਾਂ ਨੂੰ ਭੁੱਲ ਕੇ ਸਹਿਜਤਾ ਨਾਲ ਉਸ ਨੂੰ ਸਵੀਕਾਰ ਕਰੇਗਾ।

# ਹਰੇਕ ਖੇਤਰ ’ਚ ਔਰਤਾਂ ਨੂੰ ਅੱਗੇ ਲਿਆਉਣ ਲਈ ਮਦਦਗਾਰ ਬਣੇ ਸਮਾਜ





ਮੇਜਰ ਸਿੰਘ ਨਾਭਾ

ਔਰਤ ਨੂੰ ਬਣਦਾ ਸਤਿਕਾਰ ਦੇਣਾ ਸਾਡੇ ਸਮਾਜ ਦੀ ਜ਼ਿੰਮੇਵਾਰੀ ਹੈ, ਜਿਸ ਨੇ ਇਸ ਸਮਾਜ ਨੂੰ ਜਨਮ ਦੇ ਕੇ ਹੋਂਦ ’ਚ ਲਿਆਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਸਮਾਜ ਵਿੱਚ ਨੀਵੀਂ ਸਮਝੀ ਜਾਣ ਵਾਲੀ ਔਰਤ ਦੇ ਸਨਮਾਨ ਵਿੱਚ ਆਖਿਆ, ‘ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ’। ਮਹਾਰਾਜਿਆਂ, ਰਾਜਿਆਂ ਨੂੰ ਜਨਮ ਦੇਣ ਵਾਲੀ ਔਰਤ ਨੂੰ ਕਿਵੇਂ ਨੀਵਾਂ ਸਮਝਿਆ ਜਾ ਸਕਦਾ ਹੈ । ਪਰ ਉਸ ਸਮੇਂ ਕੁੜੀਆਂ ਨੂੰ ਜਨਮ ਸਮੇਂ ਹੀ ਮਾਰ ਦਿੱਤਾ ਜਾਂਦਾ ਸੀ। ਅਲਟਰਾਸਾਊਂਡ ਆਉਣ ਨਾਲ ਲਿੰਗ ਪਰਖ ਕੇ ਜਨਮ ਤੋਂ ਪਹਿਲਾਂ ਹੀ ਭਰੂਣ ਹੱਤਿਆ ਦਾ ਰੁਝਾਣ ’ਚ ਵਾਧਾ ਹੋਇਆ ਪਰ ਹੁਣ ਲਿੰਗ ਨਿਰਧਾਰਨ ਟੈਸਟ ਉੱਪਰ ਪਾਬੰਦੀ ਹੋਣ ਕਾਰਨ ਇਹ ਰੁਝਾਣ ਘੱਟਣ ਲੱਗਾ ਹੈ ਕਿਉਂਕਿ ਲੜਕੀਆਂ ਨੇ ਹਰ ਖੇਤਰ ਵਿੱਚ ਮੱਲ੍ਹਾਂ ਮਾਰ ਕੇ ਮਾਪਿਆਂ ਦੀ ਸੋਚ ਨੂੰ ਬਦਲਣ ਵਿੱਚ ਵੀ ਰੋਲ ਅਦਾ ਕੀਤਾ ਹੈ । ਕੁੜੀਆਂ ਬੋਰਡ ਦੀਆਂ ਕਲਾਸਾਂ ਦੀ ਪੜ੍ਹਾਈ ਵਿੱਚ ਲੜਕਿਆਂ ਨੂੰ ਪਛਾੜ ਕੇ ਪਹਿਲੇ ਸਥਾਨਾਂ ਉੱਪਰ ਆ ਰਹੀਆਂ ਹਨ। ਉੱਚ ਅਹੁਦਿਆਂ ਉੱਪਰ ਜਾ ਕੇ ਔਰਤਾਂ ਨੇ ਨਾਮਣਾ ਖੱਟਿਆ ਹੈ।

ਖੇਡਾਂ ਦੇ ਖੇਤਰ ਵਿੱਚ ਕੁੜੀਆਂ ਨੇ ਭਾਰਤ ਦਾ ਨਾਂ ਏਸ਼ੀਅਨ, ਉਲੰਪਿਕ ਆਦਿ ਖੇਡਾਂ ਵਿੱਚ ਵਧੇਰੇ ਗੋਲਡ ਮੈਡਲ ਪ੍ਰਾਪਤ ਕਰਕੇ ਉੱਚਾ ਕੀਤਾ ਹੈ । ਪੰਜਾਬ ਅੰਦਰ ਅੰਤਰਰਾਸਟਰੀ ਪੱਧਰ ’ਤੇ ਪਹਿਲੇ ਸਥਾਨ ਪ੍ਰਾਪਤ ਕਰਨ ਵਾਲੀਆਂ ਖਿਡਾਰਨਾਂ ਨੂੰ ਨਕਦ ਤੇ ਸਰਕਾਰੀ ਨੌਕਰੀ ਦੇ ਕੇ ਸਮੇਂ-ਸਮੇਂ ਸਰਕਾਰਾਂ ਵੱਲੋਂ ਲੜਕੀਆਂ ਨੂੰ ਖੇਡਾਂ ’ਚ ਅੱਗੇ ਆਉਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ, ਜੋ ਕਿ ਲੜਕੀਆਂ ਦਾ ਸਵੈਮਾਨ ਵਧਾਉਣ ਦਾ ਕੰਮ ਕਰੇਗਾ। ਰਾਜਨੀਤਿਕ ਖੇਤਰ ਵਿੱਚ ਦੇਸ਼ ਦੇ ਸਭ ਤੋਂ ਉੱਚੇ ਅਹੁਦੇ ਰਾਸਟਰਪਤੀ ਦੀ ਕੁਰਸੀ ਉੱਪਰ ਦੇਸ਼ ਦੀ ਪਹਿਲੀ ਮਹਿਲਾ ਰਾਸਟਰਪਤੀ ਸ੍ਰੀਮਤੀ ਪ੍ਰਤਿਭਾ ਦੇਵੀ ਸਿੰਘ ਪਾਟਿਲ ਨੇ 25 ਜੁਲਾਈ 2007 ਨੂੰ ਬਿਰਾਜਮਾਨ ਹੋਏ । ਸ੍ਰੀਮਤੀ ਦਰੋਪਦੀ ਮਰਮੂ ਦੂਸਰੀ ਪਹਿਲੀ ਸੰਥਾਲੀ ਕਬੀਲੇ ’ਚੋਂ ਔਰਤ ਹੁਣ ਸਾਡੇ ਦੇਸ਼ ਦੀ ਰਾਸ਼ਟਰਪਤੀ ਹੈ । ਇਸੇ ਤਰ੍ਹਾਂ ਦੇਸ਼ ਦੀ ਪ੍ਰਧਾਨ ਮੰਤਰੀ ਸਵ: ਸ੍ਰੀਮਤੀ ਇੰਦਰਾ ਗਾਂਧੀ ਆਪਣੇ ਸਮੇਂ ਦੌਰਾਨ ਚਰਚਿਤ ਪ੍ਰਧਾਨ ਮੰਤਰੀ ਰਹੀ ਹੈ। ਸੁਚੇਤਾ ਕ੍ਰਿਪਲਾਨੀ ਪਹਿਲੀ ਔਰਤ ਮੁੱਖ ਮੰਤਰੀ (ਯੂਪੀ) ਦੀ ਬਣੀ । ਮੀਰਾ ਕੁਮਾਰ ਦੇਸ਼ ਦੀ ਲੋਕ ਸਭਾ ਦੀ ਪਹਿਲੀ ਸਪੀਕਰ ਬਣੀ ।

ਦੇਸ਼ ਦੀ ਪਹਿਲੀ ਔਰਤ ਸਰੋਜਨੀ ਨਾਇਡੋ ਨੂੰ ਰਾਜ ਦਾ ਗਵਰਨਰ ਬਣਨ ਦਾ ਮਾਣ ਪ੍ਰਾਪਤ ਹੈ । ਪਹਿਲੀ ਭਾਰਤ ਦੀ ਚੀਫ਼ ਇਲੈਕਸ਼ਨ ਕਮਿਸ਼ਨਰ ਔਰਤ 1990 ’ਚ ਸ੍ਰੀਮਤੀ ਵੀਐਸ ਰਮਾਦੇਵੀ ਬਣੀ। ਭਾਵਨਾ ਕੰਠ ਨੇ 2019 ਵਿੱਚ ਪਹਿਲੀ ਔਰਤ ਫਾਈਟਰ ਪਾਇਲਟ ਬਣ ਕੇ ਏਅਰ ਫੋਰਸ ਵਿੱਚ ਸ਼ਾਮਲ ਹੋਈ। ਮਦਰ ਟਰੇਸਾ ਪਹਿਲੀ ਭਾਰਤੀ ਔਰਤ ਨੂੰ ਨੋਬਲ ਸਾਂਤੀ ਪੁਰਸਕਾਰ ਮਿਲਿਆ। ਪਹਿਲਾ ‘ਨੈਸ਼ਨਲ ਸਾਹਿਤ ਅਕਾਦਮੀ ਐਵਾਰਡ’ ਪੰਜਾਬੀ ਲੇਖਿਕਾ ਅੰਮ੍ਰਿਤਾ ਪ੍ਰੀਤਮ ਨੂੰ ਮਿਲਿਆ । ਔਰਤਾਂ ਲਈ ਇਹ ਮਾਣ ਵਾਲੀ ਗੱਲ ਹੈ ।

ਦੇਸ਼ ਦੀ ਪਹਿਲੀ ਔਰਤ ਸਰੋਜਨੀ ਨਾਇਡੋ ਨੂੰ ਗਵਰਨਰ ਬਣਨ ਦਾ ਮਾਣ ਪ੍ਰਾਪਤ ਹੈ । ਔਰਤਾਂ ਲਈ ਇਹ ਮਾਣ ਵਾਲੀ ਗੱਲ ਹੈ। ਅੱਜ ਦੀਆਂ ਲੜਕੀਆਂ ਨੂੰ ਇਹੋ ਜਿਹੇ ਉੱਚ ਰੁਤਬੇ ਪ੍ਰਾਪਤ ਔਰਤਾਂ ਤੋਂ ਪ੍ਰੇਰਨਾ ਲੈ ਕੇ ਆਪਣੀ ਜ਼ਿੰਦਗੀ ਨੂੰ ਵੀ ਉੱਚ ਬੁਲੰਦੀਆਂ ’ਤੇ ਪਹੁੰਚਣ ਦੀ ਮਨ ’ਚ ਠਾਣ ਲੈਣਾ ਚਾਹੀਦਾ ਹੈ।

ਅੱਜ ਵੀ ਲੜਕੀਆਂ ਨੂੰ ਸਮਾਜ ਵਿੱਚ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਦੇਸ਼ ਦੇ ਕਈ ਸ਼ਹਿਰਾਂ ’ਚ ਖਾਸ ਕਰਕੇ ਮਨੀਪੁਰ ਵਿੱਚ ਪਿਛਲੇ ਸਮੇਂ ਲੜਕੀਆਂ ਨਾਲ ਦਰਿੰਦਗੀ ਦੀ ਹੱਦ ਨੇ ਤਹਿਲਕਾ ਮਚਾ ਰੱਖਿਆ ਹੈ। ਇਸ ਤੋਂ ਪਹਿਲਾਂ ਵੀ ਲੜਕੀਆਂ ਨਾਲ ਬਲਾਤਕਾਰ ਅਤੇ ਬਾਅਦ ’ਚ ਮਾਰ ਦੇਣ ਦੀਆਂ ਘਟਨਾਵਾਂ ਵਾਪਰੀਆਂ ਹਨ ਜੋ ਕਿ ਧੀਆਂ ਦੇ ਮਾਪਿਆਂ ਨੂੰ ਚਿੰਤਾ ਵਿੱਚ ਜ਼ਰੂਰ ਪਾਉਂਦੀਆਂਹਨ ਕਿ ਉਹ ਆਪਣੀਆਂ ਧੀਆਂ ਨੂੰ ਕਿਵੇਂ ਸੁਰੱਖਿਅਤ ਰੱਖ ਸਕਣ। ਇਹੋ ਜਿਹੇ ਮਾੜੀ ਸੋਚ ਵਾਲਿਆਂ ਨੂੰ ਸਖ਼ਤ ਸ਼ਜਾ ਤੁਰੰਤ ਦੇਣੀ ਚਾਹੀਦੀ ਹੈ ਤਾਂ ਕਿ ਸਮਾਜ ਨੂੰ ਸੁਧਾਰਨ ਲਈ ਸੰਦੇਸ਼ ਜਾ ਸਕੇ । ਸਾਡੇ ਦੇਸ਼ ਵਿੱਚ ਕਾਨੂੰਨ ਦੇ ਰਾਖੇ ਵੀ ਪੱਖਪਾਤੀ ਵਤੀਰੇ ਦੇ ਸ਼ਿਕਾਰ ਹੋ ਜਾਂਦੇ ਹਨ ਜੋ ਕਿ ਲੋਕਤੰਤਰ ਲਈ ਕਲੰਕ ਲਾਉਂਦੇਹਨ । ਰਾਜਨੀਤਕ ਲੋਕਾਂ ਦਾ ਰੋਲ ਵੀ ਇਹੋ ਜਿਹੀਆਂ ਘਟਨਾਵਾਂ ਨੂੰ ਕਈ ਵਾਰੀ ਉਤਸ਼ਾਹਿਤ ਕਰਕੇ ਵੋਟ ਬੈਂਕ ਮਜਬੂਤ ਕਰਨ ਦਾ ਹੁੰਦਾ ਹੈ ਜੋ ਕਿ ਨਿੰਦਣਯੋਗ ਹੈ।

ਸਾਡੇ ਸਮਾਜ ਵਿੱਚ ਔਰਤ ਵੀ ਕਈ ਗੱਲਾਂ ਲਈ ਆਪ ਹੀ ਜ਼ਿੰਮੇਵਾਰ ਹੁੰਦੀ ਹੈ । ਜਿਵੇਂ ਸੱਸ ਨੂੰ ਆਮ ਤੌਰ ’ਤੇ ਸਤਿਕਾਰਿਤ ਰੁਤਬੇ ਨਾਲ ਨਹੀਂ ਦੇਖਿਆ ਜਾਂਦਾ। ਲੜਕੇ ਦਾ ਰਿਸ਼ਤਾ ਹੋਣ ਸਮੇਂ ਸੱਸਾਂ ਆਮ ਹੀ ਕਹਿੰਦੀਆਂ ਸੁਣੀਆਂ ਜਾ ਸਕਦੀਆਂ ਹਨ, ‘ਤੁਹਾਡੀ ਕੁੜੀ ਨੂੰ ਧੀ ਬਣਾ ਕੇ ਰੱਖੂੰ’ ਜੋ ਕਿ ਵਧੀਆ ਗੱਲ ਹੈ। ਵੈਸੈ ਆਪਣੀਆਂ ਨੂੰਹਾਂ ਨੂੰ ਧੀਆਂ ਬਣਾਉਣਾ ਹਰ ਇੱਕ ਔਰਤ ਦੇ ਵਸ ਦੀ ਗੱਲ ਨਹੀਂ। ਕਹਿਣਾ ਸੌਖਾ ਹੁੰਦਾ ਹੈ ਪਰ ਨਿਭਾਉਣਾ ਔਖਾ ਹੁੰਦਾ ਹੈ। ਘਰ ਆਉਣ ’ਤੇ ਨੂੰਹ ਵਿੱਚ ਕਈ ਸੱਸਾਂ ਨੂੰ ਨੁਕਸ ਤਾਂ ਦਿੱਖਣ ਲੱਗ ਜਾਂਦੇ ਹਨ ਪਰ ਉਸ ਦੇ ਗੁਣ ਨਹੀਂ ਦਿੱਸਦੇ, ਇਥੇ ਸੱਸਾਂ ਨੂੰ ਬੜੀ ਸਾਵਧਾਨੀ ਨਾਲ ਆਪਣੀ ਧੀ ਦੇ ਗੁਣਾਂ ਅਵਗੁਣਾਂ ਨੂੰ ਜ਼ਰੂਰ ਵਿਚਾਰ ਲੈਣਾ ਚਾਹੀਦਾ ਹੈ ਅਤੇ ਕੋਈ ਗੱਲ ਕਾਹਲ ’ਚ ਨਹੀਂ ਕਰਨੀ ਚਾਹੀਦੀ। ਆਪਣੀ ਧੀ ਨੂੰ ਮਾਂ ਹਰੇਕ ਚੀਜ਼ ਬਾਪ ਤੋਂ ਚੋਰੀ ਵੀ ਲੈ ਕੇ ਦਿੰਦੀ ਹੈ ਪਰ ਨੂੰਹ ਨੂੰ ਲੋੜੀਂਦੀਆਂ ਚੀਜ਼ਾਂ ਉਸ ਦੇ ਪੇਕਿਆਂ ਤੋਂ ਮਜਬੂਰਨ ਲਿਆਉਣ ਲਈ ਸੱਸ ਕਿਸੇ ਨਾ ਕਿਸੇ ਤਰ੍ਹਾਂ ਹੱਥ ਕੰਡੇ ਵਰਤਦੀ ਰਹਿੰਦੀ ਹੈ।

ਸਾਡੇ ਸਮਾਜ ਅੰਦਰਲੀ ਔਰਤ ਦੀ ਮਾਨਸਿਕਤਾ ਐਨੀ ਗਿਰ ਚੁੱਕੀ ਹੈ ਕਿ ਉਹ ਆਪਣੀ ਧੀ ਨਾਲ ਸਹੁਰਿਆਂ ਵੱਲੋਂ ਕੀਤੇ ਜਾਂਦੇ ਵਿਤਕਰੇ ਤੋਂ ਦੁਖੀ ਤਾਂ ਰਹਿੰਦੀ ਹੈ ਪਰ ਆਪਣੀ ਸੋਚ ਨੂੰ ਬਦਲਣ ਦੀ ਬਜਾਏ ਆਪ ਵੀ ਕਿਸੇ ਦੀ ਧੀ ਨਾਲ ਉਹੀ ਵਿਤਕਰਾ ਕਰਕੇ ਇੱਕ ਹੋਰ ਮਾਂ ਨੂੰ ਠੇਸ ਪਹੁੰਚਾਉਂਦੀਹੈ। ਸੱਸ ਬਣੀ ਔਰਤ ਨੂੰ ਆਪਣੇ ਪਿਛੋਕੜ ’ਤੇ ਗ਼ੰਭੀਰਤਾ ਨਾਲ ਝਾਤ ਮਾਰ ਲੈਣੀ ਚਾਹੀਦੀ ਹੈ ਕਿ ਉਹ ਵੀ ਕਦੇ ਨੂੰਹ ਬਣੀ ਸੀ । ਇਹ ਸੱਸ ਦਾ ਰੂਪ ਬਣੀ ਮਾਂ ਨੂੰ ਆਪਣੇ ਪੁੱਤ ਦੀ ਖੁਸ਼ੀ ਲਈ ਨਜ਼ਰੀਆ ਬਦਲਣ ਦੀ ਲੋੜ ਹੁੰਦੀ ਹੈ। ਪੁੱਤ ਉੱਪਰ ਪਹਿਲਾਂ ਵਾਲਾ ਅਧਿਕਾਰ ਜ਼ਰੂਰ ਰੱਖੇ ਪਰ ਆਪਣੇ ਪਤੀ ਦੇਵ ਨਾਲ ਜਿਵੇਂ ਵਧੀਆ ਸਬੰਧ ਰੱਖਣ ਦੀ ਖਾਹਿਸ਼ ਆਪ ਰੱਖਦੀ ਹੈ ਇਸੇ ਤਰ੍ਹਾਂ ਨੂੰਹ ਦੇ ਸਬੰਧ ਵੀ ਆਪਣੇ ਬੇਟੇ ਨਾਲ ਰੱਖਣ ਦੇਣ ਦਾ ਮਾਦਾ ਰੱਖੇ।

ਵਿਆਹ ਸਮੇਂ ਕਈ ਵਾਰ ਕਹਿਣ ਨੂੰ ਤਾਂ ਲੜਕੇ ਵਾਲੇ ਕਹਿਣਗੇ ਕਿ ਸਾਡੀ ਕੋਈ ਮੰਗ ਨਹੀਂ । ਪਰ ਬਾਅਦ ’ਚ ਜਦੋਂ ਲੜਕੀ ਵਾਲੇ ਰਿਸ਼ਤੇਦਾਰਾਂ ਲਈ ਪੁੱਛਦੇ ਹਨ ਤਾਂ ਕਈ ਤਾਂ ਹੌਲੀ ਹੌਲੀ ਵਿਆਹ ਤੱਕ ਹੀ ਕੋਈ ਨਾ ਕੋਈ ਖਾਹਿਸ਼ ਨੂੰ ਉਜਾਗਰ ਕਰਦੇ ਰਹਿੰਦੇ ਹਨ।ਚਲੋ ਸਮਾਜ ਦੀ ਸੋਚ ਬਦਲਣ ਨੂੰ ਆਪਣੇ ਆਪ ਨੂੰ ਸਮਝਾਉਣਾ ਪਵੇਗਾ ਕਿਉਂ ਕਿ ਆਪਾਂ ਹੀ ਸਮਾਜ ਦਾ ਅੰਗ ਹਾਂ।ਵੈਸੇ ਹਰੇਕ ਸਿਆਣਾ ਮਾਪਾ ਆਪਣੀ ਧੀ ਲਈ ਵਿਆਹ ਤੋਂ ਬਾਅਦ ਆਪਣੀ ਹੈਸ਼ੀਅਤ ਮੁਤਾਬਕ ਉਸਦਾ ਬਣਦਾ ਹਿੱਸਾ ਕਿਸੇ ਨਾ ਕਿਸੇ ਰੂਪ ’ਚ ਆਪਣੀ ਧੀ ਨੂੰ ਦਿੰਦਾ ਹੈ। ਉਂਝ ਵੀ ਹਰੇਕ ਧੀ ਦਾ ਆਪਣੇ ਮਾਂ-ਬਾਪ ਦੀ ਜਾਇਦਾਦ ’ਚ ਸੰਵਿਧਾਨਿਕ ਤੌਰ ’ਤੇ ਵੀ ਬਰਾਬਰ ਦਾ ਹਿੱਸਾ ਹੁੰਦਾ ਹੈ ਜੋ ਕਿ ਬਹੁਤੀਆਂ ਉਹ ਲੈਣ ਨੂੰ ਤਿਆਰ ਨਹੀਂ ਹੁੰਦੀਆਂ ਸਗੋਂ ਨਿੱਘੇ ਰਿਸ਼ਤੇ ਨੂੰ ਮਾਣਨ ਲਈ ਹੀ ਆਸਵੰਦ ਹੁੰਦੀਆਂ ਹਨ।

ਇਸ ਲਈ ਲੜਕੀਆਂ, ਮਾਵਾਂ ਅਤੇ ਸੱਸਾਂ ਨੂੰ ਪਹਿਲੇ-ਪਹਿਲੇ ਹਰ ਕਦਮ ਸੋਚ ਸਮਝ ਕੇ ਚੁੱਕਣਾ ਚਾਹੀਦਾ ਹੈ ਕਿ ਰਿਸ਼ਤਿਆਂ ’ਚ ਤਰੇੜਾਂ ਨਹੀਂ ਸਗੋਂ ਪਿਆਰ ਵਾਲੀ ਮਿਠਾਸ ਪੈਦਾ ਹੋਵੇ ਜਿਸ ਨਾਲ ਘਰ ਦਾ ਮਾਹੌਲ ਸੁਖਾਵਾਂ ਬਣਿਆ ਰਹੇ। ਕੋਈ ਵੀ ਮਾਂ-ਬਾਪ ਆਪਣੇ ਬੱਚਿਆਂ ਦੀ ਵਿਆਹੁਤਾ ਜ਼ਿੰਦਗੀ ’ਚ ਤ੍ਰੇੜਾਂ ਪਾਉਣਾ ਨਹੀਂ ਚਾਹੁੰਦਾ ਹੁੰਦਾ ਪਰ ਕਈ ਵਾਰੀ ਨਿੱਕੀ ਜਿਹੀ ਗੱਲ ਤੋਂ ਇਹ ਵੱਧ ਕੇ ਕਲੇਸ਼ ਦਾ ਰੂਪ ਧਾਰਨ ਕਰ ਲੈਂਦਾ ਹੈ (**ਬਾਕੀ ਸਫ਼ਾ 31 ’ਤੇ**)

# TRANS-ALLIANCE

TOGETHER WE SAVE

## FUEL DISCOUNTS

UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS

NO CREDIT - NO PROBLEM
BEST CUSTOMER SERVICE




## FLEET ONE FACTORING

WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN

WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS

GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT

DAILY FUEL RATES IN PHONE APP

CALL FOR MORE INFO

(855)641-6955, (888)795-7035

# 'ਭਾਰੀ ਫ਼ਾਈਲ'



ਸਰਕਾਰ ਵਲੋਂ ਆਯੋਜਿਤ ਇੱਕ ਇੰਡਸਟਰੀ ਸਮਾਗਮ ਦੌਰਾਨ ਦੀਪਕ ਕੁਮਾਰ ਦੀ ਮੁਲਾਕਾਤ ਵੱਡੇ ਮੰਤਰੀ ਸਾਹਿਬ ਨਾਲ ਕਰਾਈ ਗਈ, ਭਾਵੇਂ ਇਹ ਮੁਲਾਕਾਤ ਤੀਹ ਸੈਕਿੰਡ ਦੀ ਸੀ, ਜਿਸ ਵਿੱਚ ਵੱਡੇ ਮੰਤਰੀ ਸਾਹਿਬ ਨੇ ਭਰੋਸਾ ਦੁਆਇਆ ਕਿ ਤੁਹਾਡੀ ਫ਼ਾਈਲ ਇੱਕ ਹਫ਼ਤੇ 'ਚ ਪਾਸ ਹੋ ਜਾਵੇਗੀ। ਅਫ਼ਸਰਾਂ ਵੱਲ ਇਸ਼ਾਰਾ ਕਰ ਉਨ੍ਹਾਂ ਕਿਹਾ, ਇਹ ਅਫ਼ਸਰ ਫ਼ਾਈਲ ਪਾਸ ਕਰਾ ਤੁਹਾਡੇ ਘਰ ਪਹੁੰਚਾ ਦੇਣਗੇ। ਵੱਡੇ ਮੰਤਰੀ ਜੀ ਕਾਹਲੀ ਨਾਲ ਸਟੇਜ 'ਤੇ ਪਹੁੰਚ ਗਏ। ਦੀਪਕ ਕੁਮਾਰ ਨੇ ਦੋ-ਸੌ ਕਰੋੜ ਦੀ ਇੰਡਸਟਰੀ ਲਗਾਉਣ ਦੀ ਫ਼ਾਈਲ ਅਫ਼ਸਰਾਂ ਨੂੰ ਫੜਾਈ ਅਤੇ ਉਨ੍ਹਾਂ ਦੇ ਫ਼ੋਨ ਨੰਬਰ ਆਪਣੇ ਮੋਬਾਈਲ 'ਚ ਫ਼ੀਡ ਕਰ ਲਏ।

ਸਟੇਜ ਉਪਰ ਉਸ ਨੂੰ ਕੁਰਸੀ ਦਿੱਤੀ ਗਈ, ਵੱਡੇ ਮੰਤਰੀ ਸਾਹਿਬ ਨੇ ਆਪਣੇ ਭਾਸ਼ਣ ਵਿੱਚ ਉਸਦੇ ਨਾਂ ਦਾ ਵੀ ਜ਼ਿਕਰ ਕੀਤਾ। ਹੁਣ ਸਾਡੇ ਐੱਨ.ਆਰ.ਆਈ. ਭਰਾ ਅਮਰੀਕਾ ਛੱਡ ਇੱਥੇ ਵਾਪਸ ਆ ਰਹੇ ਹਨ। ਸਾਡੀ ਸਿੰਗਲ ਵਿੰਡੋ ਪਾਲਿਸੀ ਰਾਹੀਂ ਇੰਡਸਟਰੀ ਲਈ ਸਾਰੀਆਂ ਮਨਜ਼ੂਰੀਆਂ ਇੱਕੋ ਥਾਂ 'ਤੇ ਮਿਲਣਗੀਆਂ, ਪਹਿਲਾਂ ਵਾਂਗ ਥਾਂ-ਥਾਂ ਧੱਕੇ ਨਹੀਂ ਖਾਣੇ ਪੈਣਗੇ। ਅਫ਼ਸਰਾਂ ਨੂੰ, ਮੰਤਰੀਆਂ ਨੂੰ ਰਿਸ਼ਵਤਾਂ ਨਹੀਂ ਦੇਣੀਆਂ ਪੈਣਗੀਆਂ, ਹੁਣ ਇੱਕ ਇਮਾਨਦਾਰ ਸਰਕਾਰ ਹੈ। ਹੁਣ ਤੁਹਾਡੀ ਸਰਕਾਰ, ਤੁਹਾਡੇ ਦੁਆਰ।

ਹਫ਼ਤਾ ਤੇ ਕੀ ਮਹੀਨੇ ਬਾਅਦ ਵੀ ਫ਼ਾਈਲ ਵਾਪਸ ਨਾ ਆਈ। ਦੀਪਕ ਆਪਣੇ-ਆਪ ਨੂੰ ਫ਼ਸਿਆ ਹੋਇਆ ਮਹਿਸੂਸ ਕਰਨ ਲੱਗਾ। ਜਿਹੜੇ ਅਫ਼ਸਰਾਂ ਦੇ ਫ਼ੋਨ ਨੰਬਰ ਉਸ ਕੋਲ ਸਨ, ਜਦੋਂ ਵੀ ਉਹ ਕਾਲ ਕਰਦਾ ਅੱਗੋਂ ਆਵਾਜ਼ ਆਉਂਦੀ, ਆਪ ਦੁਆਰਾ ਕੀਆ ਫ਼ੋਨ ਅਭੀ ਵਿਅਸਥ ਹੈ, ਯਾਂ ਬੰਦ ਹੈ।

ਤੰਗ ਆ ਕੇ ਦੀਪਕ ਕੁਮਾਰ ਤੇ ਉਸ ਦਾ ਮੁਨੀਮ ਗੁਪਤਾ ਜੀ.ਐਮ. ਦੇ ਦਫ਼ਤਰ ਪਹੁੰਚੇ। ਸਾਹਿਬ ਫ਼ੋਨ 'ਤੇ ਬੀਜੀ ਸਨ, ਪਰ ਉਨ੍ਹਾਂ ਨੇ ਦੋਹਾਂ ਨੂੰ ਬੈਠਣ ਦਾ ਇਸ਼ਾਰਾ ਕੀਤਾ। ਫ਼ੋਨ ਉੱਪਰ ਜੀ.ਐਮ. ਸਾਹਿਬ ਬੋਲੀ ਜਾ ਰਹੇ ਸਨ, ਠੀਕ ਹੈ ਸਰ, ਹੋ ਜਾਏਗਾ ਸਰ, ਜੈਸੇ ਆਪ ਦਾ ਹੁਕਮ ਸਰ, ਜ਼ਰੂਰ ਸਰ, ਜਲਦੀ ਕਰ ਦੇਂਗੇ ਸਰ, ਜੀ ਸਰ, ਯੇਸ ਸਰ ।

ਇਹ ਲਫ਼ਜ਼ ਉਹ ਵਾਰ-ਵਾਰ ਬੋਲੀ ਜਾ ਰਹੇ ਸਨ। ਔਖੇ ਜਿਹੇ ਸਾਹ ਲੈਂਦਿਆਂ ਦੀਪਕ ਦੀ ਨਜ਼ਰ ਸਾਹਮਣੇ ਦੀਵਾਰ ਉੱਪਰ ਪਈ, ਜਿੱਥੇ ਸ਼ਹੀਦ ਭਗਤ ਸਿੰਘ ਤੇ ਡਾ. ਅੰਬੇਡਕਰ ਦੀ ਫ਼ੋਟੋ ਲੱਗੀ ਹੋਈ ਸੀ। ਉਸ ਨੇ ਗੁਪਤੇ ਦੇ ਕੰਨ 'ਚ ਪੁੱਛਿਆ, ਪਹਿਲਾਂ ਤੇ ਸਰਕਾਰੀ ਦਫ਼ਤਰਾਂ 'ਚ ਮਹਾਤਮਾ ਗਾਂਧੀ ਤੇ ਨਹਿਰੂ ਦੀ ਫ਼ੋਟੋ ਹੁੰਦੀ ਸੀ, ਇਹ ਬਦਲਾਅ ਕਿਵੇਂ ਹੋ ਗਿਆ?

ਗੁਪਤਾ ਹੌਲੀ ਆਵਾਜ਼ ਵਿੱਚ ਬੋਲਿਆ, ਫ਼ੋਟੋ ਇਹ ਭਾਵੇਂ ਕਾਲੇ ਚੋਰ ਦੀ ਲਗਾ ਲੈਣ, ਸਾਡਾ ਕੰਮ ਹੋਣਾ ਚਾਹੀਦਾ ਹੈ। ਫ਼ਿਰ ਅਚਾਨਕ ਉਸ ਦੀ ਨਜ਼ਰ ਟੇਬਲ ਉੱਪਰ ਪਈ ਫ਼ਾਈਲ 'ਤੇ ਪਈ। ਇਹ ਤੇ ਆਪਣੀ ਹੀ ਫ਼ਾਈਲ ਹੈ। ਉਸ ਨੇ ਪਛਾਣ ਕੇ ਸੋਚਿਆ। ਜ਼ਰੂਰ ਪਾਸ ਹੋ ਕੇ ਵਾਪਸ ਆ ਗਈ ਹੋਵੇਗੀ।

ਉਸ ਨੇ ਖ਼ੁਸ਼ ਮਨ ਨਾਲ ਸੋਚਿਆ, ਬਹੁਤ ਵਧੀਆ ਹੈ ਇਹ ਸਰਕਾਰ, ਹੁਣ ਦੇਸ਼ ਦਾ ਭਲਾ ਹੋਵੇਗਾ।

ਮਸਾਂ ਫ਼ੋਨ ਤੋਂ ਵਿਹਲਾ ਹੋ ਕੇ ਜੀ.ਐਮ. ਨੇ ਉਨ੍ਹਾਂ ਵੱਲ ਤੱਕਿਆ। ਕੀ ਪੀਉਗੇ ਦੀਪਕ ਜੀ,

"ਚਾਹ, ਕੌਫ਼ੀ, ਠੰਡਾ? ਉਹ ਪਿਆਰ ਨਾਲ ਬੋਲਿਆ।

ਕੋਈ ਲੋੜ ਨਹੀਂ, ਧੰਨਵਾਦ ਹੈ ਤੁਹਾਡਾ ਜੋ ਤੁਸੀਂ ਸਾਡੀ ਫ਼ਾਈਲ ਪਾਸ ਕਰ ਚੰਡੀਗੜ੍ਹ ਤੋਂ ਵਾਪਸ ਵੀ ਲੈ ਆਏ, ਧੰਨ ਹੈ ਇਹ ਸਰਕਾਰ ਹੁਣ ਹੋਵੇਗੀ ਦੇਸ਼ ਦੀ ਤਰੱਕੀ, ਪਹਿਲਾਂ ਤੇ ਦੇਸ਼ ਨੂੰ ਭ੍ਰਿਸ਼ਟਾਚਾਰੀਆਂ ਨੇ ਹੀ ਦੱਬ ਰੱਖਿਆ ਸੀ।

ਜੀ.ਐਮ. ਹੈਰਾਨ ਹੋ ਕੇ ਦੀਪਕ ਵੱਲ ਤੱਕਣ ਲੱਗਾ। ਫ਼ਿਰ ਉਹ ਫ਼ਾਈਲ ਫ਼ਰੋਲ ਕੇ ਬੋਲਿਆ, ਦੀਪਕ ਜੀ ਫ਼ਾਈਲ ਤੇ ਕਿਧਰੇ ਗਈ ਹੀ ਨਹੀਂ, ਇਥੇ ਹੀ ਪਈ ਹੈ, ਅਸੀਂ ਤੁਹਾਨੂੰ ਉਡੀਕ ਰਹੇ ਸੀ..। ਤੁਸੀਂ ਬਹੁਤ ਭੋਲੇ ਹੋ, ਇਥੇ ਸਿਸਟਮ ਕੁਝ ਹੋਰ ਤਰ੍ਹਾਂ ਚੱਲਦਾ ਹੈ।

ਦੀਪਕ ਭੜਕ ਉੱਠਿਆ, ਫ਼ਿਰ ਕੀ ਉਹ ਵਾਅਦੇ ਝੂਠੇ ਸਨ? ਸਿੰਗਲ ਵਿੰਡੋ ਪਾਲਿਸੀ, ਤੁਹਾਡੀ ਸਰਕਾਰ ਤੁਹਾਡੇ ਦੁਆਰ, ਇੱਕ ਹਫ਼ਤੇ 'ਚ ਸਭ ਕੁਝ ਪਾਸ।

ਉਹ ਸਾਰੇ ਸਿਆਸੀ ਭਾਸ਼ਣ ਹੁੰਦੇ ਹਨ ਪਰ ਅਸਲੀਅਤ ਕੁਝ ਹੋਰ ਹੈ। ਮੈਂ ਤੁਹਾਨੂੰ ਸਮਝਾਉਂਦਾ,ਇਹ ਤੁਹਾਡੀ ਫ਼ਾਈਲ ਬਹੁਤ ਹਲਕੀ ਹੈ। ਇਹ ਚੰਡੀਗੜ੍ਹ ਜਾਂਦਿਆਂ ਰਸਤੇ 'ਚ ਹੀ ਉੱਡ ਜਾਵੇਗੀ, ਹਲਕੀ ਫ਼ਾਈਲ ਹੈ, ਇਹ ਦੋ-ਸੌ ਕਰੋੜ ਵਾਲੀ ਫ਼ਾਈਲ ਲੱਗਦੀ ਹੀ ਨਹੀਂ।

ਫ਼ਾਈਲ ਨੂੰ ਭਾਰੀ ਕਰਨਾ ਪਵੇਗਾ, ਵੱਡੀ ਕਰਨਾ ਪਵੇਗਾ।

ਕੀ ਮਤਲਬ?

ਇਸ ਉੱਪਰ ਸਭ ਤੋਂ ਵੱਡਾ ਬੋਝ ਲੋਕਲ ਐਮ.ਐਲ.ਏ. ਸਾਹਿਬ ਦਾ ਪਵੇਗਾ, ਫ਼ਿਰ ਤਹਿਸੀਲਦਾਰ, ਬਿਜਲੀ ਵਿਭਾਗ ਵਾਲੇ ਅਤੇ ਸਭ ਤੋਂ ਖ਼ਤਰਨਾਕ ਪ੍ਰਦੂਸ਼ਣ ਵਿਭਾਗ, ਕਈ ਹੋਰ ਅਫ਼ਸਰ, ਕਲਰਕ, ਕਈ ਹੋਰ ਕੁੱਤੇ-ਬਿੱਲੇ; ਸਭ ਦਾ ਭਾਰ ਫ਼ਾਈਲ ਉੱਪਰ ਹੀ ਪਵੇਗਾ। ਹਾਂ ਤੁਹਾਨੂੰ ਕਿਧਰੇ ਵੀ ਧੱਕੇ ਖਾਣ ਦੀ ਲੋੜ ਨਹੀਂ, ਸਾਰਾ ਕੰਮ ਮੈਂ ਇਥੇ ਹੀ, ਇਸੇ ਦਫ਼ਤਰ 'ਚ ਹੀ ਕਰਾ ਦਿਆਂਗਾ, ਤੁਹਾਨੂੰ ਕਿਧਰੇ ਜਾਣ ਦੀ ਲੋੜ ਨਹੀਂ।

ਹਾਂ ਇਸ ਸੇਵਾ ਲਈ ਮੈਂ ਆਪਣੀ ਥੋੜ੍ਹੀ ਜਿਹੀ ਫ਼ੀਸ ਲਵਾਂਗਾ, ਸਿਰਫ਼ ਕੁਝ ਲੱਖ, ਬਾਕੀ ਸਾਰਾ ਉੱਪਰ ਹੀ ਜਾਵੇਗਾ। ਮੈਂ ਇੱਕ ਛੋਟਾ ਚੋਰ ਹਾਂ, ਸਰਕਾਰੀ ਦਫ਼ਤਰਾਂ ਵਿੱਚ ਬੈਠੇ ਵੱਡੇ ਠੱਗਾਂ 'ਚ ਮੈਂ ਇੱਕ ਛੋਟਾ ਠੱਗ ਹਾਂ। ਮੇਰੀਆਂ ਇੱਛਾਵਾਂ ਬਹੁਤ ਥੋੜ੍ਹੀਆਂ ਹਨ। ਜੀ.ਐੱਮ. ਨੇ ਸਮਝਾਇਆ।

ਮੈਂ ਸਮਝ ਗਿਆ, ਪਰ ਸਾਫ਼ ਦੱਸੋ ਫ਼ਾਈਲ ਪਾਸ ਕਰਨ ਦਾ

ਕਿੰਨਾ ਲੱਗੇਗਾ।

ਸਿਰਫ਼ ਦੋ ਪਰਸੈਂਟ-ਚਾਰ ਕਰੋੜ। ਜਿਸ ਵਿੱਚੋਂ ਦੋ ਕਰੋੜ ਜ਼ਿਲ੍ਹੇ ਵਾਲਿਆਂ ਲਈ ਤੇ ਦੋ ਕਰੋੜ ਉੱਪਰ ਚੰਡੀਗੜ੍ਹ ਵੱਡੇ ਸਾਹਿਬਾਂ ਲਈ।

ਦੀਪਕ ਦੇ ਪਸੀਨੇ ਛੁੱਟ ਗਏ। ਉਹ ਕੁਝ ਬੋਲੇ ਬਿਨਾ ਉਠ ਕੇ ਕਾਰ 'ਚ ਜਾ ਬੈਠਾ। ਮੁਨੀਮ ਗੁਪਤਾ ਵੀ ਪਿੱਛੇ ਆ ਗਿਆ।

ਕੀ ਕਰੀਏ ਹੁਣ ? ਦੀਪਕ ਨੇ ਗੁਪਤੇ ਨੂੰ ਪੁੱਛਿਆ।

ਦੇ ਦਿਉ, ਇਥੇ ਕੰਮ ਇਦਾਂ ਹੀ ਚੱਲਦਾ, ਕੋਈ ਨੀ ਆਪਾਂ ਵੀ ਬਹੁਤ ਕਮਾ ਲੈਣੇ ਹਨ।

ਨਾ ਚਾਹੁੰਦਿਆਂ ਵੀ ਦੀਪਕ ਨੇ ਹਾਂ ਕਰ ਦਿੱਤੀ । ਹੁਣ ਮੁਨੀਮ ਗੁਪਤਾ ਜੀ ਨੇ ਸਾਰੀ ਕਾਰਵਾਈ ਦੀ ਕਮਾਂਡ ਸੰਭਾਲ ਲਈ।

ਅਗਲੇ ਕਈ ਦਿਨ ਦੀਪਕ ਸੋਚਦਾ ਰਿਹਾ, ਕਿੱਥੇ ਫ਼ਸ ਗਏ, ਕੀ ਲੋੜ ਦੀ ਇਨ੍ਹਾਂ ਭੈੜੇ ਲੋਕਾਂ ਨਾਲ ਵਾਹ ਪਾਉਣ ਦੀ ? ਬੜੇ ਸੋਹਣੇ ਅਮਰੀਕਾ 'ਚ ਵਸਦੇ ਸੀ।

ਕੁਝ ਦਿਨਾਂ 'ਚ ਮੁਨੀਮ ਗੁਪਤਾ ਜੀ ਨੇ ਜੀ.ਐਮ. ਨਾਲ ਮਿਲ ਕੇ ਸਾਰੇ ਲਾਗ-ਵਿਹਾਰ, ਲੈਣ-ਦੇਣ ਕਰ ਲਏ। ਫ਼ਾਈਲ ਬੇਹੱਦ ਭਾਰੀ ਹੋ ਗਈ। ਜ਼ਿਲ੍ਹਾ ਦਫ਼ਤਰ ਦਾ ਇੱਕ ਕਮਰਾ ਫ਼ਾਈਲ ਦੇ ਕਾਗਜ਼ਾਂ ਨਾਲ ਹੀ ਭਰ ਗਿਆ। ਦਫ਼ਤਰ 'ਚ ਸਾਰੇ ਬਾਬੂ ਖ਼ੁਸ਼ ਸਨ।

ਹੁਣ ਤੁਸੀਂ ਇੱਕ ਵੱਡਾ ਟਰੱਕ ਮੰਗਵਾਉ, ਇਹ ਸਭ ਕਾਗਜ਼ਾਂ ਦੇ ਬੰਡਲ ਚੰਡੀਗੜ੍ਹ ਲੈ ਜਾਉ, ਜ਼ਰਾ ਧਿਆਨ ਨਾਲ। ਜੀ.ਐਮ. ਨੇ ਗੁਪਤੇ ਨੂੰ ਸਮਝਾਇਆ।

ਅਗਲੇ ਦਿਨ ਗੁਪਤਾ ਜੀ ਨੇ ਜ਼ਿਲ੍ਹਾ ਦਫ਼ਤਰ 'ਚੋਂ ਟਰੱਕ ਵਿੱਚ ਫ਼ਾਈਲ ਲਦਾਉਣ ਲੱਗੇ। ਫ਼ਾਈਲ ਬੇਹੱਦ ਭਾਰੀ ਸੀ, ਅਣਗਿਣਤ ਕਾਗਜ਼ਾਂ ਦੇ ਬੰਡਲ ਟਰੱਕ 'ਚ ਰਖਾਉਣੇ ਲਈ ਬਾਰਾਂ ਕੁ ਮਜ਼ਦੂਰ ਲੱਗੇ ਹੋਏ ਸਨ। ਜ਼ਿਲ੍ਹਾ ਦਫ਼ਤਰ ਦੀ ਚੌਥੀ ਮੰਜਿਲ ਤੋਂ ਲਾਹ ਕੇ ਉਨ੍ਹਾਂ ਨੇ ਫ਼ਾਈਲ ਟਰੱਕ ਵਿੱਚ ਰੱਖ ਲਈ। ਗੁਪਤਾ ਜੀ ਟਰੱਕ ਡਰਾਈਵਰ ਦੇ ਨਾਲ ਦੀ ਸੀਟ ਉੱਪਰ ਬਹਿ ਗਏ, ਮਜ਼ਦੂਰ ਪਿੱਛੇ ਫ਼ਾਈਲਾਂ ਉੱਪਰ ਬੈਠ ਗਏ। ਡਰਾਈਵਰ ਨੇ ਡੱਬੀਆਂ ਵਾਲਾ ਸਾਫ਼ਾ ਸਿਰ 'ਤੇ ਬੰਨਿਆ ਸੀ, ਦਾਹੜੀ ਕੱਤਰੀ ਹੋਈ ਸੀ। ਉਹ ਇੱਕ ਸਖ਼ਤ ਤੇ ਮਜ਼ਬੂਤ ਜਿਹਾ ਬੰਦਾ ਦਿਸਦਾ ਸੀ।

ਆਪਾਂ ਪੰਜ ਵਜੇ ਤੋਂ ਪਹਿਲਾਂ ਚੰਡੀਗੜ੍ਹ ਪਹੁੰਚਣਾ ਹੈ। ਗੁਪਤੇ ਨੇ ਡਰਾਈਵਰ ਨੂੰ ਆਖਿਆ।

ਪਰ ਉਸ ਨੇ ਕੋਈ ਜਵਾਬ ਨਾ ਦਿੱਤਾ। ਉਸ ਨੇ ਜੇਬ 'ਚੋਂ ਅਫ਼ੀਮ ਦੀ ਡੱਬੀ ਕੱਢੀ, ਉਂਗਲੀ ਨਾਲ ਲਗਾ ਮੂੰਹ 'ਚ ਪਾ ਲਈ। ਫ਼ਿਰ ਡੱਬੀ ਗੁਪਤੇ ਵੱਲ ਕਰ ਦਿੱਤੀ।

ਲੈ ਖਾ ਲੈ ਤੂੰ ਵੀ।

ਨਾ ਬਾਈ ਨਾ, ਮੈਂ ਤਾਂ ਇਹ ਚੀਜ਼ ਪਹਿਲੀ ਵਾਰ ਦੇਖੀ ਹੈ, ਮੈਂ ਨਸ਼ੇ ਨਹੀਂ ਕਰਦਾ। ਉਹ ਡਰ ਕੇ ਬੋਲਿਆ।

ਸਾਲਾ ਡਰਪੋਕ। ਪਿਉਰ ਚੀਜ਼ ਹੈ। ਤੁਸੀਂ ਲੋਕ ਖੀਰ ਖਾਣ ਜੋਗੇ ਹੋ।

ਕੀ ਹੈ ਇਹ ਸਮਾਨ? ਡਰਾਈਵਰ ਨੇ ਗੱਡੀ ਤੋਰਦਿਆਂ ਪੁੱਛਿਆ।

ਫ਼ਾਈਲ ਹੈ।

ਕਿੰਨੀਆਂ ਕੁ ਫ਼ਾਈਲਾਂ ਹਨ?

ਇੱਕੋ ਹੀ ਫ਼ਾਈਲ ਹੈ, ਕਾਗਜ਼ ਬਹੁਤ ਲਗਾਉਣੇ ਪਏ। ਇਹ ਬਹੁਤ ਭਾਰੀ ਫ਼ਾਈਲ ਹੈ, ਇੱਕ ਵੱਡੀ ਇੰਡਸਟਰੀ ਪਾਸ ਕਰਾਉਣੀ ਹੈ, ਦੋ ਸੌ ਕਰੋੜ ਦੀ ਇੰਡਸਟਰੀ ਦੀ।

ਦੋ ਸੌ ਕਰੋੜ ਦੋ ਸੌ ਕਰੋੜ। ਡਰਾਈਵਰ ਸਿਰ ਖੁਰਕਣ ਲੱਗਾ।

ਸਮਝ ਨਹੀਂ ਆ ਰਹੀ।

ਅੱਛਾ.. ਡਰਾਈਵਰ ਕੁਝ ਸੋਚ ਕੇ ਬੋਲਿਆ, ਚੰਡੀਗੜ੍ਹ 'ਚ ਤਾਂ ਵੱਡੇ ਚੋਰ ਬੈਠੇ ਹਨ, ਕਿੰਨੇ ਕੁ ਪੈਸੇ ਲਾਉਗੇ ਫ਼ਾਈਲ ਪਾਸ ਕਰਨ ਲਈ?

ਉਥੇ ਤਾਂ ਕੰਧਾਂ ਵੀ ਪੈਸੇ ਮੰਗਦੀਆਂ ਹਨ, ਦੋ ਕਰੋੜ ਦੇ ਲਾਗੇ ਗੱਲ ਬਣੂ। ਗੁਪਤੇ ਨੇ ਦੱਸਿਆ।

ਦੋ ਕਰੋੜ ਦੋ ਕਰੋੜ ਸੁਣ ਡਰਾਈਵਰ ਨੇ ਪਰਨੇ ਨਾਲ ਆਪਣਾ ਪਸੀਨਾ ਪੂੰਝਿਆ।

ਬੱਲੇ ਉਏ ਐਨਾ ਰੇਟ, ਵਾਹ ਉਏ ਸਰਕਾਰ ਦੇ।

ਪੰਜ ਲੱਖ 'ਚ ਤੇ ਸਪਾਰੀ ਵਾਲੇ ਬੰਦਾ ਮਾਰ ਦਿੰਦੇ ਹਨ। ਲਿਆਉ ਵੀਹ ਲੱਖ, ਮੈਂ ਆਪਣੇ ਪਿੰਡ ਵਾਲੇ ਭਿੰਦੇ ਗੈਂਗਸਟਰ ਤੋਂ ਕੰਮ ਕਰਵਾ ਦਿੰਦਾ, ਅਫ਼ਸਰਾਂ ਦੀ ਕੀ ਮਜਾਲ ਪਾਸ ਨਾ ਕਰਨ, ਜਦ ਪੁੜਪੁੜੀ 'ਤੇ ਪਿਸਟਲ ਰੱਖਿਆ।

ਨਹੀਂ ਉਏ, ਉਥੇ ਮੰਤਰੀਆਂ ਨੂੰ ਵੀ ਹਿੱਸਾ ਦੇਣਾ ਪੈਂਦਾ, ਉਨ੍ਹਾਂ ਕੋਲ ਵੱਡੀ ਪੁਲਿਸ ਸਿਕਿਉਰਿਟੀ ਹੈ। ਗੈਂਗਸਟਰ ਉਥੇ ਨਹੀਂ ਪਹੁੰਚ ਸਕਦੇ। ਗੁਪਤੇ ਨੇ ਸਮਝਾਇਆ।

ਇਹ ਤੇ ਵੱਡੀ ਲੁੱਟ ਹੈ, ਦੋ ਕਰੋੜ ਫ਼ਾਈਲ ਪਾਸ ਕਰਨ ਦੇ? ਐਨਾ ਪੈਸਾ ਇਨ੍ਹਾਂ ਖਾਣਾ ਹੈ ? ਜਿਹੜਾ ਗੱਦੀ 'ਤੇ ਬੈਠਦਾ ਲੁੱਟ ਹੀ ਮਚਾ ਦਿੰਦਾ। ਅਸੀਂ ਟਰੱਕ ਚਲਾ ਕੇ ਕਦੇ ਲੱਖ ਦਾ ਮੂੰਹ ਨਹੀਂ ਦੇਖਿਆ, ਕਦੇ ਟੁੱਟੀਆਂ ਸੜਕਾਂ 'ਤੇ ਟਾਇਰ ਫ਼ੱਟ ਗਿਆ, ਕਦੇ ਟਰੈਫ਼ਿਕ ਜਾਮ ਹੋ ਗਿਆ, ਕਦੇ ਟੋਲ ਟੈਕਸ ਦੇਣਾ ਪੈ ਗਿਆ, ਕਦੇ ਡੀ.ਟੀ.ਓ. ਨੂੰ, ਪੁਲਿਸ ਨੂੰ ਰਿਸ਼ਵਤ, ਸਾਰਾ ਪੰਜਾਬ ਤੇ ਸੜਕਾਂ 'ਤੇ ਉਤਰਿਆ ਰਹਿੰਦਾ ਹੈ। ਇਹ ਇਨਕਲਾਬ ਨਾਲ ਹੀ ਸਿੱਧੇ ਹੋਣਗੇ।

ਇਨਕਲਾਬ ਤੋਂ ਬਾਅਦ ਕੋਈ ਪੁਲਸੀਆ ਸੜਕ 'ਤੇ ਟਰੱਕ ਨੂੰ ਰੋਕ ਰਿਸ਼ਵਤ ਨਹੀਂ ਲਵੇਗਾ, ਇਨਕਲਾਬ ਤੋਂ ਬਾਅਦ ਭ੍ਰਿਸ਼ਟਾਚਾਰੀਆਂ ਦਾ ਮੂੰਹ ਕਾਲਾ ਕਰ ਸੜਕਾਂ 'ਤੇ ਘੁੰਮਾਇਆ ਜਾਵੇਗਾ, ਜਬਰ ਜਨਾਹ ਕਰਨ ਵਾਲਿਆਂ ਨੂੰ ਚੌਂਕ 'ਚ ਖੜ੍ਹੇ ਕਰ ਕੇ ਗੋਲੀ ਮਾਰੀ ਜਾਵੇਗੀ। ਡਰਾਈਵਰ ਨੇ ਆਪਣਾ ਮਨ ਹਲਕਾ ਕੀਤਾ। ਟਰੱਕ ਮੀਲ ਕੁ ਹੀ ਗਿਆ ਹੋਵੇਗਾ, ਗੁੱਜਰਾਂ ਦੀਆਂ ਮੱਝਾਂ ਨੇ ਸੜਕ ਰੋਕ ਰੱਖੀ ਸੀ। ਡਰਾਈਵਰ ਨੇ ਗੁੱਸੇ ਨਾਲ ਗੁੱਜਰਾਂ ਨੂੰ ਗਾਲਾਂ ਕੱਢ ਡੰਗਰ ਪਰੇ ਕਰਾਏ।

ਅਗਲੇ ਚੌਂਕ 'ਤੇ ਇੱਕ ਧਾਰਮਿਕ ਜਲੂਸ ਆ ਗਿਆ, ਜਿਸ ਨੇ ਮੀਲਾਂ ਲੰਬਾ ਟਰੈਫ਼ਿਕ ਜਾਮ ਕਰ ਦਿੱਤਾ ਸੀ। ਟਰੱਕ ਭੀੜ 'ਚ ਫ਼ਸ ਗਿਆ। ਡਰਾਈਵਰ ਮਨ ਹੀ ਮਨ 'ਚ ਉਨ੍ਹਾਂ ਨੂੰ ਗਾਲਾਂ ਕੱਢ ਰਿਹਾ ਸੀ, ਇਹ ਵਿਹਲੜਾਂ ਨੂੰ ਹੋਰ ਕੋਈ ਕੰਮ ਹੀ ਨਹੀਂ । ਬੇਹੱਦ ਗਰਮੀ, ਹੁੰਮ ਵਿੱਚ ਉਹ ਆਪਣੇ ਧਾਰਮਿਕ ਜਲੂਸ 'ਚ ਮਗਨ ਸਨ। ਲੋਕ ਉਨ੍ਹਾਂ ਉੱਪਰ ਫ਼ੁੱਲਾਂ ਦੀ ਵਰਖਾ ਕਰ ਰਹੇ ਸਨ, ਉਹ ਲੋਕਾਂ ਨੂੰ ਬਦਾਮ, ਸੌਂਗੀ, ਮਿਸ਼ਰੀ ਦੇ ਪ੍ਰਸਾਦ ਦੇ ਖੁੱਲ੍ਹੇ ਗੱਫ਼ੇ ਵੰਡ ਰਹੇ ਸਨ। ਕਈ ਤਰ੍ਹਾਂ ਦੇ ਫ਼ਲ, ਮਠਿਆਈਆਂ ਵੰਡੀਆਂ ਜਾ ਰਹੀਆਂ ਸਨ। ਟਰੱਕ ਉੱਪਰ ਬੈਠੇ ਮਜ਼ਦੂਰਾਂ ਨੇ ਥੱਲੇ ਉਤਰ ਬਦਾਮ, ਸੌਂਗੀ ਤੇ ਫ਼ਲਾਂ ਨਾਲ ਆਪਣੇ ਝੋਲੇ ਭਰ ਲਏ।

ਟਰੱਕ ਅੰਦਰ ਬੈਠਾ ਗੁਪਤਾ, ਚੰਡੀਗੜ੍ਹ ਪਹੁੰਚਣ ਬਾਰੇ ਚਿੰਤਾ ਵਿੱਚ ਕੁਝ ਸੋਚ ਰਿਹਾ ਸੀ। ਜਲੂਸ ਤੋਂ ਖਹਿੜਾ ਛੁਡਾ ਡਰਾਈਵਰ ਨੇ ਗੱਡੀ ਅੱਗੇ ਤੋਰੀ। ਤੇਜੀ ਨਾਲ ਬਾਰਿਸ਼ ਹੋਣ ਲੱਗੀ, ਠੰਢੀ ਹਵਾ ਵਗਣ ਲੱਗੀ, ਫ਼ਾਈਲਾਂ ਮੀਂਹ ਨਾਲ ਭਿੱਜਣ ਲੱਗੀਆਂ, ਕੁਝ ਕਾਗਜ਼ ਹਵਾ ਨਾਲ ਉੱਡਣ ਲੱਗੇ। ਗੁਪਤਾ ਜੀ ਨੇ ਚੀਕ ਕੇ ਆਖਿਆ, ਰੋਕ ਉਏ ਗੱਡੀ, ਬਾਹਰ ਫ਼ਾਈਲਾਂ ਉੱਡੀ ਜਾਂਦੀਆਂ।

ਪਰ ਡਰਾਈਵਰ ਗੱਡੀ ਨਹੀਂ ਸੀ ਰੋਕ ਰਿਹਾ। ਉਸ ਨੇ ਗੁਪਤਾ ਜੀ ਨੂੰ ਦਬਕਾ ਮਾਰਿਆ, ਚੁੱਪ ਕਰ ਕੇ ਬੈਠਾ ਰਹਿ ਬਾਬੂ, ਨਹੀਂ ਤੇ ਚੱਕ ਕੇ ਬਾਹਰ ਮਾਰੂੰ, ਮਸਾਂ ਮੀਂਹ ਪਿਆ। ਟਰੱਕ ਉੱਪਰ ਬੈਠੇ ਮਜ਼ਦੂਰ ਉੱਚੀ ਆਵਾਜ਼ ਵਿੱਚ ਗਾਣਾ ਗਾ ਰਹੇ ਸਨ, ਪਾਨੀ ਰੇ ਪਾਨੀ, ਤੇਰਾ ਰੰਗ ਕੈਸਾ।

ਅਚਾਨਕ ਟਰੱਕ ਅੱਗੇ ਕੁਝ ਲਵਾਰਿਸ਼ ਗਾਵਾਂ ਆ ਗਈਆਂ। ਉਨ੍ਹਾਂ ਪਿੱਛੇ ਭੂਤਰੇ ਸਾਨ੍ਹ ਦੌੜ ਰਹੇ ਸਨ। ਡਰਾਈਵਰ ਨੇ ਸੋਚਿਆ ਜੇ ਕੋਈ ਗਾਂ, ਵੱਛਾ ਟਰੱਕ ਹੇਠ ਆ ਗਿਆ ਤੇ ਵੱਡਾ ਹੀ ਪੰਗਾ ਪੈ ਜਾਊ। ਉਸ ਨੇ ਬਚਾਅ ਕਰਨ ਲਈ ਬਰੇਕ ਮਾਰੀ, ਟਰੱਕ ਦਾ ਪਿਛਲਾ ਪਾਸਾ ਅੱਗੇ ਆ ਗਿਆ, ਅਗਲਾ ਪਾਸਾ ਡਵਾਈਡਰ 'ਚ ਫ਼ਸ ਗਿਆ। ਕੁਝ ਫ਼ਾਈਲਾਂ ਸੜਕ ਉੱਪਰ ਖਿੱਲਰ ਗਈਆਂ। ਟਰੱਕ ਕਿਸੇ ਪਾਸੇ ਨੂੰ ਨਹੀਂ ਮੁੜ ਰਿਹਾ। ਸਾਰਾ ਸੀਨ ਦੇਖ ਗੁਪਤਾ ਜੀ ਧਾਹਾਂ ਮਾਰ ਕੇ ਰੋ ਪਏ।

ਡਰਾਈਵਰ ਨੇ ਥੱਲੇ ਉਤਰ ਪਹਿਲਾਂ ਚੈੱਕ ਕੀਤਾ ਕਿਧਰੇ ਕੋਈ ਪਸ਼ੂ ਤੇ ਹੇਠ ਨਹੀਂ ਆ ਗਿਆ। ਪਰ ਬਚਾ ਹੋ ਗਿਆ, ਗਾਵਾਂ, ਸਾਨ੍ਹ ਕਿੰਨੀ ਦੂਰ ਦੌੜੇ ਜਾ ਰਹੇ ਸਨ। ਹੁਣ ਟਰੈਫ਼ਿਕ ਜਾਮ ਹੋ ਗਿਆ। ਸੜਕ 'ਤੇ ਕਾਰਾਂ, ਗੱਡੀਆਂ ਦੀ ਲਾਈਨ ਲੱਗ ਗਈ। ਮੀਂਹ ਵੀ ਥੋੜ੍ਹਾ ਮੱਠਾ ਪੈ ਗਿਆ। ਟੇਡੇ ਹੋਏ ਟਰੱਕ ਨੇ ਪੂਰੀ ਤਰ੍ਹਾਂ ਟਰੈਫ਼ਿਕ ਬੰਦ ਕਰ ਦਿੱਤੀ।

ਟਰੈਫ਼ਿਕ 'ਚ ਫ਼ਸੇ ਕਾਰਾਂ ਵਾਲੇ ਉੱਚੀ-ਉੱਚੀ ਹੌਰਨ ਮਾਰਨ ਲੱਗੇ। ਕੁਝ ਬੰਦੇ ਕਾਰਾਂ 'ਚੋਂ ਉਤਰ ਕੇ ਟਰੱਕ ਡਰਾਈਵਰ ਨੂੰ ਗਾਲਾਂ ਕੱਢਣ ਲੱਗੇ। ਡਰਾਈਵਰ ਨੇ ਗੱਡੀ ਵਿੱਚੋਂ ਡੰਡਾ ਕੱਢ ਗਾਲ੍ਹਾਂ ਕੱਢਣ ਵਾਲਿਆਂ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਉਹ ਬੰਦੇ ਜ਼ਿਆਦਾ ਸਨ, ਉਨ੍ਹਾਂ ਨੇ ਡਰਾਈਵਰ ਨੂੰ ਢਾਹ ਕੇ ਸੜਕ 'ਤੇ ਸੁੱਟ ਲਿਆ, ਉਸ ਦਾ ਜੁੱਤੀਆਂ ਤੇ ਠੁੱਡ ਮਾਰ ਕੇ ਕੁਟਾਪਾ ਕਰਨ ਲੱਗੇ। ਮਜ਼ਦੂਰ ਡਰਾਈਵਰ ਦੀ ਮਦਦ ਲਈ ਆ ਗਏ, ਉਨ੍ਹਾਂ ਕਾਰਾਂ ਵਾਲੇ ਕੁੱਟਣੇ ਸ਼ੁਰੂ ਕਰ ਦਿੱਤੇ। ਦੋਹਾਂ ਪਾਸਿਆਂ ਤੋਂ ਗਹਿ ਗੱਢ ਲੜਾਈ ਸ਼ੁਰੂ ਹੋ ਗਈ। ਪੁਲਿਸ ਵਾਲੇ ਵੀ ਆ ਗਏ, ਪਰ ਉਹ ਚੁੱਪ-ਚਾਪ ਤਮਾਸ਼ਾ ਦੇਖਦੇ ਰਹੇ।

ਕੁਝ ਚੈਨਲਾਂ ਵਾਲੇ ਪੱਤਰਕਾਰ ਆ ਕੇ ਲੜਾਈ ਦੀ ਵੀਡੀਓ ਬਣਾਉਣ ਲੱਗ ਪਏ। ਛੇਤੀ ਹੀ ਪੰਜਾਹ ਕੁ ਹੋਰ ਪੱਤਰਕਾਰ ਪਹੁੰਚ ਗਏ। ਪੱਤਰਕਾਰਾਂ ਨੇ ਪੁਲਿਸ ਨੂੰ ਪੁੱਛਿਆ, ਤੁਸੀਂ ਲੜਾਈ ਹਟਾਉਂਦੇ ਕਿਉਂ ਨਹੀਂ ? ਇੰਸਪੈਕਟਰ ਨੇ ਜਵਾਬ ਦਿੱਤਾ, ਦੇਸ਼ ਦੀ ਅਬਾਦੀ ਬਹੁਤ ਵੱਧ ਗਈ ਹੈ, ਅਸੀਂ ਕਿਸ-ਕਿਸ ਨੂੰ ਹਟਾਈਏ, ਰੋਜ਼ਗਾਰ ਕੋਈ ਮਿਲਦਾ ਨਹੀਂ, ਵਿਹਲੇ ਲੋਕ ਰੋਜ਼ ਲੜਾਈਆਂ ਝਗੜਿਆਂ ਦੀ ਭਾਲ 'ਚ ਹੀ ਰਹਿੰਦੇ ਹਨ।

ਇੰਸਪੈਕਟਰ ਲੜਾਈ ਵੱਲ ਦੇਖਦਿਆਂ ਬੋਲਿਆ, ਹਾਲੇ ਇਹ ਘਸੁੰਨ-ਮੁੱਕੀ ਹੀ ਹੋ ਰਹੇ ਹਨ, ਇੱਕ ਦੂਜੇ ਦੇ ਵਾਲ ਪੱਟੀ ਜਾ ਰਹੇ ਹਨ, ਕਮੀਜ਼ਾਂ ਪਾੜੀ ਜਾ ਰਹੇ ਹਨ, ਹਾਲੇ ਕਿਸੇ ਦਾ ਸਿਰ ਨਹੀਂ ਪਾਟਾ, ਕਿਸੇ ਦੀ ਹੱਡੀ ਨਹੀਂ ਟੁੱਟੀ, ਕੋਈ ਮਰਿਆ ਨਹੀਂ। ਅਸੀਂ ਇਨ੍ਹਾਂ ਨੂੰ ਕਿਹੜੀ ਧਾਰਾ ਹੇਠ ਫ਼ੜਾਂਗੇ ?

ਇੱਕ ਸਰਦਾਰ ਬੰਦਾ ਆਪਣੀ ਕਾਰ ਵਿੱਚੋਂ ਲੋਹੇ ਦੀ ਰਾਡ ਚੁੱਕ ਲਿਆਇਆ, ਉਸ ਨੇ ਰਾਡ ਨਾਲ ਮਜ਼ਦੂਰ ਕੁੱਟਣੇ ਸ਼ੁਰੂ ਕਰ ਦਿੱਤੇ। ਭੀੜ 'ਚੋਂ ਕਿਸੇ ਨੇ ਉਸ ਦੀ ਪੱਗ ਲਾਹ ਦਿੱਤੀ। ਉਸ ਦੀ ਦਾਹੜੀ, ਕੇਸ ਖਿਲਾਰ ਦਿੱਤੇ। ਪੱਤਰਕਾਰ ਜਲਦੀ ਨਾਲ ਉਸ ਦੀ ਵੀਡੀਓ ਬਣਾਉਂਣ ਲੱਗੇ। ਹਜ਼ਾਰਾਂ ਦੀ ਭੀੜ ਇਕੱਠੀ ਹੋ ਗਈ। ਮਜ਼ਦੂਰਾਂ ਦੀ ਮਦਦ ਲਈ ਕੁਝ ਹਿੰਦੂ ਜਥੇਬੰਦੀਆਂ ਵਾਲੇ ਸਕੂਟਰਾਂ 'ਤੇ ਪਹੁੰਚ ਗਏ। ਇੱਕ ਨਿਹੰਗ ਸਿੰਘਾਂ ਦਾ ਗਰੁੱਪ ਵੀ ਪਹੁੰਚ ਗਿਆ। ਉਨ੍ਹਾਂ ਨੂੰ ਪਤਾ ਨਹੀਂ ਸੀ ਲੱਗਦਾ ਕਿਸ ਪਾਸੇ ਸੇਵਾ ਕਰਨ। ਮਸਲਾ ਤੇ ਭੀੜ ਦੇਖ ਦਲਿਤ ਜਥੇਬੰਦੀ ਵਾਲੇ ਵੀ ਮੈਦਾਨ 'ਚ ਕੁੱਦ ਪਏ। ਕਿਸਾਨ ਜਥੇਬੰਦੀਆਂ ਦੇ ਬੰਦਿਆਂ ਨੇ ਸੜਕ 'ਤੇ ਪੱਕਾ ਹੀ ਧਰਨਾ ਲਗਾ ਦਿੱਤਾ। ਫ਼ਿਰ ਉੱਚੀ-ਉੱਚੀ ਨਾਅਰੇ ਲੱਗਣ ਲੱਗੇ।

ਅਵਾਰਾ ਕੁੱਤੇ ਵੀ ਹੈਰਾਨ ਹੋ ਕੇ ਉੱਚੀ-ਉੱਚੀ ਭੌਂਕਣ ਲੱਗੇ । ਉਨ੍ਹਾਂ ਨੂੰ ਸਮਝ ਨਹੀਂ ਸੀ ਆ ਰਹੀ ਕਿ ਇਹ ਹੋ ਕੀ ਰਿਹਾ ਹੈ। ਪੁਲਿਸ ਚੁੱਪ-ਚਾਪ ਤਮਾਸ਼ਾ ਦੇਖ ਰਹੀ ਸੀ।

ਜਾਮ ਟਰੈਫ਼ਿਕ ਨੂੰ ਕੱਟਦੀ ਹੋਈ ਇੱਕ ਹੂਟਰ ਵਜਾਉਂਦੀ ਕਿਸੇ ਮੰਤਰੀ ਦੀ ਗੱਡੀ ਅੱਗੇ ਵੱਧਣ ਲੱਗੀ। ਪਰ ਭੀੜ ਨੇ ਮੰਤਰੀ ਦੀ ਗੱਡੀ ਵੱਲ ਪੱਥਰ ਮਾਰਨੇ ਸ਼ੁਰੂ ਕਰ ਦਿੱਤੇ, ਕਈਆਂ ਨੇ ਉਸ ਨੂੰ ਗੱਡੀ 'ਚ ਬੈਠੇ ਨੂੰ ਚੋਰ-ਠੱਗ ਕਿਹਾ, ਕਈ ਕੁਝ ਹੋਰ ਵੀ ਕਿਹਾ। ਭੀੜ ਵਿੱਚੋਂ ਕੁਝ ਲੋਕ ਭੱਜ ਕੇ ਮੰਤਰੀ ਦੀ ਗੱਡੀ ਘੇਰਨ ਲੱਗੇ ਪਰ ਸਿਕਿਉਰਿਟੀ ਵਾਲਿਆਂ ਨੇ ਮੁਸ਼ਕਿਲ ਨਾਲ ਮੰਤਰੀ ਦੀ ਗੱਡੀ ਨੂੰ ਪਿਛਾਂਹ ਮੋੜ ਕੇ ਕਿਸੇ ਸਾਈਡ ਰੋਡ ਵੱਲੋਂ ਕੱਢ ਉਸ ਦੀ ਖਲਾਸੀ ਕਰਾਈ। ਭੀੜ ਦੇਖ ਜੇਬ-ਕਤਰੇ ਵੀ ਆ ਗਏ, ਉਨ੍ਹਾਂ ਕਈਆਂ ਦੇ ਬਟੂਏ ਗਾਇਬ ਕਰ ਦਿੱਤੇ। ਕਿਸੇ ਸ਼ਰਾਰਤੀ ਨੇ ਟਰੱਕ ਨੂੰ ਅੱਗ ਲਗਾ ਦਿੱਤੀ। ਟਰੱਕ ਧੂੰਏ ਤੇ ਅੱਗ ਦੀ ਲਪੇਟ 'ਚ ਆ ਗਿਆ, ਫ਼ਾਈਲਾਂ ਬਲਦੀਆਂ ਦੇਖ ਗੁਪਤਾ ਜੀ ਧਾਹਾਂ ਮਾਰ ਰੋਣ ਲੱਗੇ।

ਇਹ ਭੀੜ ਨੂੰ ਕਿਸ ਨੇ ਸੱਦਿਆ, ਇਹ ਕਿਉਂ ਇਥੇ ਆਏ, ਕਿਸ ਨੇ ਬੁਲਾਏ ?

ਫ਼ਾਈਲਾਂ ਰਾਖ ਹੋ ਗਈਆਂ, ਹੁਣ ਫ਼ੈਕਟਰੀ ਕਿਵੇਂ ਲੱਗੇਗੀ, ਕੀ ਵਿਕਾਸ ਹੋਵੇਗਾ ਇਸ ਦੇਸ਼ ਵਿੱਚ?

ਥੋੜ੍ਹੀ ਦੂਰੀ 'ਤੇ ਬੈਠਾ ਡਰਾਈਵਰ ਆਪਣੇ ਬਲਦੇ ਟਰੱਕ ਵੱਲ ਦੇਖ ਸੋਚ ਰਿਹਾ ਸੀ, ਹੁਣ ਮੈਂ ਟੱਬਰ ਕਿੱਦਾਂ ਪਾਲਾਂਗਾ?

ਗੁਪਤਾ ਤੇ ਡਰਾਈਵਰ ਗਲ ਲੱਗ ਰੋਣ ਲੱਗੇ। ਜ਼ਖਮੀਂ ਹੋਏ ਮਜ਼ਦੂਰ ਆਪਣੀਆਂ ਸੱਟਾਂ ਵੱਲ ਦੇਖ ਰਹੇ ਸਨ। ਸਾਰੀ ਭੀੜ ਆਪਣੇ ਘਰਾਂ ਨੂੰ ਜਾ ਚੁੱਕੀ ਸੀ।

ਗੁਪਤੇ ਨੇ ਰੋ-ਰੋ ਕੇ ਸਾਰੀ ਕਹਾਣੀ ਫ਼ੋਨ 'ਤੇ ਦੀਪਕ ਨੂੰ ਦੱਸੀ।

ਉਸ ਰਾਤ ਦੀਪਕ ਕੁਮਾਰ ਨੂੰ ਨੀਂਦ ਵਿੱਚ ਵੀ ਫ਼ਾਈਲ ਦੇ ਭੈੜੇ ਸੁਪਨੇ ਆਉਂਦੇ ਰਹੇ, ਉਸ ਨੂੰ ਲੱਗਦਾ, ਫ਼ਾਈਲ ਬਹੁਤ ਭਾਰੀ ਹੋ ਗਈ ਹੈ, ਤੇ ਉਸ ਦੀ ਛਾਤੀ ਉੱਪਰ ਪਈ ਹੈ, ਉਹ ਚੀਕਾਂ ਮਾਰ ਕੇ ਉੱਠਿਆ। ਉਸ ਦੀ ਪਤਨੀ ਵੀ ਡਰ ਗਈ। ਉਸ ਦੀ ਪਤਨੀ ਅਨੀਤਾ ਨੇ ਸਮਝਾਇਆ, ਤੁਸੀਂ ਕਿਉਂ ਪ੍ਰੇਸ਼ਾਨ ਹੋ ਰਹੇ ਹੋ, ਬੰਦ ਕਰ ਦਿਉ ਇਹ ਫ਼ੈਕਟਰੀ ਵਾਲਾ ਕੰਮ, ਇਸ ਦੇਸ਼ ਦੇ ਲੋਕ ਚੰਗੇ ਨਹੀਂ, ਸਭ ਨੇ ਚੋਰੀ-ਠੱਗੀ 'ਤੇ ਲੱਕ ਧਰਿਆ ਹੋਇਆ ਹੈ, ਇਥੇ ਮੈਂ ਵੀ ਪ੍ਰੇਸ਼ਾਨ ਹਾਂ, ਬੱਚਿਆਂ ਦਾ ਵੀ ਦਿਲ ਨਹੀਂ ਲੱਗਦਾ।

(ਬਾਕੀ ਸਫ਼ਾ 31 'ਤੇ)

# ਮੇਰੀ ਕਲਮ

## .ਗ਼ਜ਼ਲ
**ਬਲਵਿੰਦਰ ਬਾਲਮ ਗੁਰਦਾਸਪੁਰ**

ਉਸੇ ਧਰਤੀ ਵਿੱਚੋਂ ਫ਼ੇਰ ਜਵਾਲੇ ਫ਼ੁੱਟਦੇ ਨੇ।
ਜਿੱਥੇ ਹਾਕਮ ਕੁੱਟਕੇ, ਪੁੱਟਦੇ, ਲੁੱਟਦੇ, ਸੁੱਟਦੇ ਨੇ।
ਫ਼ੇਰ ਕਰਾਂਤੀ ਕਿਰਸਾਨਾਂ ਸਿਰ ਚੜ੍ਹ ਕੇ ਆਉਂਦੀ ਏ,
ਕੱਚੀਆਂ ਫ਼ਸਲਾਂ ਧਰਤੀ ਵਿੱਚੋਂ ਜਦ ਵੀ ਪੁੱਟਦੇ ਨੇ।
ਐਸੇ ਪ੍ਰਸ਼ਾਸਨ ਦੇ ਸਿਰ ’ਤੇ ਲਾਹਨਤ ਆਉਂਦੀ ਹੈ,
ਬੱਚੇ ਜਿਸ ਨਗਰੀ ਦੇ ਸੜਕੀਂ ਰੋੜੀ ਕੁੱਟਦੇ ਨੇ।
ਮੁਮਕਿਨ ਹੈ ਕਿ ਉਪਰ ਤੀਕਰ ਹਿੱਸਾ ਜਾਂਦਾ ਹੈ,
ਦਸਤਾਵੇਜ਼ ’ਚ ਉੱਚੇ-ਉੱਚੇ ਪੁਲ ਜਦ ਟੁੱਟਦੇ ਨੇ।
ਢਿੱਲੀ ਕਾਨੂੰਨ ਅਵਸਥਾ ਵਿੱਚ ਇੰਝ ਹੀ ਹੁੰਦਾ ਹੈ,
ਗੰਧਲੇ ਧੂੰਏਂ ਦੇ ਵਿੱਚ ਸਭ ਦੇ ਸਾਹ ਪਏ ਘੁੱਟਦੇ ਨੇ।
ਇਸ ਵਿੱਚ ਕਿਸ ਦਾ ਦੋਸ਼ ਸਰਾਸਰ ਮੰਨਦੇ ਹੋ ਦੱਸੋ,
ਜੋ ਅਪਰਾਧੀ ਸਾਬਿਤ ਹੋ ਕੇ ਜੇਲ੍ਹੋਂ ਛੁੱਟਦੇ ਨੇ।
ਠੇਕੇਦਾਰੀ ਵਿੱਚ ਵੀ ਠੇਕਾ ਉਸ ਨੂੰ ਮਿਲਦਾ ਹੈ,
ਪਹਿਲਾਂ ਮਾਲਕ ਵੇਖਣ ਬੰਦੇ ਕਿਹੜੇ ਗੁੱਟਦੇ ਨੇ।
ਤੈਨੂੰ ਸਰਵੋਤਮ ਇਨਾਮ ਪ੍ਰਾਪਤ ਹੋਇਆ ਹੈ,
ਬਾਲਮ ਤੇਰੇ ਬੰਦੇ ਲੱਗਦਾ ਤਕੜੇ ਜੁੱਟਦੇ ਨੇ।
*****

## ਗੀਤ
**ਹਰੀ ਕ੍ਰਿਸ਼ਨ ਮਾਇਰ**

ਇੱਕ ਗੀਤ ਨਾ ਦਿੰਦਾ ਸੌਣ
ਗੀਤ ਮੇਰਾ ਜਾਣੂ ਚਿਰ ਦਾ
ਹਿੱਕ ਦੇ ਅੰਦਰ ਇਹ ਵੀ ਕੋਈ
ਕਹਾਣੀ ਚੁੱਕੀ ਫ਼ਿਰਦਾ
ਇੱਕ ਗੀਤ ਨਾਂ ਦਿੰਦਾ ਸੌਣ
ਕਿਸੇ ਟਿਕੀ ਰਾਤ ਨੂੰ
ਦਿਲ ਦੀ ਪੌੜੀ ਉੱਤਰ ਪਵੇ
ਵਕਤ ਖਲੋ ਜਾਏ ਜਦ ਉਹ
ਮਨ ਦੀ ਵਿਥਾ ਕਵ੍ਹੇ
ਭਰ ਭਰ ਡੁੱਲ੍ਹਣ ਟਿੰਡਾਂ
ਜਦ ਨੈਣਾਂ ਦਾ ਖੂਹ ਗਿੜਦਾ
ਗੱਲ ਗੱਲ ’ਤੇ ਰੋ ਪੈਂਦਾ
ਉਹ ਮੈਨੂੰ ਬੜਾ ਰੁਆਉਂਦਾ
ਮੈਨੂੰ ਵੀ ਮਰ ਮੁੱਕਿਆਂ ਦਾ
ਚੇਤਾ ਬੜਾ ਆਉਂਦਾ
ਘੋਗੇ ਸਿੱਪੀਆਂ ਚੁਗਦਾ ਚੁਗਦਾ
ਆ ਲਹਿਰਾਂ ਵਿੱਚ ਘਿਰਦਾ
ਜ਼ੋਰਾਵਰ ਹੁੰਦੇ ਨੇ ਜਿਹੜੇ
ਜ਼ੋਰੀਂ ਵਕਤ ਵਿਹਾ ਲੈਂਦੇ
ਦੁਬਿਧਾ ਵਿੱਚ ਕਮਜ਼ੋਰਾਂ ਦੇ
ਸਦਾ ਖ਼ਾਲੀ ਹੱਥ ਰਹਿੰਦੇ
ਬੰਦਾ ਜੋ ਵਕਤੋਂ ਖੁੰਝ ਜਾਂਦਾ
ਆਲ ਪਤਾਲੀਂ ਜਾ ਗਿਰਦਾ
ਮੋਢੇ ਚੁੱਕ ਅਤੀਤ ਜੋ
ਆਪਣਾ ਵਰਤਮਾਨ ਨੇ ਖੋ ਲੈਂਦੇ
ਖੜ੍ਹ ਜਾਵਣ ਤੁਰਨਾ ਭੁੱਲਦੇ
ਜੋ ਭੂਤਕਾਲ ਦੇ ਹੋ ਬਹਿੰਦੇ
ਅਉਧ ਹੰਢਾ ਕੇ ਪੀਲ਼ਾ ਪੱਤਾ
ਪਾਣੀ ’ਤੇ ਤਿਰਦਾ
ਜੀਣ ਵਾਲਿਓ ਜੀ ਲਓ
‘ਅੱਜ’ ਨੂੰ ਜੀਅ ਭਰ ਕੇ
ਜੀਅ ਨਹੀਂ ਹੁੰਦਾ ਮਰਿਆਂ ਦੇ ਨਾਲ
ਮਰ ਮਰ ਕੇ
‘ਭੂਤ’ ਪਿਛਾਂਹ ਨੂੰ ਖਿੱਚਦਾ
ਰੋਂਦਾ ਰਹਿੰਦਾ ਨਹੀਂ ਵਿਰਦਾ
ਇੱਕ ਗੀਤ ਨਾ ਦਿੰਦਾ ਸੌਣ

## ਕਵਿਤਾ ਭੁੱਲ ਗਈ ਹੈ
**ਜਸਵੰਤ ਗਿੱਲ ਸਮਾਲਸਰ**


ਕਵਿਤਾ ਭੁੱਲ ਗਈ ਹੈ
ਅੱਟਣਾਂ ਵਾਲੇ ਹੱਥਾਂ ’ਤੇ
ਮਿਹਨਤ ਦਾ ਫ਼ੁੱਲ ਬਣ ਖਿੜਨਾ
ਤੇ ਹੱਕਾਂ ਲਈ
ਉਨ੍ਹਾਂ ਹੱਥਾਂ ਦਾ ਮੁੱਕੇ ਬਣ ਉੱਠਣਾ
ਕਵਿਤਾ ਭੁੱਲ ਗਈ ਹੈ
ਪਿਘਲੀ ਹੋਈ ਮੋਮਬੱਤੀ ਬਣ
ਬਿਆਈ ਵਾਲੇ ਪੈਰਾਂ ’ਚ ਭਰ ਜਾਣਾ
ਇਸਨੂੰ ਯਾਦ ਨਹੀਂ
ਕਰਚਿਆਂ ਦੀ ਮਾਰ ਝੱਲਦੇ
ਕਣਕ ਦੀਆਂ ਬੱਲੀਆਂ ਚੁਗਦੇ ਪੈਰ
ਕਵਿਤਾ ਭੁੱਲ ਗਈ ਹੈ
ਕਿਸੇ .ਗਰੀਬੜੀ ਮੁਟਿਆਰ ਦੇ
ਉਲਝੇ ਹੋਏ ਵਾਲਾਂ ਦੀਆਂ
ਮੀਢੀਆਂ ਬਣ ਸਜ ਜਾਣਾ
ਉਨ੍ਹਾਂ ਵਾਲਾਂ ਨੂੰ ਸੰਵਾਰਦੀ
ਚੁੰਨੀ ਬਣ ਸਿਰ ’ਤੇ ਟਿਕ ਜਾਣਾ
ਕਵਿਤਾ ਭੁੱਲ ਗਈ ਹੈ
ਆਪਣੇ ਲਹੂ ਪਸੀਨੇ ਨਾਲ
ਫ਼ਸਲ ਨੂੰ ਜਵਾਨ ਕਰਦੇ
ਸੀਰੀ ਸਾਂਝੀ ਨੂੰ
ਜਿਸ ਲਈ ਛੱਬੀ ਜਨਵਰੀ
ਤੇ ਪੰਦਰਾਂ ਅਗਸਤ
ਕੋਈ ਮਾਅਨੇ ਨਹੀਂ ਰੱਖਦੇ
ਕਵਿਤਾ ਭੁੱਲ ਗਈ ਹੈ
ਪੱਕੀ ਫ਼ਸਲ ’ਤੇ ਵਰ੍ਹਦੇ ਮੀਂਹ
ਝੁੱਲਦੀ ਹਨੇਰੀ ’ਚ
ਕਿਸਾਨ ਨੂੰ ਹੌਸਲਾ ਦੇਣਾ
ਤੇ ਉਸ ਦੇ ਮਨ ਵਿੱਚ ਆਉਂਦੇ
ਮਾੜੇ ਖ਼ਿਆਲਾਂ ਨੂੰ ਤੋੜ
ਜਿਉਣ ਲਈ ਮਿਹਨਤ ਦਾ ਹੋਕਾ ਦੇਣਾ
ਕਵਿਤਾ ਭੁੱਲ ਗਈ ਹੈ
ਹੱਕਾਂ ਖ਼ਾਤਰ ਲੜਦੇ ਲੋਕਾਂ ਨੂੰ
ਲੜਨ ਲਈ ਹਿੰਮਤ ਦੇਣਾ
ਸੰਘਰਸ਼ ਲਈ ਸੀਨੇ ’ਚ
ਜਜ਼ਬਾ ਭਰਨਾ।

## .ਗ਼ਜ਼ਲ
**ਸਰਿਤਾ ਤੇਜੀ**



ਨਾ ਹੰਝੂਆਂ ਨਾਲ ਵਹਿੰਦੇ ਨੇ ਤੇ ਨਾ ਹਰਫ਼ਾਂ ’ਚ ਲਹਿੰਦੇ ਨੇ
ਇਹ ਤੇਰੇ ਗ਼ਮ ਮੇਰੇ ਆੜੀ ਮੇਰੇ ਦਿਲ ਵਿੱਚ ਹੀ ਰਹਿੰਦੇ ਨੇ।
ਤੇਰੀ ਹਸਤੀ ਨੇ ਗਲਬਾ ਪਾ ਲਿਆ ਈਕਣ ਮੇਰੇ ਉੱਤੇ
ਜਿਉਂ ਚੰਦਨ ਦੁਆਲੇ ਫ਼ਨੀਅਰ ਅਕਸਰ ਲਿਪਟੇ ਰਹਿੰਦੇ ਨੇ।
ਅਵੱਲੀ ਇੱਕ ਲਗਨ ਖ਼ਾਤਰ ਵਿਹੁ ਮੀਰਾਂ ਨੇ ਪੀਤਾ ਸੀ
ਜੋ ਧੁਰ ਤੋਂ ਗ਼ਮ ਲਿਖਾ ਆਏ ਉਹ ਝੱਲੇ ਹੀ ਸਦੀਂਦੇ ਨੇ।
ਮਿਲੇ ਜੋ ਜ਼ਖ਼ਮ ਸੀਨੇ ਤੇ ਸਜਾ ਲਏ ਤ.ਗਮਿਆਂ ਵਾਂਗੂ
ਅਹਿਦ ਕੀਤਾ ਜਿਨ੍ਹਾਂ ਜਿੱਤਣਾ ਪਹਾੜਾਂ ਨਾਲ ਖਹਿੰਦੇ ਨੇ।
ਅਸਾਂ ਨੇ ਥਾਪ ਕੇ ਮੱਕਾ ਤੇਰੇ ਤੋਂ ਵਾਰ ਜਿੰਦ ਦਿੱਤੀ
ਹੁਣ ਇਸ ਦਾ ਰੰਜ ਨਹੀਂ ਭੋਰਾ ਜੋ ਕਾਫ਼ਰ ਲੋਕ ਕਹਿੰਦੇ ਨੇ।
ਕਿਸੇ ਤਿਣਕੇ ਨੂੰ ਕਦ ਮਿਲਿਆ ਸਿਰਾ ਆਕਾਸ਼ ਦਾ ਹੁਣ ਤੱਕ
ਖ਼ਿਜ਼ਾਂ ਅੰਦਰ ਅਨੇਕਾਂ ਪੱਤ ’ਵਾ ਦੇ ਨਾਲ ਵਹਿੰਦੇ ਨੇ
ਭੁਲਾਇਆ ਨਾ ਗਿਆ ਮੈਥੋਂ ਬੜੇ ਹੀਲੇ ਯਤਨ ਕੀਤੇ
ਜਲਾਏ ਸੀ ਜਿਹੜੇ ਖ਼ਤ ਮੈਂ ਧੂੰਆਂ ਬਣ ਰੜਕ ਪੈਂਦੇ ਨੇ
ਜ਼ਰੂਰੀ ਹੈ ਸਰੇ ਮਹਿ.ਫਲ ਸ਼ਮਾ ਹੋਵੇ ਕਿਤੇ ਰੋਸ਼ਨ
ਪਤੰਗੇ ਆਪਣਾ ਆਪਾ ਉਸੇ ਲਈ ਸਾੜ ਬਹਿੰਦੇ ਨੇ।

## ਤੇਰੀ ਨਜ਼ਰ
**ਰਣਜੀਤ ਆਜ਼ਾਦ ਕਾਂਝਲਾ**



ਅੱਜ ਤੇਰੀ ਨਜ਼ਰ ਮਿੱਤਰਾ ਕੌਣ ਐਸਾ ਜੋ ਚੜ੍ਹ ਗਿਆ ?
ਤੇਰੇ ਚੇਹਰੇ ਦਾ ਰੰਗ ਯਾਰਾ ਕਿੰਨਾ ਗੂੜ੍ਹਾ ਕਰ ਗਿਆ ?
ਸੰਭਾਲ ਲਿਆ ਓਸ ਨੂੰ ਨਜ਼ਰਾਂ ਦੀ ਤੱਕੜੀ ’ਚ ਤੋਲ ਕੇ,
ਹਨੇਰਾ ਘਰ ਮਿਰਾ ਵੇਖ ਰੌਸ਼ਨੀ ਦੇ ਨਾਲ ਭਰ ਗਿਆ।
ਦੋ ਕਦਮ ਦਾ ਫਾਸਲਾ ਸੀ ਬਸ ਨੇੜੇ ਆ ਢੁੱਕਿਆ ਉਹ,
ਦੇਖਦੇ ਦੇਖਦੇ ਚੰਦਰਾ ਗੁਆਂਢੀ ਦੀ ਪੌੜੀ ਚੜ੍ਹ ਗਿਆ।
ਮਨ ਦੀ ਤਹਿ ’ਤੇ ਉੱਕਰਿਆ ਨਕਸ਼ ਵੀ ਵਿਲੱਖਣ ਹੈ,
ਸ਼ੀਸ਼ੇ ’ਤੇ ਬਣੇ ਚਿੱਤਰ ਦਾ ਅਕਸ ਮੱਧਮ ਕਰ ਗਿਆ।
ਜਾਣਦੇ ਸੋਈ ਜੋ ਵਣਜ ਕਰ ਇਸ਼ਕ ਦਾ ਨਦੀ ’ਚ ਠਿਲ੍ਹਦੇ,
ਹੋਰਾਂ ਦੀਆਂ ਨਜ਼ਰਾਂ ’ਚ ਸੌਦਾ ਘਾਟੇ ਦਾ ਹੀ ਕਰ ਗਿਆ।
ਮਿੱਠੇ ਬੋਲਾਂ ਦੇ ਠਹਾਕੇ ਦਰ ਠਹਾਕੇ ਵੱਜਦੇ ਸੁਣ ਰਹੇ ਹਾਂ,
ਜਦੋਂ ਦਾ ਉਹ ਸਾੜ ਝੁੱਗੀ ਅਪਣੀ ਸੁਆਹ ਕਰ ਗਿਆ।

## ਇੱਕ ਚੀਜ਼ ਗੁਆਚੀ
**ਦੀਪਿਕਾ ਅਰੋੜਾ**

ਇੱਕ ਚੀਜ਼ ਗੁਆਚੀ ਏ, ਇੱਕ ਚੀਜ਼ ਗੁਆਚੀ ਏ
ਜ਼ਰਾ ਲੱਭਣਾ ਹਿੰਦ ਦੇ ਬੱਚਿਓ, ਇੱਕ ਚੀਜ਼ ਗੁਆਚੀ ਏ।
ਅੱਜ ਜ਼ਮਾਨਾ ਡਿਜੀਟਲ ਹੋਇਆ, ਸਰਵਣ ਪੁੱਤ ਨਹੀਂ ਮਿਲਦੇ
ਦਿਲ ਦੇ ਟੁਕੜੇ ਜਿਗਰ ਚੀਰਦੇ, ਮਾਪੇ ਦਰ-ਦਰ ਰੁਲਦੇ
ਨਾਗ.ਫਣੀ ਉੱਗੀਆਂ, ਬੋਹੜਾਂ ਦੀ ਛਾਂ ਗੁਆਚੀ ਏ।
ਸਾ.ਫ ਹਵਾਵਾਂ ਜ਼ਹਿਰੀ ਹੋਈਆਂ, ਪਾਣੀ ਹੋਇਆ ਗੰਧਲਾ
ਰੋਜ਼ ਸਿਆਸੀ ਦੰਗਲ ਹੋਵਣ, ਹੱਲ ਨਾ ਹੋਵੇ ਮਸਲਾ
ਰਾਜ ਲਈ ਲੜਦੇ, ਨੀਤੀ ਦੀ ਰੂਹ ਗੁਆਚੀ ਏ।
ਪੰਜ ਆਬਾਂ ਦੀ ਧਰਤੀ ’ਤੇ ਹੁਣ ਦਰਿਆ ਛੇਵਾਂ ਵਗਦਾ
ਭਵਿੱਖ ਦੇਸ਼ ਦਾ ਲਾ ਟੀਕੇ, ਨਾਲੀਆਂ ’ਚ ਪਿਆ ਡਿੱਗਦਾ
ਭਗਤ, ਆਜ਼ਾਦ, ਊਧਮ ਵਾਲੀ, ਉਹ ਅਣਖ ਗੁਆਚੀ ਏ।
ਡਾਲਰ, ਪੌਂਡ ਕਰਨ ਕਮਾਈ, ਪਰ ਸੰਸਕਾਰ ਨੇ ਭੁੱਲੇ
ਬਾਣੀ ਦਾ ਨਾ ਮਰਮ ਜਾਣਦੇ, ਝੂਠੀ ਸ਼ਾਨ ’ਤੇ ਡੁੱਲ੍ਹੇ
ਬੋਲੀ ਦਾ ਰੁਤਬਾ, ਵਿਰਸੇ ਦੀ ਸਾਂਭ ਗੁਆਚੀ ਏ।
*****

## ਤੀਜੀ ਸੰਸਾਰ ਜੰਗ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਤੀਜੀ ਸੰਸਾਰ ਜੰਗ ਤਾਂ, ਪਹਿਲਾਂ ਹੀ ਜਾਰੀ ਹੈ,
ਹੁਣ ਤਾਂ ਸਿਰਫ਼ ਤਾਰੀਖ, ਮਿਥਣ ਦੀ ਤਿਆਰੀ ਹੈ।
ਧੁਰ ਅਸਮਾਨੀਂ ਹੈ ਧੂਆਂ, ਬੰਬਾਂ ਦਾ ਗਹਿਰਾ,
ਵਾਤਾਵਰਨ ਬਚਾਉਣ ਦਾ, ਫ਼ੁਰਮਾਨ ਵੀ ਜਾਰੀ ਹੈ।
ਚੱਲਦੀਆਂ ਨੇ ਮਾਹਲਾਂ, ਬਾਰੂਦ ਦੀਆਂ ਭਰੀਆਂ,
ਸਰਮਾਏਦਾਰ ਦੀ ਜੇਬ, ਨਿੱਤ ਹੋ ਰਹੀ ਭਾਰੀ ਹੈ।
ਪਿਛਲੀਆਂ ਜੰਗਾਂ ਦਾ, ਕਰਜ਼ਾ ਹਾਲੇ ਨਹੀਂ ਲੱਥਾ,
ਉਜੜੀ ਹੋਈ ਧਰਤੀ ਵੀ, ਹੁਣ ਕਰਜ਼ਦਾਰ ਸਾਰੀ ਹੈ।
ਬੰਬਾਂ ਅਤੇ ਅੰਗਾਂ ਦਾ, ਵਪਾਰ ਹੈ ਚੱਲ ਰਿਹਾ,
ਮਾਸੂਮਾਂ ਦੇ ਹੰਝੂਆਂ ਦੀ, ਹਰੇਕ ਥਾਂ ਬੇਜ਼ਾਰੀ ਹੈ।
ਕਿਹੜਾ ਉਹ ਹੈ ਹਿੱਸਾ, ਜਿਥੇ ਜੰਗ ਦਾ ਅਸਰ ਨਹੀਂ,
ਬੇ ਲਗਾਮ ਮਹਿੰਗਾਈ ਨੇ, ਹਰ ਇੱਕ ਦੀ ਮੱਤ ਮਾਰੀ ਹੈ।
ਮਨੁੱਖਤਾ ਨੇ ਕੋਈ ਸਬਕ, ਨਹੀਂ ਸਿੱਖਿਆ ਅਤੀਤ ਕੋਲੋਂ,
ਹੁਣ ਹੇਠਲੀ ਮਿੱਟੀ ਉੱਤੇ, ਆਉਣ ਦੀ ਬੱਸ ਵਾਰੀ ਹੈ।
ਨੰਗ ਧੜੰਗਾ ਮਨੁੱਖ, ਬੈਠਾ ਬਾਰੂਦੀ ਢੇਰ ਉੱਤੇ,
ਮਾਸ ਨੋਚਣ ਲਈ ਚੁੰਝ, ਗਿਰਝ ਦੀ ਤੇਜ਼ ਤਰਾਰੀ ਹੈ।
ਭੋਲ਼ੇ ਲੋਕੋ ਭੁੱਲ ਜਾਓ, ਤੁਹਾਨੂੰ ਕੋਈ ਪੁੱਛ ਕੇ ਤੁਰੇ,
ਇਸ ਧਰਤੀ ’ਤੇ ਗੁੰਡਿਆਂ ਦੀ, ਹੀ ਕੁੱਲ ਸਰਦਾਰੀ ਹੈ।

## ਪਾਣੀ ਦੀ ਬੋਤਲ ਮੁੱਲ ਦੀ
**ਸਰੂਪ ਚੰਦ ਹਰੀਗੜ੍ਹ**



ਸਤਲੁਜ ਬਿਆਸ ਝਨਾਂ ਤੇ ਰਾਵੀ ਜਿਹਲਮ ਇੱਥੋਂ ਲੰਘੇ,
ਚਹੁੰ ਪਾਸੇ ਤੋਂ ਨੂਰ ਬਰਸਦਾ ਦਿਨ ਬੜੇ ਸੀ ਚੰਗੇ,
ਦੇਖ ਦੇਖ ਵਰਤਾਰਾ ਅੱਜ ਦਾ ਰੋਂਦੀ ਕੁਦਰਤ ਰਾਣੀ,
ਪੰਜ ਆਬਾਂ ਦੀ ਧਰਤੀ ਵਿਕਦਾ ਬੋਤਲ ਦੇ ਵਿੱਚ ਪਾਣੀ।
ਫ਼ੈਂਟਾ ਕੈਂਪਾ ਕੋਕਾ ਕੋਲਾ, ਕੈਮੀਕਲ ਨੇ ਸੋਡੇ,
ਆਰ ਓ ਤੱਤ ਜ਼ਰੂਰੀ ਖਾ ਗਿਆ, ਫ਼ੋਕੜ ਕੋਲੇ ਥੋਡੇ,
ਜ਼ਹਿਰੀ ਕਰਤਾ ਹੈ ਉਹ ਅੰਮ੍ਰਿਤ, ਪਿਤਾ ਕਿਹਾ ਗੁਰਬਾਣੀ,
ਪੰਜ ਆਬਾਂ ਦੀ ਧਰਤੀ ਵਿਕਦਾ ਬੋਤਲ ਦੇ ਵਿੱਚ ਪਾਣੀ।
ਮਾਂ ਬੋਲੀ ਦੀ ਚੁੰਨੀ ਲਾਹ ’ਤੀ ਇਨ੍ਹਾਂ ਕਾਫ਼ਰ ਲੋਕਾਂ,
ਸੋਨ ਚਿੜੀ ਦਾ ਖ਼ੂਨ ਚੂਸਿਆ ਖ਼ੂਨ ਪੀਣੀਆਂ ਜੋਕਾਂ,
ਨਫ਼ਰਤ ਵਾਲਾ ਬੀਜ ਬੀਜਕੇ ਮੌਜ ਇਨ੍ਹਾਂ ਨੇ ਮਾਣੀ,
ਪੰਜ ਆਬਾਂ ਦੀ ਧਰਤੀ ਵਿਕਦਾ ਬੋਤਲ ਦੇ ਵਿੱਚ ਪਾਣੀ।
ਇੱਕ ਦੂਜੇ ਤੋਂ ਅੱਗੇ ਲੰਘਣਾ, ਹਰ ਇੱਕ ਨੂੰ ਹੈ ਕਾਹਲੀ,
ਜ਼ਹਿਰਾਂ ਪਾਕੇ ਜ਼ਹਿਰੀ ਕਰਤੀ ਧਰਤੀ ਭਾਗਾਂ ਵਾਲੀ,
ਸ਼ੋਹਰਤ ਪਿੱਛੇ ਲੱਗਕੇ ਬੰਦਾ ਭੁੱਲ ਗਿਆ ਰੀਤ ਪੁਰਾਣੀ,
ਪੰਜ ਆਬਾਂ ਦੀ ਧਰਤੀ ਵਿਕਦਾ ਬੋਤਲ ਦੇ ਵਿੱਚ ਪਾਣੀ।
ਜੰਕ ਫ਼ੂਡ ਪ੍ਰਧਾਨ ਹੋ ਗਿਆ ਭੁੱਲ ਗਏ ਲੱਸੀ ਮਖਣੀ,
ਅੱਜ ਦੀ ਪੀੜ੍ਹੀ ਨਹੀਂ ਜਾਣਦੀ ਚਿੱਬੜਾਂ ਵਾਲੀ ਚਟਣੀ,
ਕੀਹਦੀ ਨਜ਼ਰ ਸਰੂਪ ਹੈ ਪੈ ਗਈ ਉਲਝੀ ਜਾਪੇ ਤਾਣੀ,
ਪੰਜ ਆਬਾਂ ਦੀ ਧਰਤੀ ਵਿਕਦਾ ਬੋਤਲ ਦੇ ਵਿੱਚ ਪਾਣੀ।

## ਨਾ ਪੜ੍ਹਿਆ ਕਰ
**ਸੁਖਚੈਨ ਸਿੰਘ**

ਬਹੁਤੇ ਚਿਹਰੇ ਨਾ ਪੜ੍ਹਿਆ ਕਰ
ਉੱਡਦੇ ਬਾਜ਼ ਨਾ ਫੜਿਆ ਕਰ
ਕੋਈ ਕਿੱਦਾਂ, ਕੋਈ ਕਿੱਦਾਂ ਦਾ
ਐਵੇਂ ਨਾ ਕਲਮ ਨਾਲ ਲੜਿਆ ਕਰ।
ਕੋਈ ਉੱਤੋਂ ਸਾ.ਫ ਅੰਦਰੋਂ ਕਾਲਾ ਏ
ਜ਼ਿੰਦਗੀ ਵਿੱਚ ਘਾਲਾ ਮਾਲਾ ਏ
ਅਲਫਾਜ਼ ਥੋੜ੍ਹੇ ਜਿਹੇ ਘੜਿਆ ਕਰ
ਐਵੇਂ ਨਾ ਕਿਸੇ ਨਾਲ ਲੜਿਆ ਕਰ।
ਕੋਈ ਚਿਹਰਾ ਖਾਸ ਤੇ ਕੋਈ ਆਮ ਏ
ਸੁਖਚੈਨ, ਤੋਂ ਤਾਂ ਪਹਿਲਾਂ ਬਦਨਾਮ ਏ
ਅੰਦਰ ਬਿਨਾਂ ਪੁੱਛੇ ਨਾ ਵੜਿਆ ਕਰ
ਐਵੇਂ ਨਾ ਕਿਸੇ ਨਾਲ ਲੜਿਆ ਕਰ।
ਕੋਈ ਚਿਹਰਾ ਮੁਰਝਾਇਆ ਏ
ਕਿਸੇ ਨੇ ਹਾਸੜ ਪਾਇਆ ਏ
ਚੰਗੀ ਤਰ੍ਹਾਂ ਕਲਮ ਤੂੰ ਫੜਿਆ ਕਰ
ਐਵੇਂ ਨਾ ਕਿਸੇ ਨਾਲ ਲੜਿਆ ਕਰ।
*****

# ਨਿੱਕੀ ਉਮਰੇ ਮਾਊਂਟ ਕਿਲੀਮੰਜਾਰੋ ਚੋਟੀ ਸਰ ਕਰਨ ਵਾਲਾ ਤੇਗਬੀਰ

**ਜਗਜੀਤ ਸਿੰਘ ਗਣੇਸ਼ਪੁਰ**




ਪਰਬਤਾਰੋਹੀ ਉਹ ਵਿਅਕਤੀ ਹੁੰਦਾ ਹੈ ਜੋ ਪਹਾੜਾਂ 'ਤੇ ਚੜ੍ਹਦਾ ਹੈ। ਉੱਚੀਆਂ ਅਸਮਾਨ ਨੂੰ ਛੂੰਹਦੀਆਂ ਚੋਟੀਆਂ ਨੂੰ ਸਰ ਕਰਨਾ ਕੋਈ ਅਸਾਨ ਕੰਮ ਨਹੀਂ। ਪੰਜਾਬੀਆਂ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਪੰਜਾਬ ਦੇ ਰੋਪੜ ਜ਼ਿਲ੍ਹੇ ਦੇ ਪਿੰਡ ਖੁਆਸਪੁਰਾ ਨਾਲ ਸਬੰਧਿਤ ਪਿਤਾ ਸੁਖਿੰਦਰ ਦੀਪ ਸਿੰਘ ਅਤੇ ਮਾਤਾ ਡਾ. ਮਨਪ੍ਰੀਤ ਕੌਰ ਦੇ 5 ਸਾਲਾ ਬਹਾਦਰ ਪੁੱਤਰ ਤੇਗਬੀਰ ਸਿੰਘ ਨੇ ਅਫ਼ਰੀਕਾ ਮਹਾਂਦੀਪ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਕਿਲੀਮੰਜਾਰੋ ਨੂੰ ਸਰ ਕਰਕੇ ਏਸ਼ੀਆ ਦੇ ਸਭ ਤੋਂ ਛੋਟੀ ਉਮਰ ਦਾ ਪਰਬਤਰੋਹੀ ਬਣਨ ਦਾ ਕੀਰਤੀਮਾਨ ਆਪਣੇ ਨਾਮ ਕਰਕੇ ਸਾਡੇ ਸਭ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ।

ਇਸ ਤੋਂ ਪਹਿਲਾਂ ਇਹ ਕੀਰਤੀਮਾਨ ਸਰਬੀਆ ਦੇ ਰਹਿਣ ਵਾਲੇ 5 ਸਾਲਾਂ ਦੇ ਹੀ ਓਗਜ਼ੇਨ ਜ਼ਿਵਕੋਵਿਕ ਵੀ ਕਰ ਚੁੱਕਾ ਹੈ। ਓਗਜੇਨ ਨੇ ਇਹ ਕਾਰਨਾਮਾ ਬੀਤੇ ਸਾਲ ਕਰ ਵਿਖਾਇਆ ਸੀ। ਦੱਸਣਯੋਗ ਹੈ ਕਿ ਅਫ਼ਰੀਕਾ ਦੇ ਤਨਜ਼ਾਨੀਆ ਵਿੱਚ ਸਥਿਤ ਮਾਊਂਟ ਕਿਲੀਮੰਜਾਰੋ ਦੀ ਸਮੁੰਦਰ ਤਲ ਤੋਂ ਉੱਚਾਈ 19,341 ਫ਼ੁੱਟ ਯਾਨੀ 5,895 ਮੀਟਰ ਹੈ। ਤੇਗਬੀਰ ਸਿੰਘ ਦੇ ਪਿਤਾ ਸੁਖਿੰਦਰ ਦੀਪ ਸਿੰਘ ਵੀ ਟ੍ਰੈਕਿੰਗ ਮੌਕੇ ਉਸ ਦੇ ਨਾਲ ਹੀ ਸਨ। ਇਨ੍ਹਾਂ ਦੋਵਾਂ ਪਿਓ-ਪੁੱਤਰ ਦੀ ਅਨੋਖੀ ਜੋੜੀ ਨੇ 18 ਅਗਸਤ, 2024 ਨੂੰ ਆਪਣੇ ਇਸ ਦਲੇਰਾਨਾ ਟਰੈਕਿੰਗ ਸਫ਼ਰ ਦੀ ਸ਼ੁਰੂਆਤ ਕਰ ਕੇ 24 ਅਗਸਤ 2024 ਨੂੰ ਮਾਊਂਟ ਕਿਲੀਮੰਜਾਰੋ ਦੀ ਚੋਟੀ ਦੇ ਸਿਖ਼ਰ 'ਤੇ ਪਹੁੰਚ ਕੇ ਹੈਰਾਨ ਕਰਨ ਵਾਲਾ ਕਾਰਨਾਮਾ ਕਰ ਵਿਖਾਇਆ।

ਸੁਖਿੰਦਰ ਸਿੰਘ ਫ਼ਖ਼ਰ ਨਾਲ ਦੱਸਦੇ ਹਨ ਕਿ ਤੇਗਬੀਰ ਸਿੰਘ ਨੇ ਇਸ ਸਾਲ ਅਪ੍ਰੈਲ ਵਿੱਚ ਮਾਊਂਟ ਐਵਰੈਸਟ ਦਾ ਬੇਸ ਕੈਂਪ ਸਰ ਕਰਕੇ ਆਪਣੇ ਹੌਸਲੇ ਤੇ ਜਜ਼ਬੇ ਦਾ ਪ੍ਰਗਟਾਵਾ ਕਰ ਦਿੱਤਾ ਸੀ। ਉਸ ਸਮੇਂ ਵੀ ਤੇਗਬੀਰ ਮਾਊਂਟ ਐਵਰੈਸਟ ਬੇਸ ਕੈਂਪ ਨੂੰ ਸਰ ਕਰਨ ਵਾਲਾ ਪੰਜਾਬ ਦਾ ਸਭ ਤੋਂ ਛੋਟੀ ਉਮਰ ਦਾ ਪਰਬਤਰੋਹੀ ਬਣਿਆ ਸੀ। ਨਤੀਜੇ ਵਜੋਂ ਅਸੀਂ ਮਾਊਂਟ ਕਿਲੀਮੰਜਾਰੋ ਸਰ ਕਰਨ ਦੀ ਤਿਆਰੀ ਵਿੱਚ ਜੁੱਟ ਗਏ।

ਅਧਿਕਾਰੀ ਟ੍ਰੈਕਿੰਗ ਕਰਨ ਵਾਲੇ ਇਨਸਾਨ ਦੀ ਔਖੇ ਸਮੇਂ ਵਿੱਚ ਮਾਨਸਿਕ ਸਥਿਤੀ ਦਾ ਵੀ ਜਾਇਜ਼ਾ ਲੈਂਦੇ ਹਨ। ਇਸ ਪ੍ਰਕਿਰਿਆ ਤੋਂ ਬਾਅਦ ਹੀ ਟ੍ਰੈਕਿੰਗ ਕਰਨ ਦੀ ਇਜਾਜ਼ਤ ਮਿਲਦੀ ਹੈ। ਪਰਬਤਰੋਹੀ ਚੋਟੀ ਉੱਤੇ ਇਕੱਲਾ ਨਹੀਂ ਹੁੰਦਾ ਬਲਕਿ ਉਸਦੇ ਨਾਲ ਇੱਕ ਪੂਰੀ ਟੀਮ ਹੁੰਦੀ ਹੈ। ਤੇਗਵੀਰ ਤੇ ਉਸ ਦੇ ਪਿਤਾ ਨਾਲ ਵੀ ਸਹਾਇਤਾ ਟੀਮ ਸੀ ਜਿਸ ਵਿੱਚ 9 ਮੈਂਬਰ ਸਨ, ਜਿਨ੍ਹਾਂ ਵਿੱਚ ਦੋ ਗਾਈਡ ਵੀ ਸ਼ਾਮਿਲ ਸਨ। ਮੁੱਖ ਗਾਈਡ ਜੋਇਕੇਨ ਗਬੂਸਾ ਸਨ ਤੇ ਜੂਨੀਅਰ ਗਾਈਡ ਮਿਸਟਰ ਫ਼ਜ਼ਿਲੀ ਵੀ ਇਸ ਦਲ ਵਿੱਚ ਮੌਜੂਦ ਸਨ। ਮਾਊਂਟ ਕਿਲੀਮੰਜਾਰੋ ਚੋਟੀ ਉਪਰ ਜਾਣ ਲਈ ਬੇਸ ਕੈਂਪ ਬਰਾਫ਼ੂ ਵਿਖੇ ਬਣਾਇਆ ਹੈ। ਬਰਾਫ਼ੂ ਤੋਂ ਅੱਗੇ ਕਰੰਗਾ ਕੈਂਪ, ਬਰਾਂਕੋ, ਸ਼ਿਰਾ ਕੇਵ, ਮਕੈਮੇ ਕੈਂਪ ਤੋਂ ਹੁੰਦੇ ਹੋਏ ਪਰਬਤਰੋਹੀ ਕਿਲੀਮੰਜਾਰੋ ਉੱਤੇ ਪਹੁੰਚਦੇ ਹਨ। ਤੇਗਬੀਰ ਤੇ ਉਸ ਦੇ ਪਿਤਾ ਸੁਖਿੰਦਰ ਸਿੰਘ ਨੇ ਵੀ ਇੱਕ ਖ਼ਤਰਨਾਕ ਬਰਫ਼ੀਲਾ ਤੂਫ਼ਾਨ ਦਾ ਸਾਹਮਣਾ ਕੀਤਾ।

(ਬਾਕੀ ਸਫ਼ਾ 31 'ਤੇ)

# ਨਿਊਜ਼ੀਲੈਂਡ ਪਹਿਲੀ ਵਾਰੀ ਬਣਿਆ ਵਿਸ਼ਵ ਚੈਂਪੀਅਨ

## ਮਹਿਲਾ ਟੀ-20 ਵਿਸ਼ਵ ਕੱਪ ਦੇ ਫ਼ਾਈਨਲ 'ਚ ਦੱਖਣੀ ਅਫ਼ਰੀਕਾ ਨੂੰ ਹਰਾਇਆ




ਦੁਬਈ/ਏ.ਟੀ.ਨਿਊਜ਼: ਨਿਊਜ਼ੀਲੈਂਡ ਨੇ ਪਿਛਲੇ ਦਿਨੀਂ ਮਹਿਲਾ ਟੀ-20 ਵਿਸ਼ਵ ਕੱਪ ਦੇ ਫ਼ਾਈਨਲ 'ਚ ਦੱਖਣੀ ਅਫ਼ਰੀਕਾ ਨੂੰ 32 ਦੌੜਾਂ ਨਾਲ ਹਰਾ ਕੇ ਪਹਿਲੀ ਵਾਰ ਖਿਤਾਬ ਜਿੱਤ ਲਿਆ ਹੈ। ਤਜਰਬੇਕਾਰ ਅਮੇਲੀਆ ਕੇਰ (43) ਅਤੇ ਬਰੂਕ ਹੈਲੀਡੇ (38) ਦੀ ਚੌਥੀ ਵਿਕਟ ਲਈ 44 ਗੇਂਦਾਂ 'ਚ 57 ਦੌੜਾਂ ਦੀ ਸਾਂਝੇਦਾਰੀ ਦੀ ਬਦੌਲਤ ਨਿਊਜ਼ੀਲੈਂਡ ਨੇ ਐਤਵਾਰ ਨੂੰ ਇੱਥੇ ਮਹਿਲਾ ਟੀ-20 ਵਿਸ਼ਵ ਕੱਪ ਦੇ ਫ਼ਾਈਨਲ ਮੈਚ 'ਚ ਦਖਣੀ ਅਫ਼ਰੀਕਾ ਵਿਰੁੱਧ ਪੰਜ ਵਿਕਟਾਂ 'ਤੇ 158 ਦੌੜਾਂ ਬਣਾਈਆਂ।

ਇਸ ਤੋਂ ਬਾਅਦ ਅਮੇਲੀਆ ਕੇਰ ਅਤੇ ਰੋਜ਼ਮੈਰੀ ਮੇਅਰ ਨੇ ਅਪਣੀ ਸ਼ਾਨਦਾਰ ਗੇਂਦਬਾਜ਼ੀ ਨਾਲ ਤਿੰਨ-ਤਿੰਨ ਵਿਕਟਾਂ ਲੈ ਕੇ ਦੱਖਣੀ ਅਫ਼ਰੀਕਾ ਨੂੰ ਨੌਂ ਵਿਕਟਾਂ 'ਤੇ 126 ਦੌੜਾਂ 'ਤੇ ਰੋਕ ਦਿਤਾ ਅਤੇ ਫ਼ਾਈਨਲ ਮੈਚ 32 ਦੌੜਾਂ ਨਾਲ ਜਿੱਤ ਲਿਆ। ਦੱਖਣੀ ਅਫ਼ਰੀਕਾ ਲਈ ਕਪਤਾਨ ਲੌਰਾ ਵੋਲਵੂਰਟ ਨੇ 33 ਦੌੜਾਂ ਬਣਾਈਆਂ।

ਕੇਰ ਨੇ ਅਪਣੀ 38 ਗੇਂਦਾਂ ਦੀ ਪਾਰੀ ਵਿੱਚ ਚਾਰ ਚੌਕੇ ਲਗਾਏ ਜਦਕਿ ਹੈਲੀਡੇ ਨੇ 28 ਗੇਂਦਾਂ ਦੀ ਹਮਲਾਵਰ ਪਾਰੀ ਵਿਚ ਤਿੰਨ ਚੌਕੇ ਲਗਾਏ। ਟੀਮ ਲਈ ਸੂਜ਼ੀ ਬੇਟਸ ਨੇ ਵੀ 31 ਗੇਂਦਾਂ 'ਚ ਤਿੰਨ ਚੌਕਿਆਂ ਦੀ ਮਦਦ ਨਾਲ 32 ਦੌੜਾਂ ਦਾ ਯੋਗਦਾਨ ਦਿਤਾ। ਦੱਖਣੀ ਅਫ਼ਰੀਕਾ ਲਈ ਐਨ ਮਲਾਬਾ ਨੇ ਦੋ ਜਦਕਿ ਅਯਾਬੋਂਗਾ ਖਾਕਾ, ਕਲੋਈ ਟ੍ਰਿਓਨ ਅਤੇ ਨਦੀਨ ਡੀ ਕਲੇਰਕ ਨੂੰ ਇਕ-ਇਕ ਸਫ਼ਲਤਾ ਮਿਲੀ।

ਪਹਿਲਾਂ ਬੱਲੇਬਾਜ਼ੀ ਦਾ ਸੱਦਾ ਮਿਲਣ 'ਤੇ ਜਾਰਜੀਆ ਪਲਿਮਰ ਨੇ ਪਹਿਲੇ ਓਵਰ 'ਚ ਮਾਰੀਜਾਨ ਕੈਪ ਵਿਰੁਧ ਦੋ ਚੌਕੇ ਲਗਾਏ ਪਰ ਖਾਕਾ ਨੇ ਅਗਲੇ ਹੀ ਓਵਰ 'ਚ ਅਪਣੀ 9 ਦੌੜਾਂ ਦੀ ਪਾਰੀ ਖਤਮ ਕਰ ਕੇ ਦੱਖਣੀ ਅਫ਼ਰੀਕਾ ਨੂੰ ਪਹਿਲੀ ਸਫ਼ਲਤਾ ਦਿਵਾਈ। ਅਮੇਲੀਆ ਕੇਰ ਨੇ ਕ੍ਰੀਜ਼ 'ਤੇ ਆਉਂਦੇ ਹੀ ਚੌਕੇ ਨਾਲ ਖਾਤਾ ਖੋਲ੍ਹਿਆ, ਜਦਕਿ ਬੇਟਸ ਨੇ ਖਾਕਾ ਵਿਰੁੱਧ ਚੌਥੇ ਓਵਰ ਦਾ ਅੰਤ ਚੌਕੇ ਨਾਲ ਕੀਤਾ। ਉਸ ਨੇ ਛੇਵੇਂ ਓਵਰ 'ਚ ਮਲਾਬਾ ਵਿਰੁੱਧ ਅਪਣੀ ਪਾਰੀ ਦਾ ਤੀਜਾ ਚੌਕਾ ਮਾਰਿਆ ਜਿਸ ਨਾਲ ਨਿਊਜ਼ੀਲੈਂਡ ਨੇ ਪਾਵਰ ਪਲੇਅ 'ਚ ਇੱਕ ਵਿਕਟ 'ਤੇ 43 ਦੌੜਾਂ ਬਣਾਈਆਂ। ਮਲਾਬਾ ਨੇ ਅੱਠਵੇਂ ਓਵਰ 'ਚ ਬੇਟਸ ਨੂੰ ਗੇਂਦਬਾਜ਼ੀ ਕੀਤੀ।

ਦੱਖਣੀ ਅਫ਼ਰੀਕਾ ਦੇ ਗੇਂਦਬਾਜ਼ਾਂ ਨੇ ਇਸ ਤੋਂ ਬਾਅਦ ਨਿਊਜ਼ੀਲੈਂਡ ਨੂੰ ਵੱਡਾ ਸ਼ਾਟ ਖੇਡਣ ਦਾ ਮੌਕਾ ਨਹੀਂ ਦਿੱਤਾ ਪਰ ਟੀਮ ਨੇ ਦੌੜ ਕੇ ਦੌੜਾਂ ਬਣਾਈਆਂ ਅਤੇ 10 ਓਵਰਾਂ 'ਚ 70 ਦੌੜਾਂ ਬਣਾਈਆਂ। ਅਗਲੇ ਓਵਰ ਵਿਚ ਡੀ ਕਲੇਰਕ ਨੇ ਕਪਤਾਨ ਸੋਫ਼ੀ ਡਿਵਾਇਨ (ਛੇ) ਨੂੰ ਐਲ.ਬੀ. ਡਬਲਯੂ. ਦੇ ਕੇ ਦੱਖਣੀ ਅਫ਼ਰੀਕਾ ਨੂੰ ਵੱਡੀ ਸਫ਼ਲਤਾ ਦਿਵਾਈ। ਅਮੇਲੀਆ ਕੇਰ ਦੇ ਨਾਲ ਕ੍ਰਿਜ਼ 'ਤੇ ਆਏ ਬਰੂਕ ਹੈਲੀਡੇ ਨੂੰ ਵੀ ਬਾਊਂਡਰੀ ਤਕ ਪਹੁੰਚਣ 'ਚ ਮੁਸ਼ਕਿਲ ਆਈ। ਹੈਲੀਡੇ ਨੇ 14ਵੇਂ ਓਵਰ ਵਿਚ ਸੁਨੇ ਲੂਸ ਦੇ ਵਿਰੁਧ ਲਗਾਤਾਰ ਦੋ ਚੌਕੇ ਲਗਾ ਕੇ 48 ਗੇਂਦਾਂ ਦੇ ਬਾਊਂਡਰੀ ਸੋਕੇ ਨੂੰ ਖਤਮ ਕੀਤਾ। ਟੀਮ ਨੇ 15ਵੇਂ ਓਵਰ ਦੀ ਦੂਜੀ ਗੇਂਦ 'ਤੇ 100 ਦੌੜਾਂ ਪੂਰੀਆਂ ਕੀਤੀਆਂ।

(ਬਾਕੀ ਸਫ਼ਾ 30 'ਤੇ)

# ਖਿਡਾਰੀਆਂ ਲਈ ਖੇਡ ਨਰਸਰੀ ਹੈ ਹਾਕੀ ਦਾ ਕੁੰਭ ਸੁਰਜੀਤ ਹਾਕੀ ਟੂਰਨਾਮੈਂਟ

**ਜਤਿੰਦਰ ਪੰਮੀ**

ਉੱਤਰੀ ਭਾਰਤ ਦੇ ਮੀਡੀਆ ਅਤੇ ਹਾਕੀ ਦੇ ਕੇਂਦਰ ਵਜੋਂ ਜਾਣੇ ਜਾਂਦੇ ਜਲੰਧਰ ਮਹਾਨਗਰ 'ਚ ਪਿਛਲੇ ਚਾਰ ਦਹਾਕਿਆਂ ਤੋਂ ਉਲੰਪੀਅਨ ਸੁਰਜੀਤ ਸਿੰਘ ਦੀ ਯਾਦ 'ਚ ਕਰਵਾਇਆ ਜਾਂਦਾ ਇੰਡੀਅਨ ਆਇਲ ਸਰਵੋ ਸੁਰਜੀਤ ਹਾਕੀ ਟੂਰਨਾਮੈਂਟ ਸਾਲ ਦਰ ਸਾਲ ਆਪਣੇ ਸਿਖ਼ਰ ਵੱਲ ਵੱਧਦਾ ਰਿਹਾ ਹੈ। ਇਸ ਟੂਰਨਾਮੈਂਟ ਵਿੱਚ ਦੇਸ਼-ਵਿਦੇਸ਼ ਦੀਆਂ ਹਾਕੀ ਟੀਮਾਂ ਏ ਸ਼੍ਰੇਣੀ ਦੇ ਇਸ ਖੇਡ ਕੁੰਭ ਵਿੱਚ ਬਰਲਟਨ ਪਾਰਕ ਸਥਿਤ ਘਾਹ ਦੇ ਹਾਕੀ ਮੈਦਾਨ ਤੋਂ ਲੈ ਕੇ ਐਸਟਰੋਟਰਫ ਵਾਲੇ ਫਲੱਡ ਲਾਈਟਸ ਉਲੰਪੀਅਨ ਸੁਰਜੀਤ ਸਿੰਘ ਹਾਕੀ ਸਟੇਡੀਅਮ ਜਲੰਧਰ ਵਿੱਚ ਵਿਸ਼ਵ ਹਾਕੀ ਸੰਘ ਦੇ ਆਧੁਨਿਕ ਹਾਕੀ ਨਿਯਮਾਂ 'ਤੇ ਆਧਾਰਿਤ ਮਿਆਰੀ ਹਾਕੀ ਖੇਡ ਦਾ ਪ੍ਰਦਰਸ਼ਨ ਕਰਕੇ ਦਰਸ਼ਕਾਂ ਦਾ ਖ਼ੂਬ ਮਨੋਰੰਜਨ ਕਰਦੀਆਂ ਰਹੀਆਂ ਹਨ। ਇਹ ਹਾਕੀ ਕੁੰਭ ਪੰਜਾਬ, ਭਾਰਤ ਤੇ ਸੰਸਾਰ ਦੇ ਹਾਕੀ ਪ੍ਰੇਮੀਆਂ ਤੇ ਉਭਰਦੇ ਹਾਕੀ ਖਿਡਾਰੀਆਂ ਲਈ ਪ੍ਰੇਰਨਾ ਸਰੋਤ ਬਣ ਚੁੱਕਾ ਹੈ। ਇੱਥੇ ਹੀ ਪੰਜਾਬ ਸਰਕਾਰ ਦੇ ਖੇਡ ਵਿਭਾਗ ਦੀ ਉਲੰਪੀਅਨ ਸੁਰਜੀਤ ਹਾਕੀ ਅਕਾਦਮੀ ਵੀ ਚੱਲਦੀ ਹੈ। ਇਸ ਟੂਰਨਾਮੈਂਟ ਵਿੱਚ ਹਾਕੀ ਦੇ ਕੌਮੀ ਅਤੇ ਕੌਮਾਂਤਰੀ ਪੱਧਰ ਦੇ ਖਿਡਾਰੀਆਂ ਤੋਂ ਇਲਾਵਾ ਉਲੰਪੀਅਨ ਵੀ ਖੇਡਦੇ ਹਨ। ਇਸ ਹਾਕੀ ਖੇਡ ਸਟੇਡੀਅਮ 'ਤੇ ਸੁਰਜੀਤ ਹਾਕੀ ਟੂਰਨਾਮੈਂਟ ਵਿੱਚ ਖੇਡਣ ਵਾਲੇ ਕਈ ਖਿਡਾਰੀ ਉਲੰਪਿਕ ਖੇਡਾਂ ਨਾਮਣਾ ਖੱਟ ਚੁੱਕੇ ਹਨ।

ਉਲੰਪੀਅਨ ਸੁਰਜੀਤ ਸਿੰਘ ਦਾ ਜਨਮ ਪਿੰਡ ਦਾਖ਼ਲਾ ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਵਿਖੇ ਅੱਠ ਅਕਤੂਬਰ 1951 ਨੂੰ ਹੋਇਆ। ਉਨ੍ਹਾਂ ਦੀ ਮਾਤਾ ਜੁਗਿੰਦਰ ਕੌਰ ਤੇ ਪਿਤਾ ਮੱਘਰ ਸਿੰਘ ਰੰਧਾਵਾ ਸਨ। ਸੁਰਜੀਤ ਸਿੰਘ ਨੇ 1969 ਵਿੱਚ 17 ਸਾਲ ਦੀ ਜਵਾਨ ਉਮਰੇ ਸਪੋਰਟਸ ਕਾਲਜ ਜਲੰਧਰ ਪੜ੍ਹਦਿਆਂ ਕੰਬਾਈਂਡ ਯੂਨੀਵਰਸਿਟੀ ਦੀ ਹਾਕੀ ਟੀਮ ਵਿੱਚ ਆਸਟਰੇਲੀਆ ਦਾ ਦੌਰਾ ਕੀਤਾ। ਉਨ੍ਹਾਂ ਨੂੰ 1972 'ਚ ਮਿਊਨਿਖ ਓਲੰਪਿਕ ਲਈ ਭਾਰਤੀ ਹਾਕੀ ਟੀਮ ਦੇ ਕੈਂਪ ਵਿੱਚ ਚੁਣਿਆ ਗਿਆ। 1973 'ਚ ਐਮਸਟਰਡਮ ਵਿਖੇ ਵਿਸ਼ਵ ਹਾਕੀ ਕੱਪ ਭਾਰਤੀ ਦੀ ਨੁਮਾਇੰਦਗੀ ਕੀਤੀ। ਸੁਰਜੀਤ ਸਿੰਘ ਨੇ 1974 ਵਿੱਚ ਤਹਿਰਾਨ ਵਿਖੇ ਹੋਈਆਂ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। 1974 ਵਿੱਚ ਹੀ ਉਨ੍ਹਾਂ ਦੀ ਚੋਣ ਏਸ਼ੀਅਨ ਇਲੈਵਨ ਲਈ ਕੀਤੀ ਗਈ। 1975 ਦੀ ਵਿਸ਼ਵ ਕੱਪ ਜੇਤੂ ਭਾਰਤੀ ਹਾਕੀ ਟੀਮ ਵੱਲੋਂ ਕੁਆਲਾਲੰਪੁਰ ਵਿਖੇ ਦੋ ਗੋਲ ਕਰਨ ਵਾਲੇ ਮਝੈਲ ਉਲੰਪੀਅਨ ਸੁਰਜੀਤ ਸਿੰਘ ਹੀ ਤਾਂ ਸਨ। ਇਸ ਉਪਰੰਤ ਉਨ੍ਹਾਂ ਦੀ ਚੋਣ 1976 ਦੀ ਵਿਸ਼ਵ ਇਲੈਵਨ ਟੀਮ ਲਈ ਕੀਤੀ ਗਈ। ਸੁਰਜੀਤ ਸਿੰਘ ਦਾ ਵਧੀਆ ਹਾਕੀ ਦਾ ਪ੍ਰਦਰਸ਼ਨ ਲਗਾਤਾਰ ਜਾਰੀ ਰਿਹਾ ਅਤੇ 1978 ਦੀਆ ਏਸ਼ੀਅਨ ਖੇਡਾਂ ਦੇ ਫਾਈਨਲ ਵਿੱਚ ਕਮਾਲ ਦੀ ਹਾਕੀ ਖੇਡੀ। ਪ੍ਰੀ-ਉਲੰਪਿਕ ਮਾਸਕੋ 'ਚ ਉਹ ਭਾਰਤੀ ਹਾਕੀ ਟੀਮ ਦਾ ਜੇਤੂ ਕਪਤਾਨ ਬਣਿਆ ਅਤੇ ਆਪਣੇ ਪਿੰਡ, ਸੂਬੇ ਤੇ ਦੇਸ਼ ਦਾ ਨਾਂ ਰੌਸ਼ਨ ਕੀਤਾ। ਉਨ੍ਹਾਂ ਦੀ ਹਾਕੀ ਖੇਡ ਦਾ ਪ੍ਰਦਰਸ਼ਨ ਜਾਰੀ ਰਿਹਾ ਅਤੇ 1982 ਦੌਰਾਨ ਖੇਡੇ ਗਏ




ਵਿਸ਼ਵ ਹਾਕੀ ਕੱਪ ਤੇ ਏਸ਼ੀਆ ਕੱਪ 'ਚ ਵੀ ਸੁਰਜੀਤ ਸਿੰਘ ਨੂੰ ਭਾਰਤੀ ਹਾਕੀ ਟੀਮ ਦਾ ਕਪਤਾਨ ਬਣਾਇਆ ਗਿਆ। ਸੁਰਜੀਤ ਦੀ ਹਾਕੀ ਕਲਾ ਨੇ ਕੌਮਾਂਤਰੀ ਪੱਧਰ ਦੀ ਹਾਕੀ ਖਿਡਾਰਨ ਚੰਚਲ ਕੋਹਲੀ ਦਾ ਮਨ ਮੋਹਿਆ ਤੇ ਦੋਵਾਂ ਨੇ ਪ੍ਰੇਮ ਵਿਆਹ ਕਰਵਾ ਲਿਆ।

ਉਨ੍ਹਾਂ ਦੇ ਘਰ ਪੁੱਤਰ ਤੇ ਧੀ ਨੇ ਜਨਮ ਲਿਆ। ਜਦੋਂ ਸੁਰਜੀਤ ਤੇ ਚੰਚਲ ਪਾਕਿਸਤਾਨ ਵਿੱਚ ਸ਼ੰਮੀ ਉੱਲਾ ਹਾਕੀ ਉਲੰਪੀਅਨ ਬੈਨੀਫਿਟ ਮੈਚ ਵੇਖਣ ਗਏ ਤਾਂ ਸੁਰਜੀਤ ਨੇ ਵੀ ਭਾਰਤ ਵਿੱਚ ਸੁਰਜੀਤ ਬੈਨੀਫਿਟ ਹਾਕੀ ਮੁਕਾਬਲਾ ਕਰਵਾਉਣ ਦਾ ਮਨ ਬਣਾ ਕੇ ਕੰਮ ਤਾਂ ਆਰੰਭਿਆ ਪਰ 7 ਜਨਵਰੀ 1984 ਦੀ ਮਨਹੂਸ ਸ਼ਾਮ ਨੂੰ 7 ਵਜੇ ਜਲੰਧਰ-ਕਰਤਾਰਪੁਰ ਰੋਡ 'ਤੇ ਪੈਂਦੇ ਬਿਧੀਪੁਰ ਫਾਟਕ ਨੇੜੇ ਵਾਪਰੇ ਭਿਆਨਕ ਕਾਰ ਹਾਦਸੇ ਵਿੱਚ ਸੁਰਜੀਤ ਸਿੰਘ ਤੇ ਉਸ ਦਾ ਬਾਸਕਟਬਾਲ ਖਿਡਾਰੀ ਮਿੱਤਰ ਪਾਥੇ ਦੋਵੇਂ ਹੀ ਮਾਰੇ ਗਏ। ਮਰਹੂਮ ਉਲੰਪੀਅਨ ਸੁਰਜੀਤ ਵੱਲੋਂ ਕੌਮਾਂਤਰੀ ਪੱਧਰ 'ਤੇ ਭਾਰਤੀ ਹਾਕੀ ਦੇ ਇਤਿਹਾਸ ਪਾਏ ਗਏ ਯੋਗਦਾਨ ਸਦਕਾ ਉਨ੍ਹਾਂ ਦਾ ਨਾਂ ਵਿਸ਼ਵ ਹਾਕੀ ਵਿੱਚ ਉਲੰਪੀਅਨ ਵਜੋਂ ਹਮੇਸ਼ਾ ਅਮਰ ਰਹੇਗਾ। ਸੁਰਜੀਤ ਨਾਲ ਹਾਕੀ ਖੇਡਣ ਵਾਲੇ ਉਸ ਦੇ ਸਾਥੀ ਖਿਡਾਰੀਆਂ ਅਤੇ ਦੋਸਤਾਂ-ਮਿੱਤਰਾਂ ਨੇ ਉਨ੍ਹਾਂ ਦੀ ਯਾਦ ਅਤੇ ਭਾਰਤੀ ਹਾਕੀ 'ਚ ਪਾਏ ਗਏ ਯੋਗਦਾਨ ਨੂੰ ਸਦੀਵੀ ਰੱਖਣ ਲਈ 1984 ਵਿੱਚ ਹੀ ਉਲੰਪੀਅਨ ਸੁਰਜੀਤ ਹਾਕੀ ਸੁਸਾਇਟੀ ਦੀ ਸਥਾਪਨਾ ਕੀਤੀ ਅਤੇ ਸੁਰਜੀਤ ਦੀ ਯਾਦ 'ਚ ਪਹਿਲਾ ਹਾਕੀ ਟੂਰਨਾਮੈਂਟ ਗੁਰੂ ਗੋਬਿੰਦ ਸਿੰਘ ਸਟੇਡੀਅਮ ਜਲੰਧਰ ਵਿਖੇ ਕਰਵਾਇਆ। ਸਮੇਂ ਦੇ ਨਾਲ-ਨਾਲ ਇਹ ਹਾਕੀ ਟੂਰਨਾਮੈਂਟ ਪ੍ਰਬੰਧਕੀ ਤੌਰ 'ਤੇ ਪੱਕੇ ਪੈਰੀਂ ਹੁੰਦਾ ਗਿਆ। ਉਲੰਪੀਅਨ ਸੁਰਜੀਤ ਸਿੰਘ ਹਾਕੀ ਟੂਰਨਾਮੈਂਟ ਨੂੰ ਇੰਡੀਅਨ ਆਇਲ ਕੰਪਨੀ ਦੀ ਆਰਥਿਕ ਸਪਾਂਸਰਸ਼ਿਪ ਮਿਲਣ ਕਰ ਕੇ ਇਹ ਟੂਰਨਾਮੈਂਟ ਸਿਖ਼ਰਾਂ 'ਤੇ ਪਹੁੰਚ ਗਿਆ ਤੇ ਉਲੰਪੀਅਨ ਸੁਰਜੀਤ ਸਿੰਘ ਹਾਕੀ ਸਟੇਡੀਅਮ ਵਿੱਚ ਹਾਕੀ ਆਸਟਰੋਟਰਫ ਲੱਗਣ ਨਾਲ ਹਾਕੀ ਕੁੰਭ ਦਾ ਰੰਗ ਬੱਝ ਗਿਆ। ਸਮੇਂ ਦੀਆਂ ਸਰਕਾਰਾਂ ਵੱਲੋਂ ਸੁਰਜੀਤ ਹਾਕੀ ਮੇਲੇ ਦੀ ਬੁਲੰਦੀ ਲਈ ਹਰ ਸਾਲ ਸਰਕਾਰੀ ਰਾਹਤ ਵੀ ਭੇਜੀ ਜਾਂਦੀ ਰਹੀ ਹੈ। ਸਾਲ 2007 ਵਿੱਚ ਸੁਰਜੀਤ ਹਾਕੀ ਸੁਸਾਇਟੀ ਦੀ ਵੈੱਬਸਾਈਟ ਜਾਰੀ ਕੀਤੀ ਗਈ। ਇਸ ਟੂਰਨਾਮੈਂਟ ਦੌਰਾਨ ਹਾਕੀ ਮੁਕਾਬਲੇ ਵਿੱਚ ਉੱਤਮ ਫਾਰਵਰਡ, ਗੋਲਕੀਪਰ, ਹਾਫ਼ ਬੈਕ ਤੇ ਫੁੱਲ ਬੈਕ ਨੂੰ ਉੱਤਮ ਇਨਾਮ ਹਰ ਸਾਲ ਦਿੱਤਾ ਜਾਂਦਾ ਹੈ ਅਤੇ ਸਮੇਂ-ਸਮੇਂ 'ਤੇ ਸਾਬਕਾ ਉਲੰਪੀਅਨ ਵੀ ਸਨਮਾਨੇ ਜਾਂਦੇ ਹਨ। ਭਾਰਤੀ ਹਾਕੀ ਚੋਣ ਕਮੇਟੀ ਦੇ ਮੈਂਬਰ ਤੇ ਵਿਦੇਸ਼ੀ ਪ੍ਰਤੀਨਿਧ ਵੀ ਇਹ ਹਾਕੀ ਟੂਰਨਾਮੈਂਟ ਵੇਖਣ ਲਈ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦੇ ਹਨ। ਇਸ ਟੂਰਨਾਮੈਂਟ 'ਚ ਖੇਡਣ ਵਾਲੀਆਂ ਦੇਸ਼ ਦੇ ਵੱਖ-ਵੱਖ ਵਿਭਾਗਾਂ ਦੀਆਂ ਟੀਮਾਂ ਵਿੱਚ ਸ਼ਾਮਿਲ ਭਾਰਤ ਦੇ ਸਾਬਕਾ ਹਾਕੀ ਉਲੰਪੀਅਨ ਤੇ ਕੌਮਾਂਤਰੀ ਹਾਕੀ ਖਿਡਾਰੀਆਂ ਤੇ ਖਿਡਾਰਨਾਂ ਦੀ ਉੱਚ ਮਿਆਰੀ ਖੇਡ ਵੇਖਣ ਦਾ ਮੌਕਾ ਮਿਲਦਾ ਹੈ। ਮੌਜੂਦਾ ਸਮੇਂ ਸੁਰਜੀਤ ਸਿੰਘ ਹਾਕੀ ਟੂਰਨਾਮੈਂਟ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਵਧੇਰੇ ਵਪਾਰਕ ਤੇ ਲੋਕਪ੍ਰਿਅ ਬਣ ਚੁੱਕਾ ਹੈ, ਜਿਸ ਦੀ ਜੇਤੂ ਟੀਮ ਨੂੰ 5.51 ਲੱਖ ਰੁਪਏ ਦਾ ਨਕਦ ਇਨਾਮ ਤੇ ਵਿਸ਼ੇਸ਼ ਟਰਾਫ਼ੀ ਪ੍ਰਦਾਨ ਕੀਤੀ ਜਾਂਦੀ ਹੈ।

ਉਪ-ਜੇਤੂ ਟੀਮ ਨੂੰ ਵੀ ਨਕਦ ਇਨਾਮ ਤੇ ਟਰਾਫ਼ੀ ਤੋਂ ਇਲਾਵਾ ਵਧੀਆ ਖੇਡ ਦਾ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਵਿਅਕਤੀਗਤ ਇਨਾਮ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ। ਟੂਰਨਾਮੈਂਟ 'ਚ ਆਉਣ ਵਾਲੇ ਹਾਕੀ ਪ੍ਰੇਮੀਆਂ ਨੂੰ ਉਤਸ਼ਾਹਤ ਕਰਨ ਲਈ ਕੂਪਨਾਂ ਦੇ ਡਰਾਅ ਕੱਢੇ ਜਾਂਦੇ ਹਨ, ਜਿਨ੍ਹਾਂ 'ਚ ਕਾਰ ਤੋਂ ਇਲਾਵਾ ਮੋਟਰਸਾਈਕਲ, ਐੱਲਈਡੀ, ਵਾਸ਼ਿੰਗ ਮਸ਼ੀਨ ਅਤੇ ਹੋਰ ਕਈ ਇਨਾਮ ਸ਼ਾਮਿਲ ਹੁੰਦੇ ਹਨ। ਇਹ ਕੂਪਨ ਮੈਚ ਦੇਖਣ ਵਾਲੇ ਦਰਸ਼ਕਾਂ ਨੂੰ ਰੋਜ਼ਾਨਾ ਵੰਡੇ ਜਾਂਦੇ ਹਨ ਤੇ ਜਿਸ ਲਈ ਬਾਕਾਇਦਾ ਕੂਪਨ ਪਾਉਣ ਵਾਸਤੇ ਡੱਬੇ ਲਾਏ ਜਾਂਦੇ ਹਨ । ਫਾਈਨਲ ਵਾਲੇ ਦਿਨ ਮੁੱਖ ਮਹਿਮਾਨ ਵੱਲੋਂ ਡਰਾਅ ਕੱਢੇ ਜਾਂਦੇ ਹਨ ਅਤੇ ਜਿਸ ਵੀ ਹਾਕੀ ਪ੍ਰੇਮੀ ਦਾ ਕੋਈ ਇਨਾਮ ਨਿਕਲਦਾ ਹੈ, ਨੂੰ ਮੌਕੇ 'ਤੇ ਹੀ ਜੇਤੂ ਸ਼ਾਨਦਾਰ ਇਨਾਮ ਦੇ ਦਿੱਤਾ ਜਾਂਦਾ ਹੈ।

# ਕੰਗਨਾ ਦੀ ਫ਼ਿਲਮ 'ਐਮਰਜੈਂਸੀ' ਨੂੰ ਸੈਂਸਰ ਬੋਰਡ ਤੋਂ ਮਿਲਿਆ ਸਰਟੀਫ਼ਿਕੇਟ

## ਫ਼ਿਲਮ ਦੀ ਰਿਲੀਜ਼ ਮਿਤੀ ਦਾ ਜਲਦੀ ਹੋਵੇਗਾ ਐਲਾਨ




ਨਵੀਂ ਦਿੱਲੀ/ਏ.ਟੀ.ਨਿਊਜ਼: ਵਿਵਾਦਾਂ ਵਿੱਚ ਘਿਰੀ ਫ਼ਿਲਮ 'ਐਮਰਜੈਂਸੀ' ਨੂੰ ਸੈਂਸਰ ਬੋਰਡ ਨੇ ਸਰਟੀਫ਼ਿਕੇਟ ਜਾਰੀ ਕਰ ਦਿੱਤਾ ਹੈ। ਇਹ ਜਾਣਕਾਰੀ ਬੌਲੀਵੁੱਡ ਅਦਾਕਾਰਾ ਤੇ ਭਾਜਪਾ ਸੰਸਦ ਮੈਂਬਰ ਕੰਗਨਾ ਰਣੌਤ ਨੇ ਪਿਛਲੇ ਦਿਨੀਂ ਸਾਂਝੀ ਕੀਤੀ ਹੈ। ਜ਼ਿਕਰਯੋਗ ਹੈ ਕਿ ਇਹ ਫ਼ਿਲਮ 6 ਸਤੰਬਰ ਨੂੰ ਰਿਲੀਜ਼ ਹੋਣੀ ਸੀ ਪਰ ਸਿੱਖ ਜਥੇਬੰਦੀਆਂ ਨੇ ਇਸ ਫ਼ਿਲਮ ਦੇ ਕਈ ਦ੍ਰਿਸ਼ਾਂ 'ਤੇ ਇਤਰਾਜ਼ ਜਤਾਇਆ ਸੀ ਤੇ ਸੈਂਸਰ ਬੋਰਡ ਨੂੰ ਇਸ ਫ਼ਿਲਮ ਦਾ ਸਰਟੀਫ਼ਿਕੇਟ ਜਾਰੀ ਨਾ ਕਰਨ ਦੀ ਮੰਗ ਕੀਤੀ ਸੀ। ਕੰਗਨਾ ਨੇ ਸੋਸ਼ਲ ਮੀਡੀਆ 'ਤੇ ਪੋਸਟ ਅਪਲੋਡ ਕਰਦਿਆਂ ਲਿਖਿਆ, 'ਸੈਂਟਰਲ ਬੋਰਡ ਆਫ਼ ਫ਼ਿਲਮ ਸਰਟੀਫ਼ਿਕੇਸ਼ਨ (ਸੀ.ਬੀ.ਐੱਫ.ਸੀ.) ਨੇ ਸਾਡੀ ਫ਼ਿਲਮ 'ਐਮਰਜੈਂਸੀ' ਦਾ ਸਰਟੀਫ਼ਿਕੇਟ ਜਾਰੀ ਕਰ ਦਿੱਤਾ ਹੈ। ਅਸੀਂ ਜਲਦੀ ਹੀ ਇਸ ਫ਼ਿਲਮ ਦੀ ਰਿਲੀਜ਼ ਹੋਣ ਦੀ ਮਿਤੀ ਦਾ ਐਲਾਨ ਕਰਾਂਗੇ, ਤੁਹਾਡੇ ਸਬਰ ਅਤੇ ਸਮਰਥਨ ਲਈ ਧੰਨਵਾਦ 'ਮਨੀਕਰਨਿਕਾ ਫ਼ਿਲਮਜ਼, ਜ਼ੀਸਟੂਡੀਓਜ਼ ਆਫ਼ੀਸ਼ੀਅਲ।' ਇਸ ਫ਼ਿਲਮ ਵਿੱਚ ਕੰਗਨਾ ਰਣੌਤ ਨੇ ਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਿਰਦਾਰ ਨਿਭਾਇਆ ਹੈ। ਇਸ ਤੋਂ ਇਲਾਵਾ ਉਸ ਨੇ ਫ਼ਿਲਮ ਦਾ ਨਿਰਦੇਸ਼ਨ ਅਤੇ ਸਹਿ-ਨਿਰਮਾਣ ਵੀ ਕੀਤਾ ਹੈ। ਦੱਸਣਾ ਬਣਦਾ ਹੈ ਕਿ ਇਸ ਫ਼ਿਲਮ ਖ਼ਿਲਾਫ਼ ਸ਼੍ਰੋਮਣੀ ਅਕਾਲੀ ਦਲ ਤੇ ਸਿੱਖ ਜਥੇਬੰਦੀਆਂ ਨੇ ਮੋਰਚਾ ਖੋਲ੍ਹ ਦਿੱਤਾ ਸੀ। ਉਨ੍ਹਾਂ ਨੇ ਇਸ ਫ਼ਿਲਮ ਵਿੱਚ ਸਿੱਖ ਭਾਈਚਾਰੇ ਅਤੇ ਤੱਥਾਂ ਨੂੰ ਗਲਤ ਢੰਗ ਨਾਲ ਪੇਸ਼ ਕਰਨ ਦਾ ਦੋਸ਼ ਲਾਇਆ ਸੀ। ਇਸ ਫ਼ਿਲਮ ਦੀ ਰਿਲੀਜ਼ ਖਿਲਾਫ਼ ਵੀ ਦੇਸ਼ ਭਰ ਵਿੱਚ ਪ੍ਰਦਰਸ਼ਨ ਹੋਏ ਸਨ। ਇਹ ਵੀ ਦੱਸਣਾ ਬਣਦਾ ਹੈ ਕਿ ਸੀ.ਬੀ.ਐਫ਼.ਸੀ. ਨੇ ਹਾਲ ਹੀ ਵਿੱਚ ਬੰਬੇ ਹਾਈ ਕੋਰਟ ਨੂੰ ਦੱਸਿਆ ਸੀ ਕਿ ਕੰਗਨਾ ਰਣੌਤ ਨੇ ਫ਼ਿਲਮ ਵਿੱਚ ਬੋਰਡ ਵੱਲੋਂ ਸੁਝਾਈਆਂ ਗਈਆਂ ਕਟੌਤੀਆਂ ਲਈ ਸਹਿਮਤੀ ਦੇ ਦਿੱਤੀ ਹੈ।

# ਨਸ਼ਿਆਂ ਤੇ ਹਥਿਆਰਾਂ ਦੀ ਵਡਿਆਈ ਕਰਦੇ ਗਾਣੇ ਨਾ ਸੁਣਨ ਨੌਜਵਾਨ: ਜਸਬੀਰ ਜੱਸੀ



ਪੰਜਾਬੀ ਇੰਡਸਟਰੀ ਦੇ ਮਸ਼ਹੂਰ ਕਲਾਕਾਰ ਤੇ ਗਾਇਕ ਜਸਬੀਰ ਜੱਸੀ ਨੇ ਹਾਲ ਹੀ ਵਿੱਚ ਮੀਡੀਆ ਨਾਲ ਗੱਲਬਾਤ ਕੀਤੀ। ਜੱਸੀ ਵੀ ਕਈ ਵਾਰ ਕੰਗਨਾ ਰਣੌਤ ਖ਼ਿਲਾਫ਼ ਬਿਆਨ ਦੇ ਚੁੱਕੇ ਹਨ। ਇਸ ਤੋਂ ਇਲਾਵਾ ਉਨ੍ਹਾਂ ਪੰਜਾਬ 'ਚ ਨਸ਼ਿਆਂ ਦੇ ਮੁੱਦੇ ਅਤੇ ਪੰਜਾਬ ਦੀ ਜਵਾਨੀ ਨੂੰ ਇਸ ਵਿੱਚੋਂ ਕਿਵੇਂ ਬਾਹਰ ਕੱਢਿਆ ਜਾ ਸਕਦਾ ਹੈ, ਬਾਰੇ ਗੱਲ ਕੀਤੀ।

**ਕੰਗਨਾ ਨਾਲ ਵਿਵਾਦ 'ਤੇ ਕੀ ਬੋਲੇ ?**

ਹਿਮਾਚਲ ਪ੍ਰਦੇਸ਼ ਦੀ ਮੰਡੀ ਤੋਂ ਸੰਸਦ ਮੈਂਬਰ ਕੰਗਨਾ ਰਣੌਤ ਆਪਣੇ ਬਿਆਨਾਂ ਨੂੰ ਲੈ ਕੇ ਅਕਸਰ ਸੁਰਖੀਆਂ 'ਚ ਰਹਿੰਦੀ ਹੈ ਤੇ ਇਸ ਕਾਰਨ ਅਕਸਰ ਘਿਰੀ ਵੀ ਰਹਿੰਦੀ ਹੈ। ਕਿਸਾਨਾਂ 'ਤੇ ਦਿੱਤੇ ਬਿਆਨ ਨੂੰ ਲੈ ਕੇ ਜਸਬੀਰ ਜੱਸੀ ਨੇ ਉਨ੍ਹਾਂ 'ਤੇ ਜ਼ੁਬਾਨੀ ਹਮਲਾ ਵੀ ਕੀਤਾ ਹੈ। ਜਦੋਂ ਪੱਤਰਕਾਰਾਂ ਨੇ ਇਸ ਮੁੱਦੇ 'ਤੇ ਸਵਾਲ ਪੁੱਛਿਆ ਤਾਂ ਜੱਸੀ ਨੇ ਕਿਹਾ ਕਿ ਮੈਨੂੰ ਕੰਗਨਾ ਰਣੌਤ ਤੋਂ ਕੋਈ ਪਰੇਸ਼ਾਨੀ ਨਹੀਂ ਹੈ। ਨਾ ਹੀ ਮੈਂ ਕੰਗਨਾ ਦੇ ਖਿਲਾਫ਼ ਬੋਲਣਾ ਚਾਹੁੰਦਾ ਹਾਂ। ਮੈਂ ਕੰਗਨਾ ਰਣੌਤ ਖ਼ਿਲਾਫ਼ ਉਦੋਂ ਹੀ ਬੋਲਦਾ ਹਾਂ ਜਦੋਂ ਉਹ ਪੰਜਾਬ ਦੇ ਖ਼ਿਲਾਫ਼ ਬੋਲਦੀ ਹੈ। ਪੰਜਾਬ ਗੁਰੂਆਂ ਦੀ ਧਰਤੀ ਹੈ। ਇੱਥੋਂ ਦੇ ਨੌਜਵਾਨ ਦੇਸ਼ ਦੀ ਰੱਖਿਆ ਕਰਦੇ ਹਨ। ਹਰ ਰੋਜ਼ ਪੰਜਾਬ ਦੇ ਜਵਾਨ ਸਰਹੱਦ 'ਤੇ ਦੇਸ਼ ਲਈ ਜਾਨ ਖਤਰੇ 'ਚ ਪਾ ਰਹੇ ਹਨ। ਅਜਿਹੇ 'ਚ ਜਦੋਂ ਕੰਗਨਾ ਪੰਜਾਬ ਖ਼ਿਲਾਫ਼ ਕੁਝ ਵੀ ਕਹਿੰਦੀ ਹੈ ਤਾਂ ਮੈਨੂੰ ਚੰਗਾ ਨਹੀਂ ਲੱਗਦਾ। ਮੈਂ ਕੰਗਣਾ ਖ਼ਿਲਾਫ਼ ਨਹੀਂ ਹਾਂ, ਮੈਂ ਪੰਜਾਬ ਦੇ ਖ਼ਿਲਾਫ਼ ਬੋਲਣ ਵਾਲੇ ਹਰ ਵਿਅਕਤੀ ਜਾਂ ਮਾਨਸਿਕਤਾ ਦੇ ਖ਼ਿਲਾਫ਼ ਹਾਂ। ਪੰਜਾਬ ਤੇ ਇਸ ਦੇ ਨੌਜਵਾਨਾਂ ਦੀ ਗੱਲ ਕਰੀਏ ਤਾਂ ਪੰਜਾਬ 'ਚ ਇੱਕ ਵੱਡਾ ਮੁੱਦਾ ਨਸ਼ਾ ਹੈ। ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਤੋਂ ਕਿਵੇਂ ਬਚਾਇਆ ਜਾ ਸਕਦਾ ਹੈ ? ਇਸ ਸਵਾਲ ਦਾ ਜਵਾਬ ਦਿੰਦਿਆਂ ਜੱਸੀ ਨੇ ਕਿਹਾ ਕਿ ਨਸ਼ਾ ਸਿਰਫ਼ ਪੰਜਾਬ 'ਚ ਹੀ ਨਹੀਂ ਸਗੋਂ ਕਈ ਸੂਬਿਆਂ ਵਿੱਚ ਸਮੱਸਿਆ ਹੈ। ਹਾਂ... ਪੰਜਾਬ 'ਚ ਇਹ ਥੋੜ੍ਹਾ ਜ਼ਿਆਦਾ ਹੈ, ਕਿਉਂਕਿ ਪੰਜਾਬ ਸਰਹੱਦ 'ਤੇ ਸਥਿਤ ਹੈ। ਡਰੱਗਜ਼ ਤੇ ਨਸ਼ਿਆਂ ਤੋਂ ਬਚਾਉਣ ਲਈ ਨੌਜਵਾਨਾਂ ਨੂੰ ਪਹਿਲਾਂ ਉਨ੍ਹਾਂ ਕਲਾਕਾਰਾਂ ਦੇ ਗੀਤ ਸੁਣਨੇ ਬੰਦ ਕਰਨੇ ਚਾਹੀਦੇ ਹਨ ਜੋ ਨਸ਼ਿਆਂ ਤੇ ਹਥਿਆਰਾਂ ਦੀ ਵਡਿਆਈ ਕਰਦੇ ਹਨ। ਇੰਨਾ ਹੀ ਨਹੀਂ ਉਨ੍ਹਾਂ ਕਿਹਾ ਕਿ ਕੇਂਦਰ ਤੇ ਸੂਬਾ ਸਰਕਾਰ ਨੂੰ ਵੀ ਇਸ ਵਿਰੁੱਧ ਕੰਮ ਕਰਨਾ ਚਾਹੀਦਾ ਹੈ ਤੇ ਅਜਿਹੇ ਕਲਾਕਾਰਾਂ ਦੇ ਗੀਤਾਂ 'ਤੇ ਪਾਬੰਦੀ ਲਗਾਉਣੀ ਚਾਹੀਦੀ ਹੈ।

**ਸੁਖਵਿੰਦਰ ਸਿੰਘ ਹੈ ਚਹੇਤਾ ਗਾਇਕ**

ਇਸ ਸਵਾਲ 'ਤੇ ਕਿ ਜਸਬੀਰ ਜੱਸੀ ਦਾ ਚਹੇਤਾ ਗਾਇਕ ਕੌਣ ਹੈ, ਪੰਜਾਬੀ ਗਾਇਕ ਨੇ ਕਿਹਾ ਕਿ ਮੇਰਾ ਪਸੰਦੀਦਾ ਗਾਇਕ ਸੁਖਵਿੰਦਰ ਸਿੰਘ ਹੈ। ਇਸ ਦੇ ਨਾਲ ਹੀ ਗੱਲਬਾਤ ਦੌਰਾਨ ਉਨ੍ਹਾਂ ਅੱਗੇ ਦੱਸਿਆ ਕਿ ਉਨ੍ਹਾਂ ਦੇ ਪਸੰਦੀਦਾ ਨੇਤਾ ਸ਼ਸ਼ੀ ਥਰੂਰ ਹਨ, ਪਰ ਉਹ ਭਾਰਤੀ ਜਨਤਾ ਪਾਰਟੀ ਨੂੰ ਪਸੰਦ ਕਰਦੇ ਹਨ। ਉਨ੍ਹਾਂ ਕਿਹਾ ਕਿ ਭਾਵੇਂ ਸਾਰੀਆਂ ਪਾਰਟੀਆਂ 'ਚ ਚੰਗੇ-ਮਾੜੇ ਲੋਕ ਹੁੰਦੇ ਹਨ, ਪਰ ਜਦੋਂ ਕਿਸੇ ਇੱਕ ਪਾਰਟੀ ਦੀ ਗੱਲ ਆਉਂਦੀ ਹੈ ਤਾਂ ਮੈਂ ਭਾਜਪਾ ਦਾ ਨਾਂ ਲਵਾਂਗਾ।

# ਚਿੱਠੀ ਨਾ ਕੋਈ ਸੰਦੇਸ਼...



**ਕੁਲਦੀਪ ਸਿੰਘ ਸਾਹਿਲ**

ਗ਼ਜ਼ਲ ਨੂੰ ਸੁਣਨ ਅਤੇ ਪਿਆਰ ਕਰਨ ਵਾਲੇ ਜਾਣਦੇ ਹਨ ਕਿ ਇਹ ਵੀ ਰੂਹ ਦੀ ਖੁਰਾਕ ਹੈ। ਕਹਿੰਦੇ ਹਨ ਕਿ ਗ਼ਜ਼ਲ ਅਰਬੀ ਸ਼ਾਇਰੀ ਦਾ ਇੱਕ ਹਿੱਸਾ ਸੀ, ਬਾਅਦ ਵਿੱਚ ਇਹ ਈਰਾਨ ਤੋਂ ਹੁੰਦੀ ਹੋਈ ਭਾਰਤ ਪਹੁੰਚੀ ਅਤੇ ਫ਼ਾਰਸੀ ਅਤੇ ਉਰਦੂ ਸ਼ਾਇਰੀ ਵਿੱਚ ਰਚਮਿਚ ਗਈ। ਭਾਰਤ ਵਿੱਚ ਵੀ ਗ਼ਜ਼ਲ ਗਾਉਣ ਵਾਲੇ ਬਹੁਤ ਸਾਰੇ ਗਾਇਕ ਹੋਏ ਹਨ, ਪਰ ਗ਼ਜ਼ਲ ਗਾਇਕ ਵਜੋਂ ਜੋ ਪਛਾਣ ਜਗਜੀਤ ਸਿੰਘ ਨੇ ਬਣਾਈ ਹੈ ਅਤੇ ਜੋ ਸ਼ੁਹਰਤ ਉਸ ਨੇ ਖੱਟੀ ਹੈ ਸ਼ਾਇਦ ਹੀ ਕਿਸੇ ਹੋਰ ਗਾਇਕ ਦੇ ਹਿੱਸੇ ਆਈ ਹੋਵੇ। ਇਹੋ ਜਿਹੀਆਂ ਸ਼ਖ਼ਸੀਅਤਾਂ ਹਮੇਸ਼ਾ ਆਪਣੇ ਹੁਨਰ, ਇਬਾਦਤ ਜਾਂ ਕਿਸੇ ਖੇਤਰ ਵਿੱਚ ਅਜੋਕੇ ਯੋਗਦਾਨ ਕਰਕੇ ਉਸ ਯੁੱਗ ਦੀ ਪਛਾਣ ਬਣ ਕੇ ਅਮਰ ਹੋ ਜਾਂਦੀਆਂ ਹਨ। ਭਾਰਤੀ ਸੰਗੀਤ ਅਤੇ ਗ਼ਜ਼ਲ ਗਾਇਕੀ ਦੇ ਸਿਤਾਰੇ ਜਗਜੀਤ ਸਿੰਘ ਨੂੰ ਵੀ ਆਪਣੀ ਕਲਾ ਦੀ ਅਮਿਟ ਛਾਪ ਛੱਡਣ ਕਾਰਨ ਸੰਗੀਤ ਪ੍ਰੇਮੀਆਂ ਦੇ ਦਿਲਾਂ ਵਿੱਚ ਇੱਕ ਯੁੱਗ ਪੁਰਸ਼ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਰਹਿੰਦੀ ਦੁਨੀਆਂ ਤੱਕ ਉਸ ਦੀ ਆਵਾਜ਼ ਸਰੋਤਿਆਂ ਦੇ ਦਿਲਾਂ 'ਤੇ ਦਸਤਕ ਦਿੰਦੀ ਰਹੇਗੀ।

8 ਫ਼ਰਵਰੀ 1941 ਨੂੰ ਰਾਜਸਥਾਨ ਦੇ ਸ੍ਰੀ ਗੰਗਾਨਗਰ ਵਿਖੇ ਮਾਤਾ ਬਚਨ ਕੌਰ ਅਤੇ ਪਿਤਾ ਅਮਰ ਸਿੰਘ ਦੇ ਘਰ ਪੈਦਾ ਹੋਏ ਜਗਜੀਤ ਸਿੰਘ ਦਾ ਪਾਲਣ ਪੋਸ਼ਣ ਸੰਪੂਰਨ ਪੰਜਾਬੀ ਢੰਗ ਨਾਲ ਹੋਇਆ ਸੀ। ਉਸ ਦੇ ਪਿਤਾ ਨੇ ਕਰਾਚੀ ਤੋਂ ਸਿਵਲ ਇੰਜਨੀਅਰਿੰਗ ਦਾ ਡਿਪਲੋਮਾ ਕੀਤਾ ਅਤੇ ਸ੍ਰੀਗੰਗਾਨਗਰ (ਰਾਜਸਥਾਨ) ਦੀ ਰਿਆਸਤ ਵਿੱਚ ਨੌਕਰੀ ਕੀਤੀ। ਪਿਤਾ ਨੇ ਸਾਰੇ ਭੈਣ ਭਰਾਵਾਂ ਨੂੰ ਸੰਗੀਤਕ ਮਾਹੌਲ ਦਿੱਤਾ। ਵੱਡੇ ਭਰਾ ਜਸਵੰਤ ਸਿੰਘ, ਜਗਜੀਤ ਸਿੰਘ ਅਤੇ ਭੈਣਾਂ ਨੇ ਬਾਕਾਇਦਾ ਗੁਰਬਾਣੀ ਸੰਗੀਤ ਦੀ ਮੁੱਢਲੀ ਸਿੱਖਿਆ ਪ੍ਰਾਪਤ ਕੀਤੀ। ਇਸ ਸੰਗੀਤਕ ਸਿੱਖਿਆ ਵਿੱਚ ਸਭ ਤੋਂ ਵੱਧ ਤਵੱਜੋ ਜਗਜੀਤ ਸਿੰਘ ਨੂੰ ਮਿਲੀ। ਉਸ ਨੇ ਲਗਭਗ ਦੋ ਸਾਲ ਪੰਡਤ ਸਾਗੁਨ ਚੰਦ ਜੋਸ਼ੀ ਕੋਲੋਂ ਭਾਰਤੀ ਸ਼ਾਸਤਰੀ ਸੰਗੀਤ ਸਿੱਖਿਆ ਅਤੇ ਫ਼ਿਰ ਉਸਤਾਦ ਜਮਾਲ ਖ਼ਾਨ ਤੋਂ ਧਰੁਪਦ, ਧਮਾਰ, ਸ਼ਾਸਤਰੀ ਤੇ ਸੁਗਮ ਸੰਗੀਤ ਵਿੱਚ ਪਰਿਪੱਕਤਾ ਹਾਸਲ ਕੀਤੀ। ਉਨ੍ਹਾਂ ਨੇ ਪੂਰੇ 12 ਸਾਲ ਜਗਜੀਤ ਸਿੰਘ ਤੋਂ ਬਹੁਤ ਮਿਹਨਤ ਕਰਵਾਈ।


ਜਗਜੀਤ ਸਿੰਘ ਦੇ ਗਾਇਕ ਬਣਨ ਵਿੱਚ ਉਨ੍ਹਾਂ ਦੇ ਵੱਡੇ ਭਰਾ ਜਸਵੰਤ ਸਿੰਘ ਦਾ ਬਹੁਤ ਯੋਗਦਾਨ ਰਿਹਾ ਹੈ। ਦੱਸਦੇ ਹਨ ਕਿ ਜਗਜੀਤ ਹੋਣਹਾਰ ਵਿਦਿਆਰਥੀ ਸੀ ਤੇ ਇੰਟਰ ਸਾਇੰਸ ਦੀ ਪ੍ਰੀਖਿਆ ਵਿੱਚ ਖ਼ਾਲਸਾ ਕਾਲਜ ਅਤੇ ਸ੍ਰੀਗੰਗਾਨਗਰ ਜ਼ਿਲ੍ਹੇ ਵਿੱਚੋਂ ਅੱਵਲ ਰਿਹਾ ਸੀ। ਜਸਵੰਤ ਸਿੰਘ ਨੇ ਆਪਣੇ ਭਰਾ ਜਗਜੀਤ ਨੂੰ ਡੀਵੀਏ ਕਾਲਜ ਜਲੰਧਰ ਵਿਖੇ ਦਾਖ਼ਲ ਕਰਵਾਇਆ ਤਾਂ ਕਿ ਉਸ ਦੀ ਕਲਾ ਹੋਰ ਉੱਭਰ ਸਕੇ। ਇੱਥੇ ਉਸ ਨੇ ਉਸਤਾਦ ਸੋਹਨ ਸਿੰਘ ਤੋਂ ਸੰਗੀਤ ਸਿੱਖਿਆ ਅਤੇ ਯੁਵਕ ਮੇਲਿਆਂ ਵਿੱਚ ਮੱਲਾਂ ਮਾਰਨ ਤੋਂ ਇਲਾਵਾ ਆਲ ਇੰਡੀਆ ਰੇਡੀਓ ਜਲੰਧਰ ਤੋਂ ਪ੍ਰੋਗਰਾਮ ਵੀ ਪੇਸ਼ ਕੀਤੇ। ਗ੍ਰੈਜੂਏਸ਼ਨ ਮਗਰੋਂ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸੂਰਜ ਭਾਨ ਨੇ ਉਸ ਦਾ ਦਾਖ਼ਲਾ ਐੱਮਏ ਹਿਸਟਰੀ ਵਿੱਚ ਕਰਵਾ ਲਿਆ। ਜਗਜੀਤ ਨੇ ਦੋ ਸਾਲ ਵਿੱਚ ਆਪਣੀ ਯੂਨੀਵਰਸਿਟੀ ਲਈ ਅਨੇਕਾਂ ਮੈਡਲ ਤੇ ਟਰਾਫ਼ੀਆਂ ਜਿੱਤੀਆਂ। ਪਰਿਵਾਰ ਦੀ ਇੱਛਾ ਸੀ ਕਿ ਜਗਜੀਤ ਸਿੰਘ ਆਈ.ਏ.ਐੱਸ. ਅਫ਼ਸਰ ਬਣੇ, ਪਰ ਉਸ ਦੇ ਅੰਦਰ ਬੈਠੇ ਕਲਾਕਾਰ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਇੱਕ ਵਾਰੀ ਜਦੋਂ ਫ਼ਿਲਮ ਅਦਾਕਾਰ ਓਮ ਪ੍ਰਕਾਸ਼ ਨੇ ਜਗਜੀਤ ਸਿੰਘ ਨੂੰ ਊਟੀ ਵਿਖੇ ਸੁਣਿਆ ਤਾਂ ਉਸ ਨੇ ਉਸ ਦੀ ਕਲਾ ਨੂੰ ਪਛਾਣ ਲਿਆ ਅਤੇ ਉਸ ਨੂੰ 1963 ਵਿੱਚ ਬੰਬਈ ਬੁਲਾ ਲਿਆ। ਇੱਥੇ ਉਸ ਨੇ ਜਗਜੀਤ ਸਿੰਘ ਨੂੰ ਕਈ ਸੰਗੀਤਕਾਰਾਂ ਨਾਲ ਮਿਲਵਾਇਆ, ਪਰ ਉੱਥੇ ਉਨ੍ਹਾਂ ਨੇ ਉਸ ਦੇ ਪੈਰ ਨਹੀਂ ਲੱਗਣ ਦਿੱਤੇ। ਇਸ ਦੇ ਬਾਵਜੂਦ ਉਹ ਲਗਾਤਾਰ ਮਿਹਨਤ ਕਰਦਾ ਰਿਹਾ। ਇਸ ਤੋਂ ਬਾਅਦ ਉਸ ਨੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ।

ਸਾਲ 1991 ਵਿੱਚ ਕਾਰ ਹਾਦਸੇ ਵਿੱਚ ਆਪਣੇ ਬੇਟੇ ਵਿਵੇਕ ਦੀ ਮੌਤ ਤੋਂ ਬਾਅਦ ਜਗਜੀਤ ਅਤੇ ਚਿਤਰਾ ਸਿੰਘ ਅੰਦਰੋਂ ਟੁੱਟ ਚੁੱਕੇ ਸਨ। ਉਸ ਸਮੇਂ ਵਿਵੇਕ ਦੀ ਉਮਰ ਸਿਰਫ਼ 21 ਸਾਲ ਸੀ। ਇਸ ਤੋਂ ਬਾਅਦ ਉਨ੍ਹਾਂ ਦੀ ਪਤਨੀ ਚਿਤਰਾ ਨੇ ਗਾਇਕੀ ਤੋਂ ਸੰਨਿਆਸ ਲੈ ਲਿਆ। ਜਗਜੀਤ ਸਿੰਘ ਵੀ ਸਦਮੇ ਕਾਰਨ ਕੁਝ ਸਮਾਂ ਗਾਇਕੀ ਤੋਂ ਦੂਰ ਰਿਹਾ। ਉਂਝ, ਉਸ ਨੂੰ ਹਮੇਸ਼ਾ ਗਾਇਕੀ ਵਿੱਚ ਹੀ ਸਕੂਨ ਮਿਲਦਾ ਸੀ। ਗ਼ਜ਼ਲ ਗਾਇਕੀ ਵਿੱਚ ਪਾਏ ਨਵੇਂ ਪੂਰਨਿਆਂ ਸਦਕਾ 1998 ਵਿੱਚ ਉਸ ਨੂੰ ਸਾਹਿਤ ਅਕਾਦਮੀ ਐਵਾਰਡ ਮਿਲਿਆ। 2003 ਵਿੱਚ ਉਸ ਨੂੰ ਭਾਰਤ ਸਰਕਾਰ ਦੁਆਰਾ ਪਦਮ ਭੂਸ਼ਣ ਦਿੱਤਾ ਗਿਆ। 2006 ਵਿੱਚ ਟੀਚਰਜ਼ ਲਾਈਫ਼ਟਾਈਮ ਅਚੀਵਮੈਂਟ ਐਵਾਰਡ ਮਿਲਿਆ। ਉਸ ਦੀਆਂ ਕੁਝ ਗ਼ਜ਼ਲਾਂ ਬਹੁਤ ਮਕਬੂਲ ਹੋਈਆਂ ਜਿਨ੍ਹਾਂ ਵਿੱਚੋਂ 'ਹੋਠੋਂ ਸੇ ਛੂਹ ਲੋ ਤੁਮ', 'ਵੋ ਕਾਗਜ਼ ਕੀ ਕਸ਼ਤੀ', 'ਚਿੱਠੀ ਨਾ ਕੋਈ ਸੰਦੇਸ਼', 'ਯੇ ਦੌਲਤ ਭੀ ਲੇ ਲੋ', 'ਤੁਮ ਕੋ ਦੇਖਾ ਤੋ ਯੇ ਖਿਆਲ ਆਇਆ', 'ਝੁਕੀ ਝੁਕੀ ਸੀ ਨਜ਼ਰ', 'ਤੁਮ ਇਤਨਾ ਜੋ ਮੁਸਕਰਾ ਰਹੇ ਹੋ' ਆਦਿ।

ਉਸ ਨੇ ਪੰਜਾਬੀ ਗੀਤ ਵੀ ਗਾਏ ਜਿਨ੍ਹਾਂ ਵਿੱਚੋਂ 'ਮਾਏ ਨੀ ਮਾਏ ਮੈਂ ਇੱਕ ਸ਼ਿਕਰਾ ਯਾਰ ਬਣਾਇਆ', 'ਚੁੱਲ੍ਹੇ ਅੱਗ ਨਾ ਘੜੇ ਦੇ ਵਿੱਚ ਪਾਣੀ, ਛੜਿਆਂ ਦੀ ਜੂਨ ਬੁਰੀ', 'ਰੱਬਾ ਸਾਡੀ ਵੀ ਬਣਾਦੇ ਕੋਈ ਰਾਣੀ' ਆਦਿ ਗਾ ਕੇ ਮਕਬੂਲੀਅਤ ਹਾਸਲ ਕੀਤੀ। 23 ਸਤੰਬਰ 2011 ਨੂੰ ਗੁਲਾਮ ਅਲੀ ਨਾਲ ਇੱਕ ਸੰਗੀਤ ਸਮਾਰੋਹ ਤੋਂ ਪਹਿਲਾਂ ਜਗਜੀਤ ਸਿੰਘ ਨੂੰ ਬ੍ਰੇਨ ਹੈਮਰੇਜ ਹੋ ਗਿਆ ਸੀ। 10 ਅਕਤੂਬਰ 2011 ਨੂੰ ਗ਼ਜ਼ਲ ਸਮਰਾਟ ਜਗਜੀਤ ਸਿੰਘ ਇਸ ਫ਼ਾਨੀ ਦੁਨੀਆਂ ਨੂੰ ਅਲਵਿਦਾ ਆਖ ਗਿਆ। ਉਸ ਨੂੰ ਮਰਨ ਉਪਰੰਤ ਰਾਜਸਥਾਨ ਦੀ ਸਰਕਾਰ ਵੱਲੋਂ 'ਰਾਜਸਥਾਨ ਰਤਨ 2013' ਨਾਲ ਸਨਮਾਨਿਤ ਕੀਤਾ ਗਿਆ ਜੋ ਕਿ ਰਾਜਸਥਾਨ ਦਾ ਸਭ ਤੋਂ ਉੱਚਾ ਨਾਗਰਿਕ ਪੁਰਸਕਾਰ ਹੈ।

ਅੱਜ ਵੀ ਉਸ ਦੇ ਸਰੋਤੇ ਉਸ ਦੀ ਇਹ ਗ਼ਜ਼ਲ ਗੁਣਗੁਣਾ ਕੇ ਉਸ ਨੂੰ ਯਾਦ ਕਰਦੇ ਹਨ;

ਚਿੱਠੀ ਨਾ ਕੋਈ ਸੰਦੇਸ਼
ਜਾਨੇ ਵੋ ਕੌਨ ਸਾ ਦੇਸ਼
ਜਹਾਂ ਤੁਮ ਚਲੇ ਗਏ
ਜਹਾਂ ਤੁਮ ਚਲੇ ਗਏ।



***

## ਪੁਰਾਣੇ ਵਿਆਹਾਂ ਦੀ

ਸਵਾਗਤੀ ਗੀਤ ਤੋਂ ਬਾਅਦ ਔਰਤਾਂ ਵੀ ਜਾਂਞੀਆਂ ਨੂੰ ਸਿੱਠਣੀਆਂ ਦੇਣੀਆਂ ਸ਼ੁਰੂ ਕਰ ਦਿੰਦੀਆਂ ਅਤੇ ਲਾੜੇ, ਲਾੜੇ ਦੇ ਪਿਓ ਅਤੇ ਵਿਚੋਲੇ ਖ਼ਾਸ ਕਰਕੇ ਉਨ੍ਹਾਂ ਦੀ ਰਡਾਰ ’ਤੇ ਹੁੰਦੇ ਸਨ। ਜਾਂਞੀ ਤਾਂ ਕੋਰਿਆਂ ’ਤੇ ਬੈਠਦੇ ਸਾਰ ਹੀ ਕੁਝ ਖਾਣ ਪੀਣ ਦਾ ਪ੍ਰਬੰਧ ਦੇਖਣ ਲੱਗਦੇ ਸਨ। ਕੁੜੀ ਵਾਲਿਆਂ ਵੱਲੋਂ ਸਭ ਤੋਂ ਪਹਿਲਾਂ ਪਿੰਡ ਦਾ ਇੱਕ ਵਿਅਕਤੀ ਸਾਰੇ ਬਰਾਤੀਆਂ ਅੱਗੇ ਪਿੱਤਲ ਦੇ ਥਾਲ ਰੱਖ ਜਾਂਦਾ, ਫਿਰ ਦੂਜਾ ਆ ਕੇ ਪਿੱਤਲ ਦੇ ਵੱਡੇ-ਵੱਡੇ ਗਲਾਸ ਰੱਖ ਜਾਂਦਾ। ਇੰਨੇ ਵਿੱਚ ਹੀ ਇੱਕ ਵਿਅਕਤੀ ਲੱਡੂਆਂ ਦੀ ਭਰੀ ਪਰਾਤ ਲੈ ਕੇ ਸਾਰੇ ਥਾਲਾਂ ਵਿੱਚ ਦੋ-ਦੋ ਲੱਡੂ ਰੱਖ ਜਾਂਦਾ ਤਾਂ ਫਿਰ ਇੱਕ ਹੋਰ ਵਿਅਕਤੀ ਉਨ੍ਹਾਂ ਥਾਲਾਂ ਲਈ ਹੀ ਜਲੇਬੀਆਂ ਦੀ ਭਰੀ ਪਰਾਤ ਲੈ ਕੇ ਆਉਂਦਾ ਅਤੇ ਹਰ ਬਰਾਤੀ ਦੇ ਥਾਲ ਵਿੱਚ ਚਾਰ-ਚਾਰ ਜਲੇਬੀਆਂ ਰੱਖ ਜਾਂਦਾ। ਇਸ ਮੌਕੇ ’ਤੇ ਬੜਾ ਵਿਲੱਖਣ ਜਿਹਾ ਨਜ਼ਾਰਾ ਪੇਸ਼ ਹੋ ਰਿਹਾ ਹੁੰਦਾ ਸੀ। ਇਸ ਨੂੰ ਹੋਰ ਸੱਭਿਆਚਾਰਕ ਰੰਗ ਦੇਣ ਲਈ ਔਰਤਾਂ ਸਿੱਠਣੀਆਂ ਉੱਚੀ-ਉੱਚੀ ਗਾਉਂਦੀਆਂ ਅਤੇ ਲਾੜੇ ਨੂੰ ਸੰਬੋਧਤ ਹੁੰਦੀਆਂ ਹੋਈਆਂ ਕਹਿੰਦੀਆਂ;

ਦੇਖ ਬਾਪੂ ਲੱਡੂ ਆਇਆ

ਪਰ ਇਸ ਦੇ ਨਾਲ ਹੀ ਔਰਤਾਂ ਦੀ ਦੂਜੀ ਟੋਲੀ ਗੱਲ ਨੂੰ ਸਾਂਭਦੀ ਹੋਈ ਕਹਿੰਦੀ;

ਚੁੱਪ ਕਰ ਬੱਚਾ, ਮਸਾ ਧਿਆਇਆ।

ਇਸ ਆਨੰਦਮਈ ਸਮੇਂ ਵਿੱਚ ਦੂਰੋਂ ਆਏ ਬਰਾਤੀ ਖਾਣ ਦਾ ਆਨੰਦ ਮਾਣਦੇ ਕੋਰਿਆਂ ’ਤੇ ਬੈਠੇ ਹੀ ਆਪਣੇ ਆਪ ਨੂੰ ਅਜੋਕੇ ਪੰਜ ਤਾਰਾ ਹੋਟਲਾਂ ਦੇ ਸ਼ਾਹੀ ਸੋਫਿਆਂ ਤੋਂ ਵੱਧ ਆਨੰਦਮਈ ਮਹਿਸੂਸ ਕਰਦੇ ਸਨ। ਇੱਕ ਪਾਸੇ ਦਮਦਾਰ ਸਵਾਗਤ, ਦੂਜਾ ਦੇਸੀ ਮਠਿਆਈ ਦਾ ਸਵਾਦ ਅਤੇ ਤੀਜਾ ਪੰਜਾਬੀ ਸੱਭਿਆਚਾਰ ਦੀ ਟਕੋਰ, ਉਨ੍ਹਾਂ ਨੂੰ ਕਿਸੇ ਹੋਰ ਹੀ ਜਹਾਨ ਪਹੁੰਚਾ ਦਿੰਦੇ। ਭਾਵੇਂ ਉਹ ਵਿਆਹ ਸਾਦਾ, ਘੱਟ ਖ਼ਰਚ ਵਾਲਾ ਅਤੇ ਅਜੋਕੇ ਫਾਲਤੂ ਅਡੰਬਰਾਂ ਤੋਂ ਕਿਤੇ ਦੂਰ ਹੁੰਦਾ ਸੀ, ਪਰ ਉਸ ਵਿੱਚ ਸਨੇਹ, ਮਿਲਵਰਤਨ, ਪਿਆਰ ਭਰੀ ਮਿਠਾਸ ਅਤੇ ਪੇਂਡੂ ਮਾਹੌਲ ਦੀ ਖ਼ੁਸ਼ਬੂ ਭਰੀ ਹੁੰਦੀ ਸੀ। ਇਸ ਤਰ੍ਹਾਂ ਉਹ ਕੋਰਿਆਂ ’ਤੇ ਬੈਠ ਕੇ ਚਾਹ ਪੀਣ ਜਾਂ ਫਿਰ ਰੋਟੀ ਖਾਣ ਨੂੰ ਬਹੁਤ ਹੀ ਆਨੰਦਮਈ ਸਮਝਦੇ ਅਤੇ ਆਪਣੇ-ਆਪ ਨੂੰ ਜਾਂਞੀ ਬਣ ਕੇ ਆਉਣ ਲਈ ਸੁਭਾਗਾ ਸਮਝਦੇ।

ਉਹ ਪੇਂਡੂ ਸੱਭਿਆਚਾਰ ਦਾ ਰੰਗੀਨ ਦੌਰ ਸੀ। ਭਾਵੇਂ ਬਰਾਤ ਦੋ-ਤਿੰਨ ਦਿਨ ਠਹਿਰ ਜਾਂਦੀ ਸੀ, ਪਰ ਕਿਸੇ ਨੂੰ ਥਕੇਵੇਂ ਦਾ ਯਾਦ ਚੇਤਾ ਵੀ ਨਹੀਂ ਸੀ ਹੁੰਦਾ। ਵਿਆਹ ਦੇ ਦਿਨ ਕਹਿੰਦੇ ਤੀਆਂ ਵਾਂਗੂ ਲੰਘ ਜਾਂਦੇ ਸੀ। ਭਾਵੇਂ ਅਜੋਕੇ ਵਿਆਹ ਵੱਡੇ-ਵੱਡੇ ਮੈਰਿਜ ਪੈਲੇਸਾਂ ਵਿੱਚ ਹੁੰਦੇ ਹਨ, ਸ਼ਾਨਦਾਰ ਟੈਂਟ ਲ ਕੇ ਵਧੀਆ ਸਜਾਵਟ ਕੀਤੀ ਜਾਂਦੀ ਹੈ ਅਤੇ ਖਾਣ ਲਈ 36 ਤਰ੍ਹਾਂ ਦੇ ਖਾਣੇ ਤਿਆਰ ਕੀਤੇ ਜਾਂਦੇ ਹਨ ਅਤੇ ਬੈਠਣ ਲਈ ਗੋਲਦਾਰ ਟੇਬਲ ਲਗਾ ਕੇ ਵਧੀਆ ਦਿੱਖ ਬਣਾਈ ਜਾਂਦੀ ਹੈ। ਪੁਰਾਣੇ ਪਿੱਤਲ ਦੇ ਬਰਤਨਾਂ ਦੀ ਥਾਂ ਨਵੀਂ ਕਿਸਮ ਦੀਆਂ ਪਲੇਟਾਂ ਵਰਤੀਆਂ ਜਾਂਦੀਆਂ ਹਨ, ਪਰ ਉਹ ਕੋਰਿਆਂ ’ਤੇ ਬੈਠ ਕੇ ਖਾਣਾ ਖਾਣ ਦਾ ਆਨੰਦ ਵੱਖਰਾ ਹੀ ਹੁੰਦਾ ਸੀ। ਪੁਰਾਣੇ ਬਜ਼ੁਰਗ ਤਾਂ ਉਨ੍ਹਾਂ ਦਿਨਾਂ ਨੂੰ ਯਾਦ ਕਰਦੇ ਹੋਏ ਉਨ੍ਹਾਂ ਨਜ਼ਾਰਿਆਂ ਦੀਆਂ ਗੱਲਾਂ ਕਰਦੇ ਹੀ ਨਹੀਂ ਥੱਕਦੇ।

***

## ਨਿਊਜ਼ੀਲੈਂਡ ਪਹਿਲੀ ਵਾਰੀ ਬਣਿਆ

ਹੈਲੀਡੇ ਦੇ ਨਾਲ ਕੇਰ ਨੇ ਵੀ ਇਸ ਓਵਰ ’ਚ ਡੀ ਕਲੇਰਕ ਦੇ ਵਿਰੁਧ ਚੌਕੇ ਲਗਾਏ। ਨਿਊਜ਼ੀਲੈਂਡ ਨੇ ਆਖ਼ਰੀ ਦੋ ਓਵਰਾਂ ’ਚ 25 ਦੌੜਾਂ ਬਣਾ ਕੇ ਅਪਣੀ ਰਨ ਰੇਟ ਤੇਜ਼ ਕਰ ਦਿਤੀ ।

ਹੈਲੀਡੇ ਨੂੰ 18ਵੇਂ ਓਵਰ ਵਿੱਚ ਟ੍ਰਿਓਨ ਦੇ ਵਿਰੁੱਧ ਵੱਡਾ ਸ਼ਾਟ ਖੇਡਣ ਦੀ ਕੋਸ਼ਿਸ਼ ਵਿਚ ਬਾਊਂਡਰੀ ਨੇੜੇ ਅਨੇਕ ਬੋਸ਼ ਨੇ ਕੈਚ ਕੀਤਾ। ਕੇਰ ਨੇ ਅਗਲੇ ਓਵਰ ਵਿਚ ਮਲਾਬਾ ਦੇ ਵਿਰੁੱਧ ਲਗਾਤਾਰ ਗੇਂਦਾਂ ਮਾਰੀਆਂ। ਹਾਲਾਂਕਿ ਉਸ ਨੂੰ ਇੱਕ ਹੋਰ ਵੱਡਾ ਸ਼ਾਟ ਖੇਡਣ ਦੀ ਕੋਸ਼ਿਸ਼ ਕਰਦੇ ਹੋਏ ਤਾਜ਼ਮੀਨ ਬ੍ਰਿਟਿਸ਼ ਨੇ ਫੜ ਲਿਆ। ਮੈਡੀ ਗ੍ਰੀਨ (ਨਾਬਾਦ 12) ਨੇ ਆਖਰੀ ਓਵਰ ’ਚ ਖਾਕਾ ਵਿਰੁੱਧ ਟੀਮ ਦੇ 158 ਦੌੜਾਂ ਦੇ ਸਕੋਰ ਤਕ ਪਹੁੰਚਣ ’ਚ ਮਹੱਤਵਪੂਰਨ ਯੋਗਦਾਨ ਦਿੱਤਾ।

***

## ਜਥੇਦਾਰ ਸਾਹਿਬਾਨਾਂ ਨੂੰ ਆਪਣੀਆਂ

ਜੇਕਰ ਅਜਿਹਾ ਹੁੰਦਾ ਤਾਂ ਜਥੇਦਾਰ ਸਾਹਿਬ ਨੂੰ ਨਾ ਹੀ ਕੋਈ ਸਿੱਖ ਆਗੂ ਧਮਕੀਆਂ ਦੇਣ ਦੀ ਹਿੰਮਤ ਕਰ ਸਕਦਾ ਹੈ ਅਤੇ ਨਾ ਹੀ ਜਥੇਦਾਰ ਸਾਹਿਬ ਨੂੰ ਕੌਮ ਦੇ ਸਾਹਮਣੇ ਬੇਬਸ ਹੋਇਆ ਦੇਖਣ ਦੀ ਲੋੜ ਪੈ ਸਕਦੀ ਹੈ।

ਅੱਜ ਸਿੱਖ ਕੌਮ ਦੀ ਦਿਨ ਪ੍ਰਤੀ-ਦਿਨ ਬਿਖਰਦੀ ਜਾ ਰਹੀ ਕੌਮੀ ਦਿਸ਼ਾ ਅਤੇ ਕੌਮੀ ਸੇਧ ਨੂੰ ਸਾਂਭਣ ਲਈ ਇਹ ਪ੍ਰਮੁੱਖ ਜ਼ਰੂਰਤ ਹੈ ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਉਪਾਧੀ ਨੂੰ ਕਿਸੇ ਰਾਜਨੀਤਿਕ ਅਤੇ ਧਾਰਮਿਕ ਸੰਸਥਾ ਤੋਂ ਉੱਪਰ ਚੁੱਕਿਆ ਜਾਵੇ ਤਾਂ ਜੋ ਉਹ ਸਮੁੱਚੀ ਸਿੱਖ ਕੌਮ ਦੀ ਪ੍ਰਤੀਨਿਧਤਾ ਦਾ ਪ੍ਰਤੀਕ ਬਣ ਸਕੇ।

ਜਥੇਦਾਰ ਸਾਹਿਬਾਨਾਂ ਨੂੰ ਭਾਵੁਕ ਨਹੀ ਬਲਕਿ ਆਪਣੀਆਂ ਕਮਜ਼ੋਰੀਆਂ ਉੱਪਰ ਕਾਬੂ ਪਾਕੇ ਸਖ਼ਤ ਹੋਣ ਦੀ ਜ਼ਰੂਰਤ ਹੈ। ਉਨ੍ਹਾਂ ਨੂੰ ਪੰਥਕ ਫ਼ੈਸਲੇ ਬੜੀ ਸੂਝ ਬੂਝ ,ਨਿਰਪੱਖਤਾ ਤੇ ਪੰਥਕ ਭਲਾਈ ਅਨੁਸਾਰ ਲਏ ਜਾਣੇ ਚਾਹੀਦੇ ਹਨ। ਅਕਾਲ ਤਖ਼ਤ ਸਿੱਖ ਕੌਮ ਦੀ ਆਜ਼ਾਦ ਹਸਤੀ ਦਾ ਪ੍ਰਤੀਕ ਹੈ।

***

## ਨਿਆਂ ਦੀ ਤਸਵੀਰ ਬਦਲਣ ਦੀ

ਇੱਕ ਲੱਖ 80 ਹਜ਼ਾਰ ਮਾਮਲੇ ਅਜਿਹੇ ਹਨ, ਜਿਹੜੇ 30 ਸਾਲ ਤੋਂ ਚੱਲ ਰਹੇ ਹਨ। ਨੀਤੀ ਆਯੋਗ ਨੇ 2018 ਵਿੱਚ ਇੱਕ ਰਿਪੋਰਟ ਵਿੱਚ ਕਿਹਾ ਸੀ ਕਿ ਜੇ ਸੁਣਵਾਈ ਇਸੇ ਤਰ੍ਹਾਂ ਹੁੰਦੀ ਰਹੀ ਤਾਂ ਸਾਰੇ ਪੈਂਡਿੰਗ ਮਾਮਲਿਆਂ ਨੂੰ ਨਿਪਟਾਉਣ ਵਿੱਚ 324 ਸਾਲ ਲੱਗ ਜਾਣਗੇ। ਨਿਆਂ ਦੇ ਨਿਰਪੱਖ ਹੋਣ ਦੇ ਨਾਲ ਹੀ ਇਹ ਵੀ ਜ਼ਰੂਰੀ ਹੈ ਕਿ ਉਹ ਵੇਲੇ ਸਿਰ ਮਿਲੇ, ਵਰਨਾ ਉਹ ਕਿੰਨਾ ਵੀ ਨਿਰਪੱਖ ਕਿਉਂ ਨਾ ਹੋਵੇ, ਕਿਸੇ ਕੰਮ ਦਾ ਨਹੀਂ ਰਹਿੰਦਾ। ਅੱਜ ਭਾਰਤ ’ਚ 10 ਲੱਖ ਦੀ ਆਬਾਦੀ ਪਿੱਛੇ ਔਸਤਨ 21 ਜੱਜ ਕੰਮ ਕਰ ਰਹੇ ਹਨ, ਜਦਕਿ ਯੂਰਪ ਵਿੱਚ 210 ਤੇ ਅਮਰੀਕਾ ’ਚ 150 ਕਰ ਰਹੇ ਹਨ। ਜੇ ਅਮਰੀਕਾ ਦੇ ਪੈਮਾਨੇ ’ਤੇ ਵੀ ਚੱਲੀਏ ਤਾਂ 145 ਕਰੋੜ ਦੀ ਆਬਾਦੀ ਵਾਲੇ ਦੇਸ਼ ਦੇ ਪੈਂਡਿੰਗ ਮਾਮਲਿਆਂ ਦੇ ਨਿਬੇੜੇ ਲਈ 2 ਲੱਖ 17 ਹਜ਼ਾਰ ਜੱਜ ਚਾਹੀਦੇ ਹਨ। ਸੁਪਰੀਮ ਕੋਰਟ ਵਿੱਚ ਨਿਆਂ ਦੀ ਦੇਵੀ ਦੀ ਸੂਰਤ ਤਾਂ ਬਦਲ ਦਿੱਤੀ ਗਈ ਹੈ, ਪਰ ਨਿਆਂ ਪ੍ਰਣਾਲੀ ਦੀ ਸੀਰਤ ਉਦੋਂ ਹੀ ਬਦਲੇਗੀ, ਜਦੋਂ ਜੱਜਾਂ ਦੇ ਸਾਰੇ ਅਹੁਦੇ ਭਰੇ ਜਾਣਗੇ ਤੇ ‘ਤਾਰੀਖ ਪਰ ਤਾਰੀਖ’ ਦਾ ਸਿਲਸਿਲਾ ਖਤਮ ਹੋਵੇਗਾ।

****

## ਅਮਰੀਕੀ ਨਿਆਂ ਵਿਭਾਗ ਨੇ

ਅਤੇ ਹਵਾਲਗੀ ਤੋਂ ਬਾਅਦ ਉਹ ਅਮਰੀਕੀ ਜੇਲ੍ਹ ’ਚ ਬੰਦ ਹੈ। ਅਮਰੀਕਾ ਦੇ ਅਟਾਰਨੀ ਜਨਰਲ ਮੈਰਿਕ ਬੀ ਗਾਰਲੈਂਡ ਨੇ ਕਿਹਾ, “ਅੱਜ ਦੇ ਦੋਸ਼ ਦਰਸਾਉਂਦੇ ਹਨ ਕਿ ਨਿਆਂ ਵਿਭਾਗ ਅਮਰੀਕੀਆਂ ਨੂੰ ਨਿਸ਼ਾਨਾ ਬਣਾਉਣ, ਖ਼ਤਰੇ ਵਿੱਚ ਪਾਉਣ ਜਾਂ ਕਿਸੇ ਵੀ ਅਮਰੀਕੀ ਨਾਗਰਿਕ ਦੇ ਅਧਿਕਾਰਾਂ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਨੂੰ ਬਰਦਾਸ਼ਤ ਨਹੀਂ ਕਰੇਗਾ।”

ਐਫ਼.ਬੀ.ਆਈ. ਦੇ ਡਾਇਰੈਕਟਰ ਕ੍ਰਿਸਟੋਫ਼ਰ ਰੇ ਨੇ ਕਿਹਾ, “ਮੁਲਜ਼ਮ ਭਾਰਤੀ ਸਰਕਾਰੀ ਮੁਲਾਜ਼ਮ ਹੈ। ਉਸ ਨੇ ਕਥਿਤ ਤੌਰ ’ਤੇ ਇਕ ਅਪਰਾਧਕ ਸਹਿਯੋਗੀ ਨਾਲ ਮਿਲ ਕੇ ਸਾਜ਼ਿਸ਼ ਰਚੀ ਅਤੇ ਅਮਰੀਕੀ ਧਰਤੀ ’ਤੇ ਇੱਕ ਅਮਰੀਕੀ ਨਾਗਰਿਕ ਦੀ ਹਤਿਆ ਕਰਨ ਦੀ ਕੋਸ਼ਿਸ਼ ਕੀਤੀ।”

ਭਾਰਤ ਸਰਕਾਰ ਨੇ ਅਮਰੀਕੀ ਧਰਤੀ ’ਤੇ ਕਿਸੇ ਵੀ ਅਮਰੀਕੀ ਨਾਗਰਿਕ ਨੂੰ ਮਾਰਨ ਦੀ ਕਿਸੇ ਵੀ ਸਾਜ਼ਿਸ਼ ’ਚ ਸ਼ਾਮਲ ਹੋਣ ਤੋਂ ਇਨਕਾਰ ਕੀਤਾ ਹੈ। ਅਮਰੀਕਾ ਦੇ ਦੋਸ਼ਾਂ ਤੋਂ ਬਾਅਦ ਭਾਰਤ ਨੇ ਇਸ ਮਾਮਲੇ ਦੀ ਜਾਂਚ ਲਈ ਇੱਕ ਜਾਂਚ ਕਮੇਟੀ ਦਾ ਗਠਨ ਕੀਤਾ ਸੀ। ਅਮਰੀਕਾ ਨੇ ਇਸ ਮਾਮਲੇ ’ਚ ਭਾਰਤ ਦੇ ਸਹਿਯੋਗ ’ਤੇ ਸੰਤੁਸ਼ਟੀ ਜ਼ਾਹਰ ਕੀਤੀ ਹੈ।

ਇਸ ਮੁੱਦੇ ’ਤੇ ਫ਼ੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ, ਨਿਆਂ ਵਿਭਾਗ ਅਤੇ ਵਿਦੇਸ਼ ਵਿਭਾਗ ਦੇ ਅਧਿਕਾਰੀਆਂ ਨਾਲ ਬੈਠਕ ਲਈ ਭਾਰਤੀ ਜਾਂਚ ਕਮੇਟੀ ਦੇ ਇੱਥੇ ਪਹੁੰਚਣ ਦੇ 48 ਘੰਟਿਆਂ ਦੇ ਅੰਦਰ ਅਦਾਲਤ ਵਿੱਚ ਦੂਜੀ ਚਾਰਜਸ਼ੀਟ ਦਾਇਰ ਕੀਤੀ ਗਈ।

***

## ਕੈਨੇਡਾ ਖਿਲਾਫ਼ ਗੈਂਗਸਟਰ ਲਾਰੈਂਸ ਨੂੰ

ਉਸ ਵਿੱਚ ਜੇਕਰ ਥੋੜ੍ਹੀ ਜਿਹੀ ਵੀ ਸੱਚਾਈ ਹੈ ਤਾਂ ਭਾਰਤ ਵਿੱਚ ਵੀ ਵਿਰੋਧ ਕਰਨ ਵਾਲਿਆਂ ਨੂੰ ਰੱਬ ਹੀ ਬਚਾ ਸਕਦਾ ਹੈ!

ਕਾਂਗਰਸ ਆਗੂ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਹੈ ਕਿ ਬਹੁਤ ਦੁੱਖ ਦੀ ਗੱਲ ਹੈ ਕਿ ਜਿੱਥੇ ਅਮਰੀਕਾ ਅਤੇ ਕੈਨੇਡਾ ਵਰਗੇ ਦੇਸ਼ ਸਿੱਖਾਂ ਪ੍ਰਤੀ ਚਿੰਤਤ ਹਨ, ਉਥੇ ਹੀ ਸਾਡੇ ਪੰਜਾਬ ਦੇ ਆਗੂ ਅਤੇ ਲੋਕ ਕੁੱਲ੍ਹੜ ਪੀਜ਼ਾ ਜੋੜੇ ਅਤੇ ਵਿਰਸਾ ਸਿੰਘ ਵਲਟੋਹਾ ਵਰਗੇ ਬੇਤੁੱਕੇ ਮੁੱਦਿਆਂ ਤੱਕ ਉਲਝੇ ਹੋਏ ਹਨ। ਖਹਿਰਾ ਨੇ ਕਿਹਾ ਕਿ ਜੋ ਪੰਜਾਬ ਦੇ ਅਸਲ ਮੁੱਦੇ ਹਨ, ਜਿਨ੍ਹਾਂ ’ਤੇ ਪੰਜਾਬ ਦਾ ਭਵਿੱਖ ਦਾਅ ’ਤੇ ਲੱਗਿਆ ਹੋਇਆ ਹੈ, ਉਨ੍ਹਾਂ ਵੱਲ ਕਿਸੇ ਆਗੂ ਦਾ ਧਿਆਨ ਨਹੀਂ ਜਾ ਰਿਹਾ। ਉਹ ਮੁੱਦਾ ਹੈ ਕੈਨੇਡਾ ਵਿੱਚ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਦਾ ਮਾਮਲਾ। ਪਿਛਲੇ ਦਿਨੀਂ ਕੈਨੇਡਾ ਦੇ ਪੀ.ਐਮ. ਜਸਟਿਨ ਟਰੂਡੋ ਤੇ ਕੈਨੇਡਾ ਦੇ ਆਫ਼ੀਸ਼ਿਅਲਜ਼ ਨੇ ਖ਼ੁਲਾਸਾ ਕੀਤਾ ਹੈ ਕਿ ਇਸ ਕਤਲ ਵਿੱਚ ਭਾਰਤ ਦੀਆਂ ਏਜੰਸੀਆਂ ਤੇ ਅਧਿਕਾਰੀਆਂ ਦੀ ਸ਼ਮੂਲੀਅਤ ਹੈ। ਖਹਿਰਾ ਨੇ ਕਿਹਾ ਕਿ ਕੈਨੇਡਾ ਦੇ ਨਾਲ-ਨਾਲ ਅਮਰੀਕੀ ਪੁਲਿਸ ਨੇ ਵੀ ਇੱਕ ਬੰਦਾ ਫ਼ੜਿਆ ਹੈ ਤੇ ਸਥਾਨਕ ਅਦਾਲਤ ਵਿੱਚ ਭਾਰਤ ਦੀ ਰਾਅ ਏਜੰਸੀ ਦਾ ਇੱਕ ਬੰਦਾ ਨਾਮਜ਼ਦ ਕੀਤਾ ਹੈ। ਇਸ ਸਭ ਵਿੱਚ ਭਾਰਤ ਦੇ ਨਾਮੀ ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਨਾਂ ਸਾਹਮਣੇ ਆ ਰਿਹਾ ਹੈ। ਬਿਸ਼ਨੋਈ ਨੇ ਤਾਂ ਹਾਲ ਹੀ ਵਿੱਚ ਮੁੰਬਈ ਦੇ ਸਾਬਕਾ ਮੰਤਰੀ ਬਾਬਾ ਸਿੱਦੀਕੀ ਦੇ ਕਤਲ ਦੀ ਵੀ ਜ਼ਿੰਮੇਵਾਰੀ ਲਈ ਹੈ ਤੇ ਜੇਲ੍ਹ ਵਿੱਚੋਂ ਉਸ ਦੀਆਂ ਕਈ ਵੀਡੀਓ ਤੇ ਇੰਟਰਵਿਊਜ਼ ਵਾਇਰਲ ਹੋਈਆਂ ਹਨ। ਬਿਸ਼ਨੋਈ ਨੇ ਸਿੱਧੂ ਮੂਸੇਵਾਲਾ ਦੇ ਕਤਲ ਦੀ ਵੀ ਜ਼ਿੰਮੇਵਾਰੀ ਲਈ ਹੈ।

ਖਹਿਰਾ ਨੇ ਚਿੰਤਾ ਜਤਾਈ ਹੈ ਕਿ ਪੰਜਾਬ ਦੇ ਲੀਡਰ ਇਸ ਵੇਲੇ ਇਹੋ ਜਿਹੇ ਸੰਜੀਦਾ ਮੁੱਦਿਆਂ ’ਤੇ ਮੌਨ ਧਾਰੀ ਬੈਠੇ ਹਨ। ਖ਼ਾਸ ਕਰਕੇ ਅਕਾਲੀ ਦਲ ਦੀ ਲੀਡਰਸ਼ਿਪ ਨੇ ਇਸ ਬਾਰੇ ਇੱਕ ਸ਼ਬਦ ਨਹੀਂ ਬੋਲਿਆ। ਸਿੱਖਾਂ ਦੀ ਨੁਮਾਇੰਦਾ ਸੰਸਥਾ ਸ਼੍ਰੋਮਣੀ ਕਮੇਟੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੀ ਇਸ ਮੁੱਦੇ ’ਤੇ ਚੁੱਪ ਹਨ। ਇੱਕ ਪਾਸੇ 5 ਆਈਜ਼ ਤੇ ਵੈਸਟ ਦੇ ਸ਼ਕਤੀਸ਼ਾਲੀ ਦੇਸ਼ ਸਿੱਖਾਂ ਲਈ ਚਿੰਤਿਤ ਹਨ ਤੇ ਦੂਜੇ ਪਾਸੇ ਪੰਜਾਬ ਦੇ ਆਗੂ ਇਸ ਮੁੱਦੇ ’ਤੇ ਚੁੱਪ ਹਨ। ਖਹਿਰਾ ਨੇ ਸਰਕਾਰ ਸਵਾਲ ਪੁੱਛੇ ਹਨ ਕਿ ਜੇ ਸਰਕਾਰ ਬਾਹਰਲੇ ਸਿੱਖਾਂ ਨੂੰ ਮਰਵਾਉਣ ’ਤੇ ਤੁਲੀ ਹੈ ਤਾਂ ਪੰਜਾਬ ਦੇ ਸਿੱਖ ਕਿੱਦਾਂ ਸੁਰੱਖਿਅਤ ਹਨ? ਸਰਕਾਰ ਦੇ ਬਿਸ਼ਨੋਈ ਨਾਲ ਕੀ ਤਾਲੁਕਾਤ ਹਨ? ਉਹ ਜੇਲ੍ਹ ਵਿੱਚ ਬੈਠ ਕੇ ਇੰਟਰਵਿਊ ਕਿੱਦਾਂ ਦੇ ਸਕਦਾ ਹੈ? ਬਿਸ਼ਨੋਈ ’ਤੇ ਕੋਈ ਐਕਸ਼ਨ ਕਿਉਂ ਨਹੀਂ ਹੋਇਆ?

ਜਲੰਧਰ ਤੋਂ ਕਾਂਗਰਸ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਖਹਿਰਾ ਵਾਂਗ ਕਿਹਾ ਕਿ ਗੈਂਗਸਟਰਾਂ ਦੇ ਉਭਾਰ ਵਿੱਚ ਭਾਰਤੀ ਏਜੰਸੀਆਂ ਸ਼ਾਮਲ ਹਨ। ਚੰਨੀ ਨੇ ਕਿਹਾ ਕਿ ਸਾਡੇ ਲੋਕ ਵੱਡੀ ਗਿਣਤੀ ਵਿੱਚ ਕੈਨੇਡਾ ਵਿਚ ਰਹਿ ਰਹੇ ਹਨ। ਸਾਡੇ ਅਜ਼ੀਜ਼, ਸਾਡੇ ਰਿਸ਼ਤੇਦਾਰ ਉੱਥੇ ਰਹਿ ਰਹੇ ਹਨ ਅਤੇ ਸਾਡੇ ਕੈਨੇਡਾ ਨਾਲ ਬਹੁਤ ਚੰਗੇ ਸਬੰਧ ਹਨ, ਇਸ ਲਈ ਸਰਕਾਰ ਨੂੰ ਕੈਨੇਡਾ ਦੇ ਨਾਲ ਸਬੰਧ ਖ਼ਰਾਬ ਨਹੀਂ ਕਰਨੇ ਚਾਹੀਦੇ। ਸਾਡੀ ਸਰਕਾਰ ਨੂੰ ਦੋ-ਪੱਖੀ ਸਬੰਧਾਂ ਨੂੰ ਸੁਧਾਰਨ ਲਈ ਕਦਮ ਚੁੱਕਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਹੁਣ ਸਾਫ਼ ਹੋ ਚੁੱਕਿਆ ਹੈ ਕਿ ਗੈਂਗਸਟਰਾਂ ਦੇ ਉਭਾਰ ਪਿੱਛੇ ਭਾਰਤੀ ਏਜੰਸੀਆਂ ਸ਼ਾਮਲ ਹਨ ਅਤੇ ਸਿੱਧੂ ਮੂਸੇਵਾਲਾ ਦੀ ਹੱਤਿਆ ਵੀ ਰਾਜਨੀਤਿਕ ਸੀ ਅਤੇ ਇਹ ਗੱਲ ਤੁਹਾਨੂੰ ਥੋੜ੍ਹੀ ਦੇਰ ਬਾਅਦ ਆਪਣੇ ਆਪ ਹੀ ਸਮਝ ਆ ਜਾਵੇਗੀ।

***

## ਸੁਖਬੀਰ ਬਾਦਲ ਦੀ ਸਜ਼ਾ ਦਾ ਦੀਵਾਲੀ

ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਲੀਡਰ ਜਰਨੈਲ ਹੀ ਹੁੰਦੇ ਹਨ। ਪ੍ਰਧਾਨ ਠੀਕ ਹੈ ਕਿ ਆਗੂ ਹੁੰਦਾ ਹੈ। ਗੱਲ ਇਹ ਹੈ ਕਿ ਜਿਹੜੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਵਿਧੀ ਵਿਧਾਂਤ ਅਤੇ ਸਿਧਾਂਤ ਹਨ, ਉਨ੍ਹਾਂ ’ਤੇ ਅਸੀਂ ਕਦੇ ਵੀ ਦਬਾਉ ਨਹੀਂ ਪਾ ਸਕਦੇ। ਇਹ ਸਿੰਘ ਸਾਹਿਬਾਨਾਂ ਦਾ ਅਧਿਕਾਰ ਖੇਤਰ ਹੈ।

ਜੇਕਰ ਅਸੀਂ ਦਬਾਉ ਪਾਉਂਦੇ ਹਾਂ, ਤਾਂ ਅਸੀਂ ਉਸ ਦਾ ਅੱਗੇ ਖਮਿਆਜਾ ਭੁਗਤ ਰਹੇ ਹਾਂ, ਤੇ ਇਹ ਸੰਕਟ ਹੋਰ ਗਹਿਰਾ ਹੋ ਜਾਵੇਗਾ।

ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਚੋਣ ਲੜਨੀ ਚਾਹੀਦੀ ਹੈ। ਜੇ ਮੈਦਾਨ ’ਚੋਂ ਭੱਜ ਜਾਵੇ ਤਾਂ ਸਾਡੇ ਪੱਲੇ ਤਾਂ ਕੱਖ ਨਹੀਂ ਰਹਿਣਾ। ਅਸੀਂ ਸ਼੍ਰੋਮਣੀ ਅਕਾਲੀ ਦਲ ਬਚਾਉਣ, ਆਪਣੀਆਂ ਕਮੀਆਂ ਨੂੰ ਸੁਧਾਰ ਕਰਨ, ਪੰਜ ਪ੍ਰਧਾਨੀ ਪ੍ਰਣਾਲੀ ਅਨੁਸਾਰ ਤਖ਼ਤ ਦੀਆਂ ਮਰਿਆਦਾ ਨੂੰ ਬਚਾਉਣ, ਸ਼੍ਰੋਮਣੀ ਅਕਾਲੀ ਕਮੇਟੀ ਤੇ ਸਿੱਖ ਰਵਾਇਤਾਂ ਨੂੰ ਬਚਾਉਣ ਲਈ ਤੁਰੇ ਹਾਂ।




ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com ’ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ ’ਚ ਜ਼ਰੂਰ ਥਾਂ ਦਿੱਤੀ ਜਾਵੇਗੀ।

ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Email: asrnewwriters@gmail.com www.amritsartimes.com Ph.: (510) 240-5949

## ਰੋਬੋਟ ਕ੍ਰਾਂਤੀ ਵਿੱਚ ਭਾਰਤ

ਰੋਬੋਟਿਕਸ ਕੇਂਦਰਾਂ ਅਤੇ ਇਨਕਿਊਬੇਟਰਾਂ ਦੀ ਸਥਾਪਨਾ, ਰੋਬੋਟਿਕਸ ਕੰਪਨੀਆਂ ਅਤੇ ਸਟਾਰਟਅਪ ਨੂੰ ਟੈਕਸ ਵਿੱਚ ਛੋਟ ਵਧਾਉਣੀ ਹੋਵੇਗੀ। ਉਦਯੋਗਾਂ ਨੂੰ ਰੋਬੋਟਿਕਸ ਨਿਰਮਾਣ ਅਤੇ ਉਸ ਨੂੰ ਅਪਨਾਉਣ ਲਈ ਪ੍ਰੇਰਿਤ ਕਰਨ ਲਈ ਵਿੱਤੀ ਸਹਾਇਤਾ ਵਧਾਉਣੀ ਹੋਵੇਗੀ। ਬਨਾਵਟ, ਨਿਰਮਾਣ, ਸਿਹਤ, ਖੇਤੀ ਵਿੱਚ ਰੋਬੋਟਿਕਸ ਦੀ ਵਰਤੋਂ ਨੂੰ ਕਿਵੇਂ ਵਧਾਈਏ, ਇਸ ਦੀ ਠੋਸ ਯੋਜਨਾ ਬਣਾਉਣੀ ਹੋਵੇਗੀ। ਇਹ ਧਿਆਨ ਰੱਖਣਾ ਅਤਿ ਜ਼ਰੂਰੀ ਹੈ ਕਿ ਇਸ ਦਾ ਲਾਭ ਮਹਿਜ਼ ਵੱਡੇ ਉਦਯੋਗਪਤੀਆਂ, ਉਦਯੋਗਾਂ ਜਾਂ ਅਮੀਰ ਲੋਕਾਂ ਤੱਕ ਸਿਮਟ ਕੇ ਨਾ ਰਹਿ ਜਾਵੇ। ਇਸ ਦੇ ਲਾਭ ਸਭ ਤੱਕ ਪਹੁੰਚਣ, ਚਾਹੇ ਉਸ ਦੀ ਪਿੱਠਭੂਮੀ ਜਾਂ ਆਰਥਿਕ ਪੱਧਰ ਕੁਝ ਵੀ ਹੋਵੇ । ਇਸ ਲਈ ਬਣੀਆਂ ਸਰਕਾਰੀ ਪ੍ਰਣਾਲੀਆਂ ਜਵਾਬਦੇਹ, ਪਾਰਦਰਸ਼ਤਾ ਵਾਲੀਆਂ ਹੋਣ, ਇਸ ਲਈ ਸਖ਼ਤ ਨਿਯਮ ਜ਼ਰੂਰੀ ਹੋਣਗੇ। ਫ਼ਿਲਹਾਲ ਸਰਕਾਰੀ ਕੋਸ਼ਿਸ਼ਾਂ ਦੀ ਪ੍ਰਸੰਸਾ ਕਰਨੀ ਹੋਵੇਗੀ ਅਤੇ ਇਹ ਭਰੋਸਾ ਵੀ ਕਿ ਉਹ ਇਸ ਖੇਤਰ ਵਿੱਚ ਇਹ ਗਤੀ ਕਾਇਮ ਰੱਖੇਗੀ। ਇਹ ਇਸ ਲਈ ਜ਼ਰੂਰੀ ਹੈ ਕਿ ਹਾਲੀਆ ਪ੍ਰਾਪਤੀਆਂ ਦੇ ਬਾਵਜੂਦ ਅਸੀਂ ਇਸ ਖੇਤਰ ਵਿੱਚ ਚੀਨ, ਜਾਪਾਨ, ਅਮਰੀਕਾ, ਜਰਮਨੀ, ਦੱਖਣੀ ਕੋਰੀਆ ਤੋਂ ਮੀਲਾਂ ਪਿੱਛੇ ਹਾਂ ।

***

## 'ਭਾਰੀ ਫ਼ਾਈਲ'

ਬੱਚੇ ਸਕੂਲ ਤੋਂ ਦੂਜੇ ਬੱਚਿਆਂ ਤੋਂ ਗਾਲਾਂ ਸਿੱਖ ਕੇ ਘਰ ਆਉਂਦੇ ਹਨ, ਹਰ ਥਾਂ ਗੰਦਗੀ, ਟਰੈਫ਼ਿਕ ਜਾਮ, ਬੇਹੂਦਾ ਲੋਕ, ਘਰੋਂ ਬਾਹਰ ਨਿਕਲਣਾ ਮੁਸ਼ਕਿਲ ਹੈ। ਡਰ ਲੱਗਦਾ ਹੈ ਲੁਟੇਰਿਆਂ, ਗੈਂਗਸਟਰਾਂ ਕੋਲੋਂ। ਚਲੋ ਆਪਾਂ ਅਮਰੀਕਾ ਵਾਪਸ ਮੁੜ ਚੱਲੀਏ, ਇਥੇ ਆਪਣਾ ਤੇ ਬੱਚਿਆਂ ਦਾ ਭਵਿੱਖ ਖਰਾਬ ਨਾ ਕਰੀਏ। ਇਹ ਦੇਸ਼ ਰਹਿਣ ਯੋਗ ਨਹੀਂ ਰਿਹਾ। ਸਭ ਕੁਝ ਤਾਂ ਹੈ ਆਪਣੇ ਕੋਲ।

ਨਾਲੇ ਲੋਕ ਕਹਿੰਦੇ ਹਨ ਅਮੀਰਾਂ ਦੇ ਬੱਚੇ ਇੱਥੇ ਸੁਰੱਖਿਅਤ ਨਹੀਂ, ਗੈਂਗਸਟਰ ਫ਼ਿਰੌਤੀ ਮੰਗਣ ਲਈ ਬੱਚੇ ਚੱਕ ਲੈਂਦੇ ਹਨ, ਮੈਨੂੰ ਫ਼ਿਕਰ ਹੀ ਰਹਿੰਦਾ ਜਿੰਨੀ ਦੇਰ ਬੱਚੇ ਸਕੂਲੋਂ ਘਰ ਨਹੀਂ ਪਹੁੰਚ ਜਾਂਦੇ।

ਕਿਸ ਲਈ ਕਰ ਰਹੇ ਹੋ,
ਇਹ ਸਭ ?

"ਆਪਣੇ ਲਈ, ਆਪਣੇ ਬੱਚਿਆਂ ਦੇ ਭਵਿੱਖ ਲਈ।"

"ਪਰ ਬੱਚੇ ਤਾਂ ਇਥੇ ਸੇਫ਼ ਨਹੀਂ ਹਨ, ਹਰ ਪਾਸੇ ਲੁੱਟ ਮਾਰ ਚੱਲ ਰਹੀ ਹੈ, ਇਥੋਂ ਦੇ ਲੋਕ ਆਪਣੇ ਬੱਚੇ ਬਾਹਰ ਭੇਜ ਰਹੇ ਹਨ ਤੇ ਤੁਸੀਂ ਅਮਰੀਕਾ ਛੱਡ ਆਪਣੇ ਬੱਚੇ ਇੱਥੇ ਲੈ ਆਏ। ਇਸ ਖਤਰਨਾਕ ਗੰਦਲੀ ਕਲਚਰ ਵਿੱਚ। ਮੈਨੂੰ ਤੇ ਬੱਚਿਆਂ ਨੂੰ ਇਥੇ ਕੁਝ ਵੀ ਚੰਗਾ ਨਹੀਂ ਲੱਗਦਾ। ਕੋਈ ਵੀ ਚੰਗਾ

ਨਹੀਂ ਲੱਗਦਾ। ਅਨੀਤਾ ਨੇ ਆਪਣਾ ਦੁਖ ਸੁਣਾਇਆ। ਅਗਲੇ ਕੁਝ ਦਿਨਾਂ 'ਚ ਦੀਪਕ ਨੇ ਸਭ ਕੁਝ ਸਮੇਟ ਲਿਆ। ਪਰਿਵਾਰ ਸਮੇਤ ਏਅਰਪੋਰਟ ਵੱਲ ਰਵਾਨਗੀ ਕੀਤੀ। ਏਅਰਪੋਰਟ ਲਾਗੇ ਹਾਈਵੇਅ 'ਤੇ ਥਾਂ-ਥਾਂ ਬੋਰਡ ਲੱਗੇ ਸਨ, ਸਾਡਾ ਪੰਜਾਬ, ਖ਼ੁਸ਼ਹਾਲ ਪੰਜਾਬ, ਰੰਗਲਾ ਪੰਜਾਬ; ਇੱਕ ਹੱਸਦੇ ਨੇਤਾ ਦੀ ਫ਼ੋਟੋ ਲੱਗੀ ਹੋਈ ਸੀ। ਦੀਪਕ ਬੋਰਡ ਵੱਲ ਦੇਖ ਸੋਚਣ ਲੱਗਾ,

ਇਹ ਸਭ ਡਰਾਮੇ-ਬਾਜ਼ੀ ਹੈ, ਧੋਖੇ-ਬਾਜ਼ੀ ਹੈ। ਜਹਾਜ਼ 'ਚ ਬੈਠ ਉਸ ਦੀ ਪਤਨੀ ਤੇ ਬੱਚੇ ਖ਼ੁਸ਼ ਸਨ, ਉਨ੍ਹਾਂ ਕਿਹਾ, ਥੈਂਕ ਯੂ ਪਾਪਾ, ਹੁਣ ਸਾਨੂੰ ਦੁਬਾਰਾ ਨਾ ਇੱਥੇ ਲਿਆਇਉ। ਜਦੋਂ ਜਹਾਜ਼ ਨੇ ਉਡਾਰੀ ਮਾਰੀ, ਬੱਚਿਆਂ ਨੇ ਤਾੜੀਆਂ ਵਜਾਈਆਂ। ਸਾਰੇ ਪਰਿਵਾਰ ਨੇ ਸੁੱਖ ਦਾ ਸਾਹ ਲਿਆ।

***

## ਸਰਬਉੱਚ ਅਦਾਲਤ ਦੇ ਢਾਂਚੇ 'ਚ

ਦੂਜਾ ਹਾਈ ਕੋਰਟਾਂ 'ਚ ਦਿੱਤੇ ਫ਼ੈਸਲੇ ਤੋਂ ਅਸੰਤੁਸ਼ਟ ਵਿਅਕਤੀ ਵੀ ਸਰਬਉੱਚ ਅਦਾਲਤ 'ਚ ਜਾ ਕੇ ਅਪੀਲ ਪਾ ਸਕਦੇ ਹਨ ਅਤੇ ਬਿਹਤਰ ਨਿਆਂ ਦੀ ਉਮੀਦ ਕਰ ਸਕਦੇ ਹਨ। ਇਸੇ ਕਰਕੇ ਸਰਬਉੱਚ ਅਦਾਲਤ 'ਚ ਹੇਠਲੀਆਂ ਅਦਾਲਤਾਂ ਤੋਂ ਕੇਸਾਂ ਦਾ ਹੜ੍ਹ ਜਿਹਾ ਆ ਗਿਆ ਹੈ, ਜਿਸ 'ਚ ਮਾਮੂਲੀ ਝਗੜੇ, ਵਿਆਹ ਨਾਲ ਸੰਬੰਧਿਤ ਕਲੇਸ਼, ਜਮਾਨਤਾਂ ਵਰਗੇ ਕੇਸਾਂ ਦੀ ਭਰਮਾਰ ਹੈ, ਜੋ ਉੱਪਰ ਤੱਕ ਜਾ ਕੇ ਸਾਲਾਂਬੱਧੀ ਲਟਕਦੇ ਰਹਿੰਦੇ ਹਨ। ਕਈ ਮਾਹਿਰਾਂ ਮੁਤਾਬਿਕ ਸਰਬਉੱਚ ਅਦਾਲਤ ਦਾ ਅਸਲ ਕੰਮ ਸੰਵਿਧਾਨ ਦੀ ਸਹੀ ਵਿਆਖਿਆ ਹੀ ਹੋਣਾ ਚਾਹੀਦਾ ਹੈ। ਇਸ ਮਾਮਲੇ 'ਚ ਅਮਰੀਕਾ ਦੀ ਉਦਾਹਰਨ ਲਈ ਜਾ ਸਕਦੀ ਹੈ। ਉੱਥੋਂ ਦੀ ਸਰਬਉੱਚ ਅਦਾਲਤ ਦਾ ਢਾਂਚਾ ਵੱਖਰੇ ਕਿਸਮ ਦਾ ਹੈ। ਯੂ.ਐੱਸ.ਏ. ਵਿੱਚ 50 ਸਟੇਟਸ ਹਨ ਅਤੇ ਹਰ ਸਟੇਟ ਦੀ ਆਪਣੀ ਵੱਖਰੀ ਸਰਬਉੱਚ ਅਦਾਲਤ ਹੈ, ਜੋ ਸਰਬਉੱਚ ਹੈ। ਹਰ ਤਰ੍ਹਾਂ ਦੇ ਅਪਰਾਧਕ ਮਾਮਲੇ ਸਟੇਟ 'ਚ ਹੀ ਸੁਲਝ ਜਾਂਦੇ ਹਨ। ਇਸ ਤੋਂ ਵੱਖ ਸਾਰੇ ਦੇਸ਼ ਦੀ ਇਕ ਵੱਖਰੀ ਸਰਬਉੱਚ ਅਦਾਲਤ ਵੀ ਹੈ, ਜਿਸ ਨੂੰ ਸਕੋਟਸ ਕਿਹਾ ਜਾਂਦਾ ਹੈ। ਇਸ 'ਚ ਸਿਰਫ਼ 9 ਜੱਜ ਹੀ ਵੇਖਣ ਨੂੰ ਮਿਲਦੇ ਹਨ ਪਰ ਇੱਥੇ ਸਿਰਫ਼ ਸੰਵਿਧਾਨ ਨਾਲ ਜੁੜੇ ਮਾਮਲੇ ਹੀ ਜਾਂਦੇ ਹਨ, ਜਿੱਥੇ ਸੰਵਿਧਾਨ ਦੀ ਵਿਆਖਿਆ ਦੀ ਲੋੜ ਪੈਂਦੀ ਹੈ, ਹੋਰ ਮਾਮਲੇ ਬਿਲਕੁਲ ਨਹੀਂ ਜਾਂਦੇ।

ਮਾਰਚ 1984 'ਚ 10ਵੇਂ ਲਾਅ ਕਮਿਸ਼ਨ ਨੇ ਵੀ ਸਰਬਉੱਚ ਅਦਾਲਤ ਨੂੰ ਦੋ ਭਾਗਾਂ ਸੰਵਿਧਾਨਕ ਤੇ ਨਿਆਂਇਕ ਡਵੀਜ਼ਨ 'ਚ ਵੰਡਣ ਦੀ ਸਿਫ਼ਾਰਸ਼ ਕੀਤੀ ਸੀ, ਤਾਂ ਜੋ ਸੰਵਿਧਾਨ ਨਾਲ ਸੰਬੰਧਿਤ ਮਾਮਲੇ ਸੰਵਿਧਾਨਕ ਅਦਾਲਤ ਤੇ ਬਾਕੀ ਮਾਮਲੇ ਨਿਆਂਇਕ ਅਦਾਲਤ 'ਚ ਜਾ ਸਕਣ। 2009 'ਚ 229ਵੇਂ ਲਾਅ ਕਮਿਸ਼ਨ ਦੀ ਰਿਪੋਰਟ 'ਚ ਵੀ ਸਰਬਉੱਚ ਅਦਾਲਤ ਦੀਆਂ ਖੇਤਰੀ ਸ਼ਾਖਾਵਾਂ ਦਿੱਲੀ, ਚੇਨਈ, ਹੈਦਰਾਬਾਦ, ਕੋਲਕਾਤਾ ਤੇ ਮੁੰਬਈ 'ਚ ਸਥਾਪਿਤ ਕਰਨ ਦੀ ਸਿਫ਼ਾਰਸ਼ ਕੀਤੀ ਗਈ ਸੀ, ਜਿੱਥੇ ਗ਼ੈਰ-ਸੰਵਿਧਾਨਕ ਮਾਮਲਿਆਂ ਭਾਵ ਜਿਨ੍ਹਾਂ ਦਾ ਸੰਬੰਧ ਸੰਵਿਧਾਨ ਦੀ ਵਿਆਖਿਆ ਨਾਲ ਨਹੀਂ ਹੈ, ਦੀ ਸੁਣਵਾਈ ਹੋ ਸਕੇ ਤਾਂ ਜੋ ਲਟਕਦੇ ਕੇਸਾਂ ਦੀ ਗਿਣਤੀ ਘੱਟ ਸਕੇ। ਜੇਕਰ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਜ਼ੋਨ ਬਣਾ ਕੇ ਸਰਬ ਉੱਚ ਅਦਾਲਤ ਦੇ ਇਸ ਤਰ੍ਹਾਂ ਬੈਂਚ ਬਣਾਏ ਜਾਂਦੇ ਹਨ ਤਾਂ ਸੁਣਵਾਈ ਅਧੀਨ ਪਏ ਕੇਸਾਂ ਦਾ ਬਿਨਾਂ ਸ਼ੱਕ ਤੇਜ਼ੀ ਨਾਲ ਨਿਪਟਾਰਾ ਹੋ ਸਕਦਾ ਹੈ।

ਸੋ, ਇਹ ਸਾਰੇ ਤੱਥ ਇਹ ਇਸ਼ਾਰਾ ਕਰਦੇ ਹਨ ਕਿ ਸਮਾਂ ਆ ਗਿਆ ਹੈ ਕਿ ਸਰਬਉੱਚ ਅਦਾਲਤ ਦੇ ਢਾਂਚੇ 'ਚ ਬੁਨਿਆਦੀ ਉਸਾਰੂ ਤਬਦੀਲੀ ਕੀਤੀ ਜਾਵੇ, ਕਿਉਂਕਿ ਕੋਈ ਵੀ ਸੰਸਥਾ ਵਿਅਕਤੀ ਦੇ ਅਨਮੋਲ ਜੀਵਨ ਤੋਂ ਉੱਪਰ ਨਹੀਂ ਹੈ। ਅਦਾਲਤ ਗਏ ਪੀੜਤ ਨੂੰ ਖੱਜਲ-ਖੁਆਰੀ ਨਹੀਂ, ਬਲਕਿ ਇਨਸਾਫ਼ ਮਿਲਣਾ ਚਾਹੀਦਾ ਹੈ ਅਤੇ ਅਪਰਾਧੀ ਨੂੰ ਦੰਡ। ਅਦਾਲਤਾਂ ਦਾ ਕੰਮ ਸਿਰਫ਼ ਇਨਸਾਫ਼ ਦੇਣਾ ਨਹੀਂ, ਬਲਕਿ ਸਮੇਂ ਸਿਰ ਇਨਸਾਫ਼ ਦੇਣਾ ਵੀ ਹੈ, ਕਿਉਂਕਿ ਇਨਸਾਫ਼ ਹੀ ਅਦਾਲਤਾਂ ਦੀ ਆਤਮਾ ਹੈ ਅਤੇ ਆਤਮਾ ਬਿਨਾਂ ਸਰੀਰ ਦੀ ਨਾ ਕੋਈ ਮਹਾਨਤਾ ਹੈ ਅਤੇ ਨਾ ਕੋਈ ਮਹੱਤਵ।

***

## ਖੇਤੀ ਦੀ ਸਿੱਖਿਆ ਵਿੱਚ

ਉਦਾਹਰਣ ਲਈ ਯੂਨੀਵਰਸਿਟੀਆਂ ਦੀਆਂ ਕੁਝ ਆਪਣੀਆਂ ਫ਼ੇਰੀਆਂ ਦੌਰਾਨ ਮੈਂ ਸੰਯੁਕਤ ਰਾਸ਼ਟਰ ਅਤੇ ਵਿਸ਼ਵ ਬੈਂਕ ਦੇ ਵਿਚਕਾਰ ਵਿਸ਼ਵ ਵਿਆਪੀ ਸਹਿਯੋਗ ਦੇ ਯਤਨਾਂ ਬਾਰੇ ਗੱਲਬਾਤ ਕੀਤੀ ਸੀ, ਜਿਸ ਦੇ ਸਿੱਟੇ ਵਜੋਂ ਵਿਕਾਸ ਲਈ ਖੇਤੀ ਅਭਿਆਨ, ਵਿਗਿਆਨ ਅਤੇ ਤਕਨਾਲੋਜੀ ਦਾ ਅੰਤਰਰਾਸ਼ਟਰੀ ਮੁੱਲਾਂਕਣ ਹੋਇਆ ਹੈ। ਹਾਲਾਂਕਿ ਭਾਰਤ ਨੇ ਇਸ ਸੰਧੀ 'ਤੇ ਦਸਤਖ਼ਤ ਕੀਤੇ ਹੋਏ ਹਨ ਪਰ ਜਾਗਰੂਕਤਾ ਦੀ ਕਮੀ ਸਪੱਸ਼ਟ ਰੂਪ ਵਿੱਚ ਦਿਖਾਈ ਦਿੰਦੀ ਹੈ। ਕਈ ਹੋਰ ਵੀ ਅੰਤਰਰਾਸ਼ਟਰੀ ਘਟਨਾਕ੍ਰਮ ਹਨ, ਜਿਨ੍ਹਾਂ ਦਾ ਘਰੇਲੂ ਖੇਤੀ ਨੀਤੀਆਂ 'ਤੇ ਲੰਮੇ ਸਮੇਂ ਲਈ ਪ੍ਰਭਾਵ ਪੈਂਦਾ ਹੈ। ਪਰ ਖੇਤੀ ਦੀ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਦੀਆਂ ਕਲਾਸਾਂ ਵਿੱਚ ਸ਼ਾਇਦ ਹੀ ਕਦੇ ਇਨ੍ਹਾਂ ਬਾਰੇ ਚਰਚਾ ਕੀਤੀ ਜਾਂਦੀ ਹੈ। ਅਜਿਹਾ ਇਸ ਲਈ ਹੋ ਸਕਦਾ ਹੈ ਕਿਉਂਕਿ ਸਿੱਖਿਆ ਪ੍ਰਣਾਲੀ ਇੱਕ ਸਖ਼ਤ ਪਾਠਕ੍ਰਮ ਦੇ ਅਨੁਸਾਰ ਹੈ। ਸ਼ਾਇਦ ਅਸੀਂ ਵੀ ਸ਼ਿਕਾਗੋ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਸਿੱਖਣ, ਮੁੱਲਾਂਕਣ ਕਰਨ ਅਤੇ ਫ਼ਿਰ ਉਚਿਤ ਨਿਰਣੇ ਲੈਣ ਦੇ ਸਮਰੱਥ ਬਣਾਉਣ ਦੀਆਂ ਕੋਸ਼ਿਸ਼ਾਂ ਤੋਂ ਸਿਖ ਸਕਦੇ ਹਾਂ । ਇੱਕ ਮਜ਼ਬੂਤ ਨੀਂਹ ਬਹੁਤ ਅੱਗੇ ਤੱਕ ਜਾਂਦੀ ਹੈ। ਇਸ ਲਈ ਇੱਕ ਨਵੀਂ ਵਿਵਸਥਾ ਦੀ ਜ਼ਰੂਰਤ ਹੈ, ਜਿਸ ਨੂੰ ਖੇਤੀ ਯੂਨੀਵਰਸਿਟੀਆਂ ਦੁਆਰਾ ਕ੍ਰਾਸ ਡਿਸਪਲਿਨ ਖੋਜ ਤੇ ਵਿਸ਼ਲੇਸ਼ਣ ਲਈ ਅਪਣਾਇਆ ਜਾਣਾ ਚਾਹੀਦਾ ਹੈ। ਬਿਨਾਂ ਸ਼ੱਕ ਖੇਤੀ ਦੀ ਸਿੱਖਿਆ ਵਿੱਚ ਸੁਧਾਰ ਦੀ ਜ਼ਰੂਰਤ ਹੈ।

***

## ਹਰੇਕ ਖੇਤਰ 'ਚ ਔਰਤਾਂ ਨੂੰ

ਜਿਸ ਨੂੰ ਦੋਵੇਂ ਪਾਸੇ ਦੇ ਮਾਪਿਆਂ ਨੂੰ ਬੜੀ ਸਮਝਦਾਰੀ ਤੋਂ ਪਹਿਲਾਂ ਹੀ ਕੰਮ ਲੈਣਾ ਚਾਹੀਦਾ ਹੈ। ਅੱਜ-ਕੱਲ੍ਹ ਤਾਂ ਬਹੁਤੇ ਪਰਿਵਾਰ ਵੀ ਇੱਕ ਜਾਂ ਦੋ ਬੱਚਿਆਂ ਵਾਲੇ ਹੀ ਹਨ।

ਕਈ ਪਰਿਵਾਰਾਂ 'ਚ ਧੀਆਂ ਹੀ ਨਹੀਂ ਹਨ, ਉਨ੍ਹਾਂ ਨੂੰ ਧੀਆਂ ਦੀਆਂ ਭਾਵਨਾਵਾਂ ਦੀ ਸਮਝ ਜ਼ਰੂਰ ਹੋਣੀ ਚਾਹੀਦੀ ਹੈ। ਮੇਰੇ ਕਈ ਦੋਸਤਾਂ ਦੇ ਇੱਕ ਜਾਂ ਦੋ ਬੇਟੀਆਂ ਹੀ ਹਨ ਜੋ ਕਿ ਬੜੇ ਫਖਰ ਨਾਲ ਬੇਟਿਆਂ ਵਾਂਗ ਉਨ੍ਹਾਂ ਦਾ ਪਾਲਣ-ਪੋਸ਼ਣ ਕਰ ਰਹੇ ਹਨ । ਬਾਹਰਲੇ ਦੇਸ਼ਾਂ 'ਚ ਨੌਜਵਾਨੀ ਦੇ ਤੇਜ਼ੀ ਨਾਲ ਜਾਣ ਦੇ ਰੁਝਾਣ ਕਾਰਨ ਬਹੁਤੇ ਮਾਪੇ ਪੰਜਾਬ ਅੰਦਰ ਇਕੱਲੇ ਰਹਿ ਰਹੇ ਹਨ ਬੇਟਿਆਂ ਦਾ ਸਹਾਰਾ ਉਨ੍ਹਾਂ ਨੂੰ ਨਸੀਬ ਨਹੀਂ । ਕਈ ਮਾਪੇ ਧੀਆਂ ਕੋਲ ਰਹਿਣ ਲਈ ਮਜਬੂਰ ਹਨ, ਧੀਆਂ ਵੀ ਪੁੱਤਰਾਂ ਨਾਲੋਂ ਵੱਧ ਮਾਪਿਆਂ ਦਾ ਖਿਆਲ ਰੱਖਦੀਆਂ ਹਨ । ਸੋ, ਸਾਨੂੰ ਲੜਕੀਆਂ ਪ੍ਰਤੀ ਆਪਣੀ ਸੋਚ ਨੂੰ ਸਾਰਥਕ ਰੂਪ 'ਚ ਰੱਖ ਕੇ ਸਮਾਜ 'ਚੋਂ ਘਿਨਾਉਣੇ ਵਤੀਰੇ ਨੂੰ ਖ਼ਤਮ ਕਰਨ ਵੱਲ ਕਦਮ ਉਠਾਉਣੇ ਚਾਹੀਦੇ ਹਨ ਤਾਂ ਕਿ ਆਪਣੇ ਬੱਚਿਆਂ ਦੀ ਜ਼ਿੰਦਗੀ ਨੂੰ ਖੁਸ਼ਗਵਾਰ ਬਣਾ ਸਕੀਏ।

***

## ਜਾਗਤ ਜੋਤ 'ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ'

ਉਸ ਤੋਂ ਬਾਅਦ ਜੇਕਰ ਗੁਰੂ ਸਾਹਿਬਾਨ ਵਲੋਂ ਰਚੀ ਗਈ ਕੋਈ ਵਾਰ ਹੈ ਤਾਂ ਉਹ ਦਰਜ ਕੀਤੀ ਗਈ ਤੇ ਉਸ ਤੋਂ ਬਾਅਦ ਬਾਕੀ ਭਗਤਾਂ ਦੀ ਬਾਣੀ ਲਿਆਂਦੀ ਗਈ। ਭਗਤਾਂ ਦੀ ਬਾਣੀ ਦਾ ਆਮ ਤੌਰ 'ਤੇ ਆਰੰਭ ਭਗਤ ਕਬੀਰ ਜੀ ਦੀ ਬਾਣੀ ਨਾਲ ਹੁੰਦਾ ਹੈ। ਹਰੇਕ ਰਾਗ ਵਿੱਚ ਪਹਿਲਾਂ ਦੁਪਦੇ, ਤ੍ਰਿਪਦੇ, ਚਉਪਦੇ, ਪੰਚਪਦੇ, ਛੇਪਦੇ, ਅਸ਼ਟਪਦੀਆਂ ਆਦਿ ਲਿਆਂਦੀਆਂ ਗਈਆਂ ਅਤੇ ਇਨ੍ਹਾਂ ਤੋਂ ਬਾਅਦ ਸੋਹਲੇ, ਕੋਈ ਹੋਰ ਵਿਸ਼ੇਸ਼ ਪਦ, ਛੰਤ ਜਾਂ ਵਾਰ ਲਿਖੀ ਗਈ। ਹਰੇਕ ਸ਼ਬਦ ਤੋਂ ਬਾਅਦ ਪਿਛਲੇ ਕੁੱਲ ਸ਼ਬਦਾਂ ਦਾ ਜੋੜ ਵੀ ਨਾਲ ਦੀ ਨਾਲ ਸੰਪਾਦਨ ਕਰਨ ਸਮੇਂ ਲਿਖਿਆ ਗਿਆ, ਜਿਸ ਤੋਂ ਅਖੀਰ ਵਿੱਚ ਪਤਾ ਚਲ ਜਾਂਦਾ ਹੈ ਕਿ ਕਿਸ ਰਾਗ ਵਿੱਚ ਕਿਸ ਗੁਰੂ ਸਾਹਿਬ ਜੀ ਜਾਂ ਭਗਤ ਦੇ ਕਿੰਨੇ ਸ਼ਬਦ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਰੰਭ ਵਿੱਚ ਪਹਿਲੇ 8 ਅੰਗਾਂ ਤੱਕ ਜਪੁ ਜੀ ਸਾਹਿਬ, 8 ਤੋਂ 12 ਅੰਗਾਂ ਤੱਕ ਸੋਦਰ, ਸੋਪੁਰਖ (ਰਹਿਰਾਸ ਸਾਹਿਬ) ਅਤੇ 12 ਤੋਂ 13 ਅੰਗ ਤੱਕ ਸੋਹਿਲਾ ਨਾਂਅ ਦੀ ਬਾਣੀ ਦਰਜ ਕੀਤੀ ਗਈ ਹੈ। ਇਹ ਸਿੱਖਾਂ ਦਾ ਨਿੱਤਨੇਮ ਹੈ। ਪਹਿਲਾ ਰਾਗ ਕੀਰਤਨ ਸੋਹਿਲੇ ਤੋਂ ਬਾਅਦ ਸ਼ੁਰੂ ਹੁੰਦਾ ਹੈ ਤੇ ਇਹ ਸਿਰੀ ਰਾਗ ਹੈ। ਅੰਗ 14 ਤੋਂ ਲੈ ਕੇ ਅੰਗ 1353 ਤੱਕ ਵੱਖੋ ਵੱਖ ਰਾਗਾਂ ਵਿੱਚ ਬਾਣੀ ਦੀ ਰਚਨਾ ਹੈ। ਇਨ੍ਹਾਂ ਰਾਗਾਂ ਦੀ ਗਿਣਤੀ 31 ਹੈ। ਇਨ੍ਹਾਂ ਦੀ ਤਰਤੀਬ ਇੰਝ ਹੈ:- ਸਿਰੀ ਰਾਗ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੌਂਡ, ਰਾਮਕਲੀ, ਨਟ-ਨਾਰਾਇਣ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲ੍ਹਾਰ, ਕਨਾੜਾ, ਕਲਯਾਣ, ਪਰਭਾਤੀ ਅਤੇ ਜੈਜਾਵੰਤੀ। ਰਾਗ ਜੈਜਾਵੰਤੀ ਵੀ ਕੇਵਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਹੀ ਬਾਣੀ ਹੈ। ਇਨ੍ਹਾਂ ਰਾਗਾਂ ਤੋਂ ਬਿਨਾਂ ਕਈ ਥਾਂ ਦੋ ਦੋ ਰਲਵੇਂ-ਮਿਲਵੇ ਰਾਗਾਂ ਵਿੱਚ ਵੀ ਬਾਣੀ ਰਚੀ ਹੋਈ ਮਿਲਦੀ ਹੈ, ਜਿਵੇਂ ਗਉੜੀ-ਮਾਝ, ਗਉੜੀ-ਦੀਪਕੀ, ਆਸਾ-ਕਾਫੀ, ਤਿਲੰਗ-ਕਾਫੀ, ਪ੍ਰਭਾਤੀ-ਵਿਭਾਸ, ਕਲਯਾਣ-ਭੋਪਾਲੀ, ਬਸੰਤ-ਹਿੰਡੋਲ ਆਦਿ।

ਅੰਗ 1353 ਤੋਂ ਰਾਗ ਮੁਕਤ ਬਾਣੀ ਦਰਜ ਕੀਤੀ ਗਈ ਹੈ। ਸਲੋਕ ਸਹਸਕ੍ਰਿਤੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 4 ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ 67 ਸਲੋਕ ਹਨ, ਜੋ ਅੰਗ 1360 ਤੱਕ ਦਰਜ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਰਚਿਤ ਗਾਥਾ ਦੇ 24 ਬੰਦ, ਫੁਨਹੇ ਦੇ 23 ਤੇ ਚਉਬੋਲੇ ਦੇ 11 ਬੰਦ ਅੰਗ 1364 ਤੱਕ ਦਰਜ ਕੀਤੇ ਗਏ ਹਨ। ਭਗਤ ਕਬੀਰ ਜੀ ਦੇ ਸਲੋਕ 1364 ਤੋਂ 1377 ਅੰਗ ਤੱਕ, ਬਾਬਾ ਫਰੀਦ ਜੀ ਦੇ ਸਲੋਕ 1377 ਤੋਂ 1384 ਅੰਗ ਤੱਕ, ਸਵੱਈਏ ਸ੍ਰੀ ਮੁੱਖ ਵਾਕ 1385 ਤੋਂ 1389 ਅੰਗ ਤੱਕ, ਭੱਟਾਂ ਦੇ ਸਵੱਈਏ 1389 ਤੋਂ 1409 ਅੰਗ ਤੱਕ ਦਰਜ ਕੀਤੇ ਗਏ ਹਨ। ਜੋ ਸ਼ਬਦ ਵੱਖੋ-ਵੱਖ ਵਾਰਾਂ ਦੀਆਂ ਪਉੜੀਆਂ ਨਾਲ ਦਰਜ ਨਹੀਂ ਹੋ ਸਕੇ, ਉਹ ਸਾਰੇ ਹੀ ਸ਼ਬਦ 'ਸਲੋਕ ਵਾਰਾਂ ਤੇ ਵਧੀਕ' ਨਾਂਅ ਦੇ ਸਿਰਲੇਖ ਹੇਠ ਅੰਗ 1426 ਤੱਕ ਦਰਜ ਕੀਤੇ ਗਏ ਹਨ। ਇਸ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਲੋਕ ਅੰਗ 1426 ਤੋਂ 1429 ਤੱਕ ਹਨ। ਅਖੀਰ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੁੰਦਾਵਣੀ ਲਿਖਕੇ ਬਾਣੀ ਦੀ ਸਮਾਪਤੀ ਦੀ ਮੋਹਰ ਲਗਾ ਦਿੱਤੀ ਹੈ, ਜੋ ਅੰਗ 1429 'ਤੇ ਦਰਜ ਹੈ। ਸਭ ਤੋਂ ਅਖੀਰ ਵਿੱਚ ਰਾਗ ਮਾਲਾ ਅੰਗ 1429 ਤੋਂ 1430 ਤੱਕ ਦਰਜ ਕੀਤੀ ਗਈ ਹੈ।

ਸਮੁੱਚੀ ਬਾਣੀ ਵਿੱਚ ਸੱਚੇ ਸੁੱਚੇ ਕਰਮ ਕਰਦੇ ਹੋਏ ਅਕਾਲ ਪੁਰਖ ਦਾ ਨਾਮ ਸਦਾ ਸਿਮਰਦੇ ਰਹਿਣ ਦੀ ਤਾਕੀਦ ਕੀਤੀ ਗਈ ਹੈ। ਪ੍ਰਭੂ ਦਾ ਭਜਨ ਜੀਵਨ ਦਾ ਆਧਾਰ ਦੱਸਿਆ ਗਿਆ ਹੈ। ਇਸ ਤੋਂ ਇਲਾਵਾ ਬਾਣੀ ਵਿੱਚ ਅਧਿਆਤਮਕਵਾਦ ਦੇ ਨਾਲ ਨਾਲ ਸੰਸਾਰਿਕ ਕਦਰਾਂ-ਕੀਮਤਾਂ ਅਤੇ ਪੌਰਾਣਿਕ ਹਵਾਲੇ ਵੀ ਦਿੱਤੇ ਗਏ। ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸੱਚ ਦਾ ਪ੍ਰਕਾਸ਼ ਹੈ ਤੇ ਇਕੋ ਇਕ ਅਕਾਲ ਪੁਰਖ ਦਾ ਨਾਮ ਸਿਮਰਨ ਕਰਨ ਤੇ ਉਸਨੂੰ ਯਾਦ ਰੱਖਣ ਦਾ ਆਦੇਸ਼ ਹੈ। ਇਸ ਨਾਮ 'ਤੇ ਕਿਵੇਂ ਚੱਲਣਾ ਹੈ ਤੇ ਨਾਮ ਨੂੰ ਮਨ 'ਚ ਕਿਸ ਤਰ੍ਹਾਂ ਵਸਾਉਣਾ ਹੈ, ਇਸ ਬਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਖੁੱਲ੍ਹ ਕੇ ਦੱਸਿਆ ਗਿਆ ਹੈ। ਭਾਦਰੋਂ ਸੁਦੀ 1 ਸੰਮਤ 1661 ਮੁਤਾਬਕ ਸਤੰਬਰ 1604 ਈ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਤਾ ਗਿਆ ਸੀ। ਬਾਬਾ ਬੁੱਢਾ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਮੁੱਖ ਗ੍ਰੰਥੀ ਨਿਯੁਕਤ ਕੀਤਾ ਗਿਆ ਸੀ।

****

***

## ਨਿੱਕੀ ਉਮਰੇ ਮਾਊਂਟ ਕਿਲੀਮੰਜਾਰੋ

ਸੁਖਇੰਦਰ ਸਿੰਘ ਦੱਸਦੇ ਹਨ ਕਿ ਉਸ ਸਮੇਂ ਆਪਣੀ ਮੰਜ਼ਿਲ ਦੇ ਐਨੇ ਨਜ਼ਦੀਕ ਆ ਕੇ ਅਸਫ਼ਲ ਹੋ ਕੇ ਮੁੜ ਨਹੀਂ ਸਕਦੇ ਸੀ, ਇਸ ਲਈ ਗਾਈਡ ਤੇ ਆਪਣੀ ਟੀਮ ਨਾਲ ਸਲਾਹ ਕਰ ਕੇ ਅਸੀਂ ਅੱਗੇ ਵੱਧਦੇ ਗਏ। ਅਖ਼ੀਰ ਅਸੀਂ ਚੋਟੀ ਦੇ ਸਿਖ਼ਰ ਉੱਤੇ ਪਹੁੰਚ ਗਏ। ਯਾਦਗਾਰੀ ਤਸਵੀਰ ਕਰਵਾਉਣ ਤੋਂ ਬਾਅਦ ਅਸੀਂ 20 ਸਕਿੰਟ ਦੇ ਅੰਦਰ ਹੀ ਤੇਗਬੀਰ ਨੂੰ ਚੁੱਕ ਕੇ ਚੋਟੀ ਤੋਂ ਥੱਲੇ ਉੱਤਰ ਆਏ। ਪੂਰੇ ਮਿਸ਼ਨ 'ਤੇ ਪਰਿਵਾਰ ਦਾ ਤਕਰੀਬਨ ਅੱਠ ਲੱਖ ਖ਼ਰਚਾ ਆਇਆ । ਜਿਸ ਵਿੱਚ ਹਵਾਈ ਸਫ਼ਰ, ਗਾਈਡ ਦਾ ਖ਼ਰਚਾ, ਰਹਿਣ ਅਤੇ ਸੁਰੱਖਿਆ ਕਿੱਟਾਂ ਦਾ ਖ਼ਰਚ ਆਦਿ ਹੋਰ ਖ਼ਰਚ ਸ਼ਾਮਿਲ ਹੈ। ਤੇਗਬੀਰ ਦੀ ਕਾਮਯਾਬੀ ਪਿੱਛੇ ਉਸ ਦੀ ਸਖ਼ਤ ਮਿਹਨਤ, ਪਰਿਵਾਰ ਦੀ ਸਮਰਪਣ ਭਾਵਨਾ ਅਤੇ ਕੋਚਾਂ ਦੀ ਉਸਾਰੂ ਅਗਵਾਈ ਸ਼ਾਮਿਲ ਹੈ।

ਤੇਗਬੀਰ ਦੀ ਇਸ ਮਾਣਮੱਤੀ ਪ੍ਰਾਪਤੀ 'ਤੇ ਸਰਕਾਰੀ ਅਧਿਕਾਰੀਆਂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਧਾਈਆਂ ਦਿੱਤੀਆਂ ਗਈਆਂ ਹਨ ਪਰ ਲੋੜ ਹੈ ਇਸ ਤਰ੍ਹਾਂ ਦੇ ਜਜ਼ਬੇ ਰੱਖਣ ਵਾਲੇ ਬੱਚਿਆਂ ਦੀ ਬਾਂਹ ਫ਼ੜਨ ਦੀ। ਅਜਿਹੇ ਬੱਚਿਆਂ ਦੇ ਹੁਨਰ ਦੀ ਪਛਾਣ ਕਰਕੇ ਉਨ੍ਹਾਂ ਨੂੰ ਸੰਸਾਰ ਪੱਧਰ ਦੀਆਂ ਆਧੁਨਿਕ ਸਹੂਲਤਾਂ ਦਿੱਤੀਆਂ ਜਾਣ ਤਾਂ ਜੋ ਉਹ ਦੇਸ਼ ਦਾ ਮਾਣ ਵਧਾ ਸਕਣ।

***

## ਸ਼੍ਰੋਮਣੀ ਕਮੇਟੀ ਇਜਲਾਸ

ਇਸ ਵੇਲੇ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਹਾਊਸ ਵਿੱਚ ਕੁੱਲ 185 ਮੈਂਬਰਾਂ ਵਿੱਚੋਂ ਦੋ ਦਰਜਨ ਤੋਂ ਵੱਧ ਮੈਂਬਰਾਂ ਦੀ ਮੌਤ ਹੋ ਚੁੱਕੀ ਹੈ। ਹਰਿਆਣਾ ਵਿੱਚ ਵੱਖਰੀ ਕਮੇਟੀ ਬਣਨ ਮਗਰੋਂ ਹਰਿਆਣਾ ਨਾਲ ਸਬੰਧਤ ਮੈਂਬਰ ਵੀ ਵੱਖ ਹੋ ਚੁੱਕੇ ਹਨ। ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਨ। ਜਥੇਦਾਰਾਂ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਵਿਚਾਲੇ ਵਿਵਾਦ ਵਿੱਚ ਭਾਵੇਂ ਉਨ੍ਹਾਂ ਹਾਲ ਦੀ ਘੜੀ ਹਾਲਾਤ ਨੂੰ ਸਾਂਭ ਲਿਆ ਹੈ ਪਰ ਜਥੇਦਾਰਾਂ ਵਿੱਚ ਨਾਰਾਜ਼ਗੀ ਅਜੇ ਜਾਰੀ ਹੈ। ਸਿੱਖ ਸਿਆਸੀ ਮਾਹਿਰਾਂ ਮੁਤਾਬਿਕ ਇਸ ਵੇਲੇ ਦੀ ਇਹ ਸ਼ਾਂਤੀ ਆਉਣ ਵਾਲੇ ਤੂਫਾਨ ਦਾ ਸੰਕੇਤ ਹੈ।

***

## ਪੰਜਾਬ ਦੀ ਸਿਆਸਤ ਦੀ ਦਿਸ਼ਾ ਤੇ

ਇਹ ਗੱਲ ਚੰਗੀ ਤਰ੍ਹਾਂ ਸਮਝਦੀਆਂ ਹਨ, ਕਿਉਂਕਿ ਜ਼ਿਮਨੀ ਚੋਣਾਂ ਵਿੱਚ ਵੀ ਸਾਰੀਆਂ ਸਿਆਸੀ ਪਾਰਟੀਆਂ ਨੂੰ ਖ਼ੂਬ ਪਸੀਨਾ ਵਹਾਉਣਾ ਪਵੇਗਾ।

ਜ਼ਿਮਨੀ ਚੋਣਾਂ ਦੌਰਾਨ ਜਿਥੇ ਆਮ ਆਦਮੀ ਪਾਰਟੀ ਵੱਲੋਂ ਆਪਣੀ ਸਰਕਾਰ ਦੀ ਹੁਣ ਤੱਕ ਕਾਰਗੁਜਾਰੀ ਦੇ ਆਧਾਰ 'ਤੇ ਵੋਟਾਂ ਮੰਗੀਆਂ ਜਾਣਗੀਆਂ, ਉਥੇ ਵਿਰੋਧੀ ਧਿਰਾਂ ਵੱਲੋਂ ਸਰਕਾਰ ਦੀਆਂ ਨਾਕਾਮੀਆਂ ਨੂੰ ਉਭਾਰਿਆ ਜਾਵੇਗਾ। ਇਹਨਾਂ ਚੋਣਾਂ ਵਿੱਚ ਜਿਹੜੀ ਪਾਰਟੀ ਜੇਤੂ ਰਹੇਗੀ, ਉਸ ਦਾ ਹੱਥ ਪੰਜਾਬ ਦੀ ਸਿਆਸਤ ਵਿੱਚ ਉੱਪਰ ਹੋਵੇਗਾ। ਇਸ ਲਈ ਕਿਹਾ ਜਾ ਰਿਹਾ ਹੈ ਕਿ ਇਹ ਚੋਣਾਂ ਪੰਜਾਬ ਦੀ ਸਿਆਸਤ ਦੀ ਅਗਲੀ ਦਿਸ਼ਾ ਤੇ ਦਸ਼ਾ ਤੈਅ ਕਰਨਗੀਆਂ।

***

## ਪੂੰਜੀਵਾਦੀ ਵਿਕਾਸ ਬਨਾਮ

ਜੰਗਲ ਸਾੜੇ ਜਾ ਰਹੇ ਹਨ ਤੇ ਕਬਾਇਲੀ ਇਲਾਕਿਆਂ ਵਿੱਚ ਹਜ਼ਾਰਾਂ ਸਾਲਾਂ ਤੋਂ ਰਹਿ ਰਹੇ ਲੋਕਾਂ ਨੂੰ ਉਜਾੜਿਆ ਜਾ ਰਿਹਾ ਹੈ। ਇਨ੍ਹਾਂ ਦੇ ਘਰਾਂ, ਝੁੱਗੀਆਂ ਨੂੰ ਅੱਗਾਂ ਲਾ ਕੇ ਸਵਾਹ ਕੀਤਾ ਜਾਂਦਾ ਹੈ। ਇਲਜ਼ਾਮ ਇਹ ਲਾਇਆ ਜਾਂਦਾ ਹੈ ਕਿ ਇਹ ਲੋਕ ਵਿਕਾਸ ਵਿੱਚ ਰੋੜਾ ਬਣਦੇ ਹਨ। ਇਨ੍ਹਾਂ ਦੀਆਂ ਜ਼ਮੀਨਾਂ ਹਥਿਆ ਲਈਆਂ ਜਾਂਦੀਆਂ ਹਨ ਤਾਂ ਕਿ ਇਨ੍ਹਾਂ ਥਾਵਾਂ 'ਤੇ ਕਬਜ਼ੇ ਕਰਕੇ ਧਰਤੀ ਹੇਠੋਂ ਖਣਿਜ ਕੱਢੇ ਜਾ ਸਕਣ। ਕੋਲੇ, ਲੋਹੇ ਅਤੇ ਸੋਨੇ ਦੀਆਂ ਖਾਣਾਂ 'ਤੇ ਕਾਰਪੋਰੇਟ ਕੰਪਨੀਆਂ ਕਾਬਜ਼ ਹਨ। ਜਿਹੜੇ ਖੇਤਰਾਂ 'ਤੇ ਪਹਿਲਾਂ ਜਨਤਕ ਅਜ਼ਾਰੇਦਾਰੀ ਸੀ, ਉਹ ਹੁਣ ਲਗਪਗ ਖਤਮ ਕਰ ਦਿੱਤੀ ਗਈ ਹੈ। ਲੱਖਾਂ ਮਜ਼ਦੂਰ ਜੋ ਇਨ੍ਹਾਂ ਖਾਣਾਂ ਵਿੱਚ ਕੰਮ ਕਰਦੇ ਹਨ, ਉਨ੍ਹਾਂ ਨੂੰ ਠੀਕ ਢੰਗ ਨਾਲ ਦੋ ਡੰਗ ਦੀ ਰੋਟੀ ਵੀ ਨਸੀਬ ਨਹੀਂ ਹੁੰਦੀ। ਦੁਨੀਆਂ ਵਿੱਚ ਜਿੱਥੇ ਜਿੱਥੇ ਸੋਨੇ ਲਈ ਖੁਦਾਈ ਹੁੰਦੀ ਹੈ, ਉਥੇ ਲੱਖਾਂ ਟਨ ਮਿੱਟੀ ਨੂੰ ਖੁਰਦ ਬੁਰਦ ਕੀਤਾ ਜਾਂਦਾ ਹੈ ਜਿਸ ਨਾਲ ਧਰਤੀ ਦੇ ਤਲ ਵਿੱਚ ਸੈਂਕੜੇ ਮੀਟਰ ਡੂੰਘੇ ਟੋਏ ਪੁੱਟੇ ਜਾਂਦੇ ਹਨ। ਖੁਰਦ ਬੁਰਦ ਕੀਤੀ ਜਾਂਦੀ ਮਿੱਟੀ 'ਚੋਂ ਉੱਡਦੀ ਧੂੜ ਵਾਤਾਵਰਣ ਤੇ ਖਾਸ ਕਰਕੇ ਜਾਨਵਰਾਂ, ਰੁੱਖਾਂ ਅਤੇ ਬਨਸਪਤੀ ਲਈ ਸੰਕਟ ਪੈਦਾ ਕਰਦੀ ਹੈ।

ਸਾਡੀ ਇਹ ਧਰਤੀ ਯੁੱਗਾਂ-ਯੁਗਾਂਤਰਾਂ ਤੋਂ ਸਾਨੂੰ ਪਾਲਦੀ ਅਤੇ ਸੰਭਾਲਦੀ ਆਈ ਹੈ। ਇਹ ਧਰਤੀ ਇੱਥੇ ਰਹਿਣ ਵਾਲੇ ਹਰ ਮਨੁੱਖ ਲਈ ਸਾਫ ਪਾਣੀ ਤੇ ਚੰਗੀ ਖੁਰਾਕ ਪੈਦਾ ਕਰਨ ਦੇ ਸਮਰੱਥ ਹੈ। ਉਹ ਕਿਹੜੀਆਂ ਧਿਰਾਂ ਹਨ ਜੋ ਇਸ ਦੀ ਤਬਾਹੀ ਦੀ ਸਿਰਜਣਾ ਕਰ ਰਹੀਆਂ ਹਨ ਉਨ੍ਹਾਂ ਨੂੰ ਪਛਾਣਨ ਦੀ ਲੋੜ ਹੈ। ਆਪਣੇ ਕਾਰੋਬਾਰ ਕਰਨ ਦਾ ਹਰ ਇੱਕ ਨੂੰ ਅਧਿਕਾਰ ਹੈ ਪਰ ਇਹ ਕਾਰੋਬਾਰ ਧਰਤੀ ਦੇ ਅੰਗ ਹਵਾ, ਪਾਣੀ ਤੇ ਮਿੱਟੀ ਦੀ ਬਰਬਾਦੀ ਦੀ ਕੀਮਤ 'ਤੇ ਨਹੀਂ ਹੋਣੇ ਚਾਹੀਦੇ।

ਸਾਨੂੰ ਅੱਜ ਇਹ ਵਿਚਾਰਨ ਦੀ ਲੋੜ ਹੈ ਕਿ ਕਾਰਪੋਰੇਟ ਵਿਕਾਸ ਮਾਡਲ ਨਾਲ ਦੁਨੀਆ ਦਾ ਭਲਾ ਨਹੀਂ ਹੋ ਸਕਦਾ। ਇਹ ਉਹ ਵਿਕਾਸ ਮਾਡਲ ਹੈ ਜੋ ਧਰਤੀ ਦੀ ਤਬਾਹੀ ਦੀ ਇਬਾਰਤ ਲਿਖ ਰਿਹਾ ਹੈ। ਉਹ ਵਿਕਾਸ ਮਾਡਲ ਜਿਸ ਵਿੱਚ ਦੁਨੀਆ ਦਾ ਪੈਸਾ ਕੁਝ ਹੀ ਹੱਥਾਂ ਤੱਕ ਸੀਮਤ ਹੋ ਰਿਹਾ ਹੈ। ਇਹ ਵਿਕਾਸ ਮਾਡਲ ਇੰਨਾ ਭਿਆਨਕ ਹੈ ਕਿ ਇਹ ਲੋਕਾਂ ਦੇ ਰੋਜ਼ਗਾਰ ਹੀ ਨਹੀਂ ਬਲਕਿ ਰੋਜ਼ਗਾਰ ਪੈਦਾ ਕਰਨ ਵਾਲੀਆਂ ਸੰਸਥਾਵਾਂ ਨੂੰ ਹੀ ਨਿਗਲ ਰਿਹਾ ਹੈ। ਬੇਰੁਜ਼ਗਾਰਾਂ ਲਈ ਨੌਕਰੀਆਂ ਨਹੀਂ ਹਨ ਜਦਕਿ ਨੌਕਰੀਆਂ ਕਰਨ ਵਾਲਿਆਂ ਨੂੰ ਇਹ ਡਰ ਹੈ ਕਿ ਉਨ੍ਹਾਂ ਦਾ ਰੁਜ਼ਗਾਰ ਖੁੱਸ ਸਕਦਾ ਹੈ। ਅੱਜ ਸਮਾਂ ਮੰਗ ਕਰਦਾ ਹੈ ਕਿ ਦੁਨੀਆਂ ਭਰ ਦੇ ਲੋਕਾਂ ਨੂੰ ਇਸ ਵਿਸ਼ੇ 'ਤੇ ਲਿਖਣ, ਬੋਲਣ, ਇਨ੍ਹਾਂ ਵਰਤਾਰਿਆਂ ਨੂੰ ਸਮਝਣ ਤੇ ਜਾਗਰੂਕ ਹੋਣ ਦੀ ਬਹੁਤ ਵੱਡੀ ਲੋੜ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com